Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
For the Best advice for BUYING-SELLING-RENTING
Ben Singh Bashal (Realtor/Broker) Kamaljeet Kaur (Realtor/Broker)
Ph: 317-809-1818 Ph: 317-909-9295
midlandrealtygroup@yahoo.com kahlonkamaljeet@gmail.com
Midland Realty Group-Company You Trust

Kamaljeet Kaur
Mortgage rates available from 2.1% to 3%

Twenty-Second Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
ਪੰਜਾਬ ਟਾਈਮਜ਼
Punjab Times, Vol 22, Issue 43, October 23, 2021 20451 N. Plum Grove Rd., Palatine, IL 60074 Ph:847-359-0746, Fax:847-705-9388

# ਮੋਦੀ ਸਰਕਾਰ ਕਿਸਾਨ ਲਹਿਰ ਦਾ ਦਮ ਘੁੱਟਣ ਲਈ ਉਤਾਰੂ



ਚੰਡੀਗੜ੍ਹ: ਖੇਤੀ ਕਾਨੂੰਨਾਂ ਖਿਲਾਫ ਉਠੀ ਲਹਿਰ ਦਾ ਦਮ ਘੁੱਟਣ ਲਈ ਕੇਂਦਰ ਸਰਕਾਰ ਹਰ ਹੀਲਾ ਵਰਤਣ ਉਤੇ ਉਤਾਰੂ ਹੋ ਗਈ ਹੈ। ਇਕ ਪਾਸੇ ਜਿਥੇ ਇਸ ਲਹਿਰ ਨੂੰ ਜਨਮ ਦੇਣ ਵਾਲੇ ਪੰਜਾਬ ਦੀ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਨੂੰ ਵਾਧੂ ਤਾਕਤਾਂ ਦੇ ਕੇ ਚੁਫੇਰਿਓਂ ਘੇਰਾਬੰਦੀ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਉਥੇ ਅੰਦੋਲਨ ਕਰ ਰਹੀਆਂ ਜਥੇਬੰਦੀਆਂ ਨੂੰ ਆਪਸ ਵਿਚ ਉਲਝਾਉਣ ਬਾਰੇ ਵੀ ਪਰਤਾਂ ਖੁੱਲ੍ਹਣ ਲੱਗੀਆਂ ਹਨ। ਇਸ ਪਿੱਛੋਂ ਸਿੰਘੂ ਬਾਰਡਰ ਉਤੇ ਧਰਨੇ ਵਾਲੀ ਥਾਂ ਨੇੜੇ ਬੇਅਦਬੀ ਦੇ ਦੋਸ਼ ਵਿਚ ਨਿਹੰਗ ਸਿੰਘਾਂ ਵੱਲੋਂ ਇਕ ਨੌਜਵਾਨ ਦੀ ਬੇਰਹਿਮੀ ਨਾਲ ਹੱਤਿਆ ਦਾ ਮਾਮਲਾ ਵੀ ਸ਼ੱਕ ਦੇ ਘੇਰੇ ਵਿਚ ਆ ਰਿਹਾ ਹੈ।

ਸਿੰਘੂ ਬਾਰਡਰ 'ਤੇ ਬੇਅਦਬੀ ਦਾ ਦਾਅਵਾ ਕਰਨ ਅਤੇ ਕਤਲ ਦੀ ਜ਼ਿੰਮੇਵਾਰੀ ਲੈਣ ਵਾਲੇ ਨਿਹੰਗ ਬਾਬਾ ਅਮਨ ਸਿੰਘ ਦੀਆਂ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਸਮੇਤ ਭਾਜਪਾ ਨੇਤਾਵਾਂ ਨਾਲ ਗੁਪਤ ਮੀਟਿੰਗਾਂ ਦੀਆਂ ਤਸਵੀਰਾਂ ਸਾਹਮਣੇ ਆਉਣ ਪਿੱਛੋਂ ਵੱਡੇ ਪੱਧਰ ਉਤੇ ਸਵਾਲ ਉਠਣ ਲੱਗੇ ਹਨ। ਕੇਂਦਰੀ ਖੇਤੀ ਮੰਤਰੀ ਦੇ ਦਫਤਰ ਦੇ ਕਰਮਚਾਰੀਆਂ ਨੇ ਦੱਸਿਆ ਹੈ ਕਿ ਇਹ ਨਿਹੰਗ ਆਗੂ ਕਿਸਾਨਾਂ ਨਾਲ ਹੋਣ ਵਾਲੀ ਗੱਲਬਾਤ ਦਾ ਹਿੱਸਾ ਨਹੀਂ ਸੀ। ਇਹ ਟਿੱਪਣੀ ਹੋਰ ਸਵਾਲ ਉਠਾਉਂਦੀ ਹੈ ਕਿ ਉਹ ਕਿਹੋ ਜਿਹੀ ਗੱਲਬਾਤ ਹੈ ਜੋ ਧਾਰਮਿਕ ਆਗੂ ਅਤੇ ਕੇਂਦਰੀ ਖੇਤੀ ਮੰਤਰੀ ਵਿਚਕਾਰ ਹੋ ਰਹੀ ਹੈ।

ਤਸਵੀਰਾਂ ਸਾਹਮਣੇ ਆਉਣ ਪਿੱਛੋਂ ਬਾਬਾ ਅਮਨ ਸਿੰਘ ਨੇ ਮੰਨਿਆ ਹੈ ਕਿ ਸਿੰਘੂ ਬਾਰਡਰ ਪ੍ਰਦਰਸ਼ਨ ਵਾਲੀ ਥਾਂ ਖਾਲੀ ਕਰਵਾਉਣ ਲਈ 10 ਲੱਖ ਰੁਪਏ ਨਕਦ ਅਤੇ ਘੋੜਿਆਂ ਦੀ ਪੇਸ਼ਕਸ਼ ਕੀਤੀ ਗਈ ਸੀ। ਕਤਲ ਦੇ ਦੋਸ਼ੀ ਬਰਖਾਸਤ ਪੁਲਿਸ ਕਰਮੀ ਤੇ ਸਾਬਕਾ ਪੁਲਿਸ ਕੈਟ ਗੁਰਮੀਤ ਸਿੰਘ ਪਿੰਕੀ ਵੀ ਇਕ ਮਿਲਣੀ ਮੌਕੇ ਹਾਜ਼ਰ ਸੀ। ਇਹ ਮੀਟਿੰਗ ਜੁਲਾਈ ਦੇ ਅਖੀਰ ਵਿਚ ਹੋਈ ਦੱਸੀ ਜਾ ਰਹੀ ਹੈ।

ਇਕ ਹੋਰ ਫੋਟੋ ਵਿਚ ਬਾਬਾ ਅਮਨ ਸਿੰਘ ਅਤੇ ਪਿੰਕੀ ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ

## ਬੀ.ਐਸ.ਐਫ. ਨੂੰ ਵਾਧੂ ਤਾਕਤਾਂ ਦੇ ਕੇ ਘੇਰਾਬੰਦੀ ਦੀ ਕੋਸ਼ਿਸ਼

ਰਾਜ ਮੰਤਰੀ ਕੈਲਾਸ਼ ਚੌਧਰੀ ਦੇ ਦਿੱਲੀ ਸਥਿਤ ਬੰਗਲੇ 'ਚ ਮੰਤਰੀ ਨਾਲ ਲੰਚ ਉਤੇ ਮੁਲਾਕਾਤ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਪਿੰਕੀ ਪੰਜਾਬ 'ਚ ਅਤਿਵਾਦ ਦੇ ਦੌਰ ਦੀ ਸਭ ਤੋਂ ਵਿਵਾਦਤ ਬੰਦਾ ਰਿਹਾ ਹੈ। ਪਿੰਕੀ ਨੇ ਇਕ ਵਾਰ ਮੀਡੀਆ ਇੰਟਰਵਿਊ ਵਿਚ ਕਿਹਾ ਸੀ ਕਿ ਉਹ ਅਤਿਵਾਦ ਦੇ ਦੌਰ ਦੌਰਾਨ 50 'ਫਰਜ਼ੀ' ਪੁਲਿਸ ਮੁਕਾਬਲਿਆਂ ਦਾ ਗਵਾਹ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਗੁਰਮੀਤ ਪਿੰਕੀ ਅਤੇ ਬਾਬਾ ਅਮਨ ਸਿੰਘ ਜੇਲ੍ਹ ਵਿਚ ਇਕੱਠੇ ਰਹੇ ਸਨ ਤੇ ਇਸੇ ਕਰਕੇ ਉਹ (ਪਿੰਕੀ) ਬਾਬਾ ਅਮਨ ਸਿੰਘ ਨੂੰ ਜਾਣਦਾ ਹੈ। ਦਿਲਚਸਪ ਤੱਥ ਇਹ ਹੈ ਕਿ ਇਹ ਸਾਰੀਆਂ ਮੀਟਿੰਗਾਂ ਉਸ ਵੇਲੇ ਹੋਈਆਂ ਜਦ ਪੰਜਾਬ ਵਿਚ ਭਾਜਪਾ ਆਗੂਆਂ ਦਾ ਬਾਈਕਾਟ ਕੀਤਾ ਜਾ ਰਿਹਾ ਸੀ। ਫੋਟੋਆਂ ਵਿਚ ਦੇਖਿਆ ਜਾ ਸਕਦਾ ਹੈ ਕਿ ਬਾਬਾ ਅਮਨ ਸਿੰਘ ਭਾਜਪਾ ਆਗੂਆਂ ਨਾਲ ਬੈਠ ਕੇ ਖਾਣਾ ਖਾ ਰਿਹਾ ਹੈ ਜਦਕਿ ਕਿਸਾਨ ਜਥੇਬੰਦੀਆਂ ਦੇ ਆਗੂ ਕੇਂਦਰ ਨਾਲ ਮੀਟਿੰਗ ਦੌਰਾਨ ਸਰਕਾਰੀ ਖਾਣੇ ਦਾ ਬਾਈਕਾਟ ਕਰਦੇ ਰਹੇ ਹਨ। 3-4 ਮਹੀਨੇ ਪਹਿਲਾਂ ਹੋਈ ਇਸ ਗੁਪਤ ਮੀਟਿੰਗ ਦੀਆਂ ਤਸਵੀਰਾਂ ਉਸ ਸਮੇਂ ਵਾਇਰਲ ਕੀਤੀਆਂ ਗਈਆਂ ਹਨ ਜਦੋਂ ਕਤਲ ਮਾਮਲੇ ਕਾਰਨ ਸਿੰਘੂ ਬਾਰਡਰ ਤੋਂ ਨਿਹੰਗ ਸਿੰਘ ਨੂੰ ਆਪਣਾ ਡੇਰਾ ਚੁੱਕਣ ਲਈ ਦਬਾਅ ਪਾਇਆ ਜਾ ਰਿਹਾ ਹੈ।

ਦੱਸ ਦਈਏ ਕਿ ਸਿੰਘੂ ਬਾਰਡਰ ਉਤੇ ਨਿਹੰਗ ਸਿੰਘਾਂ ਦੀਆਂ ਕਈ ਜਥੇਬੰਦੀਆਂ ਬੈਠੀਆਂ ਹਨ ਪਰ ਕੇਂਦਰ ਨਾਲ ਮੀਟਿੰਗ ਬਾਰੇ ਸਿਰਫ ਬਾਬਾ ਅਮਨ ਸਿੰਘ ਨੂੰ ਹੀ ਪਤਾ ਸੀ। ਹੁਣ ਫੋਟੋਆਂ ਸਾਹਮਣੇ ਆਉਣ ਪਿੱਛੋਂ ਨਿਹੰਗ ਜਥੇਬੰਦੀਆਂ ਵਿਚ ਆਪਸੀ ਟਕਰਾਅ ਦੇ ਆਸਾਰ ਬਣ ਗਏ ਹਨ। ਅਸਲ ਵਿਚ, ਨਿਹੰਗ ਜਥੇਬੰਦੀਆਂ ਸਿੰਘ ਬਾਰਡਰ

(ਬਾਕੀ ਸਫਾ 6 ਉਤੇ)

# ਭਾਜਪਾ ਨਾਲ ਮਿਲੇ ਕੈਪਟਨ ਦੇ ਸੁਰ!

**ਚੰਡੀਗੜ੍ਹ:** ਕਾਂਗਰਸ ਆਗੂ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਜਲਦੀ ਹੀ ਆਪਣੀ ਵੱਖਰੀ ਸਿਆਸੀ ਪਾਰਟੀ ਦਾ ਐਲਾਨ ਕਰ ਦਿੱਤਾ ਹੈ। ਅਮਰਿੰਦਰ ਨੇ ਕਿਹਾ ਕਿ ਜੇਕਰ ਕਿਸਾਨ ਮੰਗਾਂ ਦਾ ਉਨ੍ਹਾਂ ਦੇ ਹਿੱਤ ਵਿਚ ਨਿਬੇੜਾ ਹੋ ਜਾਂਦਾ ਹੈ ਤਾਂ ਉਹ ਭਾਜਪਾ ਨਾਲ ਸੀਟਾਂ ਦੀ ਵੰਡ ਨੂੰ ਲੈ ਕੇ ਪੂਰੀ ਤਰ੍ਹਾਂ ਆਸਵੰਦ ਹਨ। ਕੈਪਟਨ ਨੇ ਅਕਾਲੀ ਦਲ ਤੋਂ ਅੱਡ ਹੋਏ ਢੀਂਡਸਾ ਅਤੇ ਬ੍ਰਹਮਪੁਰਾ ਧੜਿਆਂ ਨਾਲ ਗੱਠਜੋੜ ਕਰਨ ਦਾ ਵੀ ਸੰਕੇਤ ਦਿੱਤਾ ਹੈ।

ਪੰਜਾਬ ਕਾਂਗਰਸ ਵਿਚ ਜਾਰੀ ਕਲੇਸ਼ ਅਤੇ ਨਵਜੋਤ ਸਿੰਘ ਸਿੱਧੂ ਨਾਲ ਜਾਰੀ ਖਿੱਚੋਤਾਣ ਮਗਰੋਂ ਕੈਪਟਨ ਨੂੰ ਪਿਛਲੇ ਮਹੀਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣਾ ਪੈ ਗਿਆ ਸੀ। ਪਾਰਟੀ ਹਾਈ ਕਮਾਨ ਨੇ ਚਰਨਜੀਤ ਸਿੰਘ ਚੰਨੀ ਨੂੰ ਉਨ੍ਹਾਂ ਦੀ ਥਾਂ ਪੰਜਾਬ ਦਾ ਨਵਾਂ ਮੁੱਖ ਮੰਤਰੀ ਥਾਪ ਦਿੱਤਾ ਸੀ। ਅਮਰਿੰਦਰ ਸਿੰਘ ਨੇ ਹੁਣ ਐਲਾਨ ਕੀਤਾ ਕਿ ਪੰਜਾਬ ਦੇ ਭਵਿੱਖ ਲਈ ਜੰਗ ਸ਼ੁਰੂ ਹੋ



ਗਈ ਹੈ। ਪੰਜਾਬ ਤੇ ਇਥੋਂ ਦੇ ਲੋਕਾਂ ਤੇ ਖਾਸ ਕਰਕੇ ਸਾਡੇ ਕਿਸਾਨਾਂ, ਜੋ ਪਿਛਲੇ ਇਕ ਸਾਲ ਤੋਂ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ, ਦੇ ਹਿੱਤਾਂ ਨੂੰ ਧਿਆਨ 'ਚ ਰੱਖਦਿਆਂ ਜਲਦੀ ਹੀ ਆਪਣੀ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕਰਾਂਗਾ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਕੇਤ ਦਿੱਤੇ ਹਨ ਕਿ ਉਹ ਪੰਜਾਬ ਵਿਚ ਨਵੀਂ ਪਾਰਟੀ ਬਣਾ ਕੇ ਭਾਜਪਾ ਨਾਲ ਗੱਠਜੋੜ ਕਰਨਗੇ ਪਰ ਇਹ ਗੱਠਜੋੜ ਤਾਂ ਹੀ ਕੀਤਾ ਜਾਵੇਗਾ ਜੇ ਕਿਸਾਨ ਅੰਦੋਲਨ ਸਬੰਧੀ ਕਿਸਾਨਾਂ ਦੇ ਪੱਖ ਵਿਚ ਫੈਸਲਾ ਹੋਇਆ। ਕੈਪਟਨ ਨੇ ਇਹ ਵੀ ਸੰਕੇਤ ਦਿੱਤੇ ਹਨ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਵਿਧਾਨ ਸਭਾ ਚੋਣਾਂ ਲੜੇਗੀ। ਉਨ੍ਹਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਚੁੱਕੇ ਸੁਖਦੇਵ ਸਿੰਘ ਢੀਂਡਸਾ ਤੇ ਰਣਜੀਤ ਸਿੰਘ ਬ੍ਰਹਮਪੁਰਾ ਧੜੇ ਨੂੰ ਵੀ ਨਾਲ ਤੋਰਨ ਦੇ ਯਤਨ ਕੀਤੇ ਜਾਣਗੇ।

ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ
ਲੋੜ ਹੈ
ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।
ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ
ਸੰਪਰਕ ਕਰੋ, ਫੋਨ: 317-406-9924

Blue Diamond BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924
Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
BIG BAZAAR
Grocery, Sweets & Catering
*Fresh Vegetables Every Thursday
*Book your catering now.
5425 E. Thompson Rd., Indianapolis IN 46237


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

# ਗੁਲਾਬੀ ਸੁੰਡੀ ਨਾਲ ਕਿਸਾਨਾਂ ਨੂੰ ਤਿੰਨ ਹਜ਼ਾਰ ਕਰੋੜ ਦੀ ਵਿੱਤੀ ਮਾਰ

**ਚੰਡੀਗੜ੍ਹ:** ਗੁਲਾਬੀ ਸੁੰਡੀ ਨੇ ਨਰਮਾ ਪੱਟੀ ਦੇ ਕਿਸਾਨਾਂ ਨੂੰ ਮੋਟਾ ਰਗੜਾ ਲਾਇਆ ਹੈ। ਇਕੱਲੇ ਬਠਿੰਡਾ ਤੇ ਮਾਨਸਾ ਜਿਲ੍ਹੇ 'ਚ ਕਿਸਾਨਾਂ ਨੂੰ ਤਕਰੀਬਨ ਤਿੰਨ ਹਜ਼ਾਰ ਕਰੋੜ ਰੁਪਏ ਦੀ ਵਿੱਤੀ ਮਾਰ ਪਈ ਹੈ। ਬਠਿੰਡਾ ਤੇ ਮਾਨਸਾ ਜਿਲ੍ਹੇ ਵਿਚ ਨਰਮੇ ਦੀ ਸੌ ਫੀਸਦੀ ਫਸਲ ਤਬਾਹ ਹੋ ਗਈ ਹੈ। ਮਾਲ ਵਿਭਾਗ ਪੰਜਾਬ ਨੇ ਪ੍ਰਭਾਵਿਤ ਫਸਲਾਂ ਦੀ ਗਿਰਦਾਵਰੀ ਕਰਨ ਮਗਰੋਂ ਰਿਪੋਰਟ ਪੰਜਾਬ ਸਰਕਾਰ ਨੂੰ ਸੌਂਪ ਦਿੱਤੀ ਹੈ ਜਿਸ 'ਚ ਇਹ ਤੱਥ ਉੱਭਰੇ ਹਨ।

ਮਾਲ ਵਿਭਾਗ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਅਨੁਸਾਰ ਬਠਿੰਡਾ ਜਿਲ੍ਹੇ ਵਿਚ ਕੁੱਲ 2.43 ਲੱਖ ਏਕੜ ਰਕਬਾ ਨਰਮੇ ਹੇਠ ਹੈ। ਇਸ 'ਚੋਂ ਵੱਡੇ ਰਕਬੇ 'ਚ ਨਰਮੇ ਦੀ ਫਸਲ 76 ਤੋਂ ਸੌ ਫੀਸਦ ਤੱਕ ਨੁਕਸਾਨੀ ਗਈ ਹੈ ਜਦਕਿ 150 ਏਕੜ ਰਕਬੇ ਦਾ ਨੁਕਸਾਨ ਥੋੜ੍ਹਾ ਘੱਟ ਹੋਇਆ ਹੈ। ਇਸੇ ਤਰ੍ਹਾਂ ਮਾਨਸਾ ਜਿਲ੍ਹੇ ਦੇ ਕੁੱਲ 1.52 ਲੱਖ ਏਕੜ ਰਕਬੇ 'ਚੋਂ ਸੌ ਫੀਸਦੀ ਫਸਲ 76 ਤੋਂ 100 ਫੀਸਦੀ ਪ੍ਰਭਾਵਿਤ ਹੋਈ ਹੈ। ਸੰਗਰੂਰ ਜਿਲ੍ਹੇ ਵਿਚ ਕੁੱਲ 6600 ਏਕੜ ਰਕਬੇ 'ਚ ਨਰਮਾ ਬੀਜਿਆ ਗਿਆ ਜਿਸ 'ਚੋਂ 4092 ਏਕੜ ਰਕਬਾ ਪ੍ਰਭਾਵਿਤ ਹੋਇਆ ਹੈ।

ਗਿਰਦਾਵਰੀ ਰਿਪੋਰਟ ਦੇ ਆਧਾਰ 'ਤੇ ਬਠਿੰਡਾ ਮਾਨਸਾ ਜਿਲ੍ਹਿਆਂ ਦੇ ਨਰਮਾ ਕਾਸ਼ਤਕਾਰਾਂ ਦਾ 3081 ਕਰੋੜ ਰੁਪਏ ਨੁਕਸਾਨ ਹੋਇਆ ਹੈ। ਲੰਘੇ ਵਰ੍ਹੇ ਇਨ੍ਹਾਂ ਜਿਲ੍ਹਿਆਂ ਵਿਚ ਨਰਮੇ ਦਾ ਪ੍ਰਤੀ ਏਕੜ ਝਾੜ 14 ਕੁਇੰਟਲ ਰਿਹਾ ਸੀ। ਇਸੇ ਤਰ੍ਹਾਂ ਮੌਜੂਦਾ ਭਾਅ ਵੱਲ ਵੇਖੀਏ ਤਾਂ ਬਠਿੰਡਾ ਜਿਲ੍ਹੇ 'ਚ 5890 ਤੋਂ 7910 ਰੁਪਏ ਪ੍ਰਤੀ ਕੁਇੰਟਲ ਤੇ ਮਾਨਸਾ ਜਿਲ੍ਹੇ ਵਿਚ 5800 ਰੁਪਏ ਤੋਂ ਲੈ ਕੇ 7750 ਰੁਪਏ ਪ੍ਰਤੀ ਕੁਇੰਟਲ ਤੱਕ ਨਰਮਾ ਵਿਕ ਰਿਹਾ ਹੈ। ਐਤਕੀਂ ਔਸਤਨ 12 ਕੁਇੰਟਲ ਪ੍ਰਤੀ ਏਕੜ ਦੇ ਝਾੜ ਤੇ 6500 ਰੁਪਏ ਪ੍ਰਤੀ ਕੁਇੰਟਲ ਦਾ ਔਸਤਨ ਭਾਅ ਹੋਣ ਦੇ ਲਿਹਾਜ਼ ਨਾਲ ਮਾਨਸਾ ਜਿਲ੍ਹੇ ਵਿਚ ਨੁਕਸਾਨੀ ਫਸਲ ਕਰ ਕੇ ਕਿਸਾਨਾਂ ਦਾ 1185 ਕਰੋੜ ਤੇ ਬਠਿੰਡਾ ਜਿਲ੍ਹੇ 'ਚ 1895 ਕਰੋੜ ਰੁਪਏ ਦਾ ਵਿੱਤੀ ਨੁਕਸਾਨ ਹੋ ਚੁੱਕਾ ਹੈ।

ਸਰਕਾਰੀ ਰਿਪੋਰਟ ਅਨੁਸਾਰ ਬਠਿੰਡਾ ਤੇ ਮਾਨਸਾ ਜਿਲ੍ਹਿਆਂ ਵਿਚ ਕਰੀਬ 3081 ਕਰੋੜ ਦੀ ਫਸਲ ਨੁਕਸਾਨੀ ਗਈ ਹੈ ਜਦਕਿ ਪੰਜਾਬ ਸਰਕਾਰ ਵੱਲੋਂ ਖਰਾਬੇ ਦਾ ਮੁਆਵਜ਼ਾ 477.76 ਕਰੋੜ ਰੁਪਏ ਦਿੱਤਾ ਜਾਣਾ ਹੈ। ਇਸ 'ਚ ਕੇਂਦਰ ਸਰਕਾਰ ਵੱਲੋਂ 216.11 ਕਰੋੜ ਅਤੇ ਰਾਜ ਸਰਕਾਰ ਨੇ 261.65 ਕਰੋੜ ਰੁਪਏ ਦੀ ਹਿੱਸੇਦਾਰੀ ਪਾਉਣੀ ਹੈ। ਸਮੁੱਚੀ ਨਰਮਾ ਪੱਟੀ ਵਿਚ ਗੁਲਾਬੀ ਸੁੰਡੀ ਕਰਕੇ 3.96 ਲੱਖ ਏਕੜ ਫਸਲ 76 ਤੋਂ 100 ਫੀਸਦੀ ਤਬਾਹ ਹੋਈ ਹੈ। ਕੁਝ ਵਰ੍ਹੇ ਪਹਿਲਾਂ ਜਦੋਂ ਨਰਮੇ 'ਤੇ ਚਿੱਟੀ ਮੱਖੀ ਦਾ ਹਮਲਾ ਹੋਇਆ ਸੀ ਤਾਂ ਉਦੋਂ 23 ਹਜ਼ਾਰ ਕਰੋੜ ਦੀ ਫਸਲ ਨੁਕਸਾਨੀ ਗਈ ਸੀ ਅਤੇ ਸਰਕਾਰ ਨੇ ਕਿਸਾਨਾਂ ਨੂੰ 643 ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਸੀ।

### ਮੁੱਖ ਮੰਤਰੀ ਨੂੰ ਗਿਰਦਾਵਰੀ 'ਤੇ ਸ਼ੱਕ

**ਚੰਡੀਗੜ੍ਹ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਗੁਲਾਬੀ ਸੁੰਡੀ ਕਾਰਨ ਹੋਏ ਖਰਾਬੇ ਦੇ ਮਾਮਲੇ 'ਤੇ ਉੱਚ ਅਫਸਰਾਂ ਨਾਲ ਮੀਟਿੰਗ ਕੀਤੀ ਹੈ ਜਿਸ ਵਿਚ ਗਿਰਦਾਵਰੀ ਦੀ ਪੇਸ਼ ਰਿਪੋਰਟ 'ਤੇ ਮੁੱਖ ਮੰਤਰੀ ਨੇ ਉਂਗਲ ਉਠਾਈ ਹੈ ਅਤੇ ਉਨ੍ਹਾਂ ਮਾਲ ਵਿਭਾਗ ਨੂੰ ਹੋਈ ਗਿਰਦਾਵਰੀ ਦੀ ਮੁੜ ਚੈਕਿੰਗ ਕਰਨ ਵਾਸਤੇ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਬਾਜ਼ਾਰ ਵਿਚ ਨਰਮੇ ਦੀ ਫਸਲ ਵੀ ਆ ਰਹੀ ਹੈ ਤੇ ਇਧਰ ਗਿਰਦਾਵਰੀ ਮੁਤਾਬਕ ਸਮੁੱਚੀ ਫਸਲ ਦੀ ਤਬਾਹੀ ਦਿਖਾਈ ਜਾ ਰਹੀ ਹੈ। ਪਤਾ ਲੱਗਾ ਹੈ ਕਿ ਹੁਣ ਮਾਲ ਮਹਿਕਮੇ ਵੱਲੋਂ ਕਾਨੂੰਗੋਆਂ ਤੋਂ ਪੜਤਾਲ ਕਰਾਈ ਜਾਣੀ ਹੈ।

## ਐਸ. ਚਟੋਪਾਧਿਆਏ ਹੋਣਗੇ ਵਿਜੀਲੈਂਸ ਮੁਖੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 1986 ਬੈਚ ਦੇ ਆਈ.ਪੀ.ਐਸ. ਅਧਿਕਾਰੀ ਸਿਧਾਰਥ ਚਟੋਪਾਧਿਆਏ ਨੂੰ ਸੂਬੇ ਵਿਜੀਲੈਂਸ ਬਿਊਰੋ ਦਾ ਮੁਖੀ ਨਿਯੁਕਤ ਕਰ ਦਿੱਤਾ ਹੈ। ਵਿਜੀਲੈਂਸ ਮੁਖੀ ਬਰਜਿੰਦਰ ਕੁਮਾਰ ਉਪਲ ਦੇ ਛੁੱਟੀ 'ਤੇ ਜਾਣ ਮਗਰੋਂ ਪ੍ਰਮੁੱਖ ਸਕੱਤਰ ਗ੍ਰਹਿ ਅਨੁਰਾਗ ਵਰਮਾ ਵੱਲੋਂ ਜਾਰੀ ਹੁਕਮਾਂ ਮੁਤਾਬਕ ਸ੍ਰੀ ਚਟੋਪਾਧਿਆਏ ਨੂੰ ਬਰਜਿੰਦਰ ਕੁਮਾਰ ਉਪਲ ਦੇ ਛੁੱਟੀ ਦੇ ਸਮੇਂ ਤੱਕ ਲਈ ਚਾਰਜ ਦਿੱਤਾ ਗਿਆ ਹੈ।

ਸਰਕਾਰ ਨੇ ਅਜੇ ਕੁਝ ਦਿਨ ਪਹਿਲਾਂ ਹੀ ਵਧੀਕ ਡੀ.ਜੀ.ਪੀ. ਐਲ.ਕੇ. ਯਾਦਵ ਨੂੰ ਵਿਜੀਲੈਂਸ ਦਾ ਚਾਰਜ ਦਿੱਤਾ ਸੀ। ਸ੍ਰੀ ਚਟੋਪਾਧਿਆਏ ਡੀ.ਜੀ.ਪੀ. ਦੇ ਅਹੁਦੇ ਲਈ ਵੀ ਜ਼ੋਰ ਅਜ਼ਮਾਈ ਕਰ ਰਹੇ ਸਨ ਪਰ ਸਰਕਾਰ ਨੇ ਯੂ.ਪੀ.ਐਸ.ਸੀ. ਤੋਂ ਪੈਨਲ ਦੀ ਪ੍ਰਵਾਨਗੀ ਤੱਕ ਇਕਬਾਲ ਪ੍ਰੀਤ ਸਿੰਘ ਸਹੋਤਾ ਨੂੰ ਡੀ.ਜੀ.ਪੀ. ਦੇ ਅਹੁਦੇ 'ਤੇ ਤਾਇਨਾਤ ਕਰੀ ਰੱਖਣ ਦਾ ਫੈਸਲਾ ਕਰ ਲਿਆ ਹੈ।

# ਕਿਸਾਨੀ ਮੁੱਦੇ: ਸਿਆਸੀ ਧਿਰਾਂ ਦੀ ਜਵਾਬਦੇਹੀ ਤੈਅ ਕਰਨ ਦਾ ਸੱਦਾ




**ਚੰਡੀਗੜ੍ਹ:** ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਅੱਗੇ, ਟੋਲ ਪਲਾਜ਼ਿਆਂ ਉਪਰ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਬਾਹਰ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਸਣੇ ਕਰੀਬ ਸਵਾ ਸੌ ਤੋਂ ਵੱਧ ਥਾਵਾਂ 'ਤੇ ਜਾਰੀ ਧਰਨਿਆਂ ਦੌਰਾਨ ਬੁਲਾਰਿਆਂ ਨੇ ਕੇਂਦਰ ਦੇ ਨਾਲ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਵੀ ਨਿਸ਼ਾਨੇ 'ਤੇ ਲਿਆ। ਬੁਲਾਰਿਆਂ ਨੇ ਬਿਜਲੀ ਦੀ ਘਾਟ, ਗੁਲਾਬੀ ਸੁੰਡੀ ਕਾਰਨ ਤਬਾਹ ਹੋਈ ਨਰਮਾ ਪੱਟੀ ਅਤੇ ਕਿਸਾਨੀ ਸਿਰ ਚੜ੍ਹੇ ਕਰਜ਼ੇ ਦੀ ਮੁਆਫੀ ਸਣੇ ਹੋਰਨਾਂ ਮੁੱਦਿਆਂ 'ਤੇ ਪੰਜਾਬ ਸਰਕਾਰ ਦੀ ਜਵਾਬਦੇਹੀ ਤੈਅ ਕਰਨ ਦਾ ਸੱਦਾ ਦਿੱਤਾ। ਬੁਲਾਰਿਆਂ ਨੇ ਕਿਹਾ ਕਿ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਆਉਣ ਵਾਲੀਆਂ ਹਨ, ਇਸ ਲਈ ਸਿਆਸੀ ਧਿਰਾਂ ਵੱਲੋਂ ਕਈ ਤਰ੍ਹਾਂ ਦੇ ਸਬਜ਼ਬਾਗ ਦਿਖਾਏ ਜਾਣਗੇ ਪਰ ਕਿਸਾਨੀ ਮੁੱਦਿਆਂ 'ਤੇ ਸਿਆਸੀ ਪਾਰਟੀਆਂ ਦੀ ਜਵਾਬਦੇਹੀ ਹੁਣੇ ਤੋਂ ਤੈਅ ਕਰਨ ਲਈ ਪਿੰਡਾਂ 'ਚ ਲਾਮਬੰਦੀ ਕੀਤੀ ਜਾਵੇ ਤਾਂ ਜੋ ਸਿਆਸੀ ਆਗੂ ਝੂਠੇ ਵਾਅਦਿਆਂ ਨਾਲ ਲੋਕਾਂ ਨੂੰ ਵਰਗਲਾ ਨਾ ਸਕਣ।

ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਤੋਂ ਇਹ ਵੀ ਪੁੱਛਿਆ ਜਾਵੇ ਕਿ ਇਸ ਤੋਂ ਪਹਿਲਾਂ ਸੂਬੇ ਦੇ ਲੋਕਾਂ ਦੀ ਬਿਹਤਰੀ ਲਈ ਕੀ ਕੀਤਾ ਗਿਆ?

ਬੁਲਾਰਿਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਬੰਗਾਲ ਚੋਣਾਂ ਦੀ ਤਰ੍ਹਾਂ ਯੂਪੀ ਵਿਧਾਨ ਸਭਾ ਚੋਣਾਂ ਵਿਚ ਸਿਆਸੀ ਝਟਕਾ ਦੇਣ ਲਈ ਭਾਜਪਾ ਨੂੰ ਹਰਾਉਣਾ ਜਰੂਰੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦਾ ਕੋਈ ਵੀ ਹੱਥਕੰਡਾ ਕਿਸਾਨ ਅੰਦੋਲਨ ਨੂੰ ਢਾਅ ਨਹੀਂ ਲਾ ਸਕਦਾ। ਬੁਲਾਰਿਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲਖੀਮਪੁਰ ਕਾਂਡ 'ਤੇ ਚੁੱਪ ਨੂੰ ਸਾਜ਼ਿਸ਼ ਕਰਾਰ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਭਾਜਪਾ ਮੰਤਰੀ ਅਜੈ ਮਿਸ਼ਰਾ ਟੈਣੀ ਨੂੰ ਅਹੁਦੇ ਤੋਂ ਤੁਰਤ ਬਰਖ਼ਾਸਤ ਕਰਕੇ ਗ੍ਰਿਫਤਾਰ ਕੀਤਾ ਜਾਵੇ, ਆਸ਼ੀਸ਼ ਮਿਸ਼ਰਾ ਤੇ ਮੋਨੀ ਗਰੋਹ ਦੇ ਸਾਰੇ ਕਰਿੰਦੇ ਗ੍ਰਿਫਤਾਰ ਕੀਤੇ ਜਾਣ ਅਤੇ ਤਿੰਨੇ ਖੇਤੀ ਕਾਨੂੰਨ, ਬਿਜਲੀ ਬਿੱਲ 2020 ਸਮੇਤ ਪਰਾਲੀ ਆਰਡੀਨੈਂਸ ਤੁਰਤ ਰੱਦ ਕੀਤੇ ਜਾਣ।

### ਪੰਜਾਬ ਦੇ ਅੰਨਦਾਤਾ ਨੂੰ ਨਿਸ਼ਾਨਾ ਬਣਾ ਰਹੀ ਹੈ ਮੋਦੀ ਸਰਕਾਰ: ਸੰਧਵਾਂ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਿਸਾਨ ਵਿੰਗ ਦੇ ਪ੍ਰਧਾਨ ਤੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸੂਬੇ 'ਚ ਡੀ.ਏ.ਪੀ. ਖਾਦ ਦੀ ਘਾਟ ਕਾਰਨ ਹਾੜੀ ਦੀਆਂ ਫਸਲਾਂ ਖਾਸ ਕਰਕੇ ਕਣਕ ਦੀ ਬਿਜਾਈ 'ਤੇ ਮਾੜਾ ਅਸਰ ਪਵੇਗਾ। ਉਨ੍ਹਾਂ ਡੀ.ਏ.ਪੀ. ਦੀ ਅਣਕਿਆਸੀ ਘਾਟ ਲਈ ਕੇਂਦਰ ਦੀ ਭਾਜਪਾ ਅਤੇ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਕੇਂਦਰ ਬਦਲੇ ਦੀ ਭਾਵਨਾ ਨਾਲ ਪੰਜਾਬ ਦੇ ਅੰਨਦਾਤਾ ਨੂੰ ਨਿਸ਼ਾਨਾ ਬਣਾ ਰਹੀ ਹੈ, ਉਥੇ ਪੰਜਾਬ ਸਰਕਾਰ ਵੀ ਸੁੱਤੀ ਪਈ ਹੈ।


## ਬਜ਼ੁਰਗ ਦੀ ਦੇਖਭਾਲ ਲਈ ਬੀਬੀ ਦੀ ਭਾਲ

ਯੰਗਸਟਾਊਨ, ਓਹਾਇਓ, ਅਮਰੀਕਾ (Youngstown, Ohio, USA) ਰਹਿੰਦੇ ਪੰਜਾਬੀ ਪਰਿਵਾਰ ਨੂੰ ਬਜ਼ੁਰਗ ਦਾਦੀ ਜੀ ਦੀ ਦੇਖਭਾਲ ਕਰਨ ਵਾਲੀ ਬੀਬੀ ਦੀ ਭਾਲ ਹੈ, ਜੋ ਰੋਜ਼ਾਨਾ ਕੰਮਾਂ 'ਚ ਮਦਦ ਕਰ ਸਕੇ। ਰਿਹਾਇਸ਼ ਅਤੇ ਭੋਜਨ ਦਿੱਤਾ ਜਾਵੇਗਾ।

ਤਨਖਾਹ $3500 ਪ੍ਰਤੀ ਮਹੀਨਾ ਸ਼ੁਰੂਆਤ
ਸਰਕਾਰੀ ਮਨਜ਼ੂਰਸ਼ੁਦਾ ਸਿਖਲਾਈ ਨਾਲ ਤਨਖਾਹ $4,000 ਪ੍ਰਤੀ ਮਹੀਨਾ ਹੋ ਸਕਦੀ ਹੈ।

ਸੰਪਰਕ ਕਰੋ: ਈਮੇਲ: biji1924@gmail.com
ਜਾਂ ਫੋਨ: 330-967-0878

42-45



YOU TAKE CARE OF THE BUSINESS.
I'LL TAKE CARE OF THE FINANCING.




When your business needs working capital, getting funds from conventional financing sources can be difficult.

Liquid Capital helps small to medium sized businesses with the cash they need to grow and prosper. We can provide your business with immediate funding based on your commercial accounts receivable. Use the cash for:

• BUSINESS GROWTH • NEW PRODUCT LAUNCHES
• SEASONAL SLUMPS • START UP BUSINESSES



Dr. Amul Purohit
Tel: (530) 750-2585
www.apurohit.liquidcapitalcorp.com

Liquid Capital FINANCING SUCCESS

# ਕੇਂਦਰ ਦੇ ਫੈਸਲੇ ਖਿਲਾਫ ਡਟੀ ਪੰਜਾਬ ਸਰਕਾਰ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰਾਲੇ ਦੇ ਪੰਜਾਬ ਸਮੇਤ ਤਿੰਨ ਸੂਬਿਆਂ 'ਚ ਬੀ.ਐਸ.ਐਫ. ਦਾ ਅਧਿਕਾਰ ਖੇਤਰ 15 ਤੋਂ ਵਧਾ ਕੇ 50 ਕਿਲੋਮੀਟਰ ਕੀਤੇ ਜਾਣ ਦੇ ਫੈਸਲੇ ਖਿਲਾਫ ਪੰਜਾਬ ਸਰਕਾਰ ਫੌਰੀ ਡਟ ਗਈ ਹੈ। ਸੂਬਾ ਸਰਕਾਰ ਨੇ ਕੇਂਦਰੀ ਫੈਸਲੇ ਨੂੰ ਰਾਜਾਂ ਦੇ ਅਧਿਕਾਰਾਂ 'ਤੇ ਕੇਂਦਰੀ ਛਾਪਾ ਕਰਾਰ ਦਿੱਤਾ ਹੈ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਤਾਜ਼ਾ ਫੈਸਲੇ ਨੂੰ ਸੰਘਵਾਦ 'ਤੇ ਸਿੱਧਾ ਹਮਲਾ ਦੱਸਿਆ ਹੈ। ਮੁੱਖ ਮੰਤਰੀ ਨੇ ਟਵੀਟ ਕਰਕੇ ਕਿਹਾ ਕਿ ਉਹ ਕੌਮਾਂਤਰੀ ਸਰਹੱਦ 'ਤੇ ਬੀ.ਐਸ.ਐਫ. ਦੇ ਅਧਿਕਾਰ ਖੇਤਰ 'ਚ 50 ਕਿਲੋਮੀਟਰ ਤੱਕ ਦੇ ਕੀਤੇ ਵਾਧੇ ਨੂੰ ਲੈ ਕੇ ਭਾਰਤ ਸਰਕਾਰ ਦੇ ਇਸ ਇਕਪਾਸੜ ਫੈਸਲੇ ਦੀ ਸਖਤ ਨਿੰਦਾ ਕਰਦੇ ਹਨ ਕਿਉਂਕਿ ਇਹ ਸੰਘਵਾਦ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਕਿ ਇਸ ਤਰਕਹੀਣ ਫੈਸਲੇ ਨੂੰ ਤੁਰਤ ਵਾਪਸ ਲਿਆ ਜਾਵੇ।

ਦੱਸਣਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ, ਬੰਗਾਲ ਅਤੇ ਅਸਾਮ ਰਾਜਾਂ ਵਿਚ ਬੀ.ਐਸ.ਐਫ. ਦਾ ਅਧਿਕਾਰ ਖੇਤਰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਇਸ ਫੈਸਲੇ ਪਿੱਛੇ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਰੋਕਣ ਦਾ ਤਰਕ ਦਿੱਤਾ ਹੈ। ਦੱਸਣਾ ਬਣਦਾ ਹੈ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ 5 ਅਕਤੂਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਮੀਟਿੰਗ ਵਿਚ ਸਰਹੱਦ ਪਾਰੋਂ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਰੋਕਣ ਲਈ ਸਰਹੱਦਾਂ ਨੂੰ ਸੀਲ ਕੀਤੇ ਜਾਣ ਦੀ ਮੰਗ ਕੀਤੀ ਸੀ। ਚੰਨੀ ਨੇ ਆਪਣੇ ਟਵੀਟ ਵਿਚ ਭਾਵੇਂ ਅਮਿਤ ਸ਼ਾਹ ਵਾਲੀ ਮੀਟਿੰਗ ਮੌਕੇ ਕੀਤੀ ਮੰਗ ਬਾਰੇ ਕੁਝ ਸਪਸ਼ਟ ਨਹੀਂ ਕੀਤਾ, ਪਰ ਉਨ੍ਹਾਂ ਕੇਂਦਰੀ ਗ੍ਰਹਿ ਮੰਤਰਾਲੇ ਦੇ ਫੈਸਲੇ ਨੂੰ ਮੰਦਭਾਗਾ ਜਰੂਰ ਦੱਸਿਆ ਹੈ।

ਉਧਰ, ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੇਂਦਰੀ ਫੈਸਲੇ ਖਿਲਾਫ ਬੋਲਦਿਆਂ ਕਿਹਾ ਕਿ ਭਾਰਤ ਸਰਕਾਰ ਦਾ ਇਹ ਫੈਸਲਾ ਦੇਸ਼ ਦੇ ਸੰਘੀ ਢਾਂਚੇ 'ਤੇ ਹਮਲੇ ਵਾਂਗ ਹੈ। ਕੇਂਦਰ ਨੇ ਇਹ ਫੈਸਲਾ ਕਰਕੇ ਲੋਕਰਾਜੀ ਹੱਕਾਂ 'ਤੇ ਛਾਪਾ ਮਾਰਿਆ ਹੈ ਅਤੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਇਹ ਫੈਸਲਾ ਤੁਰਤ ਵਾਪਸ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਰਹੱਦੀ ਸੁਰੱਖਿਆ ਬਲਾਂ ਦੇ ਉਭਾਰ ਦੀ ਭਾਵਨਾ ਦੇ ਬਿਲਕੁਲ ਉਲਟ ਹੈ। ਅੰਦਰੂਨੀ ਇਲਾਕਿਆਂ ਵਿਚ ਪੁਲੀਸਿੰਗ ਕਰਨਾ ਸਰਹੱਦੀ ਬਲਾਂ ਦਾ ਕੰਮ ਨਹੀਂ ਹੈ। ਉਪ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਹਰ ਪਾਸੇ ਦਾਖਲ ਦੇ ਰਿਹਾ ਹੈ।

## ਰਾਜਾਂ ਦੇ ਅਧਿਕਾਰਾਂ 'ਤੇ ਡਾਕਾ ਨਹੀਂ: ਜਥੇਦਾਰ

**ਤਲਵੰਡੀ ਸਾਬੋ:** ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਕੇਂਦਰ ਨੂੰ ਅਜਿਹਾ ਕੋਈ ਫੈਸਲਾ ਨਹੀਂ ਕਰਨਾ ਚਾਹੀਦਾ ਜਿਸ ਨਾਲ ਰਾਜਾਂ ਦੇ ਅਧਿਕਾਰ ਸੀਮਤ ਹੋਣ। ਦਮਦਮਾ ਸਾਹਿਬ ਵਿਖੇ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਥੇਦਾਰ ਨੇ ਕਿਹਾ ਕਿ ਭਾਰਤ ਦੀ ਮਜ਼ਬੂਤੀ, ਰਾਜਾਂ ਜਾਂ ਸੰਘੀ ਢਾਂਚੇ ਦੀ ਮਜ਼ਬੂਤੀ ਨਾਲ ਹੀ ਹੈ। ਜਿਨ੍ਹਾਂ ਸੰਘੀ ਢਾਂਚਾ ਮਜ਼ਬੂਤ ਹੋਵੇਗਾ, ਭਾਰਤ ਦੇਸ਼ ਵੀ ਉਨ੍ਹਾਂ ਹੀ ਮਜ਼ਬੂਤ ਹੋਵੇਗਾ।

## ਮੁੱਖ ਮੰਤਰੀ ਦੀ ਸਹਿਮਤੀ ਪਿੱਛੋਂ ਦਿੱਤੀਆਂ ਵਾਧੂ ਤਾਕਤਾਂ: ਸੁਖਬੀਰ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਕੇਂਦਰ ਸਰਕਾਰ ਨੂੰ ਦਿੱਤੀ ਸਹਿਮਤੀ ਤੋਂ ਬਾਅਦ ਪੰਜਾਬ ਵਿਚ ਬੀ.ਐਸ.ਐਫ. ਦਾ ਅਧਿਕਾਰ ਖੇਤਰ ਵਧਾਇਆ ਗਿਆ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਪੰਜਾਬੀਆਂ ਨੂੰ ਦੱਸਣ ਕਿ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਦੌਰਾਨ ਇਸ ਤਜਵੀਜ਼ ਲਈ ਸਹਿਮਤੀ ਕਿਉਂ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਚਾਈ ਹੈ ਕਿ ਮੁੱਖ ਮੰਤਰੀ 5 ਅਕਤੂਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲੇ ਜਿਸ ਮਗਰੋਂ ਬੀ.ਐਸ.ਐਫ. ਦਾ ਅਧਿਕਾਰ ਖੇਤਰ ਵਧਾਉਣ ਦਾ ਫੈਸਲਾ ਹੋਇਆ ਹੈ।

## ਕਿਸਾਨਾਂ ਨੇ ਭਾਰਤ ਭਰ 'ਚ ਰੇਲਾਂ ਰੋਕੀਆਂ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਦੇ 'ਰੇਲ ਰੋਕੋ' ਸੱਦੇ 'ਤੇ ਦੇਸ਼ ਭਰ ਵਿਚ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਛੇ ਘੰਟਿਆਂ ਲਈ ਰੇਲਵੇ ਟਰੈਕਾਂ ਤੇ ਪਲੇਟਫਾਰਮਾਂ 'ਤੇ ਧਰਨੇ ਲਾਏ। ਮੋਰਚੇ ਨੇ ਮੰਗ ਕੀਤੀ ਕਿ ਲਖੀਮਪੁਰ ਖੀਰੀ ਵਿਚ ਚਾਰ ਕਿਸਾਨਾਂ ਦੇ ਕਤਲੇਆਮ ਲਈ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੂੰ ਮੋਦੀ ਵਜ਼ਾਰਤ 'ਚੋਂ ਬਰਖ਼ਾਸਤ ਕਰਕੇ ਗ੍ਰਿਫਤਾਰ ਕੀਤਾ ਜਾਵੇ ਕਿਉਂਕਿ ਉਨ੍ਹਾਂ ਦੇ ਅਹੁਦੇ 'ਤੇ ਬਣੇ ਰਹਿਣ ਤੱਕ ਲਖੀਮਪੁਰ ਖੀਰੀ ਹਿੰਸਾ ਕੇਸ 'ਚ ਇਨਸਾਫ ਮਿਲਣਾ ਮੁਸ਼ਕਲ ਹੈ। ਇਸ ਦੌਰਾਨ ਯੂਪੀ ਤੇ ਮੱਧ ਪ੍ਰਦੇਸ਼ ਸਮੇਤ ਹੋਰ ਕਈ ਥਾਵਾਂ 'ਤੇ ਕਿਸਾਨਾਂ ਨੇ ਗ੍ਰਿਫਤਾਰੀਆਂ ਵੀ ਦਿੱਤੀਆਂ।

ਮੋਰਚੇ ਨੇ ਚਿਤਾਵਨੀ ਦਿੱਤੀ ਕਿ ਜੇ ਲਖੀਮਪੁਰ ਖੀਰੀ ਕਤਲੇਆਮ ਵਿਚ ਇਨਸਾਫ ਲਈ ਉਸ ਦੀਆਂ ਮੰਗਾਂ ਨੂੰ ਪੂਰਾ ਨਾ ਕੀਤਾ ਗਿਆ ਤਾਂ ਵਿਰੋਧ ਪ੍ਰਦਰਸ਼ਨ ਹੋਰ ਤੇਜ ਕੀਤੇ ਜਾਣਗੇ। 26 ਨਵੰਬਰ ਨੂੰ ਮੋਰਚੇ ਦੇ ਸਾਲ ਪੂਰਾ ਹੋਣ 'ਤੇ ਲਖਨਊ ਦੀ ਮਹਾਂਪੰਚਾਇਤ ਮਗਰੋਂ ਸੰਘਰਸ਼ ਦੇ ਅਗਲੇ ਪੜਾਅ ਦੀ ਰੂਪ-ਰੇਖਾ ਤੈਅ ਕੀਤੀ ਜਾਵੇਗੀ। 'ਰੇਲ ਰੋਕੋ' ਦਾ ਸੱਦਾ ਪੰਜਾਬ, ਹਰਿਆਣਾ, ਉਤਰ ਪ੍ਰਦੇਸ, ਬਿਹਾਰ, ਉੜੀਸਾ, ਪੱਛਮੀ ਬੰਗਾਲ, ਰਾਜਸਥਾਨ, ਮੱਧ ਪ੍ਰਦੇਸ, ਕਰਨਾਟਕ, ਤਿਲੰਗਾਨਾ ਆਦਿ ਰਾਜਾਂ ਵਿਚ ਸਫਲ ਰਹਿਣ ਦੀਆਂ ਰਿਪੋਰਟਾਂ ਹਨ।

# ਚੰਨੀ ਵੱਲੋਂ 'ਮੇਰਾ ਘਰ ਮੇਰੇ ਨਾਮ' ਸਕੀਮ ਦੀ ਸ਼ੁਰੂਆਤ

**ਦੀਨਾਨਗਰ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸੂਬੇ ਦੇ ਲੱਖਾਂ ਪਰਿਵਾਰਾਂ ਨੂੰ ਵੱਡੀ ਰਾਹਤ ਦਿੰਦਿਆਂ ਦੀਨਾਨਗਰ ਤੋਂ 'ਮੇਰਾ ਘਰ ਮੇਰੇ ਨਾਮ' ਸਕੀਮ ਦੀ ਸ਼ੁਰੂਆਤ ਕੀਤੀ। ਇਸ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਲਾਲ ਲਕੀਰ ਅੰਦਰ ਆਉਂਦੇ ਘਰਾਂ ਵਿਚ ਰਹਿ ਰਹੇ ਗਰੀਬ ਪਰਿਵਾਰਾਂ ਨੂੰ ਜਾਇਦਾਦਾਂ ਦੇ ਮਾਲਕੀ ਹੱਕ ਦਿੱਤੇ ਜਾਣਗੇ।

ਦੀਨਾਨਗਰ 'ਚ ਕਰਵਾਏ ਗਏ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਪਿੰਡ ਮੀਰਪੁਰ ਅਤੇ ਮਹਾਂਦੇਵ ਕਲਾਂ ਦੇ 50 ਲਾਭਪਾਤਰੀਆਂ ਨੂੰ ਜਾਇਦਾਦ ਦੇ ਮਾਲਕੀ ਹੱਕ ਦੀਆਂ ਸਨਦਾਂ ਸੌਂਪੀਆਂ। ਮੁੱਖ ਮੰਤਰੀ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਇਹ ਸਕੀਮ ਵਿਸ਼ੇਸ਼ ਤੌਰ 'ਤੇ ਸਮਾਜ ਦੇ ਲੋੜਵੰਦ ਅਤੇ ਕਮਜ਼ੋਰ ਵਰਗਾਂ ਨੂੰ ਰਾਹਤ ਪ੍ਰਦਾਨ ਕਰੇਗੀ।

ਉਨ੍ਹਾਂ ਕਿਹਾ ਕਿ ਸਮੁੱਚੀ ਸਕੀਮ ਨੂੰ ਲਾਗੂ ਕਰਨ ਦਾ ਜਿੰਮਾ ਮਾਲ ਵਿਭਾਗ ਨੂੰ ਦਿੱਤਾ ਗਿਆ ਹੈ, ਜੋ ਡਿਜੀਟਲ ਮੈਪਿੰਗ ਲਈ ਪੇਂਡੂ ਤੇ ਸ਼ਹਿਰੀ ਇਲਾਕਿਆਂ ਵਿਚ ਅਜਿਹੀਆਂ ਰਿਹਾਇਸ਼ੀ ਜਾਇਦਾਦਾਂ ਦਾ ਡਰੋਨ ਰਾਹੀਂ ਸਰਵੇ ਕਰਵਾਏਗਾ। ਮੁੱਖ ਮੰਤਰੀ ਨੇ ਕਿਹਾ ਕਿ ਯੋਗ ਲਾਭਪਾਤਰੀਆਂ ਨੂੰ ਢੁਕਵੀਂ ਸ਼ਨਾਖ਼ਤ ਤੇ ਤਸਦੀਕ ਕਰਨ ਤੋਂ ਬਾਅਦ ਜਾਇਦਾਦ ਦਾ ਮਾਲਕੀ ਹੱਕ ਦੇਣ ਲਈ ਪ੍ਰਾਪਰਟੀ ਕਾਰਡ (ਸਨਦ) ਜਾਰੀ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਲਾਭਪਾਤਰੀਆਂ ਨੂੰ ਆਪਣੇ ਇਤਰਾਜ਼ ਦਾਇਰ ਕਰਨ ਲਈ 15 ਦਿਨ ਦਾ ਸਮਾਂ ਵੀ ਦਿੱਤਾ ਜਾਵੇਗਾ।

## Matrimonials

### ਲੜਕੇ ਦੀ ਲੋੜ ਹੈ

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com 39-42

### ਲੜਕੀ ਦੀ ਲੋੜ ਹੈ

ਜੱਟ ਸਿੱਖ, ਕੱਦ 6 ਫੁੱਟ, ਉਮਰ 40 ਸਾਲ (ਸਿੰਗਲ) ਅਮੈਰੀਕਨ ਸਿਟੀਜ਼ਨ ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਵਿਜ਼ੀਟਰ ਵੈਲਕਮ। ਸੰਪਰਕ ਕਰੋ: 925-778-0353 43-46


Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5'-7", US Citizen, belongs to educated family from Punjab, India. Please contact at: sukhkaran1978@outlook.com 38-41


LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance / ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration / ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
- Naturalization & Citizenship / ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers / ਰੀਮੂਵਲ ਡਿਫੈਂਸੀ ਐਂਡ ਵੈਵੇਰਸ

Languages SPOKEN Punjabi | Hindi | Urdu | Spanish & English



ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500 41-48



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

# ਕੇਂਦਰ ਦੇ ਹੱਲਿਆਂ ਖਿਲਾਫ ਸਿਆਸੀ ਧਿਰਾਂ ਨੂੰ ਇਕਜੁੱਟ ਹੋਣ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੂਬੇ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਸੀ ਲੜਾਈ ਬੰਦ ਕਰ ਕੇ ਕੇਂਦਰ ਵੱਲੋਂ ਪੰਜਾਬ ਨੂੰ ਪਿਛਲੇ ਦਰਵਾਜੇ ਰਾਹੀਂ ਬੀ.ਐਸ.ਐਫ. ਵਰਗੇ ਕੇਂਦਰੀ ਸੁਰੱਖਿਆ ਬਲਾਂ ਹਵਾਲੇ ਕਰ ਕੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਬਦਲਣ ਦੇ ਯਤਨਾਂ ਵਿਰੁੱਧ ਇਕਜੁੱਟ ਹੋ ਕੇ ਹੰਭਲਾ ਮਾਰਨ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਦੇ ਇਸ ਕਦਮ ਨਾਲ ਪਹਿਲਾਂ ਹੀ ਖਤਰੇ ਵਿਚ ਪਿਆ ਦੇਸ਼ ਦਾ ਸੰਘੀ ਢਾਂਚਾ ਹੋਰ ਕਮਜ਼ੋਰ ਹੋ ਜਾਵੇਗਾ ਤੇ ਇਸ ਨਾਲ ਸੂਬਾ ਸਰਕਾਰ ਮਿਉਂਸਪੈਲਟੀ ਬਣ ਕੇ ਰਹਿ ਜਾਵੇਗੀ।



ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖਾਲਸਾ ਨੇ ਕੇਂਦਰ ਸਰਕਾਰ ਵੱਲੋਂ ਸਰਹੱਦਾਂ 'ਤੇ ਤਾਇਨਾਤ ਬੀ.ਐਸ.ਐਫ. ਦੇ ਅਧਿਕਾਰ ਖੇਤਰ ਵਧਾਉਣ ਦੇ ਫੈਸਲੇ ਦਾ ਵਿਰੋਧ ਕੀਤਾ ਹੈ। ਉਨ੍ਹਾਂ ਇਸ ਨੂੰ ਰਾਜਾਂ ਦੇ ਅਧਿਕਾਰਾਂ ਦਾ ਉਲੰਘਣ ਆਖਦਿਆਂ ਕੇਂਦਰ ਸਰਕਾਰ ਨੂੰ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਬਾਬਾ ਹਰਨਾਮ ਸਿੰਘ ਖਾਲਸਾ ਨੇ ਸਮੂਹ ਸਿਆਸੀ ਪਾਰਟੀਆਂ ਤੇ ਜਥੇਬੰਦੀਆਂ ਨੂੰ ਕੇਂਦਰ ਸਰਕਾਰ ਦੇ ਫੈਸਲੇ ਖਿਲਾਫ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦਾ ਇਹ ਫੈਸਲਾ ਭਾਰਤੀ ਸੰਵਿਧਾਨ ਅਤੇ ਸੰਘੀ ਢਾਂਚੇ ਦੀ ਰੂਹ ਨਾਲ ਖਿਲਵਾੜ ਹੈ।

ਦੱਸ ਦਈਏ ਕਿ ਕੇਂਦਰ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਸਰਹੱਦੀ ਸੁਰੱਖਿਆ ਦਲ (ਬੀ.ਐਸ.ਐਫ.) ਦੇ ਅਧਿਕਾਰੀਆਂ ਦੇ ਅਧਿਕਾਰ ਖੇਤਰ ਵਿਚ ਵਾਧਾ ਕੀਤਾ ਹੈ। ਇਹ ਅਧਿਕਾਰੀ ਹੁਣ ਭਾਰਤ ਦੇ ਸਰਹੱਦੀ ਸੂਬਿਆਂ (ਪੰਜਾਬ, ਪੱਛਮੀ ਬੰਗਾਲ, ਅਸਾਮ ਤੇ ਤ੍ਰਿਪੁਰਾ) ਦੇ ਕੌਮਾਂਤਰੀ ਸਰਹੱਦ ਤੋਂ 50 ਕਿਲੋਮੀਟਰ ਦੇ ਘੇਰੇ ਵਿਚ ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਸਕਣਗੇ, ਉਨ੍ਹਾਂ ਦੀ ਤਲਾਸ਼ੀ ਲੈ ਸਕਣਗੇ ਤੇ ਇਤਰਾਜ਼ਯੋਗ ਸਾਮਾਨ ਨੂੰ ਜ਼ਬਤ ਵੀ ਕਰ ਸਕਣਗੇ।

ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੇ ਇਸ ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਬੀ.ਐਸ.ਐਫ. ਨੂੰ ਹੁਣ ਸੀ.ਆਰ.ਪੀ.ਸੀ. (ਕੋਡ ਆਫ ਕ੍ਰਿਮੀਨਲ ਪ੍ਰੋਸਿਜਰ), ਪਾਸਪੋਰਟ ਐਕਟ ਅਤੇ ਪਾਸਪੋਰਟ (ਐਂਟਰੀ ਟੂ ਇੰਡੀਆ) ਐਕਟ ਤਹਿਤ ਕਾਰਵਾਈ ਕਰਨ ਲਈ ਅਥਾਰਿਟੀ ਦੇ ਦਿੱਤੀ ਗਈ ਹੈ।

## ਸੁਰੱਖਿਆ ਬਲਾਂ ਦੀ ਸਿਆਸੀ ਸੰਦ ਵਜੋਂ ਵਰਤੋਂ ਨਾ ਹੋਵੇ: ਜਾਖੜ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਬੀ.ਐਸ.ਐਫ. ਨੂੰ ਵਧੇਰੇ ਖ਼ੁਦਮੁਖ਼ਤਿਆਰੀ ਦੇਣ ਦੇ ਕੇਂਦਰ ਸਰਕਾਰ ਦੇ ਫੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ 'ਸੁਰੱਖਿਆ ਬਲਾਂ ਨੂੰ ਸਿਆਸੀ ਸੰਦ ਵਜੋਂ ਇਸਤੇਮਾਲ ਨਾ ਕੀਤਾ ਜਾਵੇ। ਸ੍ਰੀ ਜਾਖੜ ਨੇ ਇਕ ਟਵੀਟ ਵਿਚ ਕਿਹਾ, "ਸਾਨੂੰ ਆਪਣੇ ਸੁਰੱਖਿਆ ਜਵਾਨਾਂ 'ਤੇ ਮਾਣ ਹੈ, ਜਿਨ੍ਹਾਂ ਦਾ ਕੰਮ ਨਾ ਸਿਰਫ ਸਾਡੀਆਂ ਸਰਹੱਦਾਂ ਦੀ ਰਾਖੀ ਕਰਨਾ ਬਲਕਿ ਭਾਰਤ ਨੂੰ ਵਿਦੇਸ਼ ਹਮਲਿਆਂ ਤੋਂ ਬਚਾਉਣਾ ਵੀ ਹੈ। ਇਨ੍ਹਾਂ ਨੂੰ ਆਪਣੀਆਂ ਨਾਕਾਮੀਆਂ ਛੁਪਾਉਣ ਅਤੇ ਆਗੂਆਂ ਤੇ ਸਰਕਾਰਾਂ ਵੱਲੋਂ ਪਾਏ ਖਿਲਾਰੇ ਨੂੰ ਸਮੇਟਣ ਲਈ ਢਾਲ ਵਜੋਂ ਵਰਤਣਾ ਚਿੰਤਾ ਦਾ ਵਿਸ਼ਾ ਹੈ। ਇਸ ਨਾਲ ਬਹਾਦਰ ਸੁਰੱਖਿਆ ਬਲਾਂ ਦਾ ਮਨੋਬਲ ਡਿੱਗਦਾ ਹੈ। ਕੈਪਟਨ ਅਮਰਿੰਦਰ ਸਿੰਘ ਤੋਂ ਬਿਹਤਰ ਇਹ ਗੱਲ ਕੋਈ ਨਹੀਂ ਜਾਣਦਾ।"



# ਕਿਸਾਨਾਂ ਦੇ ਸੁਆਲਾਂ ਦੇ ਜੁਆਬ ਦਿੱਤੇ ਬਿਨਾਂ ਖਿਸਕੇ ਘੁਬਾਇਆ



**ਫਾਜ਼ਿਲਕਾ:** ਪੰਜਾਬ ਵਿਧਾਨ ਸਭਾ ਚੋਣਾਂ ਸਬੰਧੀ ਭਾਵੇਂ ਸੰਯੁਕਤ ਕਿਸਾਨ ਮੋਰਚੇ ਨੇ ਸਿਆਸੀ ਧਿਰਾਂ ਨੂੰ ਸਰਗਰਮੀਆਂ ਨਾ ਕਰਨ ਦੀ ਸਲਾਹ ਦਿੱਤੀ ਹੈ ਪਰ ਸੱਤਾਧਾਰੀ ਧਿਰ ਸਣੇ ਵਿਰੋਧੀ ਪਾਰਟੀਆਂ ਵੱਲੋਂ ਪਿੰਡਾਂ ਵਿਚ ਜੋਰਾਂ-ਸ਼ੋਰਾਂ ਨਾਲ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਹਾਲਾਂਕਿ ਇਸ ਦੌਰਾਨ ਕਾਂਗਰਸ ਦੇ ਆਗੂਆਂ ਨੂੰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ 'ਤੇ ਪਿੰਡਾਂ ਵਿਚ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਰਿਹਾ।

ਇਸੇ ਤਹਿਤ ਫਾਜ਼ਿਲਕਾ ਜਿਲ੍ਹੇ ਦੇ ਪਿੰਡ ਰਾਣਾ ਵਿਚ ਪੁੱਜੇ ਫਾਜ਼ਿਲਕਾ ਦੇ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਦਾ ਲੋਕਾਂ ਨੇ ਮੁੜ ਵਿਰੋਧ ਕੀਤਾ। ਇਸ ਤੋਂ ਪਹਿਲਾਂ ਵੀ ਕਾਂਗਰਸੀ ਵਿਧਾਇਕ ਘੁਬਾਇਆ ਦਾ ਵੱਖ-ਵੱਖ ਪਿੰਡਾਂ ਵਿਚ ਵਿਰੋਧ ਹੋ ਚੁੱਕਿਆ ਹੈ। ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਆਗੂ ਅਮਰਜੀਤ ਸਿੰਘ ਨੇ ਦੱਸਿਆ ਕਿ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਉਨ੍ਹਾਂ ਦੇ ਪਿੰਡ ਕਾਂਗਰਸੀ ਆਗੂ ਦੇ ਘਰ ਮੁਲਾਕਾਤ ਲਈ ਪੁੱਜੇ ਸਨ, ਜਿਸ ਦਾ ਪਤਾ ਲੱਗਦਿਆਂ ਹੀ ਮੌਕੇ 'ਤੇ ਪਿੰਡ ਵਾਸੀਆਂ ਨੇ ਉਨ੍ਹਾਂ ਤੋਂ ਵਾਅਦਾਖਿਲਾਫੀ ਸਬੰਧੀ ਸੁਆਲ ਪੁੱਛਣ ਦਾ ਪ੍ਰੋਗਰਾਮ ਉਲੀਕਿਆ। ਇਸ ਮੌਕੇ ਸਵਾਲਾਂ ਦਾ ਜਵਾਬ ਦੇਣ ਦੀ ਬਜਾਏ ਵਿਧਾਇਕ ਘੁਬਾਇਆ ਉਥੋਂ ਖਿਸਕਣ ਲੱਗੇ ਅਤੇ ਵਿਧਾਇਕ ਨੇ ਪੁਲਿਸ ਮੁਲਾਜ਼ਮਾਂ ਨੂੰ ਨਾਦਰਸ਼ਾਹੀ ਹੁਕਮ ਦਿੰਦਿਆਂ ਪਿੰਡ ਵਾਸੀਆਂ ਨੂੰ ਪਾਸੇ ਹਟਾਉਣ ਲਈ ਕਿਹਾ।

ਵਿਧਾਇਕ ਘੁਬਾਇਆ ਲੋਕਾਂ ਦੇ ਸੁਆਲਾਂ ਦੇ ਜੁਆਬ ਦੇਣ ਦੀ ਬਜਾਏ ਉਥੋਂ ਚਲੇ ਗਏ। ਕਿਸਾਨ ਆਗੂ ਨੇ ਕਿਹਾ ਕਿ ਜਦੋਂ ਲੋਕ ਸਿਆਸੀ ਆਗੂਆਂ ਨੂੰ ਜ਼ਿੰਮੇਵਾਰੀ ਸੌਂਪਦੇ ਹਨ ਤਾਂ ਉਨ੍ਹਾਂ ਦੀ ਕਾਰਜਸ਼ੈਲੀ 'ਤੇ ਸੁਆਲ ਕਰਨਾ ਵੀ ਲੋਕਾਂ ਦਾ ਹੱਕ ਹੈ। ਉਨ੍ਹਾਂ ਪਿੰਡ ਵਾਸੀਆਂ ਨਾਲ ਧੱਕਾ-ਮੁੱਕੀ ਕਰਨ 'ਤੇ ਪੁਲਿਸ ਮੁਲਾਜ਼ਮਾਂ ਦੀ ਵੀ ਨਿਖੇਧੀ ਕੀਤੀ।

# ਕਾਂਗਰਸੀ ਵਫਦ ਅਜੈ ਮਿਸ਼ਰਾ ਦੀ ਬਰਖਾਸਤਗੀ ਲਈ ਰਾਸ਼ਟਰਪਤੀ ਨੂੰ ਮਿਲਿਆ

**ਨਵੀਂ ਦਿੱਲੀ:** ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਵਾਲਾ ਵਫਦ ਇਥੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਮਿਲਿਆ ਤੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੂੰ ਫੌਰੀ ਕੇਂਦਰੀ ਵਜ਼ਾਰਤ 'ਚੋਂ ਲਾਂਭੇ ਕੀਤੇ ਜਾਣ ਦੀ ਮੰਗ ਕੀਤੀ।

ਕਾਂਗਰਸੀ ਵਫਦ ਨੇ ਇਸ ਪੂਰੇ ਮਾਮਲੇ ਦੀ ਸੁਪਰੀਮ ਕੋਰਟ ਦੇ ਜੋ ਮੌਜੂਦਾ ਜੱਜਾਂ ਤੋਂ ਨਿਰਪੱਖ ਨਿਆਇਕ ਜਾਂਚ ਕਰਵਾਏ ਜਾਣ ਦੀ ਮੰਗ ਵੀ ਕੀਤੀ। ਸੀਨੀਅਰ ਕਾਂਗਰਸੀ ਆਗੂਆਂ ਦੇ ਵਫਦ ਨੇ ਰਾਸ਼ਟਰਪਤੀ ਨੂੰ ਲਖੀਮਪੁਰ ਖੀਰੀ ਹਿੰਸਾ ਘਟਨਾ ਨਾਲ ਜੁੜੇ ਤੱਥਾਂ ਅਧਾਰਿਤ ਇਕ ਯਾਦ ਪੱਤਰ ਵੀ ਦਿੱਤਾ। ਤਿੰਨ ਅਕਤੂਬਰ ਨੂੰ ਹੋਈ ਇਸ ਹਿੰਸਾ ਵਿਚ ਚਾਰ ਕਿਸਾਨਾਂ ਸਮੇਤ ਅੱਠ ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ। ਰਾਹੁਲ ਗਾਂਧੀ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਮਗਰੋਂ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਰਾਸ਼ਟਰਪਤੀ ਤੱਕ ਇਹ ਸੁਨੇਹਾ ਪੁੱਜਦਾ ਕਰ ਦਿੱਤਾ ਹੈ ਕਿ ਲਖੀਮਪੁਰ ਖੀਰੀ ਹਿੰਸਾ ਕੇਸ ਦੀ ਨਿਰਪੱਖ ਜਾਂਚ ਨੂੰ ਯਕੀਨੀ ਬਣਾਉਣ ਲਈ ਕੇਂਦਰੀ ਗ੍ਰਹਿ ਰਾਜ ਮੰਤਰੀ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ ਕਿਉਂਕਿ ਇਸ ਕੇਸ ਵਿਚ ਉਨ੍ਹਾਂ ਦਾ ਪੁੱਤਰ ਆਸ਼ੀਸ਼ ਮਿਸ਼ਰਾ ਮੁਲਜ਼ਮ ਵਜੋਂ ਨਾਮਜ਼ਦ ਹੈ। ਗਾਂਧੀ ਨੇ ਮੰਗ ਕੀਤੀ ਕਿ ਨਿਆਂ ਯਕੀਨੀ ਬਣਾਉਣ ਲਈ ਸੁਪਰੀਮ ਕੋਰਟ ਦੇ ਦੋ ਮੌਜੂਦਾ ਜੱਜ ਨੂੰ ਇਸ ਘਟਨਾ ਦੀ ਜਾਂਚ ਕਰਨੀ ਚਾਹੀਦੀ ਹੈ।


# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ




ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।

**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

# ਕਿਸਾਨਾਂ ਨੇ ਦਸਹਿਰੇ ਮੌਕੇ ਰਾਵਣ ਦੀ ਥਾਂ ਸਾੜੇ ਮੋਦੀ ਤੇ ਸ਼ਾਹ ਦੇ ਪੁਤਲੇ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ (ਐਸ.ਕੇ.ਐਮ.) ਦੇ ਸੱਦੇ 'ਤੇ ਦੇਸ਼ ਭਰ ਵਿਚ ਬੁਰਾਈ ਉਤੇ ਚੰਗਿਆਈ ਦੀ ਜਿੱਤ ਦੇ ਪ੍ਰਤੀਕ ਵਜੋਂ ਨਰਿੰਦਰ ਮੋਦੀ, ਅਮਿਤ ਸ਼ਾਹ, ਨਰੇਂਦਰ ਸਿੰਘ ਤੋਮਰ, ਯੋਗੀ ਆਦਿੱਤਿਆਨਾਥ, ਮਨੋਹਰ ਲਾਲ ਖੱਟਰ, ਅਜੈ ਮਿਸ਼ਰਾ ਟੇਨੀ ਅਤੇ ਹੋਰ ਭਾਜਪਾ ਆਗੂਆਂ ਦੇ ਪੁਤਲੇ ਸਾੜੇ ਗਏ।

ਮੋਰਚੇ ਨੇ ਪਹਿਲਾਂ ਹੀ ਸਪੱਸ਼ਟ ਕੀਤਾ ਸੀ ਕਿ ਸਥਾਨਕ ਹਾਲਾਤ ਦੇ ਆਧਾਰ 'ਤੇ ਪ੍ਰੋਗਰਾਮ 15 ਅਕਤੂਬਰ (ਦਸਹਿਰੇ ਵਾਲੇ ਦਿਨ) ਜਾਂ 16 ਅਕਤੂਬਰ ਨੂੰ ਲਾਗੂ ਕੀਤਾ ਜਾ ਸਕਦਾ ਹੈ। ਉਤਰ ਪ੍ਰਦੇਸ਼ ਵਿਚ ਯੂਪੀ ਪੁਲਿਸ ਵੱਲੋਂ ਇਸ ਤਾਲਮੇਲ ਵਾਲੀ ਕਾਰਵਾਈ ਨੂੰ ਰੋਕਣ ਲਈ ਕਿਸਾਨ ਆਗੂਆਂ ਨੂੰ ਰੋਕਥਾਮ ਨਜ਼ਰਬੰਦੀ ਅਤੇ ਘਰ ਵਿਚ ਨਜ਼ਰਬੰਦ ਕੀਤਾ ਗਿਆ। ਪ੍ਰਸ਼ਾਸਨ ਵੱਲੋਂ ਅਜਿਹੀ ਕਾਰਵਾਈ ਦੇ ਬਾਵਜੂਦ, ਕਈ ਥਾਵਾਂ 'ਤੇ ਪ੍ਰੋਗਰਾਮ ਸ਼ਾਂਤੀਪੂਰਵਕ ਢੰਗ ਨਾਲ ਚਲਾਇਆ ਗਿਆ।

ਮੋਰਚੇ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼ ਤੇ ਹੋਰ ਦੱਖਣੀ ਰਾਜਾਂ ਵਿਚ ਮੋਰਚੇ ਦੇ ਸੱਦੇ ਉਪਰ ਅਮਲ ਕੀਤਾ ਗਿਆ। ਤਾਮਿਲਨਾਡੂ ਦੇ ਕਰੂਰ ਵਿਚ, ਭਾਜਪਾ ਵਰਕਰਾਂ ਨੇ ਮੋਰਚੇ ਦੇ ਪ੍ਰਦਰਸ਼ਨਕਾਰੀਆਂ ਨਾਲ ਪੁਤਲਾ ਸਾੜਨ ਤੋਂ ਰੋਕਣ ਲਈ ਉਨ੍ਹਾਂ ਨਾਲ ਝੜਪ ਕਰਨ ਦੀ ਕੋਸ਼ਿਸ਼ ਕੀਤੀ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਨੇ ਸੂਬੇ 'ਚ ਵੱਖ-ਵੱਖ ਥਾਵਾਂ 'ਤੇ ਰੋਸ ਪ੍ਰਦਰਸ਼ਨ ਕਰਦਿਆਂ ਭਾਜਪਾ ਆਗੂਆਂ ਦੇ ਪੁਤਲੇ ਸਾੜੇ। ਜੀਂਦ ਦੇ ਖਟਕੜ ਟੌਲ ਪਲਾਜ਼ਾ 'ਤੇ ਭਾਜਪਾ ਆਗੂਆਂ ਦਾ 70 ਫੁੱਟ ਉੱਚਾ ਪੁਤਲਾ ਸਾੜਿਆ ਗਿਆ ਜਿਸ 'ਤੇ ਨਰਿੰਦਰ ਮੋਦੀ, ਅਮਿਤ ਸ਼ਾਹ, ਮਨੋਹਰ ਲਾਲ ਖੱਟਰ, ਦੁਸ਼ਿਅੰਤ ਚੌਟਾਲਾ ਸਣੇ ਵੱਡੀ ਗਿਣਤੀ ਵਿਚ ਭਾਜਪਾ ਆਗੂਆਂ ਅਤੇ ਕਾਰਪੋਰੇਟ ਘਰਾਣਿਆਂ ਦੇ ਮੁਖੀਆਂ ਦੀਆਂ ਤਸਵੀਰਾਂ ਲਾਈਆਂ ਗਈਆਂ ਸਨ। ਇਸ ਮਸਲੇ 'ਤੇ ਲੋਕਾਂ ਅੰਦਰ ਬਹੁਤ ਉਤਸ਼ਾਹ ਸੀ।

### ਕਿਸਾਨ ਮੋਰਚੇ ਵੱਲੋਂ ਸੁਰੱਖਿਆ ਸਖਤ ਕਰਨ ਦਾ ਫੈਸਲਾ

**ਨਵੀਂ ਦਿੱਲੀ:** ਦਿੱਲੀ ਦੇ ਸਿੰਘੂ ਬਾਰਡਰ ਉਤੇ ਕਿਸਾਨਾਂ ਦੇ ਧਰਨੇ ਨੇੜੇ ਬੇਰਹਿਮੀ ਨਾਲ ਕਤਲ ਮਾਮਲੇ ਵਿਚ ਆਲੋਚਨਾ ਦਾ ਸਾਹਮਣਾ ਕਰ ਰਹੇ ਕਿਸਾਨ ਆਗੂਆਂ ਨੇ ਕਿਹਾ ਹੈ ਕਿ ਧਰਨੇ ਵਾਲੀਆਂ ਥਾਵਾਂ ਉਤੇ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸੀ.ਸੀ.ਟੀ.ਵੀ. ਕੈਮਰੇ ਵਧਾਏ ਜਾਣਗੇ ਤੇ ਹੋਰ ਵਾਲੰਟੀਅਰ ਤਾਇਨਾਤ ਕੀਤੇ ਜਾਣਗੇ। ਆਗੂਆਂ ਨੇ ਜੋਰ ਦੇ ਕੇ ਕਿਹਾ ਹੈ ਕਿ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਵਿਰੁੱਧ ਜਾਰੀ ਸੰਘਰਸ਼ 'ਤੇ ਇਸ ਘਟਨਾ ਦਾ ਕੋਈ ਅਸਰ ਨਹੀਂ ਹੋਵੇਗਾ।

## ਜ਼ਮੀਨਾਂ ਦੀ ਗਿਰਦਾਵਰੀ ਪ੍ਰਣਾਲੀ ਹੋਵੇਗੀ ਖਤਮ

**ਚੰਡੀਗੜ੍ਹ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੁਰਾਣੇ ਭੂਮੀ ਕਾਨੂੰਨਾਂ ਵਿਚ ਸੁਧਾਰ ਕਰਨ ਦਾ ਫੈਸਲਾ ਕੀਤਾ ਹੈ, ਜਿਸ ਤਹਿਤ ਦੂਸਰੇ ਸੂਬਿਆਂ ਦੀ ਤਰਜ਼ 'ਤੇ ਪੰਜਾਬ 'ਚ ਜ਼ਮੀਨਾਂ ਦੀ ਗਿਰਦਾਵਰੀ ਪ੍ਰਣਾਲੀ ਨੂੰ ਖਤਮ ਕੀਤਾ ਜਾਵੇਗਾ। ਤਹਿਸੀਲਾਂ ਵਿਚ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਸ਼ਾਮ ਪੰਜ ਵਜੇ ਤੋਂ ਬਾਅਦ ਰਜਿਸਟਰੀ ਕਰਨ 'ਤੇ ਰੋਕ ਲਗਾ ਦਿੱਤੀ ਗਈ ਹੈ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਵਿਚ ਲੋਕ ਪੱਖੀ ਫੈਸਲਿਆਂ ਸਬੰਧੀ ਹਦਾਇਤਾਂ ਦਿੱਤੀਆਂ। ਉਨ੍ਹਾਂ ਪੁਰਾਣੇ ਜ਼ਮੀਨੀ ਕਾਨੂੰਨਾਂ ਵਿਚ ਪੜਾਅਵਾਰ ਬਦਲਾਅ ਕਰਨ ਦਾ ਸੱਦਾ ਦਿੱਤਾ ਤਾਂ ਜੋ ਜਾਇਦਾਦਾਂ ਦੀ ਮਾਲਕੀ ਦੇ ਹੱਕ ਸੁਰੱਖਿਅਤ ਰੱਖੇ ਜਾ ਸਕਣ।

ਚੰਨੀ ਨੇ ਮੁੱਖ ਸਕੱਤਰ ਨੂੰ ਇਕ ਕਮੇਟੀ ਦਾ ਗਠਨ ਕਰਨ ਦੇ ਹੁਕਮ ਦਿੱਤੇ, ਜੋ ਜ਼ਮੀਨੀ ਕਾਨੂੰਨਾਂ ਵਿਚ ਸੁਧਾਰ ਲਿਆਉਣ ਬਾਰੇ ਸੁਝਾਅ ਦੇਵੇਗੀ। ਉਨ੍ਹਾਂ ਮੁੱਖ ਸਕੱਤਰ ਨੂੰ ਬਾਕੀ ਸੂਬਿਆਂ ਦੀ ਤਰ੍ਹਾਂ ਗਿਰਦਾਵਰੀ ਦੀ ਪ੍ਰਣਾਲੀ ਦੇ ਖਾਤਮੇ ਲਈ ਵਿਸਥਾਰਤ ਤਜਵੀਜ਼ ਲਿਆਉਣ ਲਈ ਆਖਿਆ।

ਇਹ ਉਪਰਾਲਾ ਜ਼ਮੀਨ ਜਾਇਦਾਦ ਦੀ ਤਕਸੀਮ ਤੋਂ ਇਲਾਵਾ ਗਿਰਦਾਵਰੀ, ਇੰਤਕਾਲ, ਜਮ੍ਹਾਬੰਦੀ ਦੀ ਮੌਜੂਦਾ ਵਿਵਸਥਾ ਨੂੰ ਸੁਖਾਲਾ ਬਣਾਉਣ ਵਿਚ ਸਹਾਈ ਹੋਵੇਗਾ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਸਵੇਰੇ 9 ਵਜੇ ਦਫਤਰ ਹਾਜ਼ਰ ਹੋਣ ਲਈ ਕਿਹਾ ਅਤੇ ਇੱਥੋਂ ਤੱਕ ਕਿ ਸਾਮ 5 ਵਜੇ ਤੋਂ ਬਾਅਦ ਵੀ ਆਮ ਲੋਕਾਂ ਦੀ ਸੰਤੁਸ਼ਟੀ ਤੱਕ ਕੰਮ ਕਰਨ ਲਈ ਆਖਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਅਧਿਕਾਰੀ ਨੂੰ ਆਪਣੇ ਕੈਂਪ ਆਫਿਸ ਤੋਂ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਸੁਵਿਧਾ ਕੈਂਪ ਲਾਉਣ ਲਈ ਆਖਿਆ ਤਾਂ ਜੋ ਆਸ਼ੀਰਵਾਦ ਸਕੀਮ ਤੋਂ ਇਲਾਵਾ ਬੁਢਾਪਾ, ਦਿਵਿਆਂਗ, ਬੇਸਹਾਰਾ ਤੇ ਵਿਧਵਾਵਾਂ ਦੀਆਂ ਸਮਾਜਿਕ ਸੁਰੱਖਿਆ ਪੈਨਸ਼ਨਾਂ ਦੇ ਬਕਾਏ ਨੂੰ ਨਜਿੱਠਿਆ ਜਾ ਸਕੇ।

ਉਨ੍ਹਾਂ ਇਹ ਵੀ ਆਦੇਸ਼ ਦਿੱਤੇ ਕਿ ਇਹ ਕੈਂਪ 20 ਤੇ 21 ਅਕਤੂਬਰ ਤੋਂ ਇਲਾਵਾ 29 ਤੇ 30 ਅਕਤੂਬਰ ਨੂੰ ਤਹਿਸੀਲ, ਬਲਾਕ ਅਤੇ ਜ਼ਿਲ੍ਹਾ ਪੱਧਰ ਉਤੇ ਲਾਏ ਜਾਣ। ਵਿਕਾਸ ਕਾਰਜਾਂ ਅਤੇ ਭਲਾਈ ਸਕੀਮ ਵਿਚ ਹੋਰ ਤੇਜੀ ਲਿਆਉਣ ਲਈ ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਸਬੰਧਤ ਵਿਧਾਇਕਾਂ ਨਾਲ ਮੀਟਿੰਗਾਂ ਕਰਨ ਲਈ ਕਿਹਾ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ 2 ਕਿੱਲੋਵਾਟ ਲੋਡ ਤੱਕ ਦੇ ਸਾਰੇ ਯੋਗ ਲਾਭਪਾਤਰੀਆਂ ਤੱਕ ਪਹੁੰਚ ਕਰ ਕੇ ਬਿਜਲੀ ਦੇ ਬਕਾਏ ਮੁਆਫ ਕਰਨ ਲਈ ਨਿਰਧਾਰਿਤ ਫਾਰਮ ਭਰਨ ਲਈ ਫੀਲਡ ਸਟਾਫ ਤਾਇਨਾਤ ਕਰਨ ਲਈ ਆਖਿਆ।

## ਕਾਬੁਲ ਦੇ ਗੁਰਦੁਆਰੇ 'ਚ ਮੁੜ ਹਥਿਆਰਬੰਦ ਬੰਦੇ ਦਾਖਲ

**ਅੰਮ੍ਰਿਤਸਰ:** ਅਫ਼ਗਾਨਿਸਤਾਨ ਵਿਚ ਸੱਤਾ ਪਲਟੇ ਤੋਂ ਬਾਅਦ ਦੂਜੀ ਵਾਰ ਕਾਬੁਲ ਵਿਚ ਗੁਰਦੁਆਰਾ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਭਾ ਕਰਤੇ ਪ੍ਰਵਾਨ ਵਿਖੇ ਹਥਿਆਰਬੰਦ ਵਿਅਕਤੀਆਂ ਨੇ ਦਾਖਲ ਹੋ ਕੇ ਉਥੇ ਹਾਜ਼ਰ ਘੱਟ ਗਿਣਤੀ ਸਿੱਖ ਅਤੇ ਹਿੰਦੂਆਂ ਨੂੰ ਡਰਾਇਆ-ਧਮਕਾਇਆ ਹੈ।

ਇਸ ਤੋਂ ਪਹਿਲਾਂ ਵੀ ਅਣਪਛਾਤੇ ਹਥਿਆਰਬੰਦ ਵਿਅਕਤੀ ਇਸ ਗੁਰਦੁਆਰੇ ਵਿਚ ਦਾਖਲ ਹੋ ਕੇ ਭੰਨ-ਤੋੜ ਕਰ ਚੁੱਕੇ ਹਨ। ਉਨ੍ਹਾਂ ਨੇ ਗੁਰਦੁਆਰੇ ਦੇ ਸੀ.ਸੀ.ਟੀ.ਵੀ. ਕੈਮਰੇ ਵੀ ਭੰਨ ਦਿੱਤੇ ਸਨ। ਇਸ ਘਟਨਾ ਤੋਂ ਕੁਝ ਦਿਨ ਬਾਅਦ ਹੀ ਮੁੜ ਦੂਜੀ ਵਾਰ ਇਸ ਗੁਰਦੁਆਰੇ ਵਿਚ ਅਣਪਛਾਤੇ ਹਥਿਆਰਬੰਦ ਵਿਅਕਤੀ ਦਾਖਲ ਹੋਏ ਹਨ, ਜਿਨ੍ਹਾਂ ਨੇ ਆਪਣੇ ਆਪ ਨੂੰ 'ਇਸਲਾਮਿਕ ਐਮੀਰੇਟ ਆਫ ਅਫ਼ਗਾਨਿਸਤਾਨ' ਦਾ ਗੁੱਟ ਦੱਸਿਆ ਹੈ।

ਇੰਡੀਆ ਵਰਲਡ ਫੋਰਮ ਦੇ ਪ੍ਰਧਾਨ ਪੁਨੀਤ ਸਿੰਘ ਚੰਡੋਕ ਨੇ ਦੱਸਿਆ ਕਿ ਇਹ ਘਟਨਾ ਦੁਪਹਿਰ ਵੇਲੇ ਲਗਭਗ ਦੋ ਵਜੇ ਵਾਪਰੀ ਹੈ ਜਦੋਂ ਇਹ ਅਣਪਛਾਤੇ ਸ਼ੱਕੀ ਵਿਅਕਤੀ ਕਾਬੁਲ ਦੇ ਗੁਰਦੁਆਰੇ ਵਿਚ ਦਾਖਲ ਹੋਏ। ਗੁਰਦੁਆਰੇ ਦੇ ਸੁਰੱਖਿਆ ਕਰਮਚਾਰੀ ਅਤੇ ਸੰਗਤ ਵੱਲੋਂ ਉਨ੍ਹਾਂ ਦਾ ਵਿਰੋਧ ਕੀਤਾ ਗਿਆ। ਇਨ੍ਹਾਂ ਹਥਿਆਰਬੰਦ ਵਿਅਕਤੀਆਂ ਨੇ ਵਿਰੋਧ ਕਰਨ ਵਾਲੇ ਵਿਅਕਤੀਆਂ ਨਾਲ ਧੱਕਾ-ਮੁੱਕੀ ਕੀਤੀ ਅਤੇ ਉਨ੍ਹਾਂ ਨੂੰ ਇਸ ਦੇ ਨਤੀਜੇ ਭੁਗਤਣ ਦੀ ਧਮਕੀ ਵੀ ਦਿੱਤੀ।

ਸ੍ਰੀ ਚੰਡੋਕ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਜਾਣਕਾਰੀ ਉਥੋਂ ਦੇ ਸਿੱਖਾਂ ਵੱਲੋਂ ਫੋਨ ਕਰਕੇ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਘਟਨਾ ਵੇਲੇ ਲਗਭਗ ਸਿੱਖ ਭਾਈਚਾਰੇ ਦੇ 20 ਵਿਅਕਤੀ ਗੁਰਦੁਆਰੇ ਵਿਚ ਹਾਜ਼ਰ ਸਨ। ਘਟਨਾ ਤੋਂ ਬਾਅਦ ਉਥੇ ਮੁੜ ਘੱਟ ਗਿਣਤੀ ਭਾਈਚਾਰੇ ਦੇ ਲੋਕ ਡਰੇ ਤੇ ਸਹਿਮੇ ਹੋਏ ਹਨ। ਉਨ੍ਹਾਂ ਨੇ ਮੁੜ ਕਾਬੁਲ ਵਿਚੋਂ ਜਲਦੀ ਸੁਰੱਖਿਅਤ ਬਾਹਰ ਕੱਢਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰੇ ਤੋਂ ਬਾਅਦ ਇਹ ਅਣਪਛਾਤੇ ਵਿਅਕਤੀ ਨੇੜੇ ਇਕ ਸਕੂਲ ਵਿਚ ਤੇ ਅਫ਼ਗਾਨਿਸਤਾਨ ਦੇ ਐਮਪੀ ਨਰਿੰਦਰ ਸਿੰਘ ਖਾਲਸਾ ਦੇ ਘਰ ਵਿਚ ਵੀ ਦਾਖਲ ਹੋਏ। ਇਹ ਦੋਵੇਂ ਇਮਾਰਤਾਂ ਗੁਰਦੁਆਰੇ ਦੇ ਨੇੜੇ ਹਨ।

A&I WATSONVILLE, CA.
A & I Transport Inc.
123 E Lee Rd, Watsonville, CA Ph: 831-763-7805

ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ
ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ



NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.
We pay Solo 55 cents per mile and Teams 70 cents per mile.

*Job Requirements:*
• Class A Driver. • Clean driving record • Ability to pass DOT drug test.
*We offer the following benefits of employment*
• 55 Cents Per Mile or loaded-Solo • 70 Cents Per Mile-Teams.
• Newer equipment for Driver comfort (2019-2021).
• *$3,000 Signing Bonus For Drivers for 11 western states.
• *$1,000 Signing Bonus For Regional Drivers.
• We pay $75 to $150 for 34 hours reset. • Weekly pay.
• Yearly mileage bonus. • We offer 3,500-3,800+ miles
• Medical, Vision, and Dental Benefits. • Stop Pay & Bonus Layover Pay.
• Referral-Bonus for referring other Class A Drivers. • 401k Plan.
**Signing bonus subject to terms and conditions.*

For More Information Call (24 hours) Armando or Vicente, Ph: (831) 763-7805

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰਣਜੀਤ ਕਤਲ ਕੇਸ: ਡੇਰਾ ਮੁਖੀ ਰਾਮ ਰਹੀਮ ਤੇ ਚਾਰ ਹੋਰਾਂ ਨੂੰ ਉਮਰ ਕੈਦ

**ਪੰਚਕੂਲਾ:** ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਸਾਲ 2002 ਵਿਚ ਡੇਰਾ ਪ੍ਰੇਮੀ ਰਣਜੀਤ ਸਿੰਘ ਦਾ ਕਤਲ ਕਰਨ ਦੇ ਦੋਸ਼ ਹੇਠ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਅਤੇ ਚਾਰ ਹੋਰਨਾਂ ਨੂੰ ਉਮਰ ਕੈਦ ਦੀ ਸਜਾ ਸੁਣਾਈ ਹੈ। ਇਸ ਤੋਂ ਇਲਾਵਾ ਅਦਾਲਤ ਵੱਲੋਂ ਰਾਹ ਰਹੀਮ ਨੂੰ 31 ਲੱਖ ਰੁਪਏ ਅਤੇ ਬਾਕੀ ਦੋਸ਼ੀਆਂ ਨੂੰ 50-50 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਗਿਆ।

ਸੀ.ਬੀ.ਆਈ. ਦੇ ਵਕੀਲ ਵੱਲੋਂ ਰਾਮ ਰਹੀਮ ਤੇ ਇਸ ਕੇਸ ਦੇ ਹੋਰਨਾਂ ਦੋਸ਼ੀਆਂ ਲਈ ਮੌਤ ਦੀ ਸਜਾ ਦੀ ਮੰਗ ਕੀਤੀ ਗਈ ਸੀ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਡਾ. ਸੁਸ਼ੀਲ ਕੁਮਾਰ ਗਰਗ ਨੇ 8 ਅਕਤੂਬਰ ਨੂੰ ਰਣਜੀਤ ਸਿੰਘ ਕਤਲ ਕੇਸ ਵਿਚ ਗੁਰਮੀਤ ਰਾਮ ਰਹੀਮ, ਕ੍ਰਿਸ਼ਨ ਲਾਲ, ਜਸਬੀਰ ਸਿੰਘ, ਅਵਤਾਰ ਸਿੰਘ ਅਤੇ ਸਬਦਿਲ ਸਿੰਘ ਨੂੰ ਆਈ.ਪੀ.ਸੀ. ਦੀ ਧਾਰਾ 302 (ਹੱਤਿਆ) ਅਤੇ 120ਬੀ (ਅਪਰਾਧਿਕ ਸਾਜ਼ਿਸ਼) ਤਹਿਤ ਦੋਸ਼ੀ ਠਹਿਰਾਇਆ ਸੀ। ਰਣਜੀਤ ਸਿੰਘ ਨੂੰ 10 ਜੁਲਾਈ 2002 ਨੂੰ ਉਸ ਦੇ ਜੱਦੀ ਪਿੰਡ ਖਾਨਪੁਰ ਕੌਲੀਆਂ, ਜਿਲ੍ਹਾ ਕੁਰੂਕਸ਼ੇਤਰ ਵਿਚ ਗੋਲੀ ਮਾਰ ਦਿੱਤੀ ਗਈ ਸੀ।

ਡੇਰਾ ਪ੍ਰਬੰਧਕਾਂ ਨੂੰ ਸ਼ੱਕ ਸੀ ਕਿ ਰਣਜੀਤ ਸਿੰਘ ਨੇ ਹੀ ਸਾਧਵੀ ਜਿਨਸੀ ਸ਼ੋਸ਼ਣ ਮਾਮਲੇ 'ਚ ਆਪਣੀ ਭੈਣ ਤੋਂ ਗੁੰਮਨਾਮ ਚਿੱਠੀ ਲਿਖਵਾਈ। ਪੁਲਿਸ ਜਾਂਚ ਤੋਂ ਅਸੰਤੁਸ਼ਟ ਰਣਜੀਤ ਸਿੰਘ ਦੇ ਪਿਤਾ ਨੇ ਜਨਵਰੀ 2003 'ਚ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਪਟੀਸ਼ਨ ਦਾਇਰ ਕਰਕੇ ਆਪਣੇ ਪੁੱਤਰ ਦੀ ਹੱਤਿਆ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕੀਤੀ, ਜਿਸ ਨੂੰ ਹਾਈਕੋਰਟ ਨੇ ਮਨਜ਼ੂਰ ਕਰ ਲਿਆ। ਰਾਮ ਰਹੀਮ ਦੇ ਇਲਾਵਾ 5 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ।

2007 'ਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਦੋਸ਼ੀਆਂ 'ਤੇ ਦੋਸ਼ ਤੈਅ ਕੀਤੇ ਅਤੇ 8 ਅਕਤੂਬਰ 2021 ਨੂੰ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ।

# ਮੁੱਖ ਮੰਤਰੀ ਵੱਲੋਂ ਸ੍ਰੀ ਚਮਕੌਰ ਸਾਹਿਬ ਹਲਕੇ ਲਈ 1000 ਕਰੋੜ ਦਾ ਐਲਾਨ

**ਸ੍ਰੀ ਚਮਕੌਰ ਸਾਹਿਬ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਚਮਕੌਰ ਸਾਹਿਬ ਹਲਕੇ ਦੇ ਸਰਬਪੱਖੀ ਵਿਕਾਸ ਲਈ 1000 ਕਰੋੜ ਦੀ ਲਾਗਤ ਵਾਲੇ ਕਈ ਵਿਕਾਸ ਪ੍ਰੋਜੈਕਟਾਂ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਸ੍ਰੀ ਚਮਕੌਰ ਸਾਹਿਬ ਬਲਾਕ ਦੇ 75 ਪਿੰਡਾਂ ਦੇ ਸਰਪੰਚਾਂ ਨੂੰ 60 ਕਰੋੜ ਰੁਪਏ ਦੇ ਚੈੱਕ ਵੀ ਵੰਡੇ।

ਇਸ ਮੌਕੇ ਮੁੱਖ ਮੰਤਰੀ ਨੇ ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਦੇ ਤਹਿਤ ਬਕਾਏ ਬਿਜਲੀ ਬਿੱਲ ਮੁਆਫ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕੀਤੀ ਤੇ ਸੰਕੇਤਕ ਤੌਰ 'ਤੇ ਬਕਾਏ ਬਿੱਲਾਂ ਦੀਆਂ ਕਾਪੀਆਂ ਸਾੜ ਕੇ ਲੋਕਾਂ ਨੂੰ ਪੁਰਾਣੇ ਬਿੱਲਾਂ ਦੀਆਂ ਦੇਣਦਾਰੀਆਂ ਭੁੱਲ ਜਾਣ ਲਈ ਆਖਿਆ।

ਪਿੰਡ ਸੰਧੂਆਂ, ਗੱਗੋਂ, ਭੈਰੋਂ ਮਾਜਰਾ, ਬੇਲਾ, ਵਜੀਦਪੁਰ ਤੇ ਮਹਿਤੋਤ ਵਿਖੇ ਜਨਤਕ ਇਕੱਠਾ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਪਹਿਲੀ ਵਾਰ ਇਕ ਸਰਕਾਰੀ ਯੂਨੀਵਰਸਿਟੀ ਸ੍ਰੀ ਚਮਕੌਰ ਸਾਹਿਬ ਵਿਖੇ ਸਥਾਪਿਤ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ 500 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਹੋ ਰਹੀ ਹੁਨਰ ਵਿਕਾਸ ਯੂਨੀਵਰਸਿਟੀ ਦੇ ਨਿਰਮਾਣ ਲਈ 100 ਕਰੋੜ ਰੁਪਏ ਦੇ ਟੈਂਡਰ ਵੀ ਜਾਰੀ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਪਿੰਡ ਮਹਿਤੋਤ ਦੇ ਸਟੇਡੀਅਮ ਲਈ 1 ਕਰੋੜ 13 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਉਨ੍ਹਾਂ ਦੱਸਿਆ ਕਿ ਬੇਲਾ ਪੁਲ ਦਾ ਨੀਂਹ ਪੱਥਰ 30 ਅਕਤੂਬਰ ਨੂੰ ਰੱਖਿਆ ਜਾਵੇਗਾ ਤੇ 70 ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਉਨ੍ਹਾਂ ਕਿਸਾਨਾਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਦੀ ਜਮੀਨ ਇਸ ਪੁਲ ਦੀ ਉਸਾਰੀ ਲਈ ਐਕਵਾਇਰ ਕੀਤੀ ਜਾਵੇਗੀ।

# ਮੋਦੀ ਸਰਕਾਰ ਕਿਸਾਨ ਲਹਿਰ ਦਾ ਦਮ ਘੁੱਟਣ ਲਈ ਉਤਾਰੂ

*(ਸਫਾ ਇਕ ਦੀ ਬਾਕੀ)*

ਵਾਲੇ ਧਰਨੇ ਵਿਚ ਸਭ ਤੋਂ ਅੱਗੇ ਬੈਠੀਆਂ ਹਨ। ਉਨ੍ਹਾਂ ਨੇ ਉਥੇ ਧਾਰਮਿਕ ਗ੍ਰੰਥ ਵੀ ਰੱਖੇ ਹੋਏ ਹਨ। ਸੂਤਰ ਦੱਸਦੇ ਹਨ ਕਿ ਕੇਂਦਰ ਸਰਕਾਰ ਕਈ ਵਾਰ ਤਾਕਤ ਦੀ ਵਰਤੋਂ ਕਰਕੇ ਧਰਨਾ ਚੁਕਵਾਉਣ ਦੀ ਰਣਨੀਤੀ ਬਣਾ ਚੁੱਕੀ ਹੈ ਪਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦਾ ਮੁੱਦਾ ਬਣਨ ਤੇ ਰਵਾਇਤੀ ਸ਼ਾਸਤਰਾਂ ਨਾਲ ਤਿਆਰ-ਬਰ-ਤਿਆਰ ਨਿਹੰਗ ਜਥੇਬੰਦੀਆਂ ਕਾਰਨ ਝਕਦੀ ਰਹੀ ਹੈ। ਹੁਣ ਇਸ ਸਾਰੇ ਵਿਵਾਦ ਤੋਂ ਬਾਅਦ ਕੇਂਦਰ ਸਰਕਾਰ ਦਾ ਦਾਅ ਫਬਦਾ ਦਿੱਸ ਰਿਹਾ ਹੈ। 27 ਅਕਤੂਬਰ ਨੂੰ ਨਿਹੰਗ ਜਥੇਬੰਦੀਆਂ ਨੇ ਬਾਰਡਰ ਉਤੇ ਧਾਰਮਿਕ ਇਕੱਤਰਤਾ ਰੱਖੀ ਹੈ ਜਿਸ ਵਿਚ ਧਰਨੇ ਵਾਲੀ ਥਾਂ ਤੋਂ ਹਟਣ ਜਾਂ ਡਟੇ ਰਹਿਣ ਦਾ ਫੈਸਲਾ ਕੀਤਾ ਜਾਵੇਗਾ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਕਿਸਾਨ ਜਥੇਬੰਦੀਆਂ ਕੇਂਦਰ ਨਾਲ ਗੱਲਬਾਤ ਲਈ ਤਿਆਰ ਬੈਠੀਆਂ ਹਨ ਤੇ ਇਸ ਸਬੰਧੀ ਮੰਗ ਪੱਤਰ ਵੀ ਭੇਜ ਚੁੱਕੀਆਂ ਹਨ ਪਰ ਸਰਕਾਰ ਕਿਸਾਨਾਂ ਨਾਲ ਸਿੱਧੀ ਗੱਲਬਾਤ ਕਰਨ ਦੀ ਥਾਂ ਟੇਢੇ ਢੰਗ ਨਾਲ ਸੰਘਰਸ਼ ਨੂੰ ਢਾਹ ਲਾਉਣ ਦੀਆਂ ਵਿਉਂਤਾਂ ਘੜ ਰਹੀ ਹੈ। 26 ਜਨਵਰੀ ਨੂੰ ਕਿਸਾਨਾਂ ਦੇ ਟਰੈਕਟਰ ਮਾਰਚ ਤੋਂ ਬਾਅਦ ਦੋਵਾਂ ਧਿਰਾਂ ਵਿਚ ਕੋਈ ਗੱਲਬਾਤ ਨਹੀਂ ਹੋਈ, ਜਦ ਕਿ ਉਸ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਅਸੀਂ ਕਿਸਾਨਾਂ ਤੋਂ ਇਕ ਕਾਲ ਦੀ ਦੂਰੀ ਉਤੇ ਬੈਠੇ ਹਾਂ। ਤਾਜ਼ਾ ਖੁਲਾਸਿਆਂ ਤੋਂ ਜਾਪ ਰਿਹਾ ਹੈ ਕਿ ਸਰਕਾਰ ਕਿਸਾਨਾਂ ਨਾਲ ਸਿੱਧੀ ਗੱਲਬਾਤ ਦੀ ਥਾਂ ਅੰਦਰੋ-ਅੰਦਰੀ ਘੇਰਾਬੰਦੀ ਦੀ ਰਣਨੀਤੀ ਉਤੇ ਚੱਲ ਰਹੀ ਹੈ।

ਬੀ.ਐਸ.ਐਫ. ਨੂੰ ਵਾਧੂ ਅਧਿਕਾਰਾਂ ਨੂੰ ਵੀ ਸ਼ੱਕੀ ਨਿਗ੍ਹਾ ਨਾਲ ਵੇਖਿਆ ਜਾ ਰਿਹਾ ਹੈ। ਬੀ.ਐਸ.ਐਫ. ਨੂੰ ਪੰਜਾਬ ਦੀਆਂ ਕੌਮਾਂਤਰੀ ਸਰਹੱਦਾਂ ਤੋਂ 50 ਕਿਲੋਮੀਟਰ ਅੰਦਰ ਤੱਕ ਛਾਪੇ ਮਾਰਨ, ਐਫ.ਆਈ.ਆਰ. ਦਰਜ ਕਰਨ ਤੇ ਗ੍ਰਿਫਤਾਰੀ ਕਰਨ ਦੇ ਅਧਿਕਾਰ ਦੇ ਦਿੱਤੇ ਗਏ ਹਨ ਜਦ ਕਿ ਪਹਿਲਾਂ ਇਹ ਘੇਰਾ ਸਿਰਫ 15 ਕਿਲੋਮੀਟਰ ਸੀ।

ਦੱਸ ਦਈਏ ਕਿ ਕੇਂਦਰ ਸਰਕਾਰ ਦੁਆਰਾ ਸੰਵਿਧਾਨ ਦੀ ਧਾਰਾ 370 ਖਤਮ ਕਰਨ, ਐਨ.ਆਈ.ਏ. ਨੂੰ ਹੋਰ ਅਧਿਕਾਰ ਦੇਣ ਤੇ ਖੇਤੀ ਕਾਨੂੰਨਾਂ ਸਮੇਤ ਕੀਤੇ ਕਈ ਫੈਸਲੇ ਸੰਘੀ ਢਾਂਚੇ ਨੂੰ ਢਾਹ ਲਾਉਣ ਤੇ ਤਾਕਤਾਂ ਦੇ ਕੇਂਦਰੀਕਰਨ ਵਾਲੇ ਹਨ। ਮੋਦੀ ਸਰਕਾਰ ਵੱਡੇ ਪੱਧਰ ਉਤੇ ਵਿਰੋਧ ਦੇ ਬਾਵਜੂਦ ਅਜੇ ਤੱਕ ਅਜਿਹੇ ਆਪਣੇ ਕਿਸੇ ਵੀ ਫੈਸਲੇ ਤੋਂ ਪਿੱਛੇ ਨਹੀਂ ਹਟੀ ਤੇ ਅੱਗੇ ਵੀ ਉਹ ਇਸ ਭਰਮ ਨੂੰ ਟੁੱਟਣ ਨਹੀਂ ਦੇਣਾ ਚਾਹੁੰਦੀ। ਹੁਣ ਤੱਕ ਸਿਰਫ ਕਿਸਾਨ ਅੰਦੋਲਨ ਹੀ ਮੋਦੀ ਸਰਕਾਰ ਦੇ ਫੈਸਲੇ ਨੂੰ ਖੁੱਲ੍ਹ ਕੇ ਚੁਣੌਤੀ ਦੇ ਸਕਿਆ ਹੈ।

ਪੰਜਾਬ ਤੋਂ ਉਠੀ ਲਹਿਰ ਪੂਰੇ ਮੁਲਕ ਵਿਚ ਫੈਲ ਰਹੀ ਹੈ ਪਰ ਕੇਂਦਰ ਸਰਕਾਰ ਮਸਲੇ ਦੇ ਹੱਲ ਦੀ ਥਾਂ ਸੰਘਰਸ਼ ਨੂੰ ਤਾਕਤ ਤੇ ਸਾਜ਼ਿਸ਼ਾਂ ਤਹਿਤ ਦਬਾਉਣ ਲਈ ਟਿੱਲ ਲਾ ਰਹੀ ਹੈ। ਪਿਛਲੇ ਦਿਨੀਂ ਉਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿਚ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਮੁੰਡੇ ਵੱਲੋਂ ਕਿਸਾਨਾਂ ਉਤੇ ਗੱਡੀ ਚਾੜ੍ਹਨ, ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਪ੍ਰਦਰਸ਼ਨ ਕਰਨ ਵਾਲੇ ਕਿਸਾਨਾਂ ਖਿਲਾਫ ਡਾਂਗਾਂ ਚੁੱਕਣ ਵਾਲੇ ਭੜਕਾਊ ਬਿਆਨ ਤੇ ਹੁਣ ਸਿੰਘੂ ਬਾਰਡਰ ਉਤੇ ਧਾਰਮਿਕ ਗ੍ਰੰਥ ਦੀ ਬੇਅਦਬੀ ਦੀ ਕੋਸ਼ਿਸ਼ ਤੇ ਨੌਜਵਾਨ ਦੀ ਹੱਤਿਆ ਪਿੱਛੋਂ ਬਣਾਏ ਜਾ ਮਾਹੌਲ ਤੋਂ ਜਾਪ ਰਿਹਾ ਹੈ ਕਿ ਕੇਂਦਰ ਸਰਕਾਰ ਇਨ੍ਹਾਂ ਟੇਢੇ ਢੰਗਾਂ ਨਾਲ ਮਸਲੇ ਦੇ ਹੱਲ ਕਰਨ ਉਤੇ ਵੱਧ ਜ਼ੋਰ ਦੇ ਰਹੀ ਹੈ।

ਮੌਜੂਦਾ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਨੂੰ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਹੋਏ 11 ਮਹੀਨੇ ਹੋਣ ਵਾਲੇ ਹਨ। ਪਹਿਲੇ ਤਿੰਨ ਮਹੀਨਿਆਂ ਦੌਰਾਨ ਕੇਂਦਰ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿਚਕਾਰ ਗੱਲਬਾਤ ਚੱਲਦੀ ਰਹੀ। 22 ਜਨਵਰੀ 2021 ਤੋਂ ਬਾਅਦ ਕੋਈ ਗੱਲਬਾਤ ਨਹੀਂ ਹੋਈ। 700 ਤੋਂ ਵੱਧ ਕਿਸਾਨਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ ਪਰ ਸਰਕਾਰ ਖੇਤੀ ਕਾਨੂੰਨਾਂ ਦੇ ਚੰਗੇ ਹੋਣ ਦੀ ਮੁਹਾਰਨੀ ਦੁਹਰਾ ਰਹੀ ਹੈ।

# ਦਿਹਾਤੀ ਤੇ ਸ਼ਹਿਰੀ ਖੇਤਰਾਂ 'ਚ ਪਾਣੀ ਦੇ ਬਿੱਲਾਂ ਦੀਆਂ ਦਰਾਂ ਘਟਾਈਆਂ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਸੂਬੇ ਦੇ ਲੋਕਾਂ ਨੂੰ ਰਾਹਤ ਦਿੰਦਿਆਂ ਪਾਣੀ ਦੀਆਂ ਦਰਾਂ ਇਕ ਸਮਾਨ 50 ਰੁਪਏ ਪ੍ਰਤੀ ਮਹੀਨਾ ਕਰਨ ਦਾ ਫੈਸਲਾ ਕੀਤਾ ਹੈ ਤੇ ਪੇਂਡੂ ਜਲ ਸਪਲਾਈ ਸਕੀਮਾਂ ਲਈ ਪਹਿਲੀ ਅਕਤੂਬਰ ਤੋਂ ਮੁਫਤ ਬਿਜਲੀ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਲਏ ਇਸ ਫੈਸਲੇ ਨਾਲ ਸੂਬੇ ਦੇ ਖਜ਼ਾਨੇ ਉਤੇ ਸਾਲਾਨਾ 440 ਕਰੋੜ ਰੁਪਏ ਦਾ ਬੋਝ ਪਵੇਗਾ।

ਸਰਕਾਰ ਦੇ ਇਸ ਫੈਸਲੇ ਮੁਤਾਬਕ ਸਾਰੀਆਂ ਪੇਂਡੂ ਜਲ ਸਕੀਮਾਂ ਦੀਆਂ ਸੇਵਾ ਦਰਾਂ ਵਿਚ 70 ਫੀਸਦੀ ਕਟੌਤੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਨਾਲ ਪਿੰਡਾਂ ਵਿਚ ਹਰੇਕ ਘਰ ਲਈ ਇਹ ਦਰ ਪ੍ਰਤੀ ਮਹੀਨਾ 166 ਰੁਪਏ ਤੋਂ ਘਟਾ ਕੇ 50 ਰੁਪਏ ਹੋ ਗਈ ਹੈ। ਮੀਟਿੰਗ ਵਿਚ ਪੇਂਡੂ ਜਲ ਸਪਲਾਈ ਸਕੀਮਾਂ ਦੇ ਬਿਜਲੀ ਬਿੱਲਾਂ ਦੇ 1168 ਕਰੋੜ ਰੁਪਏ ਦੇ ਬਕਾਏ ਦਾ ਨਿਪਟਾਰਾ ਕਰਨ ਲਈ ਬਜਟਰੀ ਸਹਾਇਤਾ/ਗਰਾਂਟ ਰਾਹੀਂ ਫੰਡ ਮੁਹੱਈਆ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ। ਮੰਤਰੀ ਮੰਡਲ ਨੇ ਨਗਰ ਕੌਂਸਲਾਂ/ਨਗਰ ਪੰਚਾਇਤਾਂ ਅਤੇ ਨਗਰ ਨਿਗਮਾਂ ਵਿਚ 125 ਗਜ਼ ਤੋਂ ਵੱਧ ਦੇ ਪਲਾਟ ਵਾਲੇ ਸਾਰੇ ਵਰਗਾਂ ਦੇ ਘਰੇਲੂ ਕੁਨੈਕਸ਼ਨਾਂ ਲਈ ਪਾਣੀ ਦੀ ਵਰਤੋਂ ਦਰ ਘਟਾ ਕੇ 50 ਰੁਪਏ ਪ੍ਰਤੀ ਮਹੀਨਾ ਕਰਨ ਦਾ ਫੈਸਲਾ ਕੀਤਾ ਹੈ। ਸ਼ਹਿਰੀ ਇਲਾਕਿਆਂ ਵਿਚ 125 ਗਜ਼ ਤੱਕ ਦੇ ਪਲਾਟ ਵਾਲਿਆਂ ਨੂੰ ਪਾਣੀ ਅਤੇ ਸੀਵਰੇਜ ਦੀਆਂ ਦਰਾਂ ਦੀ ਅਦਾਇਗੀ ਕਰਨ ਤੋਂ ਪਹਿਲਾਂ ਹੀ ਛੋਟ ਦਿੱਤੀ ਜਾ ਚੁੱਕੀ ਹੈ।

# ਰੋਡਵੇਜ਼ ਦੀ ਰੋਜ਼ਾਨਾ ਆਮਦਨ 40 ਲੱਖ ਰੁਪਏ ਵਧੀ

**ਸ੍ਰੀ ਮੁਕਤਸਰ ਸਾਹਿਬ:** ਨਿੱਜੀ ਬੱਸ ਕੰਪਨੀਆਂ ਦੀ ਟੈਕਸ ਚੋਰੀ ਤੇ ਇਕ ਪਰਮਿਟ 'ਤੇ ਇਕ ਤੋਂ ਵੱਧ ਬੱਸਾਂ ਚਲਾਉਣ ਦੇ ਮਾਮਲੇ 'ਚ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਸਖਤੀ ਮਗਰੋਂ ਹੁਣ ਪੰਜਾਬ ਰੋਡਵੇਜ਼ ਦੀ ਰੋਜ਼ਾਨਾ ਆਮਦਨ ਵਿਚ 40 ਲੱਖ ਰੁਪਏ ਦਾ ਵਾਧਾ ਦਰਜ ਹੋਇਆ ਹੈ। ਇਹ ਦਾਅਵਾ ਆਵਾਜਾਈ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਥੇ ਬੱਸ ਅੱਡੇ ਦਾ ਨਿਰੀਖਣ ਅਤੇ ਡਿਫਾਲਟਰ ਬੱਸਾਂ ਫੜਨ ਵੇਲੇ ਕੀਤੀ ਕਾਰਵਾਈ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਕਰੋਨਾ ਕਾਲ ਦੌਰਾਨ ਬੱਸ ਮਾਲਕਾਂ ਨੂੰ ਰਾਹਤ ਲਈ 100 ਕਰੋੜ ਰੁਪਏ ਟੈਕਸ ਦੀ ਮੁਆਫੀ ਦਿੱਤੀ ਸੀ, ਪਰ ਬਹੁਤੇ ਮਾਲਕਾਂ ਨੇ ਇਸ ਤੋਂ ਬਾਅਦ ਵੀ ਟੈਕਸ ਨਹੀਂ ਭਰਿਆ, ਹਾਲਾਂਕਿ ਉਨ੍ਹਾਂ ਦੀਆਂ ਬੱਸਾਂ ਲਗਾਤਾਰ ਸਵਾਰੀਆਂ ਢੋਅ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਗੈਰ-ਕਾਨੂੰਨੀ ਕਾਰਵਾਈ ਵਿਚ ਫਸੀਆਂ 200 ਦੇ ਕਰੀਬ ਬੱਸਾਂ ਬੰਦ ਕਰ ਦਿੱਤੀਆਂ ਗਈਆਂ ਹਨ ਤੇ ਸਿਲਸਿਲਾ ਅੱਗੇ ਵੀ ਜਾਰੀ ਹੈ।

## ਬਾਬੁਲ ਸੁਪਰੀਓ ਨੇ ਲੋਕ ਸਭਾ ਤੋਂ ਅਸਤੀਫਾ ਦਿੱਤਾ

**ਨਵੀਂ ਦਿੱਲੀ:** ਭਾਜਪਾ ਦੇ ਸਾਬਕਾ ਨੇਤਾ ਬਾਬੁਲ ਸੁਪਰੀਓ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਟੀ.ਐਮ.ਸੀ. 'ਚ ਸ਼ਾਮਲ ਤੋਂ ਬਾਅਦ ਆਸਨਸੋਲ ਲੋਕ ਸਭਾ ਦੀ ਸੀਟ ਤੋਂ ਰਸਮੀ ਤੌਰ 'ਤੇ ਅਸਤੀਫਾ ਦੇ ਦਿੱਤਾ।

## ਅਮਰੀਕਾ 'ਚ ਸਿੱਖ ਦੇ ਰੇਸਤਰਾਂ 'ਤੇ ਹਮਲੇ ਦੀ ਜਾਂਚ ਕਰੇਗੀ ਐਫ.ਬੀ.ਆਈ.

**ਵਾਸ਼ਿੰਗਟਨ:** ਐਫ.ਬੀ.ਆਈ. ਹੁਣ ਦੱਖਣੀ ਅਮਰੀਕੀ ਰਾਜ ਨਿਊ ਮੈਕਸੀਕੋ ਦੀ ਰਾਜਧਾਨੀ ਸੈਂਟਾ ਫੇ ਵਿਚ ਪ੍ਰਸਿੱਧ ਭਾਰਤੀ ਰੇਸਤਰਾਂ 'ਤੇ ਹੋਏ ਹਮਲੇ ਦੀ ਜਾਂਚ ਕਰੇਗੀ। ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਜੂਨ 2020 ਵਿਚ 'ਇੰਡੀਆ ਪੈਲੇਸ' ਨਾਂ ਦੇ ਸਿੱਖ ਵਿਅਕਤੀ ਦੇ ਰੇਸਤਰਾਂ ਨੂੰ ਅਣਪਛਾਤੇ ਬਦਮਾਸ਼ਾਂ ਨੇ ਨੁਕਸਾਨ ਪਹੁੰਚਾਇਆ ਸੀ। ਇਸ ਦੌਰਾਨ ਰਸੋਈ, ਡਾਇਨਿੰਗ ਰੂਮ ਅਤੇ ਸਟੋਰ ਵਿਚ ਭੰਨ ਤੋੜ ਕੀਤੀ ਗਈ ਸੀ ਤੇ ਕੰਪਲੈਕਸ ਦੀਆਂ ਕੰਧਾਂ 'ਤੇ ਸਪਰੇਅ ਪੇਂਟ ਨਾਲ ਟਰੰਪ 2020 ਅਤੇ ਨਸਲਵਾਦੀ ਨਾਲ ਨਫਰਤ ਭਰੇ ਸੰਦੇਸ਼ ਲਿਖੇ ਸਨ। ਰੇਸਤਰਾਂ ਮਾਲਕ ਦਾ ਕਰੀਬ ਇਕ ਲੱਖ ਡਾਲਰ ਦਾ ਨੁਕਸਾਨ ਹੋਇਆ ਸੀ। ਇਸ ਰੇਸਤਰਾਂ ਨੂੰ ਸਾਲ 2013 ਵਿਚ ਬਲਜੀਤ ਸਿੰਘ ਨੇ ਖਰੀਦਿਆ ਸੀ ਤੇ ਇਸ ਨੂੰ ਉਸ ਦਾ ਪੁੱਤ ਬਲਜੋਤ ਸਿੰਘ ਚਲਾ ਰਿਹਾ ਸੀ।

# ਸ਼੍ਰੋਮਣੀ ਕਮੇਟੀ ਨੇ ਸਿੰਘੂ ਘਟਨਾ ਦੀ ਜਾਂਚ ਲਈ ਟੀਮ ਬਣਾਈ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸਿੰਘੂ ਬਾਰਡਰ 'ਤੇ ਵਾਪਰੀ ਘਟਨਾ ਦੀ ਨਿਖੇਧੀ ਕਰਦਿਆਂ ਇਸ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ। ਮੀਟਿੰਗ ਵਿਚ ਇਸ ਘਟਨਾ ਬਾਰੇ ਸ਼੍ਰੋਮਣੀ ਕਮੇਟੀ ਨੇ ਤਿੰਨ ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਪ੍ਰਧਾਨ ਜਗੀਰ ਕੌਰ ਦੀ ਪ੍ਰਧਾਨਗੀ ਹੇਠ ਹੋਈ। ਦਿੱਲੀ ਦੇ ਸਿੰਘੂ ਬਾਰਡਰ 'ਤੇ ਵਾਪਰੀ ਘਟਨਾ ਦੀ ਨਿਖੇਧੀ ਕਰਦਿਆਂ ਉਨ੍ਹਾਂ ਇਸ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਨੂੰ ਬਦਨਾਮ ਨਾ ਕੀਤਾ ਜਾਵੇ। ਇਸ ਘਟਨਾ ਬਾਰੇ ਆਪਣੇ ਪੱਧਰ 'ਤੇ ਵੀ ਸ਼੍ਰੋਮਣੀ ਕਮੇਟੀ ਨੇ ਤਿੰਨ ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਉਨ੍ਹਾਂ ਲਖੀਮਪੁਰ ਖੀਰੀ ਘਟਨਾ ਦੇ ਪੀੜਤ ਪਰਿਵਾਰਾਂ ਨਾਲ ਖੜ੍ਹਨ ਦੀ ਵਚਨਬੱਧਤਾ ਪ੍ਰਗਟਾਈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਪੰਜਾਬ ਵਿਚ ਬੀ.ਐਸ.ਐਫ. ਨੂੰ ਵਾਧੂ ਤਾਕਤਾਂ ਖਿਲਾਫ ਰੋਹ ਭਖਿਆ

**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਸਰਹੱਦੀ ਖੇਤਰ ਵਿਚ 50 ਕਿਲੋਮੀਟਰ ਤੱਕ ਦਾ ਇਲਾਕਾ ਬੀ.ਐਸ.ਐਫ. ਦੀ ਨਿਗਰਾਨੀ ਹੇਠ ਦੇਣ ਦੇ ਫੈਸਲੇ ਦਾ ਚੁਫੇਰਿਓਂ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਕਿਸਾਨ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਇਕ ਸਾਜ਼ਿਸ਼ ਵਜੋਂ ਦੇਖ ਰਹੀਆਂ ਹਨ।



ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਵਿਚ ਸ਼ਾਮਲ ਜਮਹੂਰੀ ਕਿਸਾਨ ਸਭਾ ਦੇ ਆਗੂ ਰਤਨ ਸਿੰਘ ਰੰਧਾਵਾ ਜੋ ਬਾਰਡਰ ਏਰੀਆ ਸੰਘਰਸ਼ ਕਮੇਟੀ ਦੇ ਵੀ ਆਗੂ ਹਨ, ਨੇ ਖਦਸ਼ਾ ਪ੍ਰਗਟਾਇਆ ਕਿ ਇਸ ਫੈਸਲੇ ਨਾਲ ਕੇਂਦਰ ਸਰਕਾਰ ਕਿਸਾਨ ਸੰਘਰਸ਼ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੇ ਇਸ ਫੈਸਲੇ ਨਾਲ ਸਰਹੱਦੀ ਜਿਲ੍ਹਿਆਂ ਸਮੇਤ ਪੰਜਾਬ ਦਾ ਇਕ ਵੱਡਾ ਹਿੱਸਾ ਸਿੱਧਾ ਕੇਂਦਰ ਅਧੀਨ ਆ ਜਾਵੇਗਾ ਤੇ ਕਿਸਾਨ ਆਗੂਆਂ ਨੂੰ ਨਾਜਾਇਜ਼ ਕੇਸਾਂ ਵਿਚ ਫਸਾ ਕੇ ਗ੍ਰਿਫਤਾਰ ਕੀਤਾ ਜਾ ਸਕਦਾ ਹੈ।

ਕਿਰਤੀ ਕਿਸਾਨ ਯੂਨੀਅਨ ਦੇ ਆਗੂ ਜਤਿੰਦਰ ਸਿੰਘ ਛੀਨਾ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਤੇ ਆਰ.ਐਸ.ਐਸ. ਇਸ ਫੈਸਲੇ ਰਾਹੀਂ ਕੇਂਦਰੀਕਰਨ ਦੇ ਏਜੰਡੇ ਨੂੰ ਲਾਗੂ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਫੈਸਲੇ ਦੀ ਵਰਤੋਂ ਖੇਤੀ ਕਾਨੂੰਨਾਂ ਨੂੰ ਲਾਗੂ ਕਰਵਾਉਣ ਵਾਸਤੇ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਸਰਹੱਦੀ ਖੇਤਰਾਂ 'ਚ 15 ਕਿਲੋਮੀਟਰ ਦੇ ਘੇਰੇ ਵਿਚ ਬੀ.ਐਸ.ਐਫ. ਦੀ ਨਿਗਰਾਨੀ ਹੈ ਤੇ ਇਸ ਦੇ ਬਾਵਜੂਦ ਤਸਕਰੀ ਹੋ ਰਹੀ ਹੈ ਤੇ ਇਹ ਘੇਰਾ 50 ਕਿਲੋਮੀਟਰ ਕਰਨ ਨਾਲ ਇਹ ਤਸਕਰੀ ਨਹੀਂ ਰੁਕਣ ਲੱਗੀ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਸਰਵਨ ਸਿੰਘ ਪੰਧੇਰ ਨੇ ਕਿਹਾ ਕਿ ਇਸ ਫੈਸਲੇ ਨਾਲ ਪੰਜਾਬ ਦੇ ਮੁਢਲੇ ਹੱਕਾਂ 'ਤੇ ਡਾਕਾ ਮਾਰਿਆ ਗਿਆ ਹੈ।

ਵਿਦਿਆਰਥੀ ਜਥੇਬੰਦੀਆਂ, ਖੱਬੀਆਂ ਧਿਰਾਂ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਬੀ.ਐਸ.ਐਫ. ਨੂੰ ਸਰਹੱਦ ਤੋਂ 50 ਕਿਲੋਮੀਟਰ ਅੰਦਰ ਤੱਕ ਕਾਰਵਾਈ ਕਰਨ ਤੇ ਮੁਲਜ਼ਮਾਂ ਦੀ ਤਲਾਸ਼ੀ ਲੈਣ ਦੇ ਦਿੱਤੇ ਅਧਿਕਾਰਾਂ ਦਾ ਪੰਜਾਬ ਵਿਚ ਤਿੱਖਾ ਵਿਰੋਧ ਹੋ ਰਿਹਾ ਹੈ। ਜਥੇਬੰਦੀਆਂ ਨੇ ਕੇਂਦਰ ਦੇ ਇਸ ਫੈਸਲੇ ਨੂੰ ਸੰਘੀ ਢਾਂਚੇ 'ਤੇ ਹਮਲਾ ਦੱਸਿਆ ਹੈ। ਭਾਰਤੀ ਕਮਿਊਨਿਸਟ ਪਾਰਟੀ (ਐਮ.ਐਲ.) ਨਿਊ ਡੈਮੋਕਰੇਸੀ ਦੇ ਸੀਨੀਅਰ ਸੂਬਾ ਆਗੂ ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਕੇਂਦਰੀ ਏਜੰਸੀਆਂ ਦਾ ਕੇਂਦਰੀਕਰਨ ਕਰਕੇ ਸੂਬਿਆਂ ਦੇ ਅਧਿਕਾਰਾਂ ਨੂੰ ਲਗਾਤਾਰ ਖੋਰਾ ਲਾ ਰਹੀ ਹੈ। ਉਨ੍ਹਾਂ ਕਿਹਾ ਕਿ ਆਰ.ਐਸ.ਐਸ-ਭਾਜਪਾ ਸਰਕਾਰ ਨੇ ਧਾਰਾ 370, 35-ਏ ਖਤਮ ਕਰਕੇ ਕਸ਼ਮੀਰੀ ਲੋਕਾਂ ਦੀਆਂ ਭਾਵਨਾਵਾਂ ਦੇ ਉਲਟ ਜੰਮੂ-ਕਸ਼ਮੀਰ ਸੂਬੇ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ ਤੇ ਇਸ ਨੂੰ ਸਿੱਧੇ ਤੌਰ 'ਤੇ ਆਪਣੇ ਕੰਟਰੋਲ ਹੇਠ ਲੈ ਲਿਆ।

ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇਸ ਨੂੰ ਮੋਦੀ ਸਰਕਾਰ ਦੀ ਸਾਜ਼ਿਸ਼ ਦੱਸਿਆ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਕੇਂਦਰ ਸਰਕਾਰ ਨੇ ਖੇਤੀ ਕਾਨੂੰਨ ਲਿਆ ਕੇ ਸੂਬਿਆਂ ਦੇ ਅਧਿਕਾਰਾਂ 'ਤੇ ਡਾਕਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਰਾਜ ਦੀ ਪੁਲਿਸ, ਬੀ.ਐਸ.ਐਫ. ਜਾਂ ਕੇਂਦਰੀ ਬਲਾਂ ਨਾਲੋਂ ਸਥਾਨਕ ਤਸਕਰਾਂ ਜਾਂ ਮਾੜੇ ਅਨਸਰਾਂ ਬਾਰੇ ਜ਼ਿਆਦਾ ਜਾਣਕਾਰੀ ਰੱਖਦੀ ਹੈ। ਇਸ ਤਰ੍ਹਾਂ ਦੇ ਅਧਿਕਾਰ ਕੇਂਦਰੀ ਬਲਾਂ ਨੂੰ ਮਿਲਣ ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਹ ਨੋਟੀਫਿਕੇਸ਼ਨ ਵਾਪਸ ਲੈਣਾ ਚਾਹੀਦਾ ਹੈ ਤੇ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਹਰ ਪੱਧਰ 'ਤੇ ਇਸ ਦਾ ਵਿਰੋਧ ਕੀਤਾ ਜਾਵੇਗਾ।

ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਦੀ ਅਧਿਕਾਰ ਸੀਮਾ ਵਧਾਉਣ ਦੇ ਫੈਸਲੇ ਖਿਲਾਫ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪੱਧਰੀ ਸੱਦੇ ਤਹਿਤ ਰੋਪੜ, ਸੰਗਰੂਰ, ਮਲੇਰਕੋਟਲਾ, ਗੁਰਦਾਸਪੁਰ, ਫਾਜ਼ਿਲਕਾ ਤੇ ਜਲੰਧਰ ਵਿਚ ਰੋਸ ਪ੍ਰਦਰਸ਼ਨ ਕੀਤੇ ਗਏ। ਪੀ.ਐਸ.ਯੂ. ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਰੰਧਾਵਾ, ਜਨਰਲ ਸਕੱਤਰ ਅਮਨਦੀਪ ਸਿੰਘ ਤੇ ਪ੍ਰੈੱਸ ਸਕੱਤਰ ਮੰਗਲਜੀਤ ਪੰਡੋਰੀ ਨੇ ਕਿਹਾ ਕਿ ਪਿਛਲੇ ਦਿਨੀਂ ਕੇਂਦਰ ਸਰਕਾਰ ਵੱਲੋਂ ਪੰਜਾਬ, ਅਸਾਮ ਤੇ ਪੱਛਮੀ ਬੰਗਾਲ ਵਿਚ ਬੀ.ਐਸ.ਐਫ. ਦੀ ਸੀਮਾ ਵਧਾ ਕੇ 50 ਕਿਲੋਮੀਟਰ ਤੱਕ ਕਰ ਦਿੱਤੀ ਗਈ ਹੈ। ਇਸ ਫੈਸਲੇ ਨਾਲ ਸੂਬੇ ਦੇ ਅਧਿਕਾਰ ਖਤਮ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਪੰਜਾਬ ਦਾ ਲਗਭਗ ਅੱਧਾ ਖੇਤਰ ਸਿੱਧੇ-ਅਸਿੱਧੇ ਰੂਪ ਵਿੱਚ ਕੇਂਦਰ ਅਧੀਨ ਚਲਾ ਜਾਵੇਗਾ।

## ਢੀਂਡਸਾ ਵੱਲੋਂ ਸ਼ਕਤੀਆਂ ਵਧਾਉਣ ਦਾ ਵਿਰੋਧ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਆਗੂ ਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਸਰਹੱਦੀ ਖੇਤਰ ਵਿਚ ਬੀ.ਐਸ.ਐਫ. ਨੂੰ ਵਾਧੂ ਸ਼ਕਤੀਆਂ ਦੇਣ ਨੂੰ ਸੂਬੇ ਦੇ ਅਧਿਕਾਰਾਂ ਉਤੇ ਡਾਕਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਸੁਰੱਖਿਆ ਦੇ ਨਾਂ 'ਤੇ ਸੂਬੇ ਦੇ ਅਧਿਕਾਰਾਂ ਨੂੰ ਖੋਹਣਾ ਜਾਇਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਸਮੇਂ-ਸਮੇਂ 'ਤੇ ਕੇਂਦਰ ਦੀਆਂ ਸਰਕਾਰਾਂ ਵੱਲੋਂ ਸੂਬਿਆਂ ਦੇ ਅਧਿਕਾਰ ਖੋਹਣ ਦੀਆਂ ਕੋਸ਼ਿਸ਼ਾਂ ਲਗਾਤਾਰ ਹੁੰਦੀਆਂ ਰਹੀਆਂ ਹਨ।

# ਕੈਪਟਨ ਵੱਲੋਂ ਕੇਂਦਰ ਸਰਕਾਰ ਦੇ ਫੈਸਲੇ ਦਾ ਸਮਰਥਨ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ ਸਣੇ ਦੇਸ਼ ਦੇ ਚਾਰ ਸੂਬਿਆਂ ਵਿਚ ਸਰਹੱਦੀ ਸੁਰੱਖਿਆ ਦਲ (ਬੀ.ਐਸ.ਐਫ.) ਦੇ ਅਧਿਕਾਰ ਖੇਤਰ ਅਤੇ ਤਾਕਤਾਂ ਨੂੰ ਵਧਾਉਣ ਦੇ ਫੈਸਲਾ ਲਿਆ ਹੈ। ਇਸੇ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਸਮਰਥਨ ਕੀਤਾ ਹੈ। ਇਸ ਗੱਲ ਨੂੰ ਲੈ ਕੇ ਪੰਜਾਬ ਦੇ ਕੈਬਨਿਟ ਮੰਤਰੀ ਪਰਗਟ ਸਿੰਘ ਨੇ ਕੈਪਟਨ ਅਮਰਿੰਦਰ ਸਿੰਘ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਦੇ ਬਿਆਨ ਤੋਂ ਜਾਪਦਾ ਹੈ ਕਿ ਉਹ ਭਾਜਪਾ ਦੇ ਨਾਲ ਹਨ। ਪਰਗਟ ਸਿੰਘ ਅਨੁਸਾਰ ਬੀ.ਐਸ.ਐਫ. ਦਾ ਅਧਿਕਾਰ ਖੇਤਰ ਵਧਣ ਨਾਲ ਅੱਧਾ ਪੰਜਾਬ ਬੀ.ਐਸ.ਐਫ. ਦੇ ਕੰਟਰੋਲ ਹੇਠ ਆ ਜਾਵੇਗਾ। ਇਸ ਦੇ ਜਵਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਪਲਟ ਵਾਰ ਕਰਦਿਆਂ ਕਿਹਾ ਕਿ ਪਰਗਟ ਸਿੰਘ ਸਸਤੀ ਸ਼ੋਹਰਤ ਲਈ ਹਾਸੋਹੀਣੀਆਂ ਕਹਾਣੀਆਂ ਘੜਨੀਆਂ ਬੰਦ ਕਰ ਦੇਵੇ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਦੇ ਸੀਨੀਅਰ ਆਗੂ ਤੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ, ''ਕਿੰਨਾ ਹਾਸੋਹੀਣਾ ਹੈ! ਤੁਹਾਡਾ ਕਹਿਣ ਦਾ ਮਤਲਬ ਹੈ ਕਿ ਮੈਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਨਾ ਸਿਰਫ ਪੰਜਾਬ ਬਲਕਿ ਗੁਜਰਾਤ, ਪੱਛਮੀ ਬੰਗਾਲ, ਆਸਾਮ ਆਦਿ ਵਿਚ ਫੈਸਲੇ ਲੈਣ ਲਈ ਹੁਕਮ ਦੇ ਰਿਹਾ ਹਾਂ।' ਸਾਬਕਾ ਮੁੱਖ ਮੰਤਰੀ ਨੇ ਸੁਰਜੇਵਾਲਾ ਨੂੰ ਤਿੱਖੀ ਚੋਭ ਲਾਉਂਦਿਆਂ ਕਿਹਾ, 'ਇਕ ਵਿਅਕਤੀ ਜੋ ਆਪਣੇ ਸੂਬੇ (ਹਰਿਆਣਾ) ਵਿਚ ਅੱਜ ਤੱਕ ਕੋਈ ਚੋਣ ਨਹੀਂ ਜਿੱਤ ਸਕਿਆ, ਉਸ ਨੂੰ ਕੌਮੀ ਮੁੱਦਿਆਂ ਬਾਰੇ ਬੋਲਣ ਦਾ ਕੋਈ ਹੱਕ ਨਹੀਂ ਹੈ।'

## ਵਾਧੂ ਤਾਕਤਾਂ ਦੇਣ ਲਈ ਚੰਨੀ ਜ਼ਿੰਮੇਵਾਰ: ਆਪ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਬੁਲਾਰੇ ਅਤੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਵਿਧਾਇਕ ਰਾਘਵ ਚੱਢਾ ਨੇ ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਨੂੰ ਦਿੱਤੀਆਂ ਵਾਧੂ ਤਾਕਤਾਂ ਦਾ ਵਿਰੋਧ ਕਰਦਿਆਂ ਕੇਂਦਰ ਦੇ ਇਸ ਕਦਮ ਨੂੰ ਰਾਜਾਂ ਦੇ ਅਧਿਕਾਰਾਂ 'ਤੇ ਡਾਕਾ ਕਰਾਰ ਦਿੱਤਾ ਹੈ। ਉਨ੍ਹਾਂ ਕੇਂਦਰ ਦੇ ਇਸ ਤਾਨਾਸ਼ਾਹੀ ਫੈਸਲੇ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਜਿੰਨਾ ਬਰਾਬਰ ਦਾ ਜ਼ਿੰਮੇਵਾਰ ਠਹਿਰਾਇਆ ਹੈ, ਕਿਉਂਕਿ ਮੁੱਖ ਮੰਤਰੀ ਚੰਨੀ ਨੇ ਕੁਝ ਦਿਨ ਪਹਿਲਾਂ ਹੀ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰਕੇ ਪਾਕਿਸਤਾਨ ਨਾਲ ਲੱਗਦੀ ਕੌਮਾਂਤਰੀ ਸਰਹੱਦ 'ਤੇ ਹਥਿਆਰਾਂ ਅਤੇ ਨਸ਼ਾ ਤਸਕਰੀ ਦੀਆਂ ਵਧੀਆਂ ਵਾਰਦਾਤਾਂ ਨੂੰ ਰੋਕਣ ਲਈ ਕੇਂਦਰ ਦੀ ਸਖਤੀ ਦੀ ਮੰਗ ਕੀਤੀ ਸੀ।

# ਕੈਨੇਡਾ ਵਿਚ ਪੰਜਾਬ ਦੀਆਂ ਤਿੰਨ ਲੜਕੀਆਂ ਦੀ ਮੌਤ

**ਫਰੀਦਕੋਟ:** ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਇਕ ਕਾਰ ਨਾਲ ਰੇਲ ਟਕਰਾਉਣ ਕਾਰਨ ਤਿੰਨ ਲੜਕੀਆਂ ਦੀ ਮੌਤ ਹੋ ਗਈ। ਇਨ੍ਹਾਂ 'ਚੋਂ ਇਕ ਲੜਕੀ ਪ੍ਰਭਜੀਤ ਕੌਰ ਫਰੀਦਕੋਟ ਦੇ ਪਿੰਡ ਦੀਪ ਸਿੰਘ ਵਾਲਾ ਦੀ ਹੈ। ਉਸ ਦੇ ਰਿਸ਼ਤੇਦਾਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕੇ ਪ੍ਰਭਜੀਤ ਆਪਣੀਆਂ ਸਾਥਣਾਂ ਨਾਲ ਡਿਊਟੀ 'ਤੇ ਜਾ ਰਹੀ ਸੀ।

ਇਸ ਦੌਰਾਨ ਕਾਰ ਦੇ ਡਰਾਈਵਰ ਨੇ ਰੁਕਣ ਦਾ ਇਸ਼ਾਰਾ ਨਹੀਂ ਦੇਖਿਆ, ਜਿਸ ਕਰਕੇ ਕਾਰ ਨਾਲ ਟਰੇਨ ਟਕਰਾਉਣ 'ਤੇ ਤਿੰਨ ਲੜਕੀਆਂ ਦੀ ਮੌਤ ਹੋ ਗਈ।

ਪ੍ਰਭਜੋਤ ਤੋਂ ਇਲਾਵਾ ਇਕ ਲੜਕੀ ਜਿਲ੍ਹਾ ਮੁਕਤਸਰ ਸਾਹਿਬ ਦੇ ਪਿੰਡ ਰਾਣੀ ਵਾਲਾ ਦੀ ਸੀ ਅਤੇ ਦੂਜੀ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਸੀ।

# ਬੀ.ਐਸ.ਐਫ. ਨੂੰ ਵਧੇਰੇ ਖੁਦਮੁਖਤਾਰੀ ਖਿਲਾਫ ਸਿਆਸੀ ਹਲਚਲ ਵਧੀ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਨੂੰ ਸਰਹੱਦੀ ਸੂਬਿਆਂ 'ਚ ਵਧੇਰੇ ਖੁਦਮੁਖਤਾਰੀ ਦੇਣ ਦੇ ਫੈਸਲੇ ਮਗਰੋਂ ਪੰਜਾਬ ਵਿਚ ਸਿਆਸੀ ਹਲਚਲ ਤੇਜ ਹੋ ਗਈ ਹੈ। ਪੰਜਾਬ ਦੀਆਂ ਵੱਖ-ਵੱਖ ਰਾਜਨੀਤਕ ਪਾਰਟੀਆਂ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਇਕ ਦੂਜੇ ਨੂੰ ਹੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ।



ਸ਼੍ਰੋਮਣੀ ਅਕਾਲੀ ਦਲ ਨੇ ਰਾਜ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਕੇਂਦਰ ਸਰਕਾਰ ਨਾਲ ਗੰਢਤੁਪ ਕਰਨ ਤੇ ਮੋਦੀ ਸਰਕਾਰ ਅੱਗੇ ਗੋਡੇ ਟੇਕਣ ਦਾ ਦੋਸ਼ ਲਾਇਆ ਹੈ। ਉਧਰ, ਕਾਂਗਰਸ ਨੇ ਆਪਣੇ ਹੀ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਸੇਧਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਸੀਨੀਅਰ ਆਗੂਆਂ ਤੇ ਵਰਕਰਾਂ ਨਾਲ ਰਾਜ ਭਵਨ ਅੱਗੇ ਕੀਤੀ ਬੈਰੀਕੇਡਿੰਗ ਨੇੜੇ ਧਰਨਾ ਦੇਣ ਮਗਰੋਂ ਗ੍ਰਿਫਤਾਰੀ ਦੇ ਕੇ ਪੰਜਾਬੀਆਂ ਨਾਲ ਇਕਜੁੱਟਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਕੇਂਦਰ ਵੱਲੋਂ ਪੰਜਾਬ ਸਰਕਾਰ ਦੀ ਮਿਲੀਭੁਗਤ ਨਾਲ ਲਏ ਇਸ ਫੈਸਲੇ ਵਿਰੁਧ ਸੰਘਰਸ਼ ਕਰੇਗਾ। ਗ੍ਰਿਫਤਾਰੀ ਤੋਂ ਪਹਿਲਾਂ ਅਕਾਲੀ ਦਲ ਦੇ ਆਗੂਆਂ ਦੀ ਚੰਡੀਗੜ੍ਹ ਪੁਲਿਸ ਨਾਲ ਤਿੱਖੀ ਬਹਿਸ ਵੀ ਹੋਈ।

ਸੁਖਬੀਰ ਬਾਦਲ ਨੇ ਕਿਹਾ ਕਿ ਇਹ ਦੂਜੀ ਵਾਰ ਹੈ ਜਦੋਂ ਲਗਾਤਾਰ ਕੇਂਦਰ ਸਰਕਾਰ ਨੇ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਿਆ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪਹਿਲਾਂ ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਲਿਆ ਕੇ ਸੂਬੇ ਦੇ ਕਿਸਾਨਾਂ ਨਾਲ ਵਿਤਕਰਾ ਕੀਤਾ ਤੇ ਹੁਣ ਕੇਂਦਰ ਸਰਕਾਰ ਬੀ.ਐਸ.ਐਫ. ਦੇ ਅਧਿਕਾਰ ਖੇਤਰ ਵਿਚ ਵਾਧਾ ਕਰ ਕੇ ਸੂਬੇ ਵਿਚ ਅਮਨ ਕਾਨੂੰਨ ਦੀ ਸਥਿਤੀ 'ਤੇ ਕਬਜ਼ਾ ਕਰਨ ਦਾ ਯਤਨ ਕਰ ਰਹੀ ਹੈ। ਸੁਖਬੀਰ ਨੇ ਕਿਹਾ ਕਿ ਕੇਂਦਰ ਦਾ ਇਹ ਫੈਸਲਾ ਸੂਬੇ ਦੇ ਸੰਘੀ ਢਾਂਚੇ 'ਤੇ ਹਮਲਾ ਹੈ। ਉਨ੍ਹਾਂ ਕਿਹਾ ਕਿ ਹੁਣ ਸਾਡੇ ਪਵਿੱਤਰ ਧਾਰਮਿਕ ਅਸਥਾਨ ਜਿਵੇਂ ਕਿ ਸ੍ਰੀ ਦਰਬਾਰ ਸਾਹਿਬ, ਦੁਰਗਿਆਣਾ ਮੰਦਿਰ ਤੇ ਰਾਮ ਤੀਰਥ ਵੀ ਕੇਂਦਰੀ ਬਲਾਂ ਦੇ ਕੰਟਰੋਲ ਹੇਠ ਆ ਜਾਣਗੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਇਸ ਕੁਤਾਹੀ ਖਿਲਾਫ ਸੱਚ ਦੀ ਲੜਾਈ ਲੜਦਾ ਰਹੇਗਾ।

ਪੰਜਾਬ ਸਰਕਾਰ 'ਚ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਰਾਜਾਂ ਦੇ ਅਧਿਕਾਰਾਂ ਵਿਚ 'ਘੁਸਪੈਠ' ਦੀਆਂ ਕੋਸ਼ਿਸ਼ਾਂ ਕਰ ਰਹੀ ਹੈ, ਪਰ ਸੂਬਾ ਸਰਕਾਰ ਸੰਘੀ ਢਾਂਚੇ ਨੂੰ ਤੋੜਨ ਦੀ ਇਜਾਜ਼ਤ ਨਹੀਂ ਦੇਵੇਗੀ।

ਕਾਂਗਰਸ ਨੇ ਇਸ ਫੈਸਲੇ ਨੂੰ ਸੰਵਿਧਾਨ 'ਤੇ ਗਿਣ-ਮਿਥ ਕੇ ਕੀਤਾ ਹਮਲਾ ਕਰਾਰ ਦਿੱਤਾ ਹੈ। ਪਾਰਟੀ ਨੇ ਕਿਹਾ ਕਿ ਇਸ ਹਮਲੇ ਦਾ ਮੁੱਖ ਮਕਸਦ ਸੰਘਵਾਦ ਨੂੰ ਕਮਜ਼ੋਰ ਤੇ ਖਤਮ ਕਰਨਾ ਹੈ। ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਇਹ ਰਾਜਾਂ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਦੀਆਂ ਤਾਕਤਾਂ ਖੋਹਣ ਦੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਅਸਿੱਧੇ ਢੰਗ ਤਰੀਕੇ ਨਾਲ ਸੱਤਾ ਹਥਿਆਉਣ ਲਈ ਗੰਦੀ ਸਿਆਸਤ ਖੇਡ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਵਿਚ ਸਿਆਸੀ ਆਧਾਰ ਗੁਆ ਚੁੱਕੀ ਹੈ, ਜਿਸ ਨੂੰ ਹਾਸਲ ਕਰਨ ਲਈ ਹੁਣ ਸੱਤਾ ਦੀ ਦੁਰਵਰਤੋਂ ਕਰਦਿਆਂ ਬਿਨਾਂ ਰਾਜਾਂ ਨਾਲ ਸਲਾਹ ਮਸ਼ਵਰਾ ਕੀਤਿਆਂ ਦੇਸ਼ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ।

## ਫੈਸਲਾ ਸੰਘੀ ਢਾਂਚੇ ਦੀ ਉਲੰਘਣਾ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਫੈਡਰਲ ਢਾਂਚੇ ਦੀ ਉਲੰਘਣਾ ਅਤੇ ਸੂਬੇ ਦੀ ਕਾਨੂੰਨ ਵਿਵਸਥਾ ਵਿਚ ਸਿੱਧਾ ਦਖਲ ਦੇਣ ਵਾਲੀ ਕਾਰਵਾਈ ਕਰਾਰ ਦਿੱਤਾ ਹੈ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਨੇ ਇਕ ਤਰ੍ਹਾਂ ਨਾਲ ਸਾਰਾ ਪੰਜਾਬ ਹੀ ਆਪਣੇ ਦਾਇਰੇ ਹੇਠ ਲੈ ਕੇ ਆਪਣਾ ਰਾਜ ਸਥਾਪਤ ਕਰਨ ਦਾ ਯਤਨ ਕੀਤਾ ਹੈ।

## ਕੌਮੀ ਸੁਰੱਖਿਆ 'ਤੇ ਰਾਜਨੀਤੀ ਮੰਦਭਾਗੀ: ਅਸ਼ਵਨੀ

**ਚੰਡੀਗੜ੍ਹ:** ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਾਂਗਰਸ ਵੱਲੋਂ ਬੀ.ਐਸ.ਐਫ. ਨੂੰ 50 ਕਿਲੋਮੀਟਰ ਦਾ ਘੇਰਾ ਦੇਣ ਦੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਸਿਆਸੀ ਰੰਗਤ ਦੇਣ ਦੇ ਦੋਸ਼ ਲਾਉਂਦਿਆਂ ਇਸ ਨੂੰ ਮੰਦਭਾਗਾ ਦੱਸਿਆ ਹੈ। ਭਾਜਪਾ ਪ੍ਰਧਾਨ ਨੇ ਕਿਹਾ ਕਿ ਚੰਨੀ ਖੁਦ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰਨ ਲਈ ਗਏ ਸਨ ਤੇ ਸੂਬੇ ਵਿਚ ਸੁਰੱਖਿਆ ਦੀ ਗੰਭੀਰ ਸਥਿਤੀ ਬਾਰੇ ਦੱਸਿਆ ਸੀ।

## ਕੇਂਦਰ ਪੰਜਾਬ ਦੇ ਕਿਸਾਨਾਂ ਨੂੰ ਨਾਰਾਜ਼ ਨਾ ਕਰੇ: ਪਵਾਰ

**ਪੁਣੇ:** ਐਨ.ਸੀ.ਪੀ. ਮੁਖੀ ਸ਼ਰਦ ਪਵਾਰ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨਾਂ ਖਿਲਾਫ ਜਾਰੀ ਅੰਦੋਲਨ ਨਾਲ ਸੰਵੇਦਨਸ਼ੀਲਤਾ ਨਾਲ ਨਜਿੱਠਣਾ ਚਾਹੀਦਾ ਹੈ, ਇਸ ਗੱਲ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ ਕਿ ਜ਼ਿਆਦਾਤਰ ਮੁਜ਼ਾਹਰਾਕਾਰੀ ਪੰਜਾਬ ਤੋਂ ਹਨ ਜੋ ਕਿ ਇਕ ਸਰਹੱਦੀ ਸੂਬਾ ਹੈ। ਉਨ੍ਹਾਂ ਕਿਹਾ ਕਿ ਮੁਲਕ ਪਹਿਲਾਂ ਪੰਜਾਬ ਨੂੰ ਨਾਰਾਜ਼ ਕਰਨ ਦਾ ਮੁੱਲ ਤਾਰ ਚੁੱਕਾ ਹੈ। ਪਵਾਰ ਕੇਂਦਰ ਵਿਚ ਰੱਖਿਆ ਤੇ ਖੇਤੀ ਮੰਤਰੀ ਰਹਿ ਚੁੱਕੇ ਹਨ।

# ਸਿੰਘੂ ਬਾਰਡਰ 'ਤੇ ਬੇਅਦਬੀ ਦੇ ਦੋਸ਼ 'ਚ ਨਿਹੰਗਾਂ ਵੱਲੋਂ ਬੇਰਹਿਮੀ ਨਾਲ ਕਤਲ

**ਨਵੀਂ ਦਿੱਲੀ:** ਸਿੰਘੂ ਬਾਰਡਰ ਕੋਲ ਨਿਹੰਗ ਜਥੇਬੰਦੀ ਬਾਬਾ ਬਲਵਿੰਦਰ ਸਿੰਘ ਮੋਇਆਂ ਦੀ ਮੰਡੀ ਵਾਲੇ (ਮੁੱਖ ਸਥਾਨ ਸ੍ਰੀ ਫਤਹਿਗੜ੍ਹ ਸਾਹਿਬ) ਦੇ ਟੈਂਟ ਵਿਚੋਂ 'ਸਰਬਲੋਹ ਗ੍ਰੰਥ' ਦੀ ਬੇਅਦਬੀ ਕਰਕੇ ਭੱਜਣ ਦੇ ਦੋਸ਼ਾਂ ਪਿੱਛੋਂ ਨੌਜਵਾਨ ਦਾ ਕਤਲ ਕਰਕੇ ਉਸ ਦੀ ਵੱਢੀ-ਟੁੱਕੀ ਲਾਸ਼ ਪੁਲਿਸ ਬੈਰੀਕੇਡ ਨਾਲ ਲਟਕਾ ਦਿੱਤੀ ਗਈ। ਵਾਇਰਲ ਵੀਡੀਓ ਅਨੁਸਾਰ ਕੁਝ ਨਿਹੰਗ ਸਿੰਘਾਂ ਵੱਲੋਂ ਇਸ ਕਤਲ ਦੀ ਜ਼ਿੰਮੇਵਾਰੀ ਲਈ ਗਈ ਹੈ। ਇਸ ਦੌਰਾਨ 4 ਨਿਹੰਗਾਂ ਨੇ ਪੁਲਿਸ ਸਾਹਮਣੇ ਆਤਮ ਸਮਰਪਣ ਵੀ ਕਰ ਦਿੱਤਾ ਹੈ ਅਤੇ ਨੌਜਵਾਨ ਦੀ ਬੇਰਹਿਮੀ ਨਾਲ ਹੱਤਿਆ ਦੀ ਜ਼ਿੰਮੇਵਾਰੀ ਲਈ ਹੈ।



ਵਾਇਰਲ ਹੋਈ ਵੀਡੀਓ ਕਲਿੱਪ 'ਚ ਕੁਝ ਨਿਹੰਗ ਸਿੰਘ ਖੂਨ ਨਾਲ ਲਥਪਥ ਵਿਅਕਤੀ ਦੀ ਲਾਸ਼ ਅਤੇ ਵੱਢੇ ਹੋਏ ਹੱਥ ਕੋਲ ਖੜ੍ਹੇ ਨਜ਼ਰ ਆ ਰਹੇ ਹਨ। ਨਿਹੰਗ ਇਹ ਆਖਦੇ ਸੁਣਾਈ ਦੇ ਰਹੇ ਹਨ ਕਿ ਵਿਅਕਤੀ ਨੂੰ ਪਵਿੱਤਰ ਗ੍ਰੰਥ ਦੀ ਬੇਅਦਬੀ ਦੀ ਸਜ਼ਾ ਦਿੱਤੀ ਗਈ ਹੈ। ਮਾਰੇ ਗਏ ਵਿਅਕਤੀ ਦੀ ਪਛਾਣ ਤਰਨਤਾਰਨ ਦੇ ਚੀਮਾ ਕਲਾਂ ਦੇ ਮਜ਼ਦੂਰ ਲਖਬੀਰ ਸਿੰਘ ਵਜੋਂ ਹੋਈ ਹੈ। ਲਖਬੀਰ ਸਿੰਘ ਨੂੰ ਬੇਅਦਬੀ ਕਰਦਿਆਂ ਫੜਨ ਦਾ ਦਾਅਵਾ ਕਰਨ ਵਾਲੇ ਇਕ ਨਿਹੰਗ ਸਿੰਘ ਨੇ ਦੱਸਿਆ ਕਿ ਉਹ ਸਵੇਰੇ ਪੌਣੇ 4 ਵਜੇ ਦੇ ਕਰੀਬ 'ਸਰਬਲੋਹ ਗ੍ਰੰਥ' ਚੁੱਕ ਕੇ ਸਿੰਘੂ ਦੀ ਸਟੇਜ ਵੱਲ ਭੱਜਿਆ ਸੀ ਜਿਸ ਨੂੰ ਰਾਹ ਵਿਚ ਡੱਕ ਲਿਆ ਗਿਆ ਅਤੇ ਲੋਕਾਂ ਨੇ ਉਸ ਨਾਲ ਕੁੱਟਮਾਰ ਕੀਤੀ। ਸ਼ੱਕ ਕੀਤਾ ਜਾ ਰਿਹਾ ਹੈ ਕਿ ਲਖਬੀਰ ਸਿੰਘ ਵੱਲੋਂ ਕਥਿਤ ਬੇਅਦਬੀ ਲਈ ਹੀ ਪਵਿੱਤਰ ਗ੍ਰੰਥ ਨੂੰ ਚੁੱਕਿਆ ਗਿਆ ਸੀ। ਲਖਬੀਰ ਸਿੰਘ ਨੂੰ ਵੱਢੇ ਹੋਏ ਹੱਥ ਨਾਲ ਕੁਝ ਦੇਰ ਤੱਕ ਸਟੇਜ ਦੇ ਕੋਲ ਲਟਕਾਈ ਵੀ ਰੱਖਿਆ ਗਿਆ ਅਤੇ ਉਦੋਂ ਉਸ ਦੇ ਸਾਹ ਚੱਲ ਰਹੇ ਸਨ। ਵੀਡੀਓ ਕਲਿੱਪ 'ਚ ਨਿਹੰਗ ਉਸ ਤੋਂ ਵਾਰ ਵਾਰ ਸਵਾਲ ਪੁੱਛ ਰਹੇ ਹਨ। ਇਕ ਨਿਹੰਗ ਨੇ ਕਿਹਾ ਕਿ ਇਹ ਵਿਅਕਤੀ 'ਪੰਜਾਬੀ' ਹੈ ਅਤੇ ਅਤੇ ਇਸ ਨੂੰ ਹਿੰਦੂ-ਸਿੱਖਾਂ ਦਾ ਮੁੱਦਾ ਨਹੀਂ ਬਣਾਇਆ ਜਾਣਾ ਚਾਹੀਦਾ ਹੈ। ਨਿਹੰਗ ਸਿੰਘ ਜੈਕਾਰੇ ਛੱਡਦੇ ਵੀ ਸੁਣਾਈ ਦੇ ਰਹੇ ਹਨ। ਬਾਅਦ ਵਿੱਚ ਲਖਬੀਰ ਦੀ ਵੱਢੀ-ਟੁੱਕੀ ਲਾਸ਼ ਘੜੀਸ ਕੇ ਪੁਲਿਸ ਬੈਰੀਕੇਡ ਨਾਲ ਬੰਨ੍ਹ ਦਿੱਤੀ ਗਈ। ਉਸ ਦੀ ਲੱਤ ਵੀ ਵੱਢ ਦਿੱਤੀ ਗਈ ਸੀ।

ਦਿੱਲੀ 'ਚ ਸਿੰਘੂ ਬਾਰਡਰ 'ਤੇ ਮਾਰੇ ਗਏ ਵਿਅਕਤੀ ਦੀ ਪਛਾਣ ਲਖਬੀਰ ਸਿੰਘ ਟੀਟਾ (40) ਵਾਸੀ ਚੀਮਾ ਕਲਾਂ ਵਜੋਂ ਹੋਈ ਹੈ। ਲਖਬੀਰ ਸਿੰਘ ਦੀਆਂ ਤਿੰਨ ਲੜਕੀਆਂ ਹਨ ਅਤੇ ਉਸ ਦੀ ਪਤਨੀ ਜਸਮੀਤ ਕੌਰ ਉਸ ਦੇ ਨਸ਼ੇ ਦੀ ਆਦਤ ਤੋਂ ਤੰਗ ਆ ਕੇ ਕੁਝ ਚਿਰ ਪਹਿਲਾਂ ਬੱਚੀਆਂ ਨਾਲ ਪੇਕੇ ਚਲੀ ਗਈ ਸੀ।


### ਕਿਸਾਨ ਘੋਲ ਨੂੰ ਬਦਨਾਮ ਕੀਤਾ ਜਾ ਰਿਹਾ: ਜਗੀਰ ਕੌਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਸਿੰਘੂ ਬਾਰਡਰ 'ਤੇ ਵਾਪਰੀ ਘਟਨਾ ਨੂੰ ਦੁਖਦਾਈ ਕਰਾਰ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਸੰਜੀਦਾ ਹੋ ਕੇ ਕਿਸਾਨੀ ਮਸਲੇ ਦਾ ਹੱਲ ਕੱਢਦੀ ਤਾਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਜਾ ਸਕਦਾ ਸੀ। ਉਨ੍ਹਾਂ ਕਿਹਾ ਕਿ ਕੁਝ ਲੋਕ ਜਾਣ-ਬੁੱਝ ਕੇ ਕਿਸਾਨੀ ਸੰਘਰਸ਼ ਨੂੰ ਬਦਨਾਮ ਕਰਨਾ ਚਾਹੁੰਦੇ ਹਨ ਅਤੇ ਇਸੇ ਦਾ ਨਤੀਜਾ ਹੈ ਕਿ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਉਨ੍ਹਾਂ ਸਿੰਘੂ ਘਟਨਾ ਦੀ ਨਿਰਪੱਖ ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਸਚਾਈ ਲੋਕਾਂ ਸਾਹਮਣੇ ਆਉਣੀ ਚਾਹੀਦੀ ਹੈ ਅਤੇ ਇਹ ਵੀ ਸਾਫ ਹੋਣਾ ਚਾਹੀਦਾ ਹੈ ਕਿ ਕਿਹੜੀਆਂ ਸ਼ਕਤੀਆਂ ਜਾਣ-ਬੁੱਝ ਕੇ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।

### ਘੋਲ ਪਿਛਲੇ 'ਅਨਸਰਾਂ' ਦਾ ਪਰਦਾਫਾਸ਼ ਕਰਨ ਦੀ ਲੋੜ: ਭਾਜਪਾ

**ਨਵੀਂ ਦਿੱਲੀ:** ਸਿੰਘੂ ਬਾਰਡਰ 'ਤੇ ਇਕ ਵਿਅਕਤੀ ਦੀ ਹੱਤਿਆ ਲਈ ਕਿਸਾਨ ਆਗੂਆਂ 'ਤੇ ਵਰ੍ਹਦਿਆਂ ਭਾਜਪਾ ਨੇ ਕਿਹਾ ਹੈ ਕਿ ਇਨ੍ਹਾਂ ਪ੍ਰਦਰਸ਼ਨਾਂ ਪਿਛਲੇ 'ਅਰਾਜਕ ਅਨਸਰਾਂ' ਦਾ ਪਰਦਾਫਾਸ਼ ਕਰਨ ਦੀ ਲੋੜ ਹੈ ਕਿਉਂਕਿ ਉਹ ਦੇਸ਼ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਭਾਜਪਾ ਦੇ ਆਈ.ਟੀ. ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਟਵੀਟ ਕਰਕੇ ਕਿਹਾ ਕਿ ਟਿਕੈਤ ਨੇ ਲਖੀਮਪੁਰ 'ਚ ਹਜੂਮੀ ਹਿੰਸਾ ਨੂੰ ਜਾਇਜ਼ ਠਹਿਰਾਇਆ ਸੀ ਅਤੇ ਯੋਗੇਂਦਰ ਯਾਦਵ ਉਨ੍ਹਾਂ ਨਾਲ ਖਾਮੋਸ਼ ਬੈਠੇ ਸਨ। ਉਸ ਨੇ ਕਿਹਾ ਕਿ ਜੇਕਰ ਉਨ੍ਹਾਂ ਇਹ ਬਿਆਨ ਨਾ ਦਿੱਤਾ ਹੁੰਦਾ ਤਾਂ ਸਿੰਘੂ ਬਾਰਡਰ 'ਤੇ ਨੌਜਵਾਨ ਦੀ ਹੱਤਿਆ ਨਹੀਂ ਹੋਣੀ ਸੀ।

## ਕਾਂਗਰਸੀ ਵਫਦ ਮਿਸ਼ਰਾ ਦੀ ਬਰਖਾਸਤਗੀ ਲਈ ਰਾਸ਼ਟਰਪਤੀ ਨੂੰ ਮਿਲਿਆ



**ਨਵੀਂ ਦਿੱਲੀ:** ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਵਾਲਾ ਵਫਦ ਇਥੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਮਿਲਿਆ ਤੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੂੰ ਫੌਰੀ ਕੇਂਦਰੀ ਵਜ਼ਾਰਤ 'ਚੋਂ ਲਾਂਭੇ ਕੀਤੇ ਜਾਣ ਦੀ ਮੰਗ ਕੀਤੀ।

ਕਾਂਗਰਸੀ ਵਫਦ ਨੇ ਇਸ ਪੂਰੇ ਮਾਮਲੇ ਦੀ ਸੁਪਰੀਮ ਕੋਰਟ ਦੇ ਜੋ ਮੌਜੂਦਾ ਜੱਜਾਂ ਤੋਂ ਨਿਰਪੱਖ ਨਿਆਇਕ ਜਾਂਚ ਕਰਵਾਏ ਜਾਣ ਦੀ ਮੰਗ ਵੀ ਕੀਤੀ। ਸੀਨੀਅਰ ਕਾਂਗਰਸੀ ਆਗੂਆਂ ਦੇ ਵਫਦ ਨੇ ਰਾਸ਼ਟਰਪਤੀ ਨੂੰ ਲਖੀਮਪੁਰ ਖੀਰੀ ਹਿੰਸਾ ਘਟਨਾ ਨਾਲ ਜੁੜੇ ਤੱਥਾਂ ਅਧਾਰਿਤ ਇਕ ਯਾਦ ਪੱਤਰ ਵੀ ਦਿੱਤਾ। ਤਿੰਨ ਅਕਤੂਬਰ ਨੂੰ ਹੋਈ ਇਸ ਹਿੰਸਾ ਵਿਚ ਚਾਰ ਕਿਸਾਨਾਂ ਸਮੇਤ ਅੱਠ ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ। ਰਾਹੁਲ ਗਾਂਧੀ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਮਗਰੋਂ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਰਾਸ਼ਟਰਪਤੀ ਤੱਕ ਇਹ ਸੁਨੇਹਾ ਪੁੱਜਦਾ ਕਰ ਦਿੱਤਾ ਹੈ ਕਿ ਲਖੀਮਪੁਰ ਖੀਰੀ ਹਿੰਸਾ ਕੇਸ ਦੀ ਨਿਰਪੱਖ ਜਾਂਚ ਨੂੰ ਯਕੀਨੀ ਬਣਾਉਣ ਲਈ ਕੇਂਦਰੀ ਗ੍ਰਹਿ ਰਾਜ ਮੰਤਰੀ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ ਕਿਉਂਕਿ ਇਸ ਕੇਸ ਵਿਚ ਉਨ੍ਹਾਂ ਦਾ ਪੁੱਤਰ ਆਸ਼ੀਸ਼ ਮਿਸ਼ਰਾ ਮੁਲਜ਼ਮ ਵਜੋਂ ਨਾਮਜ਼ਦ ਹੈ। ਗਾਂਧੀ ਨੇ ਮੰਗ ਕੀਤੀ ਕਿ ਨਿਆਂ ਯਕੀਨੀ ਬਣਾਉਣ ਲਈ ਸੁਪਰੀਮ ਕੋਰਟ ਦੇ ਦੋ ਮੌਜੂਦਾ ਜੱਜ ਨੂੰ ਇਸ ਘਟਨਾ ਦੀ ਜਾਂਚ ਕਰਨੀ ਚਾਹੀਦੀ ਹੈ ਤੇ ਇਨ੍ਹਾਂ ਹੱਤਿਆਵਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ।

## ਸਿੰਘੂ ਘਟਨਾ ਕਾਨੂੰਨ ਰਾਜ ਦੀ ਨਾਕਾਮੀ ਦਾ ਸਿੱਟਾ: ਜਥੇਦਾਰ



**ਅੰਮ੍ਰਿਤਸਰ:** ਸਿੰਘੂ ਬਾਰਡਰ 'ਤੇ ਇਕ ਵਿਅਕਤੀ ਦੇ ਕਤਲ ਦੀ ਘਟਨਾ ਨੂੰ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਾਨੂੰਨ ਦੇ ਰਾਜ ਦੀ ਨਾਕਾਮੀ ਦਾ ਸਿੱਟਾ ਕਰਾਰ ਦਿੱਤਾ ਹੈ। ਉਨ੍ਹਾਂ ਇਸ ਘਟਨਾ ਦੇ ਵੱਖ-ਵੱਖ ਪਹਿਲੂਆਂ ਤੇ ਪਿਛੋਕੜ ਦੀ ਗੰਭੀਰਤਾ ਨਾਲ ਜਾਂਚ ਕਰਕੇ ਸਾਰੀ ਸਚਾਈ ਸਾਹਮਣੇ ਲਿਆਉਣ ਦੀ ਮੰਗ ਕੀਤੀ ਹੈ ਤਾਂ ਜੋ ਸਿੱਖ ਕੌਮ ਦੀ ਸਹੀ ਤਸਵੀਰ ਦੁਨੀਆਂ ਸਾਹਮਣੇ ਲਿਆਂਦੀ ਜਾ ਸਕੇ।

ਸਿੰਘੂ ਘਟਨਾ ਬਾਰੇ ਇਕ ਬਿਆਨ ਰਾਹੀਂ ਉਨ੍ਹਾਂ ਕਿਹਾ ਕਿ ਸਰਕਾਰ ਅਤੇ ਪੁਲਿਸ ਇਸ ਨੂੰ ਸਿਰਫ ਅਮਨ ਤੇ ਕਾਨੂੰਨ ਦੇ ਮਸਲੇ ਵਜੋਂ ਨਾ ਲਵੇ, ਸਗੋਂ ਇਸ ਘਟਨਾ ਦੀ ਧਾਰਮਿਕ ਸੰਵੇਦਨਸ਼ੀਲਤਾ ਤੇ ਭਾਵਨਾਤਮਕ ਗੰਭੀਰਤਾ ਨੂੰ ਵੀ ਧਿਆਨ ਵਿਚ ਰੱਖੇ। ਉਨ੍ਹਾਂ ਕਿਹਾ ਕਿ ਪਿਛਲੇ ਪੰਜ-ਛੇ ਸਾਲਾਂ ਦੌਰਾਨ ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ 400 ਤੋਂ ਵੱਧ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਕਾਨੂੰਨ ਕਿਸੇ ਇਕ ਵੀ ਦੋਸ਼ੀ ਨੂੰ ਮਿਸਾਲੀ ਸਜ਼ਾ ਨਹੀਂ ਦੇ ਸਕਿਆ। ਉਨ੍ਹਾਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਸਿੱਖਾਂ ਨੂੰ ਇਨਸਾਫ ਦੇਣ ਵਿਚ ਭਾਰਤੀ ਨਿਆਂ ਪ੍ਰਬੰਧ ਦੀ ਨਾਕਾਮੀ ਕਾਰਨ ਹੀ ਸਿੰਘੂ ਘਟਨਾ ਵਾਪਰੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਕਿਸੇ ਨਿਰਪੱਖ ਏਜੰਸੀ ਕੋਲੋਂ ਜਾਂਚ ਹੋਣੀ ਚਾਹੀਦੀ ਹੈ, ਜੋ ਇਸ ਘਟਨਾ ਦੇ ਸਾਰੇ ਪਹਿਲੂਆਂ ਦੀ ਡੂੰਘਾਈ ਨਾਲ ਜਾਂਚ ਕਰੇ। ਉਨ੍ਹਾਂ ਮੀਡੀਆ ਨੂੰ ਵੀ ਕਿਹਾ ਕਿ ਸਿੰਘੂ ਘਟਨਾ ਦੇ ਅਧੂਰੇ ਪੱਖ ਦਿਖਾ ਕੇ ਸਿੱਖਾਂ ਦਾ ਅਕਸ ਖਰਾਬ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਆਖਿਆ ਕਿ ਮੀਡੀਆ ਨੂੰ ਹਰੇਕ ਪੱਖ ਨੂੰ ਪੇਸ਼ ਕਰਕੇ ਇਸ ਦਾ ਸਿੱਟਾ ਕੱਢਣ ਦਾ ਫੈਸਲਾ ਪਾਠਕਾਂ 'ਤੇ ਛੱਡਣਾ ਚਾਹੀਦਾ ਹੈ।

### ਘਟਨਾ ਨੂੰ ਜਾਤੀਵਾਦੀ ਰੰਗ ਨਾ ਦਿੱਤਾ ਜਾਵੇ: ਦਲ ਖਾਲਸਾ

**ਅੰਮ੍ਰਿਤਸਰ:** ਦਲ ਖਾਲਸਾ ਨੇ ਕਿਹਾ ਕਿ ਸਿੰਘੂ ਘਟਨਾ ਨਿਰੋਲ ਬੇਅਦਬੀ ਦਾ ਮਾਮਲਾ ਹੈ ਅਤੇ ਇਸ ਨੂੰ ਜਾਤੀਵਾਦ ਦੀ ਰੰਗਤ ਦੇਣਾ ਗਲਤ ਹੈ। ਜਥੇਬੰਦੀ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਬਸਪਾ ਆਗੂ ਮਾਇਆਵਤੀ ਵੱਲੋਂ ਟਵੀਟ ਕਰਕੇ ਪੰਜਾਬ ਦੇ ਮੁੱਖ ਮੰਤਰੀ ਨੂੰ ਇਹ ਕਹਿਣਾ ਕਿ ਮਰਨ ਵਾਲਾ ਦਲਿਤ ਹੈ ਅਤੇ ਉਸ ਦੇ ਪਰਿਵਾਰ ਨੂੰ ਪੰਜਾਹ ਲੱਖ ਰੁਪਏ ਦਿੱਤੇ ਜਾਣ, ਸਿਆਸਤ ਤੋਂ ਪ੍ਰੇਰਿਤ ਮੰਗ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਵਿਜੈ ਸਾਂਪਲਾ ਅਤੇ ਦਿੱਲੀ ਸਥਿਤ ਪੰਦਰਾਂ ਦਲਿਤ ਜਥੇਬੰਦੀਆਂ ਵੱਲੋਂ ਇਸ ਨੂੰ ਜਾਤੀਵਾਦ ਦੀ ਰੰਗਤ ਦੇਣਾ ਇਕ ਸ਼ਰਾਰਤ ਹੈ।

## ਕਿਸਾਨ ਮੋਰਚੇ ਨੂੰ ਸਿੰਘੂ ਬਾਰਡਰ ਘਟਨਾ ਪਿੱਛੇ ਸਾਜ਼ਿਸ਼ ਦਾ ਖਦਸ਼ਾ



**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਸਿੰਘੂ ਬਾਰਡਰ 'ਤੇ ਤਰਨ ਤਾਰਨ ਦੇ ਵਿਅਕਤੀ ਦੀ ਹੱਤਿਆ ਦੀ ਨਿੰਦਾ ਕਰਦਿਆਂ ਇਸ ਮਾਮਲੇ ਦੀ ਪੂਰੀ ਜਾਂਚ ਕਰਕੇ ਦੋਸ਼ੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਇਸ ਘਟਨਾ ਪਿੱਛੇ ਕੋਈ ਸਾਜ਼ਿਸ਼ ਵੀ ਹੋ ਸਕਦੀ ਹੈ।

ਮੋਰਚੇ ਨੇ ਦੋਸ਼ ਲਾਇਆ ਕਿ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਧਾਰਮਿਕ ਰੰਗਤ ਵੀ ਦਿੱਤੀ ਜਾ ਰਹੀ ਹੈ। ਕਿਸਾਨ ਆਗੂਆਂ ਨੇ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਕਿ ਲੋਕਤੰਤਰੀ ਅਤੇ ਸ਼ਾਂਤਮਈ ਢੰਗ ਨਾਲ ਚੱਲ ਰਹੇ ਅੰਦੋਲਨ 'ਚ ਕਿਸੇ ਕਿਸਮ ਦੀ ਵੀ ਹਿੰਸਾ ਦਾ ਵਿਰੋਧ ਕੀਤਾ ਜਾਵੇਗਾ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ, "ਸਾਨੂੰ ਸਾਰਿਆਂ ਨੂੰ ਘਟਨਾ ਦਾ ਬਹੁਤ ਅਫਸੋਸ ਹੈ। ਸੰਯੁਕਤ ਕਿਸਾਨ ਮੋਰਚਾ ਤਿੰਨ ਖੇਤੀ ਕਾਨੂੰਨਾਂ ਖਿਲਾਫ ਲੜ ਰਿਹਾ ਹੈ। ਇਹ ਹੱਤਿਆ ਕੋਈ ਸਾਜ਼ਿਸ਼ ਵੀ ਹੋ ਸਕਦੀ ਹੈ।" ਉਨ੍ਹਾਂ ਕਿਹਾ ਕਿ ਘਟਨਾ ਦੀ ਪੂਰੀ ਜਾਂਚ ਕਰਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਸ੍ਰੀ ਡੱਲੇਵਾਲ ਨੇ ਕਿਹਾ ਕਿ ਮਾਰਿਆ ਗਿਆ ਵਿਅਕਤੀ ਲਖਬੀਰ ਸਿੰਘ ਨਿਹੰਗ ਸਿੰਘਾਂ ਨਾਲ ਰਹਿ ਰਿਹਾ ਸੀ ਅਤੇ ਉਸ ਨੇ 'ਸਰਬਲੋਹ ਗ੍ਰੰਥ' ਕਥਿਤ ਤੌਰ 'ਤੇ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਕਿਸਾਨ ਮੋਰਚਾ ਕਿਸੇ ਵੀ ਧਰਮ ਦੇ ਅਨਾਦਰ ਦੀ ਨਿਖੇਧੀ ਕਰਦਾ ਹੈ ਅਤੇ ਉਹ ਇਸ ਦੇ ਪ੍ਰਤੀਕਰਮ 'ਚ ਕੀਤੀ ਗਈ ਹੱਤਿਆ ਦੀ ਨਿੰਦਾ ਕਰਦੇ ਹਨ। ਸੰਯੁਕਤ ਕਿਸਾਨ ਮੋਰਚੇ ਨੇ ਦਾਅਵਾ ਕੀਤਾ ਕਿ ਇਹ ਘਟਨਾ ਨਿਹੰਗ ਸਿੰਘਾਂ ਦਾ ਅੰਦਰੂਨੀ ਮਾਮਲਾ ਹੈ ਅਤੇ ਇਸ ਦਾ ਕਿਸਾਨ ਅੰਦੋਲਨ ਨਾਲ ਕੁਝ ਲੈਣਾ-ਦੇਣਾ ਨਹੀਂ ਹੈ। ਇਕ ਹੋਰ ਕਿਸਾਨ ਆਗੂ ਕੁਲਵੰਤ ਸਿੰਘ ਨੇ ਦੋਸ਼ ਲਾਇਆ ਕਿ ਇਸ ਘਟਨਾ ਪਿੱਛੇ ਕੇਂਦਰੀ ਏਜੰਸੀਆਂ ਦਾ ਹੱਥ ਹੈ। ਇਕ ਵੀਡੀਓ ਸੁਨੇਹੇ 'ਚ ਯੋਗੇਂਦਰ ਯਾਦਵ ਨੇ ਵੀ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਸੱਭਿਅਕ ਸਮਾਜ 'ਚ ਅਜਿਹੀਆਂ ਘਟਨਾਵਾਂ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿਅਕਤੀ ਪਿਛਲੇ 2-3 ਦਿਨਾਂ ਤੋਂ ਨਿਹੰਗ ਸਿੰਘਾਂ ਨਾਲ ਰਹਿ ਰਿਹਾ ਸੀ ਅਤੇ ਰਾਤ ਉਨ੍ਹਾਂ ਵਿਚਕਾਰ ਝਗੜਾ ਹੋਇਆ ਸੀ ਅਤੇ ਬੇਅਦਬੀ ਦੇ ਦੋਸ਼ ਵੀ ਲੱਗੇ ਸਨ। ਉਨ੍ਹਾਂ ਕਿਹਾ ਕਿ ਇਹ ਕੋਈ ਧਾਰਮਿਕ ਨਹੀਂ ਸਗੋਂ ਕਿਸਾਨਾਂ ਦਾ ਅੰਦੋਲਨ ਹੈ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਕਈ ਆਗੂਆਂ ਨੇ ਨਿਹੰਗ ਸਿੰਘਾਂ ਨੂੰ ਉਥੋਂ ਕਈ ਵਾਰ ਜਾਣ ਲਈ ਆਖਿਆ ਸੀ ਪਰ ਇਸ ਦੇ ਬਾਵਜੂਦ ਉਹ ਪ੍ਰਦਰਸ਼ਨ ਵਾਲੀ ਥਾਂ 'ਤੇ ਡਟੇ ਹੋਏ ਹਨ।

### ਸਰਕਾਰ ਨੇ ਸਾਜ਼ਿਸ਼ ਕੀਤੀ: ਟਿਕੈਤ

**ਨਵੀਂ ਦਿੱਲੀ:** ਰਾਕੇਸ਼ ਟਿਕੈਤ ਨੇ ਕਿਹਾ ਕਿ ਨਿਹੰਗਾਂ ਦਾ ਕਹਿਣਾ ਹੈ ਕਿ ਇਹ ਧਾਰਮਿਕ ਮਸਲਾ ਹੈ ਅਤੇ ਸਰਕਾਰ ਨੂੰ ਇਸ ਨੂੰ ਕਿਸਾਨਾਂ ਦੇ ਅੰਦੋਲਨ ਨਾਲ ਨਹੀਂ ਜੋੜਨਾ ਚਾਹੀਦਾ।' ਉਨ੍ਹਾਂ ਟਵੀਟ ਕਰਕੇ ਕਿਹਾ ਕਿ ਉਹ ਨਿਹੰਗਾਂ ਨਾਲ ਗੱਲ ਕਰ ਰਹੇ ਹਨ ਕਿ ਉਹ ਕਿਸਾਨ ਅੰਦੋਲਨ 'ਚੋਂ ਚਲੇ ਜਾਣ ਅਤੇ ਉਨ੍ਹਾਂ ਦੀ ਇਥੇ ਫਿਲਹਾਲ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਹਾਲਾਤ ਖਰਾਬ ਕਰ ਸਕਦੀ ਹੈ ਅਤੇ ਸਾਰੇ ਵਾਪਰੇ ਕਾਂਡ ਦੀ ਸਾਜ਼ਿਸ਼ ਕੇਂਦਰ ਸਰਕਾਰ ਦੀ ਸੀ।

### ਸਿੰਘੂ ਘਟਨਾ ਦੀ ਮੌਜੂਦਾ ਜੱਜ ਤੋਂ ਕਰਵਾਈ ਜਾਵੇ ਜਾਂਚ: ਰੰਧਾਵਾ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਿੰਘੂ ਬਾਰਡਰ 'ਤੇ ਵਾਪਰੀ ਘਟਨਾ ਦੇ ਕਾਰਨਾਂ ਦਾ ਡੂੰਘਾਈ ਨਾਲ ਪਤਾ ਲਗਾਉਣ ਲਈ ਮੌਜੂਦਾ ਜੱਜ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਮਲਾ ਸੰਵੇਦਨਸ਼ੀਲ ਹੈ। ਜਿਥੇ ਇਹ ਲੋਕਾਂ ਦੀ ਧਾਰਮਿਕ ਆਸਥਾ ਨਾਲ ਸਬੰਧ ਰੱਖਦਾ ਹੈ, ਉਥੇ ਖੇਤੀ ਕਾਨੂੰਨਾਂ ਖਿਲਾਫ ਕਰੀਬ ਇਕ ਸਾਲ ਤੋਂ ਸ਼ਾਂਤਮਈ ਸੰਘਰਸ਼ ਕਰ ਰਹੇ ਕਿਸਾਨਾਂ ਦੇ ਅਕਸ ਨਾਲ ਵੀ ਸਬੰਧ ਰੱਖਦਾ ਹੈ।

### ਕਿਸਾਨ ਵਿਰੋਧੀ ਤਾਕਤਾਂ ਨੂੰ ਸਾਜ਼ਿਸ਼ਾਂ ਬੰਦ ਕਰਨ ਦੀ ਚਿਤਾਵਨੀ

**ਚੰਡੀਗੜ੍ਹ:** ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਮੂਹਰੇ, ਟੋਲ ਪਲਾਜ਼ਿਆਂ ਉਪਰ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਅੱਗੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਦੇ ਬਾਹਰ ਸਵਾ ਸੌ ਤੋਂ ਵੱਧ ਥਾਵਾਂ 'ਤੇ ਜਾਰੀ ਧਰਨਿਆਂ ਦੌਰਾਨ ਬੁਲਾਰਿਆਂ ਨੇ ਕਿਸਾਨ ਵਿਰੋਧੀ ਤਾਕਤਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਹਿੰਸਾ ਕਿਸਾਨ ਅੰਦੋਲਨ ਨੂੰ ਫੇਲ੍ਹ ਨਹੀਂ ਕਰ ਸਕਦੀ।

ਆਗੂਆਂ ਨੇ ਸੰਘਰਸ਼ੀ ਅਖਾੜਿਆਂ ਤੋਂ ਦਿੱਲੀ ਦੀ ਸਿੰਘੂ ਹੱਦ 'ਤੇ ਵਾਪਰੀ ਘਟਨਾ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਕਿਸਾਨ ਅੰਦੋਲਨ ਵਿਰੋਧੀ ਤਾਕਤਾਂ ਦੇ ਦਿਮਾਗ ਦੀ ਕਾਢ ਹੀ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਤੋਂ ਇਕ ਸਾਲ ਦੇ ਵੀ ਵੱਧ ਸਮੇਂ ਤੋਂ ਸ਼ੁਰੂ ਹੋਏ ਕਿਸਾਨ ਅੰਦੋਲਨ ਦੌਰਾਨ ਕਿਸੇ ਵੀ ਮੋਰਚੇ ਵਿਚ ਹਿੰਸਾ ਦਾ ਰਾਹ ਅਖਤਿਆਰ ਨਹੀਂ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਕਿਸੇ ਵੀ ਸੰਘਰਸ਼ ਵਿਚ ਕਰੋਧ, ਗੁੱਸੇ ਅਤੇ ਹਿੰਸਾ ਦੀ ਥਾਂ ਨਹੀਂ ਹੈ। ਕੋਈ ਵੀ ਧਰਮ ਇਨਸਾਨੀ ਕਤਲ ਜਾਂ ਇਨਸਾਨੀਅਤ ਖਿਲਾਫ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੰਦਾ।

ਉਨ੍ਹਾਂ ਕਿਹਾ ਕਿ ਮੁਲਕ ਵਿਚ ਇਹ ਧਾਰਨਾ ਬਣ ਗਈ ਸੀ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਲਏ ਜਾਂਦੇ ਫੈਸਲਿਆਂ ਨੂੰ ਮੰਨਣਾ ਹੀ ਲੋਕਾਂ ਦਾ ਧਰਮ ਹੈ ਤੇ ਇਨ੍ਹਾਂ ਫੈਸਲਿਆਂ ਨੂੰ ਕਿਤੇ ਵੀ ਚੁਣੌਤੀ ਨਹੀਂ ਮਿਲ ਸਕਦੀ ਪਰ ਕਿਸਾਨੀ ਅੰਦੋਲਨ ਦੇ ਚੁਣੌਤੀ ਬਣਨ ਕਾਰਨ ਹਾਕਮਾਂ ਦੀ ਨੀਂਦ ਹਰਾਮ ਹੋਈ ਹੈ, ਇਸ ਲਈ ਦਿਨ ਪ੍ਰਤੀ ਦਿਨ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।

# ਨਰਮ ਪਏ ਸਿੱਧੂ ਦੇ ਸੁਰ, ਭਰੋਸੇ ਮਗਰੋਂ ਅਸਤੀਫਾ ਵਾਪਸ



**ਚੰਡੀਗੜ੍ਹ:** ਕਾਂਗਰਸ ਆਗੂ ਰਾਹੁਲ ਗਾਂਧੀ ਨਾਲ ਮੁਲਾਕਾਤ ਮਗਰੋਂ ਨਵਜੋਤ ਸਿੰਘ ਸਿੱਧੂ ਆਪਣਾ ਅਸਤੀਫਾ ਵਾਪਸ ਲੈਣ ਲਈ ਰਾਜ਼ੀ ਹੋ ਗਏ ਹਨ ਜਿਸ ਨਾਲ ਪਿਛਲੇ 18 ਦਿਨ ਤੋਂ ਪੰਜਾਬ ਕਾਂਗਰਸ 'ਚ ਚੱਲ ਰਿਹਾ ਰੇੜਕਾ ਖਤਮ ਹੋ ਗਿਆ ਹੈ। ਨਵਜੋਤ ਸਿੰਘ ਸਿੱਧੂ ਨੇ ਕਾਂਗਰਸ ਦੇ ਸਾਬਕਾ ਕੌਮੀ ਪ੍ਰਧਾਨ ਆਗੂ ਰਾਹੁਲ ਗਾਂਧੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ।

ਇਸ ਮੌਕੇ ਪਾਰਟੀ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਵੀ ਮੌਜੂਦ ਸਨ। ਕਰੀਬ ਸਵਾ ਘੰਟਾ ਚੱਲੀ ਮੀਟਿੰਗ ਵਿਚ ਨਵਜੋਤ ਸਿੱਧੂ ਨੇ 18 ਨੁਕਾਤੀ ਏਜੰਡੇ ਦੀ ਮਸਲਾ ਰੱਖਿਆ ਜਿਸ 'ਤੇ ਹਾਈ ਕਮਾਂਡ ਵੱਲੋਂ ਅਮਲ ਕਰਨ ਭਰੋਸਾ ਦਿਵਾਇਆ ਗਿਆ।

ਮੀਟਿੰਗ ਮਗਰੋਂ ਨਵਜੋਤ ਸਿੱਧੂ ਨੇ ਸਿਰਫ ਇੰਨਾ ਹੀ ਕਿਹਾ ਕਿ ਉਨ੍ਹਾਂ ਆਪਣੇ ਸਰੋਕਾਰ ਰਾਹੁਲ ਗਾਂਧੀ ਨਾਲ ਸਾਂਝੇ ਕੀਤੇ ਹਨ ਅਤੇ ਹੁਣ ਉਹ ਸਭ ਨਜਿੱਠੇ ਗਏ ਹਨ। ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਨਵਜੋਤ ਸਿੱਧੂ ਦੇ ਸਰੋਕਾਰਾਂ ਦਾ ਖਿਆਲ ਰੱਖਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਸਿੱਧੂ ਨੇ ਰਾਹੁਲ ਗਾਂਧੀ ਨੂੰ ਕਿਹਾ ਹੈ ਕਿ ਉਹ (ਸਿੱਧੂ) ਬਤੌਰ ਪ੍ਰਧਾਨ ਆਪਣੀ ਡਿਊਟੀ ਸ਼ੁਰੂ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਨੇ 28 ਸਤੰਬਰ ਨੂੰ ਪਾਰਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦਿੱਤਾ ਸੀ ਜਿਸ ਪਿੱਛੇ ਉਨ੍ਹਾਂ ਡੀ.ਜੀ.ਪੀ. ਅਤੇ ਐਡਵੋਕੇਟ ਜਨਰਲ ਦੇ ਤਬਾਦਲਿਆਂ ਤੋਂ ਇਲਾਵਾ ਕੈਬਨਿਟ ਵਿਚ ਦਾਗੀ ਮੰਤਰੀਆਂ ਦੀ ਸ਼ਮੂਲੀਅਤ ਦਾ ਮਾਮਲਾ ਵੀ ਉਠਾਇਆ ਸੀ।

# ਚੰਨੀ ਤੇ ਕੈਪਟਨ ਦੀ ਮਿਲਣੀ ਦੇ ਸਿਆਸੀ ਕਿਆਫੇ ਲੱਗਣੇ ਸ਼ੁਰੂ

**ਚੰਡੀਗੜ੍ਹ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਸਿਸਵਾਂ ਫਾਰਮ ਹਾਊਸ 'ਤੇ ਪਲੇਠੀ ਮੀਟਿੰਗ ਕੀਤੀ, ਜਿਸ ਨੂੰ ਲੈ ਕੇ ਸਿਆਸੀ ਕਿਆਫੇ ਲੱਗਣੇ ਸ਼ੁਰੂ ਹੋ ਗਏ ਹਨ। ਬਾਹਰੀ ਨਜ਼ਰੇ ਇਹ ਮਿਲਣੀ ਪਰਿਵਾਰਕ ਜਾਪਦੀ ਹੈ, ਪਰ ਸਿਆਸੀ ਮਾਹਿਰ ਇਸ ਨੂੰ ਨਵੇਂ ਰਾਜਸੀ ਜੋੜ-ਤੋੜ ਵਜੋਂ ਦੇਖ ਰਹੇ ਹਨ।



ਮੁੱਖ ਮੰਤਰੀ ਬਣਨ ਮਗਰੋਂ ਚਰਨਜੀਤ ਚੰਨੀ ਨੇ ਕੈਪਟਨ ਅਮਰਿੰਦਰ ਸਿੰਘ ਨਾਲ ਇਹ ਮਿਲਣੀ ਉਦੋਂ ਕੀਤੀ ਹੈ ਜਦੋਂ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਹਾਈਕਮਾਂਡ ਨਾਲ ਮੁਲਾਕਾਤ ਕਰਨ ਲਈ ਦਿੱਲੀ ਵਿਚ ਸਨ। ਵੇਰਵਿਆਂ ਅਨੁਸਾਰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਆਪਣੇ ਨਵਵਿਆਹੇ ਪੁੱਤਰ ਅਤੇ ਨੂੰਹ ਨੂੰ ਆਸ਼ੀਰਵਾਦ ਦਿਵਾਉਣ ਲਈ ਸਿਸਵਾਂ ਫਾਰਮ ਹਾਊਸ ਪੁੱਜੇ, ਜਿੱਥੇ ਚੰਨੀ ਨਾਲ ਉਨ੍ਹਾਂ ਦੀ ਪਤਨੀ ਅਤੇ ਦੂਸਰੇ ਲੜਕੇ ਤੋਂ ਇਲਾਵਾ ਭਰਾ ਵੀ ਹਾਜਰ ਸਨ। ਇਸ ਮੌਕੇ ਯਾਦਗਾਰੀ ਤਸਵੀਰ ਵੀ ਖਿਚਾਈ ਗਈ ਅਤੇ ਤਸਵੀਰ ਤੋਂ ਇਹ ਮਿਲਣੀ ਨਿੱਘ ਭਰੀ ਜਾਪ ਰਹੀ ਸੀ। ਸੂਤਰ ਦੱਸਦੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਨੇ ਚੰਨੀ ਨੂੰ ਕੁਝ ਦਿਨ ਪਹਿਲਾਂ ਫੋਨ ਕਰ ਕੇ ਲੜਕੇ ਦੇ ਵਿਆਹ ਦੀ ਮੁਬਾਰਕਬਾਦ ਦਿੱਤੀ ਸੀ। ਦੱਸ ਦਈਏ ਕਿ ਨਵਜੋਤ ਸਿੱਧੂ ਚੰਨੀ ਦੇ ਲੜਕੇ ਦੇ ਵਿਆਹ ਸਮਾਗਮਾਂ ਵਿਚੋਂ ਗੈਰਹਾਜ਼ਰ ਰਹੇ ਸਨ। ਸੂਤਰ ਦੱਸਦੇ ਹਨ ਕਿ ਅਮਰਿੰਦਰ ਸਿੰਘ ਵੱਲੋਂ ਚੰਨੀ ਪਰਿਵਾਰ ਨੂੰ ਖਾਣੇ ਦਾ ਸੱਦਾ ਦਿੱਤਾ ਗਿਆ ਸੀ। ਪਰਿਵਾਰ ਆਖ ਰਿਹਾ ਹੈ ਕਿ ਅਮਰਿੰਦਰ ਸਿੰਘ ਨਾਲ ਇਹ ਸ਼ਿਸ਼ਟਾਚਾਰ ਮਿਲਣੀ ਸੀ ਅਤੇ ਇਸ ਤੋਂ ਵੱਧ ਕੁਝ ਨਹੀਂ ਸੀ। ਦੱਸਦੇ ਹਨ ਕਿ ਇਸ ਮੌਕੇ ਚਰਨਜੀਤ ਚੰਨੀ ਅਤੇ ਅਮਰਿੰਦਰ ਸਿੰਘ ਦਰਮਿਆਨ ਸਿਆਸੀ ਵਿਚਾਰਾਂ ਵੀ ਹੋਈਆਂ ਹਨ ਅਤੇ ਖਾਸ ਤੌਰ 'ਤੇ ਨਵਜੋਤ ਸਿੱਧੂ ਦਾ ਵੀ ਜ਼ਿਕਰ ਹੋਇਆ ਹੈ।

ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫੇ ਮਗਰੋਂ ਮੁੱਖ ਮੰਤਰੀ ਬਣੇ ਚੰਨੀ ਅਜੇ ਤੱਕ ਅਮਰਿੰਦਰ ਸਿੰਘ ਨੂੰ ਮਿਲੇ ਨਹੀਂ ਸਨ। ਚੰਨੀ ਪਰਿਵਾਰ ਕਰੀਬ ਇਕ ਘੰਟਾ ਸਿਸਵਾਂ ਫਾਰਮ 'ਤੇ ਠਹਿਰਿਆ। ਅਮਰਿੰਦਰ ਸਿੰਘ ਸ਼ੁਰੂ ਤੋਂ ਹੀ ਨਵਜੋਤ ਸਿੱਧੂ ਨੂੰ ਨਿਸ਼ਾਨੇ 'ਤੇ ਲੈਂਦੇ ਰਹੇ ਹਨ ਅਤੇ ਚਰਨਜੀਤ ਚੰਨੀ ਪ੍ਰਤੀ ਅਮਰਿੰਦਰ ਸਿੰਘ ਦਾ ਵਤੀਰਾ ਨਾ ਸਿਰਫ ਨਰਮੀ ਵਾਲਾ ਰਿਹਾ ਬਲਕਿ ਅਮਰਿੰਦਰ ਸਿੰਘ ਚੰਨੀ ਦਾ ਪੱਖ ਵੀ ਪੂਰਦੇ ਰਹੇ ਹਨ। ਜਦੋਂ ਨਵਜੋਤ ਸਿੱਧੂ ਨੇ ਹੱਲਾ ਬੋਲ ਕੇ ਚੰਨੀ ਨਾਲੋਂ ਵੀ ਦੂਰੀ ਬਣਾ ਲਈ ਹੈ ਤਾਂ ਇਸ ਮੌਕੇ ਅਮਰਿੰਦਰ ਸਿੰਘ ਤੇ ਚਰਨਜੀਤ ਚੰਨੀ ਦੀ ਮਿਲਣੀ ਸਿਆਸੀ ਨਜ਼ਰੀਏ ਤੋਂ ਖਾਸ ਜਾਪਦੀ ਹੈ।

# ਗੁਰਨਾਮ ਸਿੰਘ ਚੜੂਨੀ ਦਾ ਮਿਸ਼ਨ-2022: ਸਿਆਸੀ ਪਾਰਟੀ ਬਣਾਵਾਂਗੇ

**ਬਠਿੰਡਾ:** ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਮਿਸ਼ਨ ਪੰਜਾਬ ਦੇ ਹਿੱਸੇ ਵਜੋਂ ਸੂਬੇ ਵਿਚ ਛੇਤੀ ਹੀ ਨਵੀਂ ਰਾਜਨੀਤਕ ਪਾਰਟੀ ਬਣਾਈ ਜਾਵੇਗੀ ਜਿਸ ਦੇ ਪ੍ਰਤੀਨਿਧ ਇਮਾਨਦਾਰ ਲੋਕ ਹੋਣਗੇ ਜੋ ਲੋਕਾਂ ਦੇ ਮਸਲਿਆਂ ਨੂੰ ਸੁਲਝਾਉਣ ਅਤੇ ਰਾਜ ਦੇ ਵਿਕਾਸ ਲਈ ਕੰਮ ਕਰਨਗੇ।



ਬਠਿੰਡਾ ਫੇਰੀ ਦੌਰਾਨ ਉਨ੍ਹਾਂ ਕਿਹਾ ਕਿ ਇਸ ਸਬੰਧੀ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਹਾਲਾਂਕਿ, ਚੜੂਨੀ ਨੇ ਕਿਹਾ ਕਿ ਉਹ ਨਵੀਂ ਸਿਆਸੀ ਪਾਰਟੀ ਦਾ ਹਿੱਸਾ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵੋਟਰ ਸੂਬੇ ਵਿਚ ਵਿਕਾਸ ਅਤੇ ਬਦਲਾਅ ਲਿਆਉਣਾ ਚਾਹੁੰਦੇ ਹਨ। ਇਸ ਵਿਚ ਵੱਡੀ ਗਿਣਤੀ ਕਿਸਾਨ ਅਤੇ ਮਜ਼ਦੂਰ ਭਾਈਚਾਰਾ ਸ਼ਾਮਲ ਹੈ। ਜੇ ਇਹ ਸਾਰੇ ਇਕ ਮੰਚ 'ਤੇ ਇਕੱਠੇ ਹੋ ਜਾਣ ਤਾਂ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੂੰ ਬਦਲਣ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਉਹ ਵੋਟਰਾਂ ਨੂੰ ਵੀ ਉਤਸ਼ਾਹਤ ਕਰਨਗੇ ਕਿ ਉਹ ਅਗਲੇ ਸਾਲ ਹੋਣ ਵਾਲੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੇ ਹੱਕ ਵਿਚ ਵੋਟ ਨਾ ਪਾਉਣ। ਸ੍ਰੀ ਚੜੂਨੀ ਨੇ ਕਿਹਾ ਕਿ ਉਹ ਚੋਣ ਨਹੀਂ ਲੜਨਗੇ ਪਰ ਰਾਜ ਵਿਚ ਨਵੀਂ ਸਿਆਸੀ ਪਾਰਟੀ ਲਈ ਸਮਰਥਨ ਜੁਟਾਉਣਗੇ। ਉਨ੍ਹਾਂ ਕਿਹਾ ਕਿ 'ਮਿਸ਼ਨ ਪੰਜਾਬ 2022' ਤਹਿਤ ਅਗਲੀਆਂ ਚੋਣਾਂ ਵਿਚ ਇਮਾਨਦਾਰ, ਸਮਝਦਾਰ ਅਤੇ ਰੱਬ ਨੂੰ ਮੰਨਣ ਵਾਲੇ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਚੜੂਨੀ ਨੇ ਪੰਜਾਬ ਦੇ ਭਲੇ ਲਈ ਬੁੱਧੀਜੀਵੀਆਂ ਤੇ ਸਮਝਦਾਰ ਲੋਕਾਂ ਨੂੰ ਰਵਾਇਤੀ ਪਾਰਟੀਆਂ ਤੋਂ ਕਿਨਾਰਾ ਕਰ ਕੇ ਇਮਾਨਦਾਰ ਉਮੀਦਵਾਰਾਂ ਨੂੰ ਇਕ ਮੌਕਾ ਦੇਣ ਦੀ ਅਪੀਲ ਕੀਤੀ। ਉੱਤਰ ਪ੍ਰਦੇਸ਼ ਹਿੰਸਾ ਬਾਰੇ ਗੱਲ ਕਰਦਿਆਂ ਚੜੂਨੀ ਨੇ ਕਿਹਾ ਕਿ ਦੇਸ਼ ਦੀ ਸਭ ਤੋਂ ਵੱਡੀ ਬਦਕਿਸਮਤੀ ਇਹ ਹੈ ਕਿ ਸਾਨੂੰ ਅਜਿਹੇ ਨੇਤਾ ਮਿਲੇ ਹਨ, ਜੋ ਸੱਤਾ ਵਿਚ ਆਉਣ ਮਗਰੋਂ ਲੋਕਾਂ ਨੂੰ ਕੁਚਲਦੇ ਹਨ। ਚੜੂਨੀ ਨੇ ਕਿਸਾਨ ਸੰਘਰਸ਼ ਦੀ ਮਜ਼ਬੂਤੀ ਲਈ ਹਰ ਪਿੰਡ ਵਿਚੋਂ ਘੱਟੋ-ਘੱਟ 10 ਜਣਿਆਂ ਨੂੰ ਦਿੱਲੀ ਮੋਰਚੇ ਵਿਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਦਲੀਲ ਦਿੱਤੀ ਕਿ ਪਿਛਲੀ ਵਾਰ ਕਾਂਗਰਸ ਸਰਕਾਰ 52 ਲੱਖ ਵੋਟਾਂ ਲੈ ਕੇ ਹੋਂਦ ਵਿਚ ਆਈ ਸੀ, ਜਦੋਂ ਕਿ ਪੰਜਾਬ ਵਿਚ 80 ਲੱਖ ਦੇ ਕਰੀਬ ਸਿਰਫ ਕਿਸਾਨਾਂ ਦੀ ਵੋਟ ਹੈ, ਇਸ ਲਈ ਜੇ ਕਿਸਾਨ ਚਾਹੁਣ ਤਾਂ ਖੁਦ ਸੱਤਾ ਸੰਭਾਲ ਸਕਦੇ ਹਨ ਤੇ ਜੋ ਪੈਸਾ ਪੂੰਜੀਪਤੀ ਘਰਾਣਿਆਂ ਨੂੰ ਜਾ ਰਿਹਾ ਹੈ ਉਹ ਪੰਜਾਬ ਦੇ ਭਲੇ ਵਾਸਤੇ ਵਰਤ ਸਕਦੇ ਹਨ। ਕਿਸਾਨ ਆਗੂ ਨੇ ਵਿਧਾਨ ਸਭਾ ਚੋਣਾਂ ਤੋਂ ਬਾਅਦ ਲੋਕ ਸਭਾ ਚੋਣਾਂ ਵੇਲੇ ਵੀ ਮਿਸ਼ਨ ਭਾਰਤ ਤਹਿਤ ਚੋਣਾਂ ਲੜਨ ਦਾ ਭਰੋਸਾ ਦਿੱਤਾ।

## ਪੰਜਾਬ ਵਿਧਾਨ ਸਭਾ ਚੋਣਾਂ ਲਈ ਬਦਲੀਆਂ ਦੀ ਨੀਤੀ ਜਾਰੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ-2022 ਦੇ ਮੱਦੇਨਜ਼ਰ ਭਾਰਤ ਚੋਣ ਕਮਿਸ਼ਨ ਵੱਲੋਂ ਬਦਲੀਆਂ ਤੇ ਤਾਇਨਾਤੀਆਂ ਸਬੰਧੀ ਨੀਤੀ ਜਾਰੀ ਕਰ ਦਿੱਤੀ ਗਈ ਹੈ। ਪੰਜਾਬ ਵਿਧਾਨ ਸਭਾ ਚੋਣਾਂ ਦੀ ਸਮੁੱਚੀ ਕਾਰਵਾਈ ਅਗਲੇ ਸਾਲ ਮਾਰਚ ਦੀ ਪਹਿਲੀ ਤਿਮਾਹੀ ਨੂੰ ਨੇਪਰੇ ਚਾੜ੍ਹੀ ਜਾਣੀ ਹੈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ ਕਰੁਣਾ ਰਾਜੂ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਚੋਣਾਂ ਕਾਰਨ ਆਮ ਬਦਲੀਆਂ ਤੇ ਤਾਇਨਾਤੀਆਂ ਇਸੇ ਨੀਤੀ ਤਹਿਤ ਹੋਣਗੀਆਂ। ਉਨ੍ਹਾਂ ਦੱਸਿਆ ਕਿ ਮੌਜੂਦਾ ਪੰਜਾਬ ਵਿਧਾਨ ਸਭਾ ਦੀ ਮਿਆਦ ਅਗਲੇ ਸਾਲ 27 ਮਾਰਚ ਤੱਕ ਹੈ। ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਪੱਤਰ ਦੀ ਕਾਪੀ ਪੰਜਾਬ ਰਾਜ ਦੇ ਮੁੱਖ ਸਕੱਤਰ, ਗ੍ਰਹਿ ਸਕੱਤਰ, ਡਾਇਰੈਕਟਰ ਜਨਰਲ ਆਫ ਪੁਲਿਸ, ਸਾਰੇ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ, ਵਿਭਾਗ ਮੁਖੀ, ਡਿਪਟੀ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਅਗਲੇਰੀ ਕਾਰਵਾਈ ਲਈ ਭੇਜ ਦਿੱਤੀ ਗਈ ਹੈ।

## ਵਿਧਾਇਕਾਂ ਨੂੰ ਸੁਵਿਧਾ ਕੈਂਪ ਲਾਉਣ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਤੇਜ਼ੀ ਨਾਲ ਨਿਪਟਾਰਾ ਕਰਨ ਲਈ ਵਿਧਾਇਕਾਂ ਨੂੰ ਜਿਲ੍ਹਾ ਪ੍ਰਸ਼ਾਸਨ ਦੀ ਸਹਾਇਤਾ ਨਾਲ ਸੁਵਿਧਾ ਕੈਂਪ ਲਾਉਣ ਲਈ ਆਖਿਆ ਹੈ ਤਾਂ ਜੋ ਸੂਬਾਈ ਸ਼ਾਸਨ ਵਿਚ ਲੋਕਾਂ ਦਾ ਭਰੋਸਾ ਦ੍ਰਿੜ੍ਹ ਹੋ ਸਕੇ। ਮੁੱਖ ਮੰਤਰੀ ਨੇ ਕਿਹਾ ਹੈ ਕਿ ਸੂਬੇ ਦੇ ਕਿਸੇ ਵੀ ਵਿਅਕਤੀ ਨੂੰ ਰੋਜ਼ਾਨਾ ਦੀਆਂ ਸਮੱਸਿਆਵਾਂ ਦੇ ਸੰਦਰਭ ਵਿਚ ਅਣਗੌਲਿਆ ਮਹਿਸੂਸ ਨਹੀਂ ਹੋਣ ਦਿੱਤਾ ਜਾਵੇਗਾ। ਗੱਲਬਾਤ ਦੌਰਾਨ ਵਿਧਾਇਕਾਂ ਵੱਲੋਂ ਚੁੱਕੇ ਗਏ ਵੱਖ-ਵੱਖ ਮੁੱਦਿਆਂ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਚੰਨੀ ਨੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਚੱਲ ਰਹੇ ਵਿਕਾਸ ਕਾਰਜਾਂ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਾਉਣ ਤੋਂ ਇਲਾਵਾ ਭਲਾਈ ਸਕੀਮਾਂ ਨੂੰ ਸਹੀ ਅਰਥਾਂ ਵਿਚ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਸਮਾਜ ਦੇ ਸਾਰੇ ਵਰਗਾਂ ਖਾਸ ਕਰਕੇ ਜ਼ਮੀਨੀ ਪੱਧਰ 'ਤੇ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਇਆ ਜਾ ਸਕੇ।

# ਕੇਜਰੀਵਾਲ ਨੇ ਕਾਰੋਬਾਰੀਆਂ ਕੋਲੋਂ 'ਆਪ' ਲਈ ਇਕ ਮੌਕਾ ਮੰਗਿਆ



**ਜਲੰਧਰ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਵਪਾਰੀਆਂ ਅਤੇ ਕਾਰੋਬਾਰੀਆਂ ਨਾਲ ਉਦਯੋਗ, ਵਪਾਰ ਅਤੇ ਕਾਰੋਬਾਰ ਦੇ ਵਿਕਾਸ ਦੀ ਬਿਹਤਰੀ ਲਈ 10 ਵਾਅਦੇ ਕਰਦਿਆਂ ਉਨ੍ਹਾਂ ਨੂੰ ਅਪੀਲ ਕੀਤੀ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਦੀ ਸਰਕਾਰ ਬਣਾਉਣ ਵਿਚ ਉਹ ਆਪਣਾ ਯੋਗਦਾਨ ਪਾਉਣ।

ਇਥੇ ਇਕ ਰਿਜ਼ੋਰਟ ਵਿਚ ਸ੍ਰੀ ਕੇਜਰੀਵਾਲ ਨੇ ਵਪਾਰੀਆਂ, ਕਾਰੋਬਾਰੀਆਂ ਅਤੇ ਉਦਯੋਗਪਤੀਆਂ ਦਾ ਸਾਥ ਮੰਗਦਿਆਂ ਕਿਹਾ, ''ਤੁਸੀਂ ਕਾਂਗਰਸ ਵਿਚ ਕੈਪਟਨ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਬਾਦਲਾਂ ਨੂੰ ਪਰਖ ਕੇ ਦੇਖ ਲਿਆ ਹੈ। ਹੁਣ ਇਕ ਮੌਕਾ ਆਮ ਆਦਮੀ ਪਾਰਟੀ ਨੂੰ ਵੀ ਦਿਓ।'' ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਪਾਰਟੀ ਨੂੰ ਕਾਰੋਬਾਰੀਆਂ ਕੋਲੋਂ ਫੰਡ ਨਹੀਂ ਚਾਹੀਦੇ ਹਨ, ਉਹ ਸਿਰਫ ਉਨ੍ਹਾਂ ਦਾ ਸਾਥ ਚਾਹੁੰਦੇ ਹਨ। ਸ੍ਰੀ ਕੇਜਰੀਵਾਲ ਨੇ ਅਪੀਲ ਕੀਤੀ,''ਇਕ ਮੌਕਾ ਸਾਨੂੰ ਵੀ ਦਿਓ, ਬਾਕੀ ਸਾਰਿਆਂ ਨੂੰ ਭੁੱਲ ਜਾਓਗੇ।'' ਉਨ੍ਹਾਂ 'ਆਪ' ਦੀ ਦਿੱਲੀ 'ਚ ਬਣੀ ਸਰਕਾਰ ਦੀ ਮਿਸਾਲ ਦਿੱਤੀ। ਉਨ੍ਹਾਂ ਕਿਹਾ ਕਿ ਵਪਾਰ ਅਤੇ ਕਾਰੋਬਾਰ ਲਈ ਦਿੱਲੀ 'ਚ ਕ੍ਰਿਸ਼ਮਾ ਕਰਕੇ ਦਿਖਾਇਆ ਹੈ ਤੇ ਪੰਜਾਬ 'ਚ ਸਰਕਾਰ ਬਣਨ 'ਤੇ ਵੀ ਅਜਿਹਾ ਕਰਕੇ ਦਿਖਾਉਣਗੇ। ਕੇਜਰੀਵਾਲ ਨੇ ਦੋਸ਼ ਲਾਇਆ ਕਿ ਪੰਜਾਬ ਦੇ ਕੁਝ ਮੰਤਰੀ ਅਤੇ ਵਿਧਾਇਕ ਕਾਰੋਬਾਰੀਆਂ ਕੋਲੋਂ ਗੁੰਡਾ ਟੈਕਸ ਵਸੂਲਦੇ ਹਨ ਜੋ ਉਨ੍ਹਾਂ ਦੀ ਸਰਕਾਰ ਬਣਨ 'ਤੇ ਬੰਦ ਕਰ ਦਿੱਤਾ ਜਾਵੇਗਾ।

ਇਸ ਤੋਂ ਪਹਿਲਾਂ 'ਆਪ' ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਕਾਰਜਸ਼ੈਲੀ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਦੇਸ਼ ਦੀ ਰਾਜਨੀਤੀ ਦੀ ਦਿਸ਼ਾ ਅਤੇ ਦਸ਼ਾ ਬਦਲ ਰਹੀ ਹੈ। ਉਨ੍ਹਾਂ ਕਿਹਾ ਕਿ ਵੱਡੀਆਂ ਵੱਡੀਆਂ ਪਾਰਟੀਆਂ 'ਆਪ' ਨੂੰ ਦੇਖ ਦੇ ਰਾਜਨੀਤਕ ਏਜੰਡੇ ਤੈਅ ਕਰਨ ਲੱਗ ਪਈਆਂ ਹਨ।

## ਕੇਜਰੀਵਾਲ ਦੇ ਦਾਅਵੇ ਝੂਠੇ ਕਰਾਰ

**ਜਲੰਧਰ:** ਮੁੱਖ ਮੰਤਰੀ ਚਰਨਜੀਤ ਚੰਨੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਸਨਅਤਕਾਰਾਂ ਨਾਲ ਕੀਤੇ ਵਾਅਦਿਆਂ ਨੂੰ ਝੂਠੇ ਦਾਅਵੇ ਕਰਾਰ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਜਰੀਵਾਲ ਨੇ ਵਾਅਦਾ ਕੀਤਾ ਹੈ ਕਿ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ ਵਿਚ ਆਈ ਤਾਂ ਸੂਬੇ ਨੂੰ 24 ਘੰਟੇ ਬਿਜਲੀ ਸਪਲਾਈ ਦੇਵੇਗੀ। ਉਨ੍ਹਾਂ ਕਿਹਾ ਕਿ ਸ਼ਾਇਦ ਕੇਜਰੀਵਾਲ ਇਹ ਨਹੀਂ ਜਾਣਦੇ ਕਿ ਪੰਜਾਬ ਸਰਕਾਰ ਅਣਕਿਆਸੇ ਹਾਲਾਤ ਤੇ ਮੁਰੰਮਤ ਦੇ ਸਮੇਂ ਨੂੰ ਛੱਡ ਕੇ ਲੋਕਾਂ ਨੂੰ ਪਹਿਲਾਂ ਹੀ 24 ਘੰਟੇ ਬਿਜਲੀ ਸਪਲਾਈ ਦੇ ਰਹੀ ਹੈ। ਉਨ੍ਹਾਂ ਦੀ ਸਰਕਾਰ ਸੂਬੇ ਭਰ ਵਿਚ ਇੰਸਪੈਕਟਰੀ ਰਾਜ ਪਹਿਲਾਂ ਦੀ ਖਤਮ ਕਰ ਚੁੱਕੀ ਹੈ।

## ਕਾਂਗਰਸ ਨੇ ਸਦਾ ਗੁਮਰਾਹ ਕੀਤਾ: ਸਿਸੋਦੀਆ

**ਜਲੰਧਰ:** ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਮੌਕੇ ਜਲੰਧਰ ਵਿਚ ਕੱਢੀ ਗਈ ਸ਼ੋਭਾ ਯਾਤਰਾ ਵਿਚ ਸ਼ਾਮਲ ਹੋਣ ਲਈ ਪਹੁੰਚੇ 'ਆਪ' ਦੇ ਸੀਨੀਅਰ ਆਗੂ ਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਬੇਘਰੇ ਲੋਕਾਂ ਨੂੰ ਪੰਜ-ਪੰਜ ਮਰਲਿਆਂ ਦੇ ਪਲਾਟ ਦੇਣ ਦੇ ਵਾਅਦੇ ਨਾਲ ਗਰੀਬਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਚੋਣਾਂ ਤੋਂ ਪਹਿਲਾਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕਰਕੇ ਗੁਮਰਾਹ ਕੀਤਾ ਸੀ। ਉਨ੍ਹਾਂ ਕਿਹਾ ਕਿ ਚੰਨੀ ਹੁਣ ਪੰਜਾਬ ਦੇ ਬੇਘਰੇ ਲੋਕਾਂ ਨੂੰ ਪੰਜ-ਪੰਜ ਮਰਲਾ ਪਲਾਟਾਂ ਦੇ ਸੁਫਨੇ ਦਿਖਾਉਣ ਲੱਗੇ ਹਨ। ਜਿਸ ਤਰ੍ਹਾਂ ਰੁਜ਼ਗਾਰ ਕਾਰਡ ਇਕ ਝਾਂਸਾ ਸੀ, ਉਸੇ ਤਰ੍ਹਾਂ ਪੰਜ ਮਰਲਾ ਜ਼ਮੀਨ ਦੇਣ ਦਾ ਦਾਅਵਾ ਵੀ ਮਹਿਜ਼ ਫਰਜ਼ੀਵਾੜਾ ਹੈ।

# ਭੁੱਖਮਰੀ ਬਾਰੇ ਤਾਜ਼ਾ ਰਿਪੋਰਟ ਨੇ ਖੋਲ੍ਹੀ ਮੋਦੀ ਸਰਕਾਰ ਦੇ 'ਵਿਕਾਸ' ਦੀ ਪੋਲ

## ਗੁਆਂਢੀ ਦੇਸ਼ ਪਾਕਿਸਤਾਨ, ਬੰਗਲਾਦੇਸ਼ ਤੇ ਨੇਪਾਲ ਨਾਲੋਂ ਵੀ ਮਾੜੇ ਹਾਲਾਤ

**ਨਵੀਂ ਦਿੱਲੀ:** ਭੁੱਖਮਰੀ ਦੇ ਵਧ ਰਹੇ ਸੰਕਟ ਨੂੰ ਦਰਸਾਉਂਦੀ ਰਿਪੋਰਟ ਨੇ ਭਾਰਤ ਸਰਕਾਰ ਦੇ ਦਾਅਵਿਆਂ ਦੀ ਫੂਕ ਕੱਢ ਕੇ ਰੱਖ ਦਿੱਤੀ ਹੈ। ਦੁਨੀਆਂ ਭਰ ਵਿਚ ਯੂ.ਐਨ.ਓ. ਦੀ ਖੁਰਾਕ ਤੇ ਖੇਤੀ ਸੰਗਠਨ (ਐਫ.ਏ.ਓ.) ਦੇ ਅੰਕੜਿਆਂ 'ਤੇ ਆਧਾਰਿਤ ਸਰਵੇਖਣ ਮੁਤਾਬਕ ਭੁੱਖਮਰੀ ਸੂਚਕ ਅੰਕ 'ਚ ਭਾਰਤ ਹੇਠਾਂ ਚਲਾ ਗਿਆ ਹੈ। ਰਿਪੋਰਟ ਦਾ ਆਧਾਰ ਅਪੌਸ਼ਟਿਕ ਭੋਜਨ ਨਾਲ ਗੁਜ਼ਾਰਾ ਕਰ ਰਹੇ ਲੋਕਾਂ ਨੂੰ ਬਣਾਇਆ ਗਿਆ ਹੈ।



2020 ਦੀ ਰਿਪੋਰਟ ਵਿਚ ਭਾਰਤ ਦਾ 107 ਦੇਸ਼ਾਂ ਵਿਚੋਂ 94ਵਾਂ ਨੰਬਰ ਸੀ ਅਤੇ ਹੁਣ 116 ਦੇਸ਼ਾਂ ਵਿਚੋਂ ਇਹ 101ਵੇਂ ਨੰਬਰ ਤੱਕ ਡਿੱਗ ਗਿਆ ਹੈ। ਗੁਆਂਢੀ ਦੇਸ਼ ਪਾਕਿਸਤਾਨ, ਬੰਗਲਾਦੇਸ਼ ਅਤੇ ਨੇਪਾਲ ਵਰਗਿਆਂ ਦੀ ਹਾਲਤ ਵੀ ਭਾਰਤ ਨਾਲੋਂ ਬਿਹਤਰ ਹੈ। ਸਰਵੇ ਵਿਚ ਆਏ ਸਾਰੇ ਦੇਸ਼ਾਂ ਵਿਚੋਂ ਕੇਵਲ 15 ਦੇਸ਼ਾਂ ਦੀ ਹਾਲਤ ਹੀ ਭਾਰਤ ਨਾਲੋਂ ਨਾਜ਼ੁਕ ਹੈ। ਭਾਰਤ ਸਭ ਤੋਂ ਗੰਭੀਰ ਹਾਲਤ ਵਾਲੇ 31 ਦੇਸ਼ਾਂ ਅੰਦਰ ਸ਼ੁਮਾਰ ਹੈ। ਇਹ ਪਹਿਲੀ ਰਿਪੋਰਟ ਨਹੀਂ ਜੋ ਕੋਵਿਡ ਤੋਂ ਬਾਅਦ ਲੋਕਾਂ ਦਾ ਰੁਜ਼ਗਾਰ ਚਲੇ ਜਾਣ ਜਾਂ ਆਮਦਨ ਘਟਣ ਕਰ ਕੇ ਬਦਤਰ ਹਾਲਤ ਬਿਆਨਦੀ ਹੈ। ਜਨਵਰੀ 2021 ਵਿਚ ਮੰਨੀ ਪ੍ਰਮੰਨੀ ਸੰਸਥਾ ਔਕਸਫੈਮ ਦੀ ਰਿਪੋਰਟ ਹੋਰ ਤਰੀਕੇ ਤੋਂ ਅਜਿਹੀ ਹਾਲਤ ਦਾ ਪ੍ਰਗਟਾਵਾ ਕਰਦੀ ਨਜ਼ਰ ਆਉਂਦੀ ਹੈ।

ਔਕਸਫੈਮ ਦੀ ਗੈਰ ਬਰਾਬਰੀ ਵਾਇਰਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਅਰਬਪਤੀਆਂ ਦੀ ਦੌਲਤ ਕੋਵਿਡ-19 ਦੌਰਾਨ 35 ਫੀਸਦੀ ਵਧੀ ਹੈ। ਦੇਸ਼ ਦੇ 11 ਅਰਬਪਤੀਆਂ ਦੀ ਇਸ ਦੌਰਾਨ ਵਧੀ ਦੌਲਤ ਨਾਲ ਅਗਲੇ ਦਸ ਸਾਲਾਂ ਲਈ ਮਗਨਰੇਗਾ ਜਾਂ ਸਿਹਤ ਦੇ ਬਜਟ ਦੀ ਪੂਰਤੀ ਕੀਤੀ ਜਾ ਸਕਦੀ ਹੈ। ਦੂਸਰੇ ਪਾਸੇ ਦੇਸ਼ ਦੇ 24 ਫੀਸਦੀ ਲੋਕਾਂ ਨੂੰ ਪ੍ਰਤੀ ਮਹੀਨਾ 3000 ਰੁਪਏ ਤੋਂ ਵੀ ਘੱਟ ਨਾਲ ਗੁਜ਼ਾਰਾ ਕਰਨ ਲਈ ਮਜਬੂਰ ਹੋਣਾ ਪਿਆ ਹੈ। ਰਿਪੋਰਟ ਦੇ ਅਨੁਮਾਨ ਅਨੁਸਾਰ ਇਨ੍ਹਾਂ ਚੰਦ ਅਮੀਰਾਂ ਦੀ ਇਕੱਲੀ ਕੋਵਿਡ-19 ਦੌਰਾਨ ਕਮਾਈ ਦੌਲਤ ਨਾਲ ਹੀ ਦੇਸ਼ ਦੇ 13.80 ਕਰੋੜ ਲੋਕਾਂ ਨੂੰ ਘੱਟੋ-ਘੱਟ ਪੰਜ ਮਹੀਨੇ ਲਈ ਗਰੀਬੀ ਵਿਚੋਂ ਕੱਢਿਆ ਜਾ ਸਕਦਾ ਹੈ।

ਭੁੱਖਮਰੀ ਵਾਲੀ ਰਿਪੋਰਟ ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ ਦੀ ਕੋਵਿਡ-19 ਦੌਰਾਨ ਆਪਣੇ ਲੋਕਾਂ ਵਾਸਤੇ ਕੀਤੇ ਕੰਮ ਦਾ ਪਾਜ਼ ਵੀ ਉਘੇੜਦੀ ਹੈ। ਇਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੇ ਗਰੀਬਾਂ ਤੱਕ ਖੁਰਾਕ ਪਹੁੰਚਾਉਣ ਅਤੇ ਹੋਰ ਸਹੂਲਤਾਂ ਦੇਣ ਦੇ ਬਿਆਨ ਜ਼ਮੀਨੀ ਹਕੀਕਤ ਉੱਤੇ ਅਮਲ ਵਿਚ ਲਾਗੂ ਹੁੰਦੇ ਦਿਖਾਈ ਨਹੀਂ ਦਿੱਤੇ। ਕਰੋੜਾਂ ਲੋਕਾਂ ਦੇ ਰੁਜ਼ਗਾਰ ਚਲੇ ਗਏ, ਤਨਖਾਹਾਂ ਵਿਚ ਕਟੌਤੀ ਹੋਈ। ਕਾਰੋਬਾਰ ਬੰਦ ਹੋ ਗਏ ਅਤੇ ਅਜੇ ਤੱਕ ਆਰਥਿਕਤਾ ਦੀ ਗੱਡੀ ਲੀਹ ਉੱਤੇ ਨਹੀਂ ਆਈ।

ਉਧਰ, ਸੰਯੁਕਤ ਰਾਸ਼ਟਰ ਦੇ ਮਨੁੱਖੀ ਮਾਮਲਿਆਂ ਦੇ ਵਿਭਾਗ ਨੇ ਹਾਲ ਹੀ ਵਿਚ ਚਿਤਾਵਨੀ ਦਿੱਤੀ ਹੈ ਕਿ ਅਗਲੇ ਇਕ ਸਾਲ ਵਿਚ ਭੁੱਖਮਰੀ ਦਾ ਅੰਕੜਾ ਦੁੱਗਣਾ ਹੋ ਜਾਵੇਗਾ। ਲੱਖਾਂ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਣਗੇ। ਦੁਨੀਆ 'ਚ ਇਸ ਸਮੇਂ ਤਕਰੀਬਨ 82 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹਨ ਅਤੇ 5 ਸਾਲ ਤੋਂ ਘੱਟ ਉਮਰ ਦੇ 14 ਕਰੋੜ ਬੱਚੇ ਅਜਿਹੇ ਹਨ, ਜੋ ਕੁਪੋਸ਼ਣ ਕਰਕੇ ਸਰੀਰਕ ਵਿਕਾਸ ਸਬੰਧੀ ਸਮੱਸਿਆਵਾਂ ਨਾਲ ਜੂਝ ਰਹੇ ਹਨ। ਅੰਤਰਰਾਸ਼ਟਰੀ ਸੰਸਥਾ 'ਔਕਸਫੈਮ' ਨੇ ਆਪਣੀ ਹਾਲ ਹੀ ਵਿਚ ਜਾਰੀ ਕੀਤੀ ਰਿਪੋਰਟ ਵਿਚ ਖਦਸ਼ਾ ਪ੍ਰਗਟਾਇਆ ਹੈ ਕਿ ਕਰੋਨਾ ਮਹਾਂਮਾਰੀ ਕਾਰਨ ਪੈਦਾ ਹੋਈ ਆਰਥਿਕ ਮੰਦੀ ਦੇ ਫਲਸਰੂਪ ਭੁੱਖਮਰੀ ਫੈਲਣ ਕਰਕੇ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਕਰੋਨਾ ਵਾਇਰਸ ਨਾਲ ਹੋਣ ਵਾਲੀਆਂ ਮੌਤਾਂ ਨਾਲੋਂ ਕਈ ਗੁਣਾ ਜ਼ਿਆਦਾ ਹੋ ਸਕਦੀ ਹੈ।

ਵਿਸ਼ਵ ਖਾਧ ਪ੍ਰੋਗਰਾਮ ਦੇ ਪ੍ਰਮੁੱਖ ਡੇਵਿਡ ਵੇਸਲੇ ਨੇ ਕਿਹਾ ਸੀ ਕਿ ਦੁਨੀਆਂ ਨੂੰ ਕਰੋਨਾ ਤੋਂ ਬਾਅਦ ਇਕ ਹੋਰ ਭਿਆਨਕ ਸੰਕਟ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਵਿਸ਼ਵ ਭਰ ਦੇ 25 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਸਕਦੇ ਹਨ। ਦੁਨੀਆਂ ਵਿਚ ਪਹਿਲਾਂ ਹੀ 82 ਕਰੋੜ ਲੋਕ ਭੁੱਖ ਦਾ ਸਾਹਮਣਾ ਕਰ ਰਹੇ ਹਨ। ਜਦੋਂ ਕਰੋਨਾ ਮਹਾਂਮਾਰੀ ਨੇ ਦੁਨੀਆਂ ਭਰ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ ਤਾਂ ਭੁੱਖਮਰੀ ਦਾ ਸੰਕਟ ਹੋਰ ਵੀ ਵਿਆਪਕ ਹੋ ਸਕਦਾ ਹੈ।

## ਭੁੱਖਮਰੀ ਦੀ ਦਰਜਾਬੰਦੀ ਪ੍ਰਣਾਲੀ 'ਗੈਰ ਵਿਗਿਆਨਕ': ਭਾਰਤ

**ਨਵੀਂ ਦਿੱਲੀ:** ਸਰਕਾਰ ਨੇ ਕਿਹਾ ਕਿ ਇਹ ਹੈਰਾਨ ਕਰਨ ਵਾਲਾ ਹੈ ਕਿ ਆਲਮੀ ਪੱਧਰ ਉਤੇ ਭੁੱਖਮਰੀ ਦੀ ਸੂਚੀ ਵਿਚ ਭਾਰਤ ਦੀ ਦਰਜਾਬੰਦੀ ਹੇਠਾਂ ਵੱਲ ਖਿਸਕ ਗਈ ਹੈ। ਭਾਰਤ ਨੇ ਦਰਜਾਬੰਦੀ ਲਈ ਅਪਣਾਈ ਗਈ ਪ੍ਰਣਾਲੀ ਨੂੰ 'ਗੈਰ-ਵਿਗਿਆਨਕ' ਕਰਾਰ ਦਿੱਤਾ ਹੈ। ਭਾਰਤ 116 ਦੇਸ਼ਾਂ ਦੀ ਸੂਚੀ ਵਿਚ 101ਵੇਂ ਸਥਾਨ ਉਤੇ ਪਹੁੰਚ ਗਿਆ ਹੈ। ਸੰਨ 2020 ਵਿਚ ਇਹ 94ਵੇਂ ਸਥਾਨ ਉਤੇ ਸੀ। ਭਾਰਤ ਹੁਣ ਆਪਣੇ ਗੁਆਂਢੀ ਮੁਲਕਾਂ ਪਾਕਿਸਤਾਨ, ਬੰਗਲਾਦੇਸ਼ ਤੇ ਨੇਪਾਲ ਤੋਂ ਵੀ ਪਿੱਛੇ ਹੈ। ਰਿਪੋਰਟ ਉਤੇ ਤਿੱਖੀ ਪ੍ਰਤੀਕਿਰਿਆਂ ਦਿੰਦਿਆਂ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਨੇ ਕਿਹਾ ਕਿ ਇਹ 'ਹੈਰਾਨ ਕਰਨ ਵਾਲਾ ਹੈ' ਕਿ ਆਲਮੀ ਭੁੱਖ ਰਿਪੋਰਟ 2021 ਨੇ ਕੁਪੋਸ਼ਣ ਦਾ ਸ਼ਿਕਾਰ ਆਬਾਦੀ ਦੇ ਅਨੁਪਾਤ ਉਤੇ ਐਫ.ਏ.ਓ. ਦੇ ਅੰਦਾਜ਼ਿਆਂ ਦੇ ਅਧਾਰ 'ਤੇ ਭਾਰਤ ਦੀ ਦਰਜਾਬੰਦੀ ਘਟਾ ਦਿੱਤੀ ਹੈ ਜੋ 'ਜ਼ਮੀਨੀ ਹਕੀਕਤ ਤੇ ਤੱਥਾਂ ਤੋਂ ਰਹਿਤ, ਅਤੇ ਗੰਭੀਰ ਕਾਰਜ ਪ੍ਰਣਾਲੀ ਮੁੱਦਿਆਂ ਤੋਂ ਗ੍ਰਸਤ ਪਾਈ ਗਈ ਹੈ।'

## ਚੀਨ ਦੀ ਜੀ.ਡੀ.ਪੀ. ਤੀਜੀ ਤਿਮਾਹੀ 'ਚ ਨਿਘਰੀ

**ਪੇਈਚਿੰਗ:** ਵਿੱਤੀ ਵਰ੍ਹੇ ਦੀ ਤੀਜੀ ਤਿਮਾਹੀ ਵਿਚ ਚੀਨ ਦੀ ਜੀ.ਡੀ.ਪੀ. 4.9 ਫੀਸਦ ਰਹੀ ਹੈ ਜੋ ਕਿ ਦੂਜੀ ਨਾਲੋਂ ਕਾਫੀ ਘੱਟ ਹੈ। ਦੂਜੀ ਤਿਮਾਹੀ ਵਿਚ ਜੀ.ਡੀ.ਪੀ. 7.9 ਫੀਸਦ ਸੀ। ਚੀਨ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਅਰਥਚਾਰਾ ਹੈ ਅਤੇ ਮਹਾਮਾਰੀ ਦੀ ਮਾਰ ਝੱਲ ਰਿਹਾ ਹੈ। ਕੋਵਿਡ ਸੰਕਟ ਨੇ ਪ੍ਰਾਪਰਟੀ ਕਾਰੋਬਾਰ, ਊਰਜਾ ਖੇਤਰ ਤੇ ਰਿਕਵਰੀ ਨੂੰ ਪ੍ਰਭਾਵਿਤ ਕੀਤਾ ਹੈ। ਇਸ ਸਾਲ ਦੇ ਸ਼ੁਰੂਆਤੀ ਮਹੀਨਿਆਂ ਵਿਚ ਚੀਨ ਦੀ ਆਰਥਿਕਤਾ ਤੇਜੀ ਨਾਲ ਵਧ ਰਹੀ ਸੀ ਪਰ ਮਗਰੋਂ ਇਸ ਵਿਚ ਨਿਘਾਰ ਆਇਆ ਹੈ। ਚੀਨ ਦੇ 'ਸਟੈਟਿਕਸ ਬਿਊਰੋ' ਦੇ ਬੁਲਾਰੇ ਫੂ ਲਿੰਗਹੁਈ ਨੇ ਕਿਹਾ ਕਿ ਕੌਮਾਂਤਰੀ ਪੱਧਰ ਉਤੇ ਇਸ ਵੇਲੇ ਬੇਭਰੋਸਗੀ ਦਾ ਮਾਹੌਲ ਹੈ। ਘਰੇਲੂ ਆਰਥਿਕ ਰਿਕਵਰੀ ਅਜੇ ਵੀ ਸਥਿਰ ਨਹੀਂ ਹੈ। ਅੰਕੜਿਆਂ ਮੁਤਾਬਕ ਚੀਨ ਵਿਚ ਵਸਤਾਂ ਦੀ ਖਪਤ ਵਧੀ ਹੈ ਅਤੇ ਪ੍ਰਚੂਨ ਵਿਕਰੀ ਵਿਚ ਵਾਧਾ ਦਰਜ ਕੀਤਾ ਗਿਆ ਹੈ। ਮੁਲਕ ਵਿਚ ਸ਼ਹਿਰੀ ਬੇਰੁਜ਼ਗਾਰੀ ਦਰ 4.9 ਫੀਸਦ ਹੈ।

# ਖਾਦ-ਬੀਜ ਦੀ ਕਿੱਲਤ ਲਈ ਕੇਂਦਰ ਨੂੰ ਜ਼ਿੰਮੇਵਾਰ ਠਹਿਰਾਇਆ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨ ਜਥੇਬੰਦੀਆਂ ਨੇ ਸੂਬੇ ਵਿਚ ਪੂੰਜੀਪਤੀ ਘਰਾਣਿਆਂ, ਪੈਟਰੋਲ ਪੰਪਾਂ, ਭਾਜਪਾ ਆਗੂਆਂ ਦੇ ਘਰਾਂ/ਦਫਤਰਾਂ ਮੂਹਰੇ, ਰੇਲਵੇ ਪਾਰਕਾਂ, ਟੌਲ ਪਲਾਜ਼ਿਆਂ ਸਣੇ 125 ਦੇ ਕਰੀਬ ਥਾਵਾਂ 'ਤੇ ਧਰਨੇ ਜਾਰੀ ਰਹੇ।

ਧਰਨਿਆਂ 'ਚ ਵੱਡੀ ਗਿਣਤੀ 'ਚ ਮਹਿਲਾਵਾਂ, ਬਜ਼ੁਰਗਾਂ, ਨੌਜਵਾਨਾਂ ਨੇ ਹਿੱਸਾ ਲਿਆ। ਉਨ੍ਹਾਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕਰਦਿਆਂ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸੇ ਦੌਰਾਨ ਦਿੱਲੀ ਦੀਆਂ ਬਰੂੰਹਾਂ 'ਤੇ ਚੱਲ ਰਹੇ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਸੂਬੇ ਵਿਚੋਂ ਕਿਸਾਨਾਂ ਦੇ ਕਾਫਲੇ ਦਿੱਲੀ ਲਈ ਰਵਾਨਾ ਹੋਏ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਜਾਣ-



ਬੁੱਝ ਕੇ ਖਾਦ ਤੇ ਬੀਜ ਦੀ ਕਿੱਲਤ ਪੈਦਾ ਕਰ ਰਹੀ ਹੈ। ਕੇਂਦਰ ਅਤੇ ਸੂਬਾ ਸਰਕਾਰ ਨੇ ਹਰ ਸਾਲ ਵਰਤੋਂ 'ਚ ਆਉਂਦੀ ਖਾਦ ਅਤੇ ਬੀਜ ਦਾ ਅੱਧ ਬਰਾਬਰ ਹਿੱਸੇ ਦਾ ਵੀ ਪ੍ਰਬੰਧ ਨਹੀਂ ਕੀਤਾ।

ਉਨ੍ਹਾਂ ਮੰਗ ਕੀਤੀ ਕਿ ਖਾਦ ਅਤੇ ਬੀਜ ਦਾ ਪ੍ਰਬੰਧ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ। ਆਗੂਆਂ ਨੇ ਕੌਮਾਂਤਰੀ ਭੁੱਖਮਰੀ ਸੂਚਕ-ਅੰਕ ਲਿਸਟ 'ਚ ਭਾਰਤ ਦੀ ਨਿੱਘਰ ਰਹੀ ਹਾਲਤ 'ਤੇ ਫਿਕਰਮੰਦੀ ਜ਼ਾਹਿਰ ਕੀਤੀ। ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਨੇ ਭੁੱਖਮਰੀ ਬਾਰੇ ਕਰਵਾਏ ਸਰਵੇਖਣ ਅਨੁਸਾਰ 116 ਦੇਸ਼ਾਂ ਵਿਚੋਂ ਭਾਰਤ 102ਵੇਂ ਨੰਬਰ 'ਤੇ ਹੈ, ਜਦਕਿ ਪਿਛਲੇ ਸਾਲ 94ਵੇਂ ਨੰਬਰ 'ਤੇ ਸੀ। ਉਨ੍ਹਾਂ ਕਿਹਾ ਕਿ ਕੌਮੀ ਜਾਂਚ ਏਜੰਸੀ ਦੇ ਅੰਕੜੇ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲ੍ਹ ਰਹੇ ਹਨ। ਦੇਸ਼ 'ਚ ਆਨਾਜ ਭੰਡਾਰ ਲੋੜ ਨਾਲੋਂ ਤਿੰਨ ਗੁਣਾ ਵੱਧ ਹੈ। ਜੇਕਰ ਇੰਨਾ ਅਨਾਜ ਭੰਡਾਰ ਹੈ ਤਾਂ ਭੁੱਖਮਰੀ ਦੇ ਪੱਖੋਂ ਸਾਡੀ ਹਾਲਤ ਇੰਨੀ ਖਰਾਬ ਕਿਉਂ ਹੈ। ਆਗੂਆਂ ਨੇ ਕਿਹਾ ਕਿ ਜੇਕਰ ਦੇਸ਼ ਦਾ ਅੰਨਦਾਤਾ ਅਨਾਜ ਦੀ ਪੈਦਾਵਾਰ ਕਰਦਾ ਹੈ ਤਾਂ ਹੀ ਦੇਸ਼ ਦੇ ਲੋਕਾਂ ਦਾ ਢਿੱਡ ਭਰਦਾ ਹੈ।

# ਮਹਿੰਗਾਈ ਦਰ ਸਤੰਬਰ 'ਚ ਘੱਟ ਕੇ 10.66 ਫੀਸਦ 'ਤੇ ਪਹੁੰਚੀ

**ਨਵੀਂ ਦਿੱਲੀ:** ਖੁਰਾਕੀ ਵਸਤਾਂ ਦੇ ਭਾਅ 'ਚ ਨਰਮੀ ਕਾਰਨ ਥੋਕ ਕੀਮਤਾਂ 'ਤੇ ਆਧਾਰਿਤ ਮਹਿੰਗਾਈ ਦਰ ਸਤੰਬਰ 'ਚ ਘੱਟ ਕੇ 10.66 ਫੀਸਦ 'ਤੇ ਆ ਗਈ ਹੈ। ਉਂਜ ਇਸ ਦੌਰਾਨ ਕੱਚੇ ਤੇਲ 'ਚ ਤੇਜੀ ਦੇਖੀ ਗਈ। ਥੋਕ ਮੁੱਲ ਸੂਚਕ ਅੰਕ (ਡਬਲਿਊ.ਪੀ.ਆਈ.) 'ਤੇ ਆਧਾਰਿਤ ਮਹਿੰਗਾਈ ਦਰ ਲਗਾਤਾਰ ਛੇਵੇਂ ਮਹੀਨੇ ਦਹਾਈ ਅੰਕਾਂ 'ਚ ਰਹੀ ਜੋ ਸਤੰਬਰ 'ਚ ਪਿਛਲੇ ਛੇ ਮਹੀਨਿਆਂ 'ਚ ਸਭ ਤੋਂ ਘੱਟ ਹੈ।

ਅਗਸਤ 'ਚ ਇਹ 11.39 ਫੀਸਦ ਸੀ ਜਦਕਿ ਸਤੰਬਰ 2020 'ਚ ਮਹਿੰਗਾਈ ਦਰ 1.32 ਫੀਸਦ ਰਹੀ ਸੀ। ਵਣਜ ਅਤੇ ਸਨਅਤ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਪਿਛਲੇ ਵਰ੍ਹੇ ਇਸੇ ਮਹੀਨੇ ਦੇ ਮੁਕਾਬਲੇ ਸਤੰਬਰ 2021 'ਚ ਮਹਿੰਗਾਈ ਦਰ ਦੀ ਉਚ ਦਰ ਮੁੱਖ ਤੌਰ 'ਤੇ ਖਣਿਜ ਤੇਲਾਂ, ਮੂਲ ਧਾਤਾਂ, ਗੈਰ ਖੁਰਾਕੀ ਵਸਤਾਂ, ਖੁਰਾਕੀ ਵਸਤਾਂ, ਕੱਚੇ ਤੇਲ ਅਤੇ ਕੁਦਰਤੀ ਗੈਸ ਆਦਿ ਦੀਆਂ ਕੀਮਤਾਂ 'ਚ ਵਾਧੇ ਕਾਰਨ ਦਰਜ ਹੋਈ ਹੈ। ਖੁਰਾਕੀ ਵਸਤਾਂ ਦੀ ਮਹਿੰਗਾਈ ਦਰ 'ਚ ਲਗਾਤਾਰ ਪੰਜਵੇਂ ਮਹੀਨੇ ਕਮੀ ਆਈ ਹੈ।

ਇਸ ਦੌਰਾਨ ਸਬਜ਼ੀਆਂ ਸਸਤੀਆਂ ਹੋਈਆਂ ਪਰ ਦਾਲਾਂ 'ਚ ਤੇਜੀ ਬਣੀ ਰਹੀ। ਈਂਧਣ ਅਤੇ ਬਿਜਲੀ ਦੀ ਮਹਿੰਗਾਈ ਦਰ ਸਤੰਬਰ 'ਚ 24.91 ਫੀਸਦ ਸੀ ਜੋ ਇਸ ਤੋਂ ਪਿਛਲੇ ਮਹੀਨੇ 26.09 ਫੀਸਦ ਸੀ। ਕੱਚੇ ਤੇਲ ਅਤੇ ਕੁਦਰਤੀ ਗੈਸ ਦੀਆਂ ਕੀਮਤਾਂ 'ਚ ਸਤੰਬਰ 'ਚ 43.92 ਫੀਸਦ ਦਾ ਵਾਧਾ ਹੋਇਆ ਜੋ ਇਸ ਤੋਂ ਪਿਛਲੇ ਮਹੀਨੇ 'ਚ 40.03 ਫੀਸਦ ਸੀ। ਇਕਰਾ ਦੀ ਮੁੱਖ ਅਰਥਸ਼ਾਸਤਰੀ ਆਦਿੱਤੀ ਨਾਇਰ ਨੇ ਕਿਹਾ ਕਿ ਅਗਸਤ 2021 ਦੇ ਮੁਕਾਬਲੇ 'ਚ ਸਤੰਬਰ 'ਚ ਥੋਕ ਮੁੱਲ ਸੂਚਕ ਅੰਕ 'ਤੇ ਆਧਾਰਿਤ ਮਹਿੰਗਾਈ ਦਰ 'ਚ ਗਿਰਾਵਟ ਖੁਰਾਕੀ ਵਸਤਾਂ ਦੀਆਂ ਕੀਮਤਾਂ 'ਚ ਹੋਈ ਭਾਰੀ ਕਮੀ ਕਾਰਨ ਹੈ। ਉਨ੍ਹਾਂ ਕਿਹਾ ਕਿ ਚਾਰ ਮਹੀਨਿਆਂ ਤੋਂ ਲਗਾਤਾਰ ਨਰਮੀ ਤੋਂ ਬਾਅਦ ਅਕਤੂਬਰ 'ਚ ਡਬਲਿਊ.ਪੀ.ਆਈ. ਮਹਿੰਗਾਈ ਦਰ 'ਚ ਵਾਧਾ ਅਤੇ ਮੌਜੂਦਾ ਵਿੱਤੀ ਵਰ੍ਹੇ ਦੀ ਤੀਜੀ ਤਿਮਾਹੀ 'ਚ ਇਸ ਦੇ ਦਹਾਈ ਅੰਕ 'ਚ ਰਹਿਣ ਦੀ ਉਮੀਦ ਹੈ।

## ਭਾਰਤੀ-ਅਮਰੀਕੀ ਵਿਗਿਆਨੀ ਨੂੰ ਲਾਈਫਟਾਈਮ ਪੁਰਸਕਾਰ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਵਿਗਿਆਨੀ ਡਾ. ਵਿਵੇਕ ਲਾਲ ਨੂੰ ਦੁਬਈ ਵਿਚ ਰਿਟੋਸਾ ਫੈਮਿਲੀ ਸੰਮੇਲਨ ਵਿਚ ਲਾਈਫਟਾਈਮ ਅਚੀਵਮੈਂਟ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸਰ ਐਂਥਨੀ ਰਿਟੋਸਾ ਨੇ ਪੁਰਸਕਾਰ ਸਮਾਰੋਹ ਵਿਚ ਡਾ. ਲਾਲ ਨੂੰ ਕਿਹਾ ਕਿ ਉਹ ਲਾਈਫਟਾਈਮ ਅਚੀਵਮੈਂਟ ਪੁਰਸਕਾਰ ਦੇ ਹੱਕਦਾਰ ਹਨ। ਉਨ੍ਹਾਂ ਡਾ. ਲਾਲ ਨੂੰ ਉਨ੍ਹਾਂ ਦੀਆਂ ਸਾਰੀਆਂ ਪ੍ਰਾਪਤੀਆਂ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। ਜਾਰੀ ਬਿਆਨ ਅਨੁਸਾਰ ਡਾ. ਲਾਲ ਨੂੰ ਭਾਰਤ-ਅਮਰੀਕੀ ਰੱਖਿਆ ਵਪਾਰ ਨੂੰ ਵਧਾਉਣ ਅਤੇ ਦੋਹਾਂ ਦੇਸ਼ਾਂ ਵਿਚਾਲੇ ਕੁਝ ਅਹਿਮ ਸਮਝੌਤਿਆਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਨੂੰ ਵਧੀਆ ਨਜ਼ਰੀਏ, ਸਮਰਪਣ ਅਤੇ ਸਫਲਤਾ ਲਈ ਇਹ ਪੁਰਸਕਾਰ ਦਿੱਤਾ ਗਿਆ ਹੈ। ਡਾ. ਲਾਲ ਨੂੰ ਇਹ ਪੁਰਸਕਾਰ ਸੰਯੁਕਤ ਅਰਬ ਅਮੀਰਾਤ ਦੇ ਵਿਦੇਸ਼ ਵਪਾਰ ਰਾਜ ਮੰਤਰੀ ਡਾ. ਥਾਨੀ ਬਿਨ ਅਹਿਮਦ ਦੀ ਮੌਜੂਦਗੀ ਵਿਚ ਦਿੱਤਾ ਗਿਆ। ਇਸ ਪ੍ਰੋਗਰਾਮ ਵਿਚ ਵਿਸ਼ਵ ਦੇ ਕਈ ਪ੍ਰਭਾਵਸ਼ਾਲੀ ਆਗੂ ਸ਼ਾਮਲ ਹੋਏ।



# ਵਾਦੀ 'ਚ ਗੈਰ ਕਸ਼ਮੀਰੀਆਂ ਦੀ ਹੱਤਿਆ ਦਾ ਸਿਲਸਿਲਾ ਜਾਰੀ

**ਸ੍ਰੀਨਗਰ:** ਜੰਮੂ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿਚ ਦਹਿਸ਼ਤਗਰਦਾਂ ਨੇ ਦੋ ਹੋਰ ਗੈਰ ਕਸ਼ਮੀਰੀ ਮਜ਼ਦੂਰਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪਿਛਲੇ ਕਈ ਦਿਨਾਂ ਤੋਂ ਵਾਦੀ ਵਿਚ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੁਲਗਾਮ ਦੇ ਵਨਪੋਹ ਇਲਾਕੇ ਵਿਚ ਅਤਿਵਾਦੀਆਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਦੋ ਬਿਹਾਰੀ ਮਜ਼ਦੂਰਾਂ ਰਾਜਾ ਰੇਸ਼ੀ ਦੇਵ ਤੇ ਜੋਗਿੰਦਰ ਰੇਸ਼ੀ ਦੇਵ ਦੀ ਹੱਤਿਆ ਕਰ ਦਿੱਤੀ।

ਇਕ ਹੋਰ ਮਜ਼ਦੂਰ ਚੁਨ ਚੁਨ ਰੇਸ਼ੀ ਦੇਵੀ ਫੱਟੜ ਹੋ ਗਿਆ ਹੈ। ਅਧਿਕਾਰੀਆਂ ਮੁਤਾਬਕ ਅਤਿਵਾਦੀ ਮਜ਼ਦੂਰਾਂ ਵੱਲੋਂ ਕਿਰਾਏ ਉਤੇ ਲਈ ਰਿਹਾਇਸ਼ ਵਿਚ ਵੜ ਗਏ ਤੇ ਗੋਲੀਆਂ ਚਲਾ ਦਿੱਤੀਆਂ। 24 ਘੰਟਿਆਂ ਵਿਚ ਬਾਹਰਲੇ ਸੂਬਿਆਂ ਦੇ ਮਜ਼ਦੂਰਾਂ ਉਤੇ ਇਹ ਤੀਜਾ ਹਮਲਾ ਹੈ।

ਇਸੇ ਦੌਰਾਨ ਜੰਮੂ ਕਸ਼ਮੀਰ ਪੁਲਿਸ ਨੇ ਕਿਹਾ ਹੈ ਕਿ ਗੈਰ ਕਸ਼ਮੀਰੀ ਮਜ਼ਦੂਰਾਂ ਨੂੰ ਤੁਰਤ ਪੁਲਿਸ ਤੇ ਸੈਨਾ ਦੇ ਕੈਂਪਾਂ ਵਿਚ ਲਿਆਂਦਾ ਜਾਵੇਗਾ। ਇਸ ਤੋਂ ਪਹਿਲਾਂ ਬਿਹਾਰ ਦੇ ਇਕ ਰੇੜ੍ਹੀ ਲਾਉਣ ਵਾਲੇ ਦੀ ਅਤੇ ਯੂਪੀ ਦੇ ਇਕ ਕਾਰਪੇਂਟਰ ਦੀ ਹੱਤਿਆ ਕਰ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਸਕੂਲ ਵਿਚ ਦਾਖਲ ਹੋ ਕੇ ਇਕ ਸਿੱਖ ਮਹਿਲਾ ਅਧਿਆਪਕ ਦੀ ਹੱਤਿਆ ਕਰ ਦਿੱਤੀ ਗਈ ਸੀ।

ਨਾਗਰਿਕਾਂ ਦੀਆਂ ਲਗਾਤਾਰ ਹੋ ਰਹੀਆਂ ਹੱਤਿਆਵਾਂ ਦੇ ਮੱਦੇਨਜਰ ਜੰਮੂ ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਕਿਹਾ ਕਿ ਅਤਿਵਾਦੀਆਂ ਤੇ ਉਨ੍ਹਾਂ ਦੇ ਹਮਦਰਦਾਂ ਦਾ ਖਾਤਮਾ ਕਰ ਕੇ ਖੂਨ ਦੀ ਡੁੱਲ੍ਹੀ ਹਰ ਇਕ ਬੂੰਦ ਦਾ ਬਦਲਾ ਲਿਆ ਜਾਵੇਗਾ। ਸਿਨਹਾ ਨੇ ਕਿਹਾ ਕਿ ਜੰਮੂ ਕਸ਼ਮੀਰ ਦੀ ਸਮਾਜਿਕ-ਆਰਥਿਕ ਤਰੱਕੀ ਵਿਚ ਅੜਿੱਕਾ ਪਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸ ਤੋਂ ਇਲਾਵਾ ਸ਼ਾਂਤੀ ਭੰਗ ਕਰਨ ਤੇ ਲੋਕਾਂ ਦਾ ਵਿਕਾਸ ਰੋਕਣ ਦਾ ਯਤਨ ਕੀਤਾ ਜਾ ਰਿਹਾ ਹੈ। ਉਪ ਰਾਜਪਾਲ ਨੇ ਜਾਨ ਗੁਆਉਣ ਵਾਲਿਆਂ ਨੂੰ ਇਕ ਰੇਡੀਓ ਪ੍ਰੋਗਰਾਮ ਰਾਹੀਂ ਸ਼ਰਧਾਂਜਲੀ ਦਿੱਤੀ। ਜੰਮੂ ਕਸ਼ਮੀਰ ਵਿਚ ਭਾਜਪਾ ਦੇ ਬੁਲਾਰੇ ਅਲਤਾਫ ਠਾਕੁਰ ਨੇ ਹੱਤਿਆਵਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ 'ਇਹ ਨਿਰੋਲ ਨਸਲਕੁਸ਼ੀ ਹੈ। ਗੈਰ ਕਸ਼ਮੀਰੀਆਂ ਦੀਆਂ ਬੇਰਹਿਮੀ ਨਾਲ ਹੱਤਿਆਵਾਂ ਅਣਮਨੁੱਖੀ ਹਨ ਤੇ ਦਹਿਸ਼ਤਗਰਦਾਂ ਦੀ ਨਿਰਾਸ਼ਾ ਨੂੰ ਦਰਸਾਉਂਦੀਆਂ ਹਨ।'



ਜੰਮੂ ਕਸ਼ਮੀਰ ਵਿਚ ਲਗਾਤਾਰ ਹੋ ਰਹੀਆਂ ਨਾਗਰਿਕਾਂ ਤੇ ਸੁਰੱਖਿਆ ਕਰਮੀਆਂ ਦੀਆਂ ਹੱਤਿਆਵਾਂ ਖਿਲਾਫ ਕਈ ਜਥੇਬੰਦੀਆਂ ਨੇ ਰੋਸ ਜ਼ਾਹਿਰ ਕੀਤਾ। ਉਨ੍ਹਾਂ ਵੱਖ-ਵੱਖ ਥਾਵਾਂ ਉਤੇ ਅਤਿਵਾਦ ਤੇ ਪਾਕਿਸਤਾਨ ਵਿਰੁੱਧ ਰੋਸ ਮੁਜ਼ਾਹਰੇ ਕੀਤੇ।

# ਅਫਗਾਨ ਘਟਨਾਵਾਂ ਦੇ ਸਬਕ

ਅਭੈ ਸਿੰਘ
ਫੋਨ: +91-98783-75903

ਅੱਜ ਸਾਰਾ ਸੰਸਾਰ ਇਹ ਪ੍ਰਭਾਵ ਦੇ ਰਿਹਾ ਹੈ ਕਿ ਉਹ ਅਫਗਾਨਿਸਤਾਨ ਦੀਆਂ ਘਟਨਾਵਾਂ ਤੋਂ ਫਿਕਰਮੰਦ ਹੈ। ਘੋਰ ਪਿਛਾਂਹਖਿੱਚੂ ਤੇ ਕੱਟੜ ਧਾਰਮਿਕ ਜਨੂਨ ਵਾਲੇ ਲੋਕਾਂ ਦਾ ਹਕੂਮਤ ਉਪਰ ਕਬਜ਼ਾ ਹੋ ਗਿਆ ਹੈ। ਜਮਹੂਰੀਅਤ ਦਾ ਨਾਮੋ-ਨਿਸ਼ਾਨ ਖਤਮ ਹੈ, ਔਰਤਾਂ ਪ੍ਰਤੀ ਘੋਰ ਜ਼ੁਲਮਾਂ ਦਾ ਦੌਰ ਸ਼ੁਰੂ ਹੋ ਰਿਹਾ ਹੈ ਤੇ ਇਨਸਾਫ ਪ੍ਰਣਾਲੀ ਖਤਮ ਹੈ। ਇਸ ਆਧੁਨਿਕ ਯੁੱਗ ਵਿਚ ਇਕ ਖਿੱਤਾ ਮੱਧਕਾਲੀ ਬਰਬਰਤਾ ਦਾ ਕਾਇਮ ਹੋ ਰਿਹਾ ਹੈ। ਸ਼ਖਸੀ ਆਜ਼ਾਦੀ ਦੀ ਅਣਹੋਂਦ ਹੈ ਤੇ ਧਾਰਮਿਕ ਘੱਟ ਗਿਣਤੀਆਂ ਦੇ ਸਾਹਮਣੇ ਹਨੇਰੇ ਬੱਦਲ ਛਾਏ ਪਏ ਹਨ। ਕੋਈ ਸੁਣਵਾਈ ਨਹੀਂ, ਪੁਕਾਰ ਨਹੀਂ, ਫਰਿਆਦ ਨਹੀਂ।

ਇਹ ਸਭ ਕੁਝ ਠੀਕ ਹੈ, ਫਿਕਰ ਵਾਜਿਬ ਹੈ ਲੇਕਿਨ ਸੰਸਾਰ ਨੂੰ ਕੁਝ ਆਪਣੇ ਕਿਰਦਾਰ ਬਾਰੇ ਵੀ ਸੋਚਣਾ ਪਵੇਗਾ ਕਿ ਇਹ ਸਾਰਾ ਕੁਝ ਕਿਉਂ ਵਾਪਰਿਆ। ਅੱਜ ਯੂਰਪ ਦੇ ਸ਼ਕਤੀਸ਼ਾਲੀ ਮੁਲਕ ਅਤੇ ਖੁਦ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬੁਸ਼ ਅਮਰੀਕਾ ਵੱਲੋਂ ਉਥੋਂ ਫੌਜਾਂ ਕੱਢਣ ਦੀ ਨੁਕਤਾਚੀਨੀ ਕਰ ਰਹੇ ਹਨ। ਉਹ ਇਸ ਨੂੰ ਜਲਦਬਾਜ਼ੀ ਦੱਸ ਰਹੇ ਹਨ ਪਰ ਵੀਹ ਸਾਲ ਅਮਰੀਕਾ ਅਤੇ ਹੋਰ ਦੇਸ਼ਾਂ ਦੀ ਫੌਜਾਂ ਤਾਇਨਾਤ ਰਹੀਆਂ। ਸਵਾਲ ਇਹ ਹੈ ਕਿ ਕੀ ਉਹ ਅਫਗਾਨਿਸਤਾਨ ਨੂੰ ਆਧੁਨਿਕ ਬਣਾ ਸਕੇ, ਕੀ ਜਮਹੂਰੀਅਤ ਤੇ ਸ਼ਖ਼ਸੀ ਆਜ਼ਾਦੀ ਕਾਇਮ ਕਰ ਸਕੇ? ਉਹ ਜੋ ਕੁਝ ਵੀ ਕਰ ਸਕੇ, ਸਿਰਫ ਕਾਬੁਲ ਤੇ ਇਕ ਦੋ ਹੋਰ ਸ਼ਹਿਰਾਂ ਵਿਚ ਕਰ ਸਕੇ, ਸਾਰਾ ਅਫਗਾਨਿਸਤਾਨ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੀ ਰਿਹਾ।

ਜਦੋਂ ਅਮਰੀਕਾ ਨੇ ਅਫਗਾਨਿਸਤਾਨ 'ਚੋਂ ਬਾਹਰ ਆਉਣ ਦਾ ਮਨ ਬਣਾਇਆ ਤੇ ਕਰੀਬ ਤਿੰਨ ਸਾਲ ਤਾਲਿਬਾਨ ਨਾਲ ਗੱਲਬਾਤ ਚੱਲਦੀ ਰਹੀ ਤਾਂ ਉਦੋਂ ਇਤਲਾਹ ਸੀ ਕਿ ਤਾਲਿਬਾਨ ਦਾ 75% ਅਫਗਾਨਿਸਤਾਨ ਉਪਰ ਕਬਜ਼ਾ ਹੈ। ਸੋਚਣ ਵਾਲੀ ਪਹਿਲੀ ਗੱਲ ਇਹ ਹੈ ਕਿ ਜਿਨ੍ਹਾਂ ਦਾ ਤਿੰਨ ਚੌਥਾਈ ਮੁਲਕ ਉਪਰ ਕਬਜ਼ਾ ਹੋਵੇ, ਉਨ੍ਹਾਂ ਵਾਸਤੇ ਬਾਕੀ ਦਾ ਇਕ ਚੌਥਾਈ ਹਾਸਿਲ ਕਰਨਾ ਮੁਸ਼ਕਿਲ ਤਾਂ ਹੋ ਸਕਦਾ ਹੈ, ਦੇਰੀ ਵਾਲਾ ਵੀ ਹੋ ਸਕਦਾ ਹੈ ਪਰ ਅਸੰਭਵ ਨਹੀਂ। ਬਿਨਾ ਗੱਲਬਾਤ ਅਜਿਹਾ ਹੋਣ ਦੇ ਨਤੀਜੇ ਇਸ ਨਾਲੋਂ ਕਾਫੀ ਖਰਾਬ ਨਿਕਲਣੇ ਸਨ।

ਇਕ ਮੁਲਕ ਦੇ ਅੰਦਰ ਇਨਸਾਫ ਦਾ ਤਕਾਜ਼ਾ ਤਲਾਸ਼ਣ ਵੇਲੇ ਤੇ ਜਮਹੂਰੀਅਤ ਦੀ ਅਹਿਮਤ ਦਰਸਾਉਣ ਵੇਲੇ ਦੇਖਣਾ ਪਵੇਗਾ ਕਿ ਕੀ ਕੌਮਾਂਤਰੀ ਪੱਧਰ ਉਪਰ ਮੁਲਕਾਂ ਦਰਮਿਆਨ ਇਨਸਾਫ ਦੀ ਮਜ਼ਬੂਤ ਪ੍ਰਣਾਲੀ ਹੈ। ਗੱਲ ਵੀਹ ਸਾਲ ਪਹਿਲਾਂ ਤੋਂ ਕਰਦੇ ਹਾਂ। ਅਮਰੀਕਾ ਦੇ ਦੋ ਟਰੇਡ ਟਾਵਰਾਂ ਉਪਰ ਹਵਾਈ ਜਹਾਜ਼ਾਂ ਨਾਲ ਆਤਮ-ਘਾਤੀ ਦਹਿਸ਼ਤੀ ਹਮਲਾ ਹੋਇਆ। ਇਮਾਰਤਾਂ ਤਬਾਹ ਹੋਈਆਂ, ਹਜ਼ਾਰਾਂ ਲੋਕ ਮਾਰੇ ਗਏ। ਅਮਰੀਕਾ ਅੰਦਰ ਘੋਰ ਗ਼ਮ ਅਤੇ ਗੁੱਸਾ ਵਾਜਿਬ ਸੀ। ਸਾਰੀ ਦੁਨੀਆ ਵਿਚ ਤ੍ਰਾਹ ਤ੍ਰਾਹ ਸੀ। ਇਹ ਸੱਚਮੁੱਚ ਅਮਰੀਕਾ ਉਪਰ ਹਮਲਾ ਸੀ ਤੇ ਉਸ ਮੁਲਕ ਨੂੰ ਇਨਸਾਫ ਮਿਲਣਾ ਚਾਹੀਦਾ ਸੀ ਲੇਕਿਨ ਕੌਮਾਂਤਰੀ ਪੱਧਰ ਤੇ ਇਨਸਾਫ ਦਾ ਜਮਹੂਰੀ ਤਕਾਜ਼ਾ ਇਕੋ ਰਸਤਾ ਦੱਸਦਾ ਹੈ ਕਿ ਆਲਮੀ ਅਦਾਲਤ ਵਿਚ ਸ਼ਿਕਾਇਤ ਕੀਤੀ ਜਾਵੇ ਤੇ ਆਲਮੀ ਪੰਚਾਇਤ ਯੂ.ਐਨ.ਓ. ਵਿਚ ਫਰਿਆਦ ਕੀਤੀ ਜਾਵੇ। ਉਹ ਕਾਰਾ ਉਸਾਮਾ ਬਿਨ-ਲਾਦਿਨ ਦੇ ਬੰਦਿਆਂ ਨੇ ਜਾਂ ਅਲ-ਕਾਇਦਾ ਨੇ ਕੀਤਾ ਸੀ, ਅਜੇ ਤੱਕ ਇਸ ਦੇ ਸਬੂਤ ਨਹੀਂ ਮਿਲੇ। ਅਮਰੀਕਾ ਦੇ ਉਸ ਵੇਲੇ ਦੇ ਪ੍ਰਧਾਨ ਨੇ ਕਿਹਾ ਸੀ ਕਿ ਉਹ ਕਾਤਲ ਨੂੰ ਖੁੱਡਾਂ ਵਿਚੋਂ ਵੀ ਕੱਢ ਕੇ ਲਿਆਉਣ ਦੀ ਸਮਰੱਥਾ ਰੱਖਦੇ ਹਨ ਤੇ ਇਸੇ ਨਾਲ ਅਫਗਾਨਿਸਤਾਨ ਉਪਰ ਮਿਜ਼ਾਈਲਾਂ ਨਾਲ ਹਮਲਾ ਕਰ ਦਿੱਤਾ। ਅਮਰੀਕਾ ਤੇ ਨਾਟੋ ਮੁਲਕਾਂ ਦੀਆਂ ਫੌਜਾਂ ਕਾਬੁਲ ਪਹੁੰਚ ਗਈਆਂ, ਉਥੋਂ ਤਾਲਿਬਾਨ ਭਜਾ ਦਿੱਤੇ ਤੇ ਤਾਲਿਬਾਨ ਵਿਰੋਧੀਆਂ ਵਿਚੋਂ ਆਪਣੇ ਏਜੰਟਾਂ ਦੀ ਆਰਜ਼ੀ ਹਕੂਮਤ ਕਾਇਮ ਕਰ ਦਿੱਤੀ।

ਕਿਹਾ ਜਾ ਸਕਦਾ ਹੈ ਕਿ ਅਮਰੀਕਾ ਦੀ ਫੌਜੀ ਸ਼ਕਤੀ ਦੀ ਜਿੱਤ ਹੋਈ, ਹਜ਼ਾਰਾਂ ਮੀਲ ਦੂਰ, ਸਮੁੰਦਰ ਤੋਂ ਵੀ ਹਟਵੇਂ ਮੁਲਕ ਉਪਰ ਕਬਜ਼ਾ ਕਰ ਲਿਆ ਲੇਕਿਨ ਆਲਮੀ ਭਾਈਚਾਰੇ ਨੂੰ ਸੋਚਣਾ ਪਵੇਗਾ ਕਿ ਕੀ ਇਹ ਕਾਰਵਾਈ ਇਨਸਾਫ ਵਾਲੀ ਸੀ, ਜਮਹੂਰੀ ਸੀ? ਕੀ ਇਹ ਜਵਾਬੀ ਦਹਿਸ਼ਤਗਰਦੀ ਨਹੀਂ ਸੀ? ਅਮਰੀਕਾ ਨਾਟੋ ਮੁਲਕਾਂ ਨੂੰ ਆਲਮੀ ਭਾਈਚਾਰਾ ਦੱਸਦਾ ਹੈ ਜਦੋਂ ਕਿ ਆਲਮੀ ਭਾਈਚਾਰੇ ਦੀ ਨਮਾਇੰਦਗੀ ਸਿਰਫ ਯੂ.ਐਨ.ਓ. ਕਰਦੀ ਹੈ ਤੇ ਉਸ ਨੂੰ ਦਰ-ਕਿਨਾਰ ਕੀਤਾ ਜਾ ਰਿਹਾ ਹੈ। ਦੁੱਖ ਦੀ ਗੱਲ ਹੈ ਕਿ ਜਦੋਂ ਭਾਰਤ ਦਾ ਪਾਕਿਸਤਾਨ ਤੇ ਚੀਨ ਨਾਲ ਪੰਗਾ ਪਿਆ ਤਾਂ ਰਾਫੇਲ ਖਰੀਦੇ ਪਰ ਯੂ.ਐਨ.ਓ. ਅੱਗੇ ਸ਼ਿਕਾਇਤ ਨਹੀਂ ਕੀਤੀ।

ਇਹ ਆਦਰਸ਼ ਮੰਨਿਆ ਜਾਂਦਾ ਹੈ ਕਿ ਸੰਸਾਰ ਦੇ ਹਰ ਮੁਲਕ ਵਿਚ ਜਮਹੂਰੀਅਤ ਹੋਵੇ, ਬਾਲਗ ਵੋਟ ਦਾ ਅਧਿਕਾਰ ਹੋਵੇ ਤੇ ਬਹੁ-ਪਾਰਟੀ ਪ੍ਰਣਾਲੀ ਹੋਵੇ। ਇਸ ਮੰਤਵ ਵਾਸਤੇ ਜਮਹੂਰੀਅਤ ਦਾ ਦਾਅਵਾ ਕਰਨ ਵਾਲੇ ਹਰ ਮੁਲਕ ਲਈ ਜ਼ਰੂਰੀ ਹੈ



ਕਿ ਕੌਮਾਂਤਰੀ ਪੱਧਰ ਤੇ ਜਮਹੂਰੀ ਰਵੱਈਆ ਅਪਣਾਇਆ ਜਾਵੇ। ਅੱਜ ਤਾਲਿਬਾਨ ਹਕੂਮਤ ਨੂੰ ਤਸਲੀਮ ਕਰਨ ਵਿਰੁੱਧ ਬਹੁਤ ਕੁਝ ਕਿਹਾ ਜਾਂਦਾ ਹੈ ਪਰ ਇਸ ਬਾਰੇ ਹੁਣ ਤੱਕ ਸਥਾਪਤ ਕੌਮਾਂਤਰੀ ਰਵਾਇਤ ਮੁਤਾਬਕ ਸਿਰਫ ਇਕ ਹੀ ਆਧਾਰ ਹੈ ਕਿ ਕੀ ਉਹ ਹਕੂਮਤ ਮੁਲਕ ਉਪਰ ਕਾਬਜ਼ ਹੈ ਕਿ ਨਹੀਂ? ਤਾਲਿਬਾਨ ਸਰਕਾਰ ਅਫਗਾਨਿਸਤਾਨ ਉਪਰ ਕਾਬਜ਼ ਹੈ, ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ; ਇਸ ਬਾਰੇ ਵੀ ਅਜੇ ਤੱਕ ਕਿਸੇ ਨੂੰ ਸ਼ੰਕਾ ਨਹੀਂ ਕਿ ਇਹ ਲੰਮੀ ਦੇਰ ਕਾਬਜ਼ ਰਹੇਗੀ।

ਜੇ ਤਸਲੀਮ ਕਰਨ ਵਾਸਤੇ ਸ਼ਰਤ ਇਹ ਰੱਖਣੀ ਹੈ ਕਿ ਸਰਕਾਰ ਜਮਹੂਰੀ ਹੋਵੇ, ਔਰਤਾਂ ਦੇ ਹੱਕਾਂ ਦੀ ਹਿਫਾਜ਼ਤ ਰੱਖਦੀ ਹੋਵੇ, ਘੱਟਗਿਣਤੀ ਪ੍ਰਤੀ ਵਿਤਕਰਾ ਨਾ ਰੱਖੇ ਤਾਂ ਦੁਨੀਆ ਦੀਆਂ ਬਹੁਤੀਆਂ ਹਕੂਮਤਾਂ ਤਸਲੀਮ ਨਹੀਂ ਹੋਣਗੀਆਂ। ਕਿਧਰੇ ਪਿਤਾ ਪੁਰਖੀ ਰਾਜ ਹਨ ਤੇ ਕਿਧਰੇ ਡਿਕਟੇਟਰਸ਼ਿਪ। ਉੱਤਰੀ ਕੋਰੀਆ ਤੇ ਤੀਜੀ ਪੀੜ੍ਹੀ ਰਾਜ ਕਰ ਰਹੀ ਹੈ, ਉਥੇ ਜਮਹੂਰੀਅਤ ਨਹੀਂ ਪਰ ਉਹ ਸਰਕਾਰ ਸਾਰੇ ਸੰਸਾਰ ਵੱਲੋਂ ਮਾਨਤਾ ਪ੍ਰਾਪਤ ਹੈ। ਕਿਸੇ ਮੁਲਕ ਵਿਚ ਕਿਹੋ ਜਿਹਾ ਤੰਤਰ ਹੋਵੇ, ਇਹ ਉਸ ਮੁਲਕ ਦੀ ਹੀ ਮਰਜ਼ੀ ਮੰਨਿਆ ਜਾਂਦਾ ਹੈ। ਜੇ ਕਿਧਰੇ ਜ਼ਾਲਮ ਡਿਕਟੇਟਰਸ਼ਿਪ ਹੈ ਤਾਂ ਇਹ ਵੀ ਉਥੋਂ ਦੇ ਲੋਕਾਂ ਦਾ ਹੀ ਕੰਮ ਹੈ ਕਿ ਉਸ ਨੂੰ ਕਦੋਂ ਤੇ ਕਿਵੇਂ ਬਦਲਣਾ ਹੈ, ਜਾਂ ਨਹੀਂ ਬਦਲਣਾ ਹੈ। ਬਾਹਰੋਂ ਕੋਈ ਹੋਰ ਮੁਲਕ ਫੌਜਾਂ ਲੈ ਕੇ ਉਥੇ ਜਮਹੂਰੀਅਤ ਬਹਾਲ ਨਹੀਂ ਕਰ ਸਕਦਾ ਤੇ ਨਾ ਹੀ ਕਿਸੇ ਨੂੰ ਅਜਿਹਾ ਹੱਕ ਹੈ।

ਤਾਲਿਬਾਨ ਅਤਿਵਾਦੀ ਹਨ, ਇਸਲਾਮੀ ਕੱਟੜਤਾ ਦੇ ਧਾਰਨੀ ਪਰ ਅਫਗਾਨਿਸਤਾਨ ਵਿਚ ਕੁਝ ਲੋਕ ਇਨ੍ਹਾਂ ਨਾਲੋਂ ਵੀ ਕੱਟੜ ਹਨ। ਇਸਲਾਮੀ ਸਟੇਟ ਨਾਮ ਦੀ ਜਥੇਬੰਦੀ ਦਾ ਇਸਲਾਮ ਬਾਰੇ ਆਪਣਾ ਹੀ ਨਜ਼ਰੀਆ ਹੈ। ਉਹ ਤਾਲਿਬਾਨ ਨੂੰ ਨਹੀਂ ਮੰਨਦੇ ਤੇ ਇਨ੍ਹਾਂ ਵੱਲੋਂ ਅਮਰੀਕਾ ਨਾਲ ਕੀਤੀਆਂ ਮੀਟਿੰਗਾਂ ਤੇ ਸਮਝੌਤੇ ਉਨ੍ਹਾਂ ਨੂੰ ਪ੍ਰਵਾਨ ਨਹੀਂ। ਉਨ੍ਹਾਂ ਨੇ ਕਈ ਤਾਲਿਬਾਨ ਮਾਰੇ ਹਨ ਤੇ ਕਈ ਆਤਮ-ਘਾਤੀ ਬੰਬ ਧਮਾਕੇ ਕੀਤੇ ਹਨ। ਇਨ੍ਹਾਂ ਗੱਲਾਂ ਦਾ ਕੋਈ ਇਲਾਜ ਨਹੀਂ ਤੇ ਅਗਾਂਹ ਤਾਲਿਬਾਨ ਦੇ ਅੰਦਰ ਵੀ ਕਈ ਗਰੁੱਪ ਹਨ ਜੋ ਕੇਂਦਰੀ ਲੀਡਰਸ਼ਿਪ ਨੂੰ ਨਹੀਂ ਮੰਨਦੇ ਤੇ ਹਰ ਇਕ ਦੇ ਸਾਹਮਣੇ ਆਪਣੀ ਗੱਲ ਤੋਰਨ ਦਾ ਤਰੀਕਾ ਕਲਾਸ਼ਨੀਕੋਵ ਬੰਦੂਕਾਂ ਹੀ ਹਨ।

ਅਫਗਾਨਿਸਤਾਨ ਮੁਲਕ ਹੈ, ਯੂ.ਐਨ.ਓ. ਦਾ ਮੈਂਬਰ ਹੈ ਤੇ ਦੁਨੀਆ ਦੇ ਬਹੁਤ ਮੁਲਕਾਂ ਵਿਚ ਇਸ ਦੇ ਸਫਾਰਤਖਾਨੇ ਹਨ। ਅੱਜ ਤਾਲਿਬਾਨ ਹਕੂਮਤ ਉਪਰ ਕਾਬਜ਼ ਹਨ। ਤਾਲਿਬਾਨ ਸ਼ਰੇਆਮ ਜਮਹੂਰੀਅਤ ਦੇ ਵਿਰੁੱਧ ਹਨ ਪਰ ਉਨ੍ਹਾਂ ਦੀ ਹਕੂਮਤ ਨੂੰ ਅਲਗ ਥਲਗ ਕਰਨਾ ਤੇ ਇਕ ਤਰ੍ਹਾਂ ਦਾ ਸਮਾਜਿਕ ਬਾਈਕਾਟ ਕਰਨਾ ਜਮਹੂਰੀਅਤ ਦੇ ਹੱਕ ਵਿਚ ਨਹੀਂ। ਅਸੂਲ ਮੁਤਾਬਕ ਮਾਨਤਾ ਮੁਲਕ ਨੂੰ ਹੁੰਦੀ ਹੈ, ਭਾਵੇਂ ਕਿਸੇ ਕਿਸਮ ਦੀ ਹਕੂਮਤ ਹੋਵੇ। ਤਾਲਿਬਾਨ ਹਕੂਮਤ ਨੂੰ ਇਸ ਗੱਲ ਕਰਕੇ ਮਾਨਤਾ ਤੋਂ ਇਨਕਾਰ ਕਰਨਾ ਕਿ ਧਾਰਮਿਕ ਘੱਟਗਿਣਤੀਆਂ ਨੂੰ ਆਜ਼ਾਦੀ ਨਹੀਂ, ਢੁਕਦਾ ਨਹੀਂ; ਅਜਿਹਾ ਦੁਨੀਆ ਦੇ ਬਹੁਤ ਮੁਲਕਾਂ ਵਿਚ ਹੈ ਤੇ ਸਾਡੇ ਸਾਹਮਣੇ ਚੀਨ ਹੈ ਜਿਥੇ ਧਾਰਮਿਕ ਘੱਟਗਿਣਤੀ ਤਾਂ ਕੀ, ਬਹੁਗਿਣਤੀ ਨੂੰ ਵੀ ਆਜ਼ਾਦੀ ਨਹੀਂ ਪਰ ਉਸ ਮੁਲਕ ਨੂੰ ਸਾਰੀ ਦੁਨੀਆ ਮਾਨਤਾ ਦਿੰਦੀ ਹੈ।

ਇਕ ਗੱਲ ਨੋਟ ਕਰਨ ਵਾਲੀ ਹੈ ਕਿ ਧਾਰਮਿਕ ਕੱਟੜਤਾ ਦੀ ਜਮਾਤ ਤਾਲਿਬਾਨ ਦਾ ਚੀਨ ਦੀ ਗੈਰ ਧਾਰਮਿਕ ਤੇ ਐਲਾਨੀਆਂ ਨਾਸਤਿਕ ਸਰਕਾਰ ਨਾਲ ਪੱਕਾ ਰਿਸ਼ਤਾ ਹੈ। ਅੱਜ ਇਸ ਖਿੱਤੇ ਦਾ ਸਭ ਤੋਂ ਸ਼ਕਤੀਸ਼ਾਲੀ ਮੁਲਕ ਚੀਨ ਤਾਲਿਬਾਨ ਦਾ ਸਭ ਤੋਂ ਨਜ਼ਦੀਕੀ ਭਾਈਵਾਲ ਹੈ। ਚੀਨ ਪਾਕਿਸਤਾਨ ਆਰਥਿਕ ਲਾਂਘੇ ਵਿਚ ਅਫਗਾਨਿਸਤਾਨ ਦੀ ਸ਼ਮੂਲੀਅਤ ਤੈਅ ਹੈ। ਇਸ ਹਾਲਾਤ ਵਿਚ ਭਾਰਤ ਦੀ ਸਰਕਾਰ ਵੱਲੋਂ ਤਾਲਿਬਾਨ ਸਰਕਾਰ ਪ੍ਰਤੀ ਨਫਰਤ ਤੇ ਦੂਰੀ ਦੀ ਨੀਤੀ, ਬੇਲੋੜੀ ਵਿਰੋਧੀ ਸ਼ਬਦਾਵਲੀ ਤੇ ਆਪਣਾ ਸਫਾਰਤਖਾਨਾ ਬੰਦ ਕਰਨਾ ਮੁਲਕ ਦੇ ਹਿਤ ਵਿਚ ਨਹੀਂ। ਘੱਟੋ-ਘੱਟ ਤਾਲਿਬਾਨ ਨਾਲ ਸਾਧਾਰਨ ਸੰਪਰਕ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ।

ਜੱਗ ਚਰਚਾ ਹੈ ਕਿ ਚੀਨ ਤਾਲਿਬਾਨ ਨੂੰ ਡਿੱਗਣ ਨਹੀਂ ਦੇਵੇਗਾ। ਅਫਗਾਨਿਸਤਾਨ ਦੇ ਪਾਕਿਸਤਾਨ ਨਾਲ ਮਿਲਵਰਤਨ ਦਾ ਨਵਾਂ ਯੁੱਗ ਆ ਸਕਦਾ ਹੈ। ਨਾਲ ਹੀ ਰੂਸ ਤੇ ਗੁਆਂਢੀ ਸਾਬਕਾ ਸੋਵੀਅਤ ਰਿਪਬਲਿਕਾਂ ਆਪਣਾ ਸੰਭਵ ਹੱਦ ਤੱਕ ਦਾ ਮਿਲਵਰਤਨ ਬਣਾ ਕੇ ਰੱਖਣਗੀਆਂ। ਕਾਬੁਲ ਵਿਚ ਰੂਸੀ ਸਫਾਰਤਖਾਨਾ ਪੂਰੀ ਤਰ੍ਹਾਂ ਸਰਗਰਮ ਹੈ। ਉਸ ਰਾਹੀਂ ਭਾਰਤ ਆਪਣਾ ਪੈਰ ਧਰਾਵਾ ਬਣਾਉਣ ਦੀ ਕੋਸ਼ਿਸ਼ ਕਰ ਸਕਦਾ ਹੈ। ਅਮਲੀ ਤੌਰ ਤੇ ਭਾਰਤ ਦੀ ਸਰਹੱਦ ਅਫਗਾਨਿਸਤਾਨ ਨਾਲ ਨਹੀਂ ਜੁੜਦੀ ਪਰ ਇਹ ਮੁਲਕ ਗੈਰ ਗੁਆਂਢੀ ਵੀ ਨਹੀਂ; ਸਾਡੇ ਇਤਿਹਾਸਕ ਸੰਬੰਧ ਹਨ। ਖਤਰੇ ਵਾਲੀ ਗੱਲ ਇਹ ਹੈ ਕਿ ਤਾਲਿਬਾਨ ਜਾਂ ਅਫਗਾਨਿਸਤਾਨ ਨੂੰ ਅਲਗ ਥਲਗ ਕਰਦਾ ਭਾਰਤ ਖੁਦ ਅਲਗ ਥਲਗ ਪੈ ਸਕਦਾ ਹੈ ਤੇ ਇਕ ਹੱਦ ਤੱਕ ਪੈ ਵੀ ਚੁੱਕਾ ਹੈ।

# ਅਮਰੀਕਾ ਦੀ ਨਾਕਾਮੀ

ਅਭੀਜੀਤ ਭੱਟਾਚਾਰੀਆ

ਆਸਟਰੀਆ ਦੇ ਚਾਂਸਲਰ ਮੈਟਰਨਿਕ ਨੇ ਉਨੀਵੀਂ ਸਦੀ 'ਚ ਯੂਰਪ ਦੇ ਧੁਰ ਅੰਦਰ ਨਿਰੰਕੁਸ਼ ਹੈਬਸਬਰਗ ਅਰਧ ਸੁਤੰਤਰ ਰਾਜ ਦੀ ਰਾਖੀ ਦੀ ਆਪਣੀ ਬਦਨਾਮ ਮਹਾ ਯੋਜਨਾ ਦਾ ਖਾਕਾ ਉਲੀਕਦਿਆਂ ਕਿਹਾ ਸੀ- "ਜਦੋਂ ਫਰਾਂਸ ਨੂੰ ਠੰਢ ਲੱਗਦੀ ਹੈ ਤਾਂ ਬਾਕੀ ਯੂਰਪ ਨੂੰ ਜ਼ੁਕਾਮ ਹੋ ਜਾਂਦਾ ਹੈ।" ਇੱਕੀਵੀਂ ਸਦੀ ਦੇ ਏਸ਼ੀਆ ਵਿਚ ਇਸ ਨਾਕਾਮ ਯੋਜਨਾ ਨੂੰ ਅਮਲ 'ਚ ਲਿਆਉਣ ਦੀ ਇਹ ਕਿਹੋ ਜਿਹੀ ਬੱਜਰ ਮਿਸਾਲ ਹੈ ਜਦੋਂ ਡਾਲਰ ਦੀ ਧਾਂਕ ਨੂੰ ਬਚਾਉਣ ਅਤੇ 'ਦਹਿਸ਼ਤਵਾਦ ਖਿਲਾਫ ਲੜਾਈ' (ਜਿਸ ਉਪਰ 21 ਖਰਬ ਡਾਲਰ ਤੇ 20 ਸਾਲ ਖਪਾ ਦਿੱਤੇ ਗਏ) ਦੇ ਨਾਂ 'ਤੇ ਅਫਗਾਨਿਸਤਾਨ ਵਿਚ ਲੋਕਤੰਤਰ ਥੋਪਣ ਦੀ ਕੋਸ਼ਿਸ਼ ਵਿਚ ਅਮਰੀਕਾ ਨੇ ਆਪਣੇ ਆਪ ਨੂੰ ਆਸਟਰੀਆ ਜਿਹੀ ਸਥਿਤੀ ਵਿਚ ਲੈ ਗਿਆ ਹੈ।

ਜੇ ਉਨੀਵੀਂ ਸਦੀ ਦੀ ਸਥਿਤੀ ਦਾ ਅੱਜ ਅੰਦਾਜ਼ਾ ਲਾਇਆ ਜਾਵੇ ਤਾਂ ਇਹ ਕੁਝ ਇਸ ਤਰ੍ਹਾਂ ਨਜ਼ਰ ਆਵੇਗੀ: ਜਦੋਂ ਅਫਗਾਨਿਸਤਾਨ ਨੂੰ ਛਿੱਕ ਆਉਂਦੀ ਹੈ ਤਾਂ ਅਮਰੀਕਾ ਦੀ ਅਗਵਾਈ ਵਾਲੇ ਪੱਛਮ ਨੂੰ ਜ਼ੁਕਾਮ ਹੋ ਜਾਂਦਾ ਹੈ। ਕੀ ਅਮਰੀਕਾ ਦੇ ਸਭ ਤੋਂ ਸੀਨੀਅਰ ਜਨਰਲ ਮਾਰਕ ਮਾਇਲੀ ਨੇ ਜਨਤਕ ਤੌਰ 'ਤੇ ਇਹ ਪ੍ਰਵਾਨ ਨਹੀਂ ਕੀਤਾ ਕਿ ਅਮਰੀਕਾ ਨੂੰ 20 ਸਾਲ ਲੰਮੀ ਇਸ ਲੜਾਈ ਵਿਚ ਲੱਕ ਤੋੜਵੀਂ ਹਾਰ ਦਾ ਮੂੰਹ ਦੇਖਣਾ ਪਿਆ ਹੈ? "ਇਹ ਗੱਲ ਸਾਫ ਹੈ... ਅਫਗਾਨਿਸਤਾਨ ਵਿਚ ਲੜਾਈ ਉਸ ਤਰੀਕੇ ਨਾਲ ਖਤਮ ਨਹੀਂ ਹੋਈ ਜਿਵੇਂ ਅਸੀਂ ਚਾਹੁੰਦੇ ਸਾਂ, ਨਾਲ ਹੀ ਤਾਲਿਬਾਨ ਕਾਬੁਲ ਦੀ ਸੱਤਾ 'ਚ ਆ ਗਏ। ਇਹ ਇਕ ਰਣਨੀਤਕ ਨਾਕਾਮੀ ਹੈ।"

ਇਸ ਸਿਰਮੌਰ ਫੌਜੀ ਕਮਾਂਡਰ ਨੇ ਪਿਛਲੇ ਮਹੀਨੇ ਅਮਰੀਕੀ ਕਾਨੂੰਨਸਾਜ਼ਾਂ ਸਨਮੁੱਖ ਤਾਲਿਬਾਨ ਦੇ ਹੱਥੋਂ ਮਹਾਸ਼ਕਤੀ ਦੀ ਬੇਮਿਸਾਲ ਹਾਰ ਦਾ ਹੈਰਤਅੰਗੇਜ਼ ਇਕਬਾਲ ਕੀਤਾ ਸੀ ਜਿਸ ਤੋਂ ਰਾਸ਼ਟਰਪਤੀ ਅਮਰੀਕੀ ਰਾਸ਼ਟਰਪਤੀ ਬਾਇਡਨ ਵੱਲੋਂ 8 ਜੁਲਾਈ ਨੂੰ ਦਿੱਤਾ ਭਰੋਸਾ ਹੁਣ ਮਜ਼ਾਕ ਨਜ਼ਰ ਆਉਂਦਾ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ: ਅਫਗਾਨ ਫੌਜ ਵਿਚ ਚੰਗੀ ਤਰ੍ਹਾਂ ਹਥਿਆਰਾਂ ਨਾਲ ਲੈਸ ਦਸਤੇ ਹਨ... ਤਾਲਿਬਾਨ ਦੇ ਸਮੁੱਚੇ ਦੇਸ਼ 'ਤੇ ਕਾਬਜ਼ ਹੋਣ ਦੇ ਆਸਾਰ ਬਹੁਤ ਹੀ ਘੱਟ ਜਾਪਦੇ ਹਨ।" ਉਦੋਂ ਜਦੋਂ ਤਾਲਿਬਾਨ ਕਾਬੁਲ ਫਤਹਿ ਕਰਨ ਤੋਂ ਮਹਿਜ਼ ਛੇ ਕੁ ਦਿਨ ਦੂਰ ਸਨ ਤਦ ਨੌਂ ਅਗਸਤ ਤੱਕ ਵੀ ਪੈਂਟਾਗਨ ਨੂੰ ਸੱਪ ਸੁੰਘ ਗਿਆ ਸੀ। ਅਮਰੀਕੀ ਰੱਖਿਆ ਮੰਤਰੀ ਨੂੰ ਵੀ ਇਹੋ ਯਕੀਨ ਸੀ ਕਿ "ਅਫਗਾਨ ਫੌਜ ਕੋਲ ਅਜਿਹੀ ਸਮਰੱਥਾ ਤੇ ਸ਼ਕਤੀ ਹੈ ਜਿਸ ਨਾਲ ਤਾਲਿਬਾਨ ਖਿਲਾਫ ਰਣ ਖੇਤਰ ਦਾ ਪਾਸਾ ਪਲਟ ਸਕਦਾ ਹੈ।" ਜਦੋਂ ਕਾਬੁਲ 'ਤੇ ਤਾਲਿਬਾਨ ਕਾਬਜ਼ ਹੋ ਗਏ ਤਾਂ ਅਮਰੀਕੀ ਫੌਜ ਨੂੰ ਭਾਜੜਾਂ ਪੈ ਗਈਆਂ ਅਤੇ ਅਫਗਾਨ ਨੈਸ਼ਨਲ ਆਰਮੀ ਨੇ ਬਿਨਾਂ ਲੜੇ ਆਤਮ ਸਮਰਪਣ ਕਰ ਦਿੱਤਾ ਤੇ ਇੰਝ ਸਭ ਦੇ ਸਾਹਮਣੇ ਦੁਨੀਆ ਦੀ ਇਕਲੌਤੀ ਮਹਾਸ਼ਕਤੀ ਦੀ ਸਭ ਤੋਂ ਮਹਾਨ ਫੌਜ ਦੇ ਅਪਮਾਨ ਦੀ ਇਬਾਰਤ ਲਿਖੀ ਗਈ।

ਅਮਰੀਕਾ ਦਾ ਇਹ ਤਰਕ ਕਿ ਘਟਨਾਵਾਂ ਇੰਨੀ ਤੇਜ਼ੀ ਨਾਲ ਵਾਪਰੀਆਂ ਕਿ ਉਹ ਇਨ੍ਹਾਂ ਦਾ ਅੰਦਾਜ਼ਾ ਹੀ ਨਾ ਲਾ ਸਕੇ, ਕਿੰਨਾ ਅਟਪਟਾ ਹੈ? ਅਖੇ, ਅਫਗਾਨ ਸਿਆਸੀ ਆਗੂ ਇਸ ਲਈ ਨਾ ਟਿਕ ਸਕੇ ਤੇ ਦੇਸ਼ ਛੱਡ ਕੇ ਦੌੜ ਗਏ ਕਿਉਂਕਿ ਅਫਗਾਨ ਫੌਜ ਨੇ ਬਿਨਾਂ ਲੜੇ ਹਥਿਆਰ ਸੁੱਟ ਦਿੱਤੇ ਸਨ। ਅਤੇ ਇਹ ਕਿ ਅਮਰੀਕਾ ਨੇ ਉਨ੍ਹਾਂ ਨੂੰ ਆਪਣੇ ਭਵਿੱਖ ਦਾ ਫੈਸਲਾ ਲੈਣ ਦਾ ਹਰ ਸੰਭਵ ਮੌਕਾ ਦਿੱਤਾ, ਪਰ ਉਹ ਉਨ੍ਹਾਂ ਅੰਦਰ ਭਵਿੱਖ ਲਈ ਲੜਨ ਦੀ ਇੱਛਾ ਨਾ ਜਗਾ ਸਕਿਆ?

ਅਫਸੋਸ ਹੁੰਦਾ ਹੈ। ਇਹ ਭਾਸ਼ਾ ਤੇ ਤਰਕ ਕਿਸੇ ਇਕਲੌਤੀ ਮਹਾਸ਼ਕਤੀ ਦੇ ਰੁਤਬੇ ਨੂੰ ਸੋਭਾ ਨਹੀਂ ਦਿੰਦੇ ਕਿ ਆਪਣੇ ਕਿਸੇ ਅਜਿਹੇ ਭਿਆਲ 'ਤੇ ਇਹੋ ਜਿਹੇ ਬਚਗਾਨਾ ਦੋਸ਼ ਮੜ੍ਹੇ ਜਾਣ ਜੋ ਬੇਹੱਦ ਗ਼ਰੀਬ ਤੇ ਸਮਾਜਿਕ ਤੌਰ 'ਤੇ ਪਾਟੋਧਾੜ ਹੋਵੇ ਅਤੇ ਜਿਸ ਦਾ ਇਲਾਕਾ ਬਹੁਤ ਹੀ ਚੁਣੌਤੀਪੂਰਨ ਤੇ ਗੜਬੜਜ਼ਦਾ ਹੋਵੇ। ਹਾਰ ਤੋਂ ਬਾਅਦ ਦੂਸ਼ਣਬਾਜ਼ੀ ਹੁੰਦੀ ਹੀ ਹੈ। ਕੁਝ ਵੀ ਹੋਵੇ, 2021 ਵਿਚ ਕਾਬੁਲ ਦੀ ਹਾਰ ਲਈ ਅਮਰੀਕਾ ਵੱਲੋਂ ਅਫਗਾਨਿਸਤਾਨ ਨੂੰ ਕਸੂਰਵਾਰ ਠਹਿਰਾਉਣਾ ਬਿਲਕੁਲ ਠੀਕ ਨਹੀਂ ਹੈ। ਅਮਰੀਕਾ ਨੇ ਆਪਣੀ ਮਰਜ਼ੀ ਦਾ ਰਾਹ ਚੁਣਿਆ ਸੀ। ਕੀ ਵਾਸ਼ਿੰਗਟਨ ਨੂੰ ਕਦੇ ਇਹ ਅਹਿਸਾਸ ਨਹੀਂ ਹੋਇਆ ਕਿ ਸ਼ੁਰੂ ਤੋਂ ਹੀ ਗੜਬੜ ਹੁੰਦੀ ਆ ਰਹੀ ਸੀ? ਕੀ ਅਮਰੀਕੀ ਮਹਾਸ਼ਕਤੀ ਨੇ 'ਜੇਨਜ਼ ਵਰਲਡ ਆਰਮੀਜ਼ 2005' ਵੱਲੋਂ ਸੁਝਾਏ ਜ਼ਮੀਨੀ ਹਾਲਾਤ ਦਾ ਕਦੇ ਜਾਇਜ਼ਾ ਨਹੀਂ ਲਿਆ ਸੀ?

2008 ਤੱਕ ਅਫਗਾਨ ਨੈਸ਼ਨਲ ਆਰਮੀ ਦੀਆਂ ਅੱਠ ਕੋਰਾਂ ਕਾਬੁਲ, ਕੰਧਾਰ, ਹੇਰਾਤ ਅਤੇ ਮਜ਼ਾਰ-ਏ-ਸ਼ਰੀਫ ਵਿਚ ਤਾਇਨਾਤ ਕਰ ਦਿੱਤੀਆਂ ਗਈਆਂ ਸਨ, ਪਰ ਇਸ ਦੀਆਂ ਜਨਮਜਾਤ ਸਮੱਸਿਆਵਾਂ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਰਿਪੋਰਟਾਂ ਆਈਆਂ ਸਨ ਕਿ "ਇਸ ਦੀ ਕਾਬਲੀਅਤ ਮੁਤੱਲਕ ਦੇਸ਼ ਦੇ ਅੰਦਰੋਂ ਕੋਈ ਆਜ਼ਾਦਾਨਾ ਜਾਇਜ਼ਾ ਨਹੀਂ ਲਿਆ ਗਿਆ ਤੇ ਕੁਝ ਵਿਦੇਸ਼ੀ ਅਫਸਰਾਂ ਨੇ ਅਫਗਾਨ ਯੂਨਿਟਾਂ ਦੀ ਲੜਾਕੂ ਕਾਬਲੀਅਤ ਬਾਰੇ ਸੰਦੇਹ ਪ੍ਰਗਟਾਏ ਸਨ।" ਅਫਗਾਨ ਸਰਕਾਰੀ ਪ੍ਰਜ਼ੀਸ਼ਨ ਜ਼ਿਆਦਾ ਚਿੰਤਾਜਨਕ ਸੀ: "ਭਗੌੜੇ ਹੋਣ ਅਤੇ ਔਖੀ ਭਰਤੀ ਦੀਆਂ ਵਾਰ-ਵਾਰ ਸਮੱਸਿਆਵਾਂ ਆ ਰਹੀਆਂ ਹਨ।"

ਅਫਗਾਨ ਨੈਸ਼ਨਲ ਆਰਮੀ ਨੂੰ ਦਰਪੇਸ਼ ਇਨ੍ਹਾਂ ਮੂਲ ਖ਼ਤਰਿਆਂ ਦਾ ਕਦੇ ਵੀ ਨਿਵਾਰਨ ਨਾ ਹੋ ਸਕਿਆ। ਦਰਅਸਲ, ਹਰ ਰੋਜ਼ ਖਤਰੇ ਵਧਦੇ ਹੀ ਜਾ ਰਹੇ ਸਨ ਜਿਸ ਕਰਕੇ ਅਮਰੀਕਾ ਦੀ ਅਗਵਾਈ ਹੇਠਲੀ 48 ਦੇਸ਼ਾਂ ਦੀ ਕੌਮਾਂਤਰੀ ਸੁਰੱਖਿਆ ਸਹਾਇਤਾ ਬਲ ਭਾਵੇਂ ਟਿਕੀ ਰਹਿੰਦੀ ਜਾਂ ਨਾ ਰਹਿੰਦੀ, ਅਫਗਾਨ ਫੌਜ ਦਾ ਮਨੋਬਲ ਟੁੱਟ ਚੁੱਕਿਆ ਸੀ। ਅਮਰੀਕੀ ਅਗਵਾਈ ਵਾਲੇ ਯੂਰਪ ਨੇ ਅਫਗਾਨਿਸਤਾਨ ਦੀ ਹਕੀਕਤ ਨੂੰ ਸਹੀ ਢੰਗ ਨਾਲ ਨਹੀਂ ਜਾਣਿਆ। ਅਫਗਾਨਿਸਤਾਨ ਜੰਗ ਦਾ ਮਾਰਿਆ ਮੁਲਕ ਹੈ ਜਿਸ ਦੇ ਹਰ ਗਲੀ ਕੋਨੇ 'ਚ ਲਾਚਾਰ, ਵਿਕਲਾਂਗ, ਵਿਧਵਾਵਾਂ, ਯਤੀਮ ਬੱਚੇ ਨਜ਼ਰੀਂ ਪੈਂਦੇ ਰਹਿੰਦੇ ਹਨ ਅਤੇ ਵਿਦੇਸ਼ੀ ਫੌਜੀਆਂ ਦੀ ਇਕ ਝਲਕ ਹੀ ਉਨ੍ਹਾਂ ਅੰਦਰ ਨਫਰਤ ਪੈਦਾ ਕਰ ਦਿੰਦੀ ਸੀ ਤੇ ਉਹ ਬਦਲਾ ਲੈਣ 'ਤੇ ਉਤਾਰੂ ਹੋ ਜਾਂਦੇ ਸਨ ਜਿਸ ਕਰਕੇ ਅਫਗਾਨ ਨੈਸ਼ਨਲ ਆਰਮੀ ਦੀ ਜਿੱਤ ਸੰਭਵ ਨਹੀਂ ਸੀ। ਇਸ ਵੱਲੋਂ ਵਿਦੇਸ਼ੀ ਫੌਜ ਨੂੰ ਦਿੱਤੀਆਂ ਜਾਂਦੀਆਂ ਸੇਵਾਵਾਂ ਆਜ਼ਾਦ ਖ਼ਿਆਲ ਅਫਗਾਨ ਕਦੇ ਵੀ ਸਹਿਣ ਨਹੀਂ ਕਰ ਸਕਦੇ ਸਨ। ਆਖਰੀ ਗੱਲ ਇਹ ਹੈ ਕਿ ਅਮਰੀਕਾ ਅਫਗਾਨਿਸਤਾਨ ਵਿਚ ਕਮਾਂਡਰ ਵਜੋਂ ਵਿਚਰ ਰਿਹਾ ਸੀ ਜਦੋਂਕਿ ਅਫਗਾਨ ਨੈਸ਼ਨਲ ਆਰਮੀ ਵਾਸ਼ਿੰਗਟਨ ਦੀਆਂ ਹਦਾਇਤਾਂ 'ਤੇ ਹੀ ਚਲਦੀ ਸੀ।

ਲਿਹਾਜ਼ਾ, ਅਮਰੀਕੀ ਰਾਸ਼ਟਰਪਤੀ ਲਈ ਸਾਰਾ ਦੋਸ਼ ਕਾਬੁਲ ਛਾਉਣੀ 'ਤੇ ਮੜ੍ਹਨਾ ਸੋਭਾ ਨਹੀਂ ਦਿੰਦਾ। ਕੀ ਇਹ ਕਹਾਵਤ 'ਫੌਜੀ ਕੋਈ ਮਾੜਾ ਨਹੀਂ ਹੁੰਦਾ, ਮਾੜੇ ਕਮਾਂਡਰ ਹੁੰਦੇ ਹਨ' ਸਚਾਈ ਬਿਆਨ ਨਹੀਂ ਕਰਦੀ? ਆਪੋ ਵਿਚ ਲੜਦੇ ਤੇ ਖਹਿਬਾਜ਼ੀ ਹੋਣ ਦੇ ਬਾਵਜੂਦ ਅਫਗਾਨ ਧਰਮ, ਪਰਿਵਾਰ ਤੇ ਆਜ਼ਾਦੀ ਦੀ ਖ਼ਾਤਰ ਵਿਦੇਸ਼ੀ ਖਿਲਾਫ ਜੂਝਦੇ ਰਹਿੰਦੇ ਹਨ। ਦੂਜੀ ਇਹ ਕਿ ਜਿਵੇਂ ਅਮਰੀਕੀ ਗੱਡੀਆਂ ਵੇਚਦੇ ਹਨ, ਉਵੇਂ ਹੀ ਅਫਗਾਨ ਹਥਿਆਰਾਂ ਦੀ ਖਰੀਦੋ-ਫਰੋਖ਼ਤ ਕਰਦੇ ਹਨ। ਮੁੱਢ ਤੋਂ ਹੀ ਉਨ੍ਹਾਂ ਨੂੰ ਕਾਇਲ ਕਰਨਾ ਔਖਾ ਕੰਮ ਹੈ ਅਤੇ ਜੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਨਾ ਰੱਖਿਆ ਜਾਵੇ ਤਾਂ ਉਹ ਸਭਨਾਂ ਲਈ ਬੋਝ ਬਣ ਜਾਂਦੇ ਹਨ ਅਤੇ ਮੰਦੇਭਾਗੀਂ ਅਮਰੀਕਾ ਅਜਿਹਾ ਭਰੋਸਾ ਪੈਦਾ ਕਰਨ 'ਚ ਨਾਕਾਮ ਰਿਹਾ ਹੈ।

ਅਫਗਾਨ ਨੈਸ਼ਨਲ ਆਰਮੀ 'ਤੇ ਦੋਸ਼ ਲਾਉਣ ਤੋਂ ਪਹਿਲਾਂ ਅਮਰੀਕਾ ਨੂੰ 1978-79 ਦੀ ਸੋਵੀਅਤ-ਅਫਗਾਨ ਜੰਗ ਦੀ ਰਿਪੋਰਟ ਪੜ੍ਹ ਲੈਣੀ ਚਾਹੀਦੀ ਸੀ ਜੋ ਕਿਸੇ ਵੇਲੇ ਇਸ ਨਾਲ ਘਿਓ ਖਿਚੜੀ ਰਹੀ ਆਈ.ਐਸ.ਆਈ. ਵੱਲੋਂ ਤਿਆਰ ਕੀਤੀ ਗਈ ਸੀ: "ਅਫਗਾਨ ਫੌਜ ਬਿਲਕੁਲ ਵੀ ਭਰੋਸੇ ਦੇ ਲਾਇਕ ਨਹੀਂ ਹੈ।" ਮਾੜੀਆਂ ਕੰਮਕਾਜੀ ਹਾਲਤਾਂ, ਘਰੇਲੂ ਮੁਹਾਜ਼ 'ਤੇ ਹਿੰਸਾ ਦਾ ਖ਼ਤਰਾ ਜਿੱਥੇ ਤਾਲਿਬਾਨ ਹੱਥੋਂ ਪਰਿਵਾਰਕ ਮੈਂਬਰਾਂ ਲਈ ਹਮੇਸ਼ਾ ਜਾਨ ਦਾ ਖ਼ਤਰਾ ਬਣਿਆ ਰਹਿੰਦਾ ਹੈ, ਆਪਣੇ ਹੀ ਤਾਲਿਬਾਨ ਭਰਾਵਾਂ ਹੱਥੋਂ ਬਹੁਤ ਜ਼ਿਆਦਾ ਤਾਦਾਦ ਵਿਚ ਮੌਤਾਂ ਦਾ ਜੋਖ਼ਮ ਅਤੇ ਕਈ ਹੋਰ ਅੰਦਰੂਨੀ ਕਾਰਕਾਂ ਕਰਕੇ ਇਕ ਅਫਗਾਨ ਫੌਜੀ ਤਾਲਿਬਾਨ ਲੜਾਕਿਆਂ ਦੇ ਮੁਕਾਬਲੇ ਮਾੜਾ ਖਿਡਾਰੀ ਸਾਬਿਤ ਹੁੰਦਾ ਹੈ। ਫੌਜ ਦੇ ਘੜੇ ਘੜਾਏ ਸਿਧਾਂਤ ਅਫਗਾਨ ਫੌਜੀ ਮਾਨਸਿਕਤਾ ਨੂੰ ਨਹੀਂ ਪੋਂਹਦੇ। ਇਲਾਕਾ ਤੇ ਜ਼ਮੀਨ ਵੀ ਮਾਸਕੋ ਤੇ ਵਾਸ਼ਿੰਗਟਨ ਨੂੰ ਰਾਸ ਨਹੀਂ ਆ ਸਕੇ। ਮੁਕਾਮੀ ਲੜਾਕੇ ਇਨ੍ਹਾਂ ਦੋਵਾਂ ਦਾ ਬਿਹਤਰ ਇਸਤੇਮਾਲ ਕਰਦੇ ਹਨ।

ਅੰਤ ਵਿਚ ਪ੍ਰਾਈਵੇਟ ਅਮਰੀਕੀ ਜੰਗੀ ਠੇਕੇਦਾਰਾਂ ਦੀ ਕੁਝ ਚਰਚਾ ਕਰ ਲੈਂਦੇ ਹਾਂ ਜਿਨ੍ਹਾਂ ਨੇ ਇਕ ਸਮਾਨਾਂਤਰ ਜੰਗੀ ਮਸ਼ੀਨ ਖੜ੍ਹੀ ਕਰ ਲਈ ਸੀ ਅਤੇ ਲੜਾਈ ਦੇ ਮੋਰਚਿਆਂ ਤੱਕ ਹਥਿਆਰ ਤੇ ਸਾਜ਼ੋ-ਸਾਮਾਨ ਪਹੁੰਚਾਉਣ ਵਾਲੀ ਲਾਈਨ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਬੰਦੇ ਲਗਾ ਰੱਖੇ ਸਨ। ਇਹ ਗੱਲ ਸਾਹਮਣੇ ਆਈ ਹੈ ਕਿ ਇਸ ਵਿਚ ਵਾਸ਼ਿੰਗਟਨ ਤੋਂ ਲੈ ਕੇ ਵਾਰਦਾਕ ਤੱਕ ਅਤੇ ਪੈਂਟਾਗਨ ਤੋਂ ਪੰਜਸ਼ੀਰ ਤੱਕ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ। ਅਮਰੀਕਾ ਨੇ ਅਰਬਾਂ ਡਾਲਰ ਖਰਚ ਕੀਤੇ ਤੇ ਠੇਕੇਦਾਰਾਂ ਨੇ ਕਰੋੜਾਂ ਦੀ ਕਮਾਈ ਕੀਤੀ ਤੇ ਅਖੀਰ 'ਚ ਅਮਰੀਕੀ ਅਰਬਾਂ ਡਾਲਰ ਦੇ ਮੁੱਲ ਦੇ ਹਥਿਆਰ ਤੇ ਸਾਜ਼ੋ-ਸਾਮਾਨ ਛੱਡ ਕੇ ਚਲੇ ਗਏ ਜਿਨ੍ਹਾਂ ਵਿਚ 33 ਐਮਆਈ-17 ਹੈਲੀਕੌਪਟਰ, 4 ਸੀ-130 ਟਰਾਂਸਪੋਰਟ, 23 ਐਂਬਰਾਇਰ ਅਤੇ ਏ-29 ਸੁਪਰ ਟੂਕੈਨੋ, 28 ਸੈਸਨਾ ਹਵਾਈ ਜਹਾਜ਼ ਅਤੇ 33 ਯੂਐਚ-60 ਬਲੈਕਹਾਕ ਹੈਲੀਕੌਪਟਰ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿਚ ਟਰੱਕ, ਰੇਡੀਓ ਸੈੱਟ, ਰਾਈਫਲਾਂ, ਪਿਸਤੌਲ, ਮਸ਼ੀਨਗੰਨਾਂ ਅਤੇ ਤੋਪਾਂ ਵੀ ਤਾਲਿਬਾਨ ਦੇ ਹੱਥਾਂ ਵਿਚ ਚਲੀਆਂ ਗਈਆਂ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 23 ਅਕਤੂਬਰ 2021*

# ਕਿਸਾਨ ਅੰਦੋਲਨ ਅਤੇ ਵਿਰੋਧੀ ਧਿਰਾਂ

ਕੀ ਲਖੀਮਪੁਰ ਖੀਰੀ (ਉਤਰ ਪ੍ਰਦੇਸ਼) ਵਾਲੀ ਹਿੰਸਕ ਘਟਨਾ ਅਤੇ ਦਿੱਲੀ ਦੇ ਸਿੰਘੂ ਬਾਰਡਰ 'ਤੇ ਹੋਏ ਕਤਲ ਵਿਚਕਾਰ ਕੋਈ ਸਾਂਝ ਹੈ? ਲਖੀਮਪੁਰ ਖੀਰੀ ਵਿਚ ਕਿਸਾਨ ਅੰਦੋਲਨ ਕਰ ਰਹੇ ਕਿਸਾਨਾਂ ਉਤੇ ਕੇਂਦਰੀ ਮੰਤਰੀ ਦੇ ਮੁੰਡੇ ਨੇ ਆਪਣੀ ਕਾਰ ਚੜ੍ਹਾ ਦਿੱਤੀ ਸੀ ਜਿਸ ਕਾਰਨ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ ਦੀ ਮੌਤ ਹੋ ਗਈ ਸੀ। ਸਿੰਘੂ ਬਾਰਡਰ 'ਤੇ ਨਿਹੰਗ ਸਿੰਘਾਂ ਨੇ ਬੇਅਦਬੀ ਦਾ ਕਥਿਥ ਦੋਸ਼ ਲਾ ਕੇ ਇਕ ਵਿਅਕਤੀ ਨੂੰ ਬਹੁਤ ਵਹਿਸ਼ੀਆਨਾ ਢੰਗ ਨਾਲ ਕਤਲ ਕਰ ਦਿੱਤਾ। ਪਹਿਲੀ ਘਟਨਾ ਨਾਲ ਜਿਹੜੀਆਂ ਕੜੀਆਂ ਜੁੜੀਆਂ ਹਨ, ਉਨ੍ਹਾਂ ਵਿਚ ਕੇਂਦਰੀ ਮੰਤਰੀ ਦਾ ਰੋਲ ਸਾਹਮਣੇ ਆ ਰਿਹਾ ਹੈ। ਇਸ ਕੇਂਦਰੀ ਮੰਤਰੀ ਨੇ ਚੰਦ ਰੋਜ਼ ਪਹਿਲਾਂ ਹੀ ਕਿਸਾਨਾਂ ਨੂੰ ਸਬਕ ਸਿਖਾਉਣ ਦੀ ਧਮਕੀ ਦਿੱਤੀ ਸੀ ਅਤੇ ਇਸ ਸਬੰਧੀ ਵੀਡੀਓ ਵਾਇਰਲ ਹੋਈ ਸੀ। ਇਸ ਘਟਨਾ ਤੋਂ ਬਾਅਦ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਬਹੁਤ ਦੇਰ ਬਾਅਦ ਹੀ ਕੋਈ ਕਾਰਵਾਈ ਕੀਤੀ। ਕੇਂਦਰੀ ਮੰਤਰੀ ਦੇ ਮੁੰਡੇ ਨੂੰ ਗ੍ਰਿਫਤਾਰ ਕਰਨ ਦੀ ਕਾਰਵਾਈ ਅਸਲ ਵਿਚ ਕਿਸਾਨ ਅੰਦੋਲਨ ਦੇ ਦਬਾਅ ਕਾਰਨ ਹੀ ਹੋਈ। ਦੂਜੇ ਬੰਨੇ, ਸਿੰਘੂ ਬਾਰਡਰ ਦੀ ਘਟਨਾ ਹੈ। ਕੇਂਦਰੀ ਹਕੂਮਤ ਇਸ ਘਟਨਾ ਤੋਂ ਤੁਰੰਤ ਹਰਕਤ ਵਿਚ ਆ ਗਈ ਅਤੇ ਇਸ ਦੇ ਸਮਰਥਕ ਦਰਬਾਰੀ ਮੀਡੀਆ ਨੇ ਵੀ ਕਿਸਾਨਾਂ ਨੂੰ ਨਿਸ਼ਾਨੇ 'ਤੇ ਲੈ ਲਿਆ। ਇਉਂ ਕੇਂਦਰੀ ਸਰਕਾਰ ਨੇ ਇਕ ਵਾਰ ਫਿਰ ਕਿਸਾਨ ਅੰਦੋਲਨ ਨੂੰ ਹਿੰਸਾ ਨਾਲ ਜੋੜ ਕੇ ਇਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਉਂਜ, ਜਿਉਂ-ਜਿਉਂ ਇਸ ਕਤਲ ਦੀ ਗੁੱਥੀ ਸੁਲਝਦੀ ਗਈ, ਹਕੀਕਤ ਸਾਹਮਣੇ ਆਉਂਦੀ ਗਈ ਅਤੇ ਹੁਣ ਕੇਂਦਰੀ ਹਕੂਮਤ ਇਸ ਘਟਨਾ ਤੋਂ ਪੈਰ ਪਿਛਾਂਹ ਖਿੱਚਣ ਲੱਗ ਪਈ ਹੈ। ਹੁਣ ਤਾਂ ਹਾਲਾਤ ਇਹ ਬਣ ਰਹੇ ਕਿ ਕਿ ਇਸ ਘਟਨਾ ਨੂੰ ਸਿੱਧਾ ਕੇਂਦਰੀ ਹਕੂਮਤ ਨਾਲ ਜੁੜਨ ਬਾਰੇ ਖੁਲਾਸੇ ਹੋ ਰਹੇ ਹਨ, ਕਿਉਂਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਬਾਰੇ ਕੁਝ ਅਜਿਹੇ ਸਬੂਤ ਸਾਹਮਣੇ ਆ ਗਏ ਹਨ ਜਿਨ੍ਹਾਂ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਇਨ੍ਹਾਂ ਲੋਕਾਂ ਦਾ ਰਾਬਤਾ ਕੇਂਦਰੀ ਹਕੂਮਤ ਦੇ ਸਰਕਰਦਾ ਮੰਤਰੀਆਂ ਨਾਲ ਲਗਾਤਾਰ ਬਣਿਆ ਹੋਇਆ ਹੈ।

ਉਧਰ, ਲਖੀਮਪੁਰ ਖੀਰੀ ਵਾਲੀ ਘਟਨਾ ਦਾ ਤਾਂ ਰੌਲਾ ਹੀ ਕੋਈ ਨਹੀਂ ਸੀ। ਕਿਸਾਨ ਅੰਦੋਲਨ ਨਾਲ ਜੁੜੀਆਂ ਸਭ ਧਿਰਾਂ ਨੇ ਇਸ ਨੂੰ ਅੰਦੋਲਨ ਉਤੇ ਸਿੱਧਾ ਵਾਰ ਕਿਆਸ ਕੀਤਾ ਅਤੇ ਕੇਂਦਰੀ ਹਕੂਮਤ ਨੂੰ ਪਿਛੇ ਹਟਣ ਲਈ ਮਜਬੂਰ ਕਰ ਦਿੱਤਾ ਪਰ ਸਿੰਘੂ ਬਾਰਡਰ ਵਾਲੀ ਘਟਨਾ ਤੋਂ ਬਾਅਦ ਕੁਝ ਸਿੱਖ ਵਿਦਵਾਨਾਂ ਨੇ ਜਿਸ ਤਰ੍ਹਾਂ ਇਸ ਸਮੁੱਚੇ ਕਾਂਡ ਦੀ ਵਿਆਖਿਆ ਕੀਤੀ, ਉਸ ਤੋਂ ਜ਼ਾਹਿਰ ਹੋ ਗਿਆ ਕਿ ਇਸ ਧਿਰ ਦਾ ਸੱਚਮੁੱਚ ਕਿਸਾਨ ਅੰਦੋਲਨ ਨਾਲ ਕੋਈ ਸਬੰਧ ਨਹੀਂ ਹੈ। ਸਭ ਤੋਂ ਪਹਿਲਾਂ ਤਾਂ ਇਹ ਪ੍ਰਚਾਰ ਕੀਤਾ ਗਿਆ ਕਿ ਸਿੰਘੂ ਬਾਰਡਰ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਵਾਲੀ ਘਟਨਾ ਹੋਈ ਹੈ ਜਦਕਿ ਮਸਲਾ ਨਿਹੰਗ ਸਿੰਘਾਂ ਨਾਲ ਸਬੰਧਤ ਸਰਬਲੋਹ ਗ੍ਰੰਥ ਦਾ ਸੀ। ਉਂਝ ਵੀ, ਅਜੇ ਤੱਕ ਬੇਅਦਬੀ ਬਾਰੇ ਕੋਈ ਵੇਰਵਾ ਨਸ਼ਰ ਨਹੀਂ ਕੀਤਾ ਗਿਆ। ਹਾਂ, ਇਸ ਕਿਸਾਨ ਅੰਦੋਲਨ ਨੂੰ ਇਕ ਵਾਰ ਫਿਰ ਕਮਿਊਨਿਸਟ ਬਨਾਮ ਸਿੱਖ ਤਕਰਾਰ ਵਿਚ ਵਟਾਉਣ ਦੀ ਕੋਸ਼ਿਸ਼ ਕੀਤੀ ਗਈ। ਪਹਿਲਾਂ-ਪਹਿਲਾਂ ਅਜਿਹੀ ਕੋਸ਼ਿਸ਼ ਕੇਂਦਰੀ ਹਕੂਮਤ ਨੇ ਕੀਤੀ ਸੀ ਤਾਂ ਕਿ ਕਿਸਾਨਾਂ ਨੂੰ ਸਿੱਖਾਂ ਅਤੇ ਕਮਿਊਨਿਸਟਾਂ ਵਿਚਕਾਰ ਵੰਡ ਕੇ ਇਸ ਅੰਦੋਲਨ ਨੂੰ ਢਾਹ ਲਾਈ ਜਾ ਸਕੇ। ਉਸ ਵਕਤ ਵੀ ਇਕ ਖਾਸ ਧਿਰ ਨੇ ਕਿਸਾਨਾਂ ਨੂੰ ਸਿੱਖ ਬਣਾ ਧਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਸੀ। ਹੁਣ ਇਕ ਵਾਰ ਫਿਰ ਅਜਿਹੀ ਕੋਸ਼ਿਸ਼ ਕੀਤੀ ਗਈ ਹੈ। ਉਧਰ, ਕਿਸਾਨ ਅੰਦੋਲਨ ਚਲਾ ਰਹੇ ਆਗੂਆਂ ਸਾਰਾ ਜ਼ੋਰ ਇਸੇ ਨੁਕਤੇ 'ਤੇ ਲੱਗਿਆ ਹੋਇਆ ਹੈ ਕਿ ਇਕ ਤਾਂ ਅੰਦੋਲਨ ਨੂੰ ਜ਼ਾਬਤੇ ਵਿਚ ਰੱਖਣਾ ਹੈ, ਦੂਜਾ ਇਸ ਅੰਦੋਲਨ ਦਾ ਧਰਮ ਨਾਲ ਕੋਈ ਸਬੰਧ ਨਹੀਂ ਹੈ; ਇਸ ਅੰਦੋਲਨ ਵਿਚ ਸਭ ਧਰਮਾਂ ਦੇ ਨਾਲ ਜੁੜੇ ਕਿਸਾਨ ਭਰਪੂਰ ਸ਼ਮੂਲੀਅਤ ਕਰ ਰਹੇ ਹਨ। ਸ਼ਾਇਦ ਇਸੇ ਕਰਕੇ ਕੇਂਦਰੀ ਹਕੂਮਤ ਇਸ ਅੰਦੋਲਨ ਨੂੰ ਕਿਸੇ ਖਾਸ ਧਿਰ ਨਾਲ ਜੋੜ ਕੇ ਇਸ ਨੂੰ ਖਦੇੜਨ ਵਾਲੀਆਂ ਚਾਲਾਂ ਵਿਚ ਨਾਕਾਮ ਹੀ ਰਹੀ ਹੈ।

ਅਸਲ ਵਿਚ, ਕੁਝ ਸਿੱਖ ਵਿਦਵਾਨ ਇਸ ਅੰਦੋਲਨ ਵਿਚੋਂ ਆਪਣੀ ਸਿਆਸਤ ਦੀ ਤਲਾਸ਼ ਕਰ ਰਹੇ ਹਨ। ਇਨ੍ਹਾਂ ਵਿਦਵਾਨਾਂ ਨੇ ਆਪਣੀ ਸਿਆਸਤ ਨੂੰ ਅਗਾਂਹ ਵਧਾਉਣ ਲਈ ਹਰ ਹੀਲਾ-ਵਸੀਲਾ ਕਰਕੇ ਦੇਖ ਲਿਆ ਹੈ ਪਰ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਬਹੁਤਾ ਮੂੰਹ ਨਹੀਂ ਲਾਇਆ ਹੈ। ਇਸੇ ਨਿਰਾਸ਼ਾ ਅਤੇ ਨਾਕਾਮੀ ਵਿਚੋਂ ਹੀ ਇਹ ਧਿਰ ਅਜਿਹੀਆਂ ਘਟਨਾਵਾਂ ਜਾਂ ਵਿਚਾਰਾਂ ਨੂੰ ਕਿਸਾਨ ਅੰਦੋਲਨ ਉਤੇ ਲੱਦਣ ਦੀਆਂ ਕੋਸ਼ਿਸ਼ ਕਰਦੀ ਰਹੀ ਹੈ। ਹੁਣ ਵਹਿਸ਼ੀਆਨਾ ਕਤਲ ਨੂੰ ਸਿੱਖੀ ਦੇ ਹਵਾਲੇ ਨਾਲ ਜਿਸ ਤਰ੍ਹਾਂ ਵਡਿਆਇਆ ਗਿਆ ਹੈ, ਉਹ ਸੰਜੀਦਾ ਵਿਚਾਰ ਦੀ ਮੰਗ ਕਰਦਾ ਹੈ। ਇਹ ਕਤਲ ਅਸਲ ਵਿਚ ਉਸੇ ਤਰ੍ਹਾਂ ਦੀ ਕਾਰਵਾਈ ਸਾਬਤ ਹੋਇਆ ਹੈ ਜਿਸ ਤਰ੍ਹਾਂ ਸੱਤਾਧਾਰੀ ਹਿੰਦੂਤਵੀ ਧਿਰ ਘੱਟਗਿਣਤੀਆਂ ਖਿਲਾਫ ਹਜੂਮੀ ਹੱਤਿਆਵਾਂ ਲਈ ਆਮ ਲੋਕਾਂ ਨੂੰ ਭੜਕਾਉਂਦੀ ਰਹੀ ਹੈ। ਇਹ ਵਰਤਾਰਾ ਬਹੁਤ ਖਤਰਨਾਕ ਹੈ। ਇਸ ਵਰਤਾਰੇ ਦਾ ਹਰ ਹਾਲ ਵਿਰੋਧ ਹੋਣਾ ਚਾਹੀਦਾ ਹੈ, ਕਿਉਂਕਿ ਇਉਂ ਦੋਸ਼ ਲਾ ਕੇ ਤਾਂ ਫਿਰ ਕਿਸੇ ਨੂੰ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਹਿੰਦੂਤਵੀ ਭੀੜਾਂ ਨੇ ਪਹਿਲਾਂ ਅਜਿਹਾ ਹੀ ਕੀਤਾ ਹੈ। ਇਹ ਤਾਂ ਕਿਸਾਨ ਅੰਦੋਲਨ ਦੀ ਹੀ ਤਾਕਤ ਮੰਨੀ ਜਾਣੀ ਚਾਹੀਦੀ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪਈ ਹੈ। ਇਹ ਕਿਸਾਨ ਅੰਦੋਲਨ ਹੁਣ ਵੀ ਉਸੇ ਮੜਕ ਨਾਲ ਤੁਰ ਰਿਹਾ ਹੈ ਪਰ ਕੇਂਦਰੀ ਹਕੂਮਤ ਦੇ ਨਾਲ-ਨਾਲ ਇਸ ਨੂੰ ਖਿੱਚ-ਖਿੱਚ ਕੇ ਸਿੱਖ ਅੰਦੋਲਨ ਬਣਾਉਣ ਦੇ ਯਤਨ ਕਰਨ ਵਾਲੇ ਅਜੇ ਵੀ ਉਸੇ ਗਲੀ ਵਿਚ ਗੇੜੇ ਕੱਢ ਰਹੇ ਹਨ। ਕਿਸਾਨ ਅੰਦੋਲਨ ਨੇ ਭਾਰਤ ਦੀ ਸਿਆਸਤ ਅੰਦਰ ਨਵੇਂ ਰਾਹ ਖੋਲ੍ਹਣ ਦੇ ਬਹੁਤ ਸਾਰੇ ਸੰਕੇਤ ਸੁੱਟੇ ਹਨ। ਸਭ ਸੰਜੀਦਾ ਧਿਰਾਂ ਨੂੰ ਇਸ ਬਾਰੇ ਡੂੰਘੀ ਸੋਚ-ਵਿਚਾਰ ਕਰਕੇ ਰਾਹ ਵਿਚ ਅੜਿੱਕਾ ਬਣ ਰਹੀਆਂ ਧਿਰਾਂ ਬਾਰੇ ਸਾਵਧਾਨ ਹੋਣਾ ਚਾਹੀਦਾ ਹੈ। ਕੁਝ ਧਿਰਾਂ ਕਿਸਾਨ ਅੰਦੋਲਨ ਦੀਆਂ ਹਮਾਇਤੀ ਬਣ ਕੇ ਇਸ ਨੂੰ ਢਾਹ ਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀਆਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਾ-ਮੁਲਾਹਜ਼ਾ ਹੋਸ਼ਿਆਰ!*

ਇਕ 'ਕੱਲੇ ਦੀ ਜਗਾਹ ਜੇ 'ਦੋ' ਹੋਵਣ, ਬਣੇ 'ਗਿਆਰਾਂ' ਦੀ ਫੇਰ ਲਲਕਾਰ ਵੀਰੋ।
ਦੁਸ਼ਮਣ ਪਾੜ ਕੇ ਤੁਹਾਨੂੰ ਨਾ ਜਿੱਤ ਜਾਵੇ, ਆਪਸ ਵਿੱਚੀਂ ਨਾ ਕਰੋ ਤਕਰਾਰ ਵੀਰੋ।
ਫੁੱਟੀ ਅੱਖ ਨਾ ਭਾਉਂਦਾ ਵਿਰੋਧੀਆਂ ਨੂੰ, ਬਣਿਆ ਹੋਇਆ ਪੰਜਾਬ 'ਸਰਦਾਰ' ਵੀਰੋ।
ਜਦੋ-ਜਹਿਦ ਤੁਹਾਡੀ ਦੀ ਗੂੰਜ ਪਹੁੰਚੀ, ਅੰਤਰਰਾਸ਼ਟਰੀ ਹੱਦਾਂ ਦੇ ਪਾਰ ਵੀਰੋ।
ਦੇਖੋ ਹਾਕਮ ਮੱਕਾਰੀ 'ਤੇ ਉਤਰ ਆਇਆ, ਬਾ-ਮੁਲਾਹਜ਼ਾ ਹੁਣ ਰਿਹੋ ਹੁਸ਼ਿਆਰ ਵੀਰੋ।
ਸ਼ਾਂਤਮਈ ਸੰਘਰਸ਼ ਨੂੰ 'ਗਰਮ' ਕਰਕੇ, ਪਾਉਣਾ ਔਝੜੇ ਚਾਹੁੰਦੀ ਸਰਕਾਰ ਵੀਰੋ!

# ਬੇਅਦਬੀ ਬਨਾਮ ਅਧਾਰਮਿਕ ਬਿਰਤੀ

***ਨਿਹੰਗ ਸਿੰਘਾਂ ਦੇ ਕੀਤੇ ਕਤਲ ਨੇ ਨਾ ਸਿਰਫ ਮੋਰਚੇ ਦੇ ਜ਼ਾਬਤਾਬੱਧ ਅਕਸ ਨੂੰ ਢਾਹ ਲਾ ਕੇ ਆਰ.ਐਸ.ਐਸ.-ਬੀ.ਜੇ.ਪੀ. ਨੂੰ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦਾ ਬਹਾਨਾ ਦਿੱਤਾ ਹੈ ਸਗੋਂ ਇਹ ਕਿਸਾਨ ਅੰਦੋਲਨ ਅਤੇ ਸਿੱਖ ਕੱਟੜਪੰਥੀਆਂ ਦਰਮਿਆਨ ਤਣਾਓ ਨੂੰ ਹੋਰ ਵਧਾਉਣ ਦਾ ਕਾਰਨ ਵੀ ਬਣਿਆ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਸਿੰਘੂ-ਕੁੰਡਲੀ ਹੱਦ ਉੱਪਰ ਨਿਹੰਗ ਸਿੰਘਾਂ ਵੱਲੋਂ 'ਸਰਬ ਲੋਹ' ਗ੍ਰੰਥ ਦੀ ਬੇਅਦਬੀ ਦੇ ਨਾਂ ਹੇਠ ਇਕ ਵਿਅਕਤੀ ਦੇ ਕਤਲ ਦੀਆਂ ਪਰਤਾਂ ਉੱਧੜ ਰਹੀਆਂ ਹਨ। ਇਸ ਕਤਲ ਦੀ ਜਨਤਕ ਤੌਰ 'ਤੇ ਜ਼ਿੰਮੇਵਾਰੀ ਲੈਣ ਵਾਲੇ ਨਿਹੰਗ ਮੁਖੀਆਂ ਵਿਚੋਂ ਅਮਨ ਸਿੰਘ ਨਿਹੰਗ ਜੁਲਾਈ ਮਹੀਨੇ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਨਾਲ ਗੁਪਤ ਮੀਟਿੰਗਾਂ ਕਰਦਾ ਰਿਹਾ ਜਿਨ੍ਹਾਂ ਵਿਚ ਉਸ ਨਾਲ ਪਿੰਕੀ ਕੈਟ ਵੀ ਸੀ। ਅਮਨ ਸਿੰਘ ਨਿਹੰਗ ਉਹ ਮੁੱਖ ਸ਼ਖਸ ਹੈ ਜਿਸ ਨੇ ਦਾਅਵਾ ਕੀਤਾ ਸੀ ਕਿ ਬੇਅਦਬੀ ਦੇ ਕਥਿਤ ਦੋਸ਼ੀ ਨੇ ਪੁੱਛਗਿੱਛ ਦੌਰਾਨ ਦੱਸਿਆ ਸੀ ਕਿ ਸਾਜ਼ਿਸ਼ ਤਹਿਤ 8 ਹੋਰ ਵਿਅਕਤੀਆਂ ਨੂੰ 30-30 ਹਜ਼ਾਰ ਰੁਪਏ ਦੇ ਕੇ ਬੇਅਦਬੀ ਕਾਂਡਾਂ ਨੂੰ ਅੰਜਾਮ ਦੇਣ ਲਈ ਭੇਜਿਆ ਗਿਆ ਹੈ ਅਤੇ ਕਥਿਤ ਦੋਸ਼ੀ ਵੱਲੋਂ ਉਨ੍ਹਾਂ 'ਚੋਂ ਕੁਝ ਦੇ ਫੋਨ ਨੰਬਰ ਵੀ ਦੱਸੇ ਗਏ ਹਨ।

ਬੂਟਾ ਸਿੰਘ
ਫੋਨ: +91-94634-74342

ਨਿਹੰਗ ਮੁਖੀਆਂ ਵੱਲੋਂ ਮੀਡੀਆ ਅੱਗੇ ਲਾਈਵ ਹੋ ਕੇ ਉਸ ਨੂੰ 'ਸੋਧਾ ਲਾਉਣ' ਦੀ ਜ਼ਿੰਮੇਵਾਰੀ ਲਈ ਗਈ। ਜਿਹੜੇ ਨਿਹੰਗਾਂ ਨੇ ਪੁਲਿਸ ਅੱਗੇ ਆਤਮ-ਸਮਰਪਣ ਕੀਤਾ ਹੈ ਅਤੇ ਜੋ ਹੁਣ ਪੁਲਿਸ ਰਿਮਾਂਡ 'ਤੇ ਹਨ, ਉਨ੍ਹਾਂ ਨੇ ਕਤਲ 'ਚ ਆਪਣੀ ਭੂਮਿਕਾ ਦਾ ਮੀਡੀਆ ਕੈਮਰਿਆਂ ਅੱਗੇ ਇਕਬਾਲ ਕੀਤਾ ਹੈ। ਉਨ੍ਹਾਂ ਅਨੁਸਾਰ, ਜਿਹੜਾ ਕੋਈ ਬੇਅਦਬੀ ਕਰੇਗਾ, ਉਸ ਦਾ ਇਹੀ ਹਸ਼ਰ ਕੀਤਾ ਜਾਵੇਗਾ।

ਇਸ ਕਤਲ ਨੇ ਨਾ ਸਿਰਫ ਮੋਰਚੇ ਦੇ ਸ਼ਾਂਤਮਈ, ਜ਼ਾਬਤਾਬੱਧ ਅਕਸ ਨੂੰ ਢਾਹ ਲਾ ਕੇ ਫਾਸ਼ੀਵਾਦੀ ਆਰ.ਐਸ.ਐਸ.-ਬੀ.ਜੇ.ਪੀ. ਨੂੰ ਇਸ ਅੰਦੋਲਨ ਨੂੰ ਬਦਨਾਮ ਕਰਨ ਦਾ ਬਹਾਨਾ ਦਿੱਤਾ ਹੈ ਸਗੋਂ ਇਹ ਕਿਸਾਨ ਅੰਦੋਲਨ ਅਤੇ ਸਿੱਖ ਕੱਟੜਪੰਥੀਆਂ ਦਰਮਿਆਨ ਤਣਾਓ ਹੋਰ ਵਧਾਉਣ ਦਾ ਕਾਰਨ ਵੀ ਬਣਿਆ ਜੋ ਪਹਿਲਾਂ ਹੀ ਕਾਮਰੇਡ ਬਨਾਮ ਸਿੱਖ ਦਾ ਮਨਘੜਤ ਬਿਰਤਾਂਤ ਪ੍ਰਚਾਰ ਕੇ ਅੰਦੋਲਨ ਨੂੰ ਹਾਈਜੈਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮੋਰਚੇ ਦੇ ਆਗੂਆਂ ਨੇ ਬਾਕਾਇਦਾ ਪ੍ਰੈੱਸ ਬਿਆਨ ਜਾਰੀ ਕਰਕੇ ਆਪਣਾ ਪੱਖ ਸਪਸ਼ਟ ਕੀਤਾ ਹੈ ਕਿ ਮੋਰਚੇ ਦਾ ਨਾ ਨਿਹੰਗਾਂ ਦੀ ਉੱਥੇ ਮੌਜੂਦਗੀ ਨਾਲ ਕੋਈ ਸੰਬੰਧ ਹੈ, ਨਾ ਇਸ ਵਾਰਦਾਤ ਨਾਲ। ਇਸ ਦੇ ਬਾਵਜੂਦ ਗੋਦੀ ਮੀਡੀਆ ਅਤੇ ਬੀ.ਜੇ.ਪੀ. ਦੇ ਆਗੂ ਅੰਦੋਲਨ ਨੂੰ ਹਿੰਸਕ ਸਾਬਤ ਕਰਨ ਲਈ ਇਸ ਕਾਂਡ ਦਾ ਸਹਾਰਾ ਲੈ ਰਹੇ ਹਨ। ਜਾਤਪਾਤੀ ਸਿਆਸਤ ਕਰਨ ਵਾਲੀਆਂ ਤਾਕਤਾਂ ਇਸ ਕਤਲ ਨੂੰ ਦਲਿਤ ਮੁੱਦਾ ਬਣਾ ਕੇ ਮਜ਼ਦੂਰਾਂ ਨੂੰ ਅੰਦੋਲਨ ਵਿਰੁੱਧ ਭੜਕਾਉਣ ਲਈ ਯਤਨਸ਼ੀਲ ਹਨ।

ਨਿਹੰਗਾਂ ਨੇ ਇਹ ਦਾਅਵਾ ਵਾਰ-ਵਾਰ ਕੀਤਾ ਹੈ ਕਿ ਕਥਿਤ ਦੋਸ਼ੀ ਨੇ ਇਕਬਾਲ ਕੀਤਾ ਕਿ ਉਸ ਨੂੰ ਸਾਜ਼ਿਸ਼ ਤਹਿਤ ਬੇਅਦਬੀ ਨੂੰ ਅੰਜਾਮ ਦੇਣ ਲਈ ਸਿੰਘੂ-ਕੁੰਡਲੀ ਸਰਹੱਦ 'ਤੇ ਭੇਜਿਆ ਗਿਆ। ਉਨ੍ਹਾਂ ਨੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਣਾ ਕੇ ਪੇਸ਼ ਕਰਨ ਦੀ ਚਲਾਕੀ ਵੀ ਕੀਤੀ ਗਈ। ਮ੍ਰਿਤਕ ਦੀ ਭੈਣ ਵੱਲੋਂ ਲਖਬੀਰ ਦਾ ਕਿਸੇ ਸੰਧੂ ਨਾਂ ਦੇ ਅਣਪਛਾਤੇ ਸ਼ਖਸ ਨਾਲ ਫੋਨ 'ਤੇ ਲਗਾਤਾਰ ਸੰਪਰਕ 'ਚ ਹੋਣ ਦਾ ਖੁਲਾਸਾ ਵੀ ਕਿਸੇ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰਦਾ ਹੈ। ਫਿਰ ਵੀ, ਹੁਣ ਤੱਕ ਐਸਾ ਕੋਈ ਵੀਡੀਓ ਸਬੂਤ ਸਾਹਮਣੇ ਨਹੀਂ ਆਇਆ ਅਤੇ ਨਾ ਹੀ ਨਿਹੰਗ ਮੁਖੀਆਂ ਨੇ ਐਸਾ ਕੋਈ ਸਬੂਤ ਪੇਸ਼ ਕੀਤਾ ਹੈ ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਕਥਿਤ ਦੋਸ਼ੀ ਨੇ ਕਿੱਥੇ ਅਤੇ ਕਿਸ ਰੂਪ 'ਚ ਬੇਅਦਬੀ ਕੀਤੀ। ਜੇ ਉਨ੍ਹਾਂ ਕੋਲ ਐਸਾ ਕੋਈ ਸਬੂਤ ਸੀ, ਉਸ ਨੂੰ ਜਨਤਕ ਨਾ ਕਰਕੇ ਅਤੇ ਸਾਜ਼ਿਸ਼ ਦੇ ਗਵਾਹ ਨੂੰ ਮਾਰ ਕੇ ਨਿਹੰਗਾਂ ਨੇ ਉਲਟਾ ਪੁਲਿਸ ਨੂੰ ਇਸ ਪਿੱਛੇ ਕੰਮ ਕਰਦੀ ਸਾਜ਼ਿਸ਼ ਦੇ ਸਬੂਤ ਮਿਟਾ ਦੇਣ ਅਤੇ ਅੰਦੋਲਨ ਦਾ ਅਕਸ ਵਿਗਾੜਨ ਲਈ ਪੂਰੇ ਮਾਮਲੇ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਮੌਕਾ ਦਿੱਤਾ ਹੈ। ਇਸੇ ਦੌਰਾਨ ਬੇਅਦਬੀ ਦੇ ਨਾਂ 'ਤੇ ਵਹਿਸ਼ੀਆਨਾ ਕਤਲ ਨੂੰ ਜਾਇਜ਼ ਠਹਿਰਾਉਣ ਦੀ ਜੋ ਅੰਨ੍ਹੀ ਧਾਰਮਿਕ ਬਿਰਤੀ ਸਾਹਮਣੇ ਆਈ, ਉਹ ਹੋਰ ਵੀ ਖਤਰਨਾਕ ਹੈ।

ਇੰਨੇ ਗੰਭੀਰ ਮਾਮਲੇ 'ਚ ਸਭ ਤੋਂ ਮਹੱਤਵਪੂਰਨ ਸੀ ਕਥਿਤ ਬੇਅਦਬੀ ਪਿੱਛੇ ਕੰਮ ਕਰਦੀ ਸਾਜ਼ਿਸ਼ ਨੂੰ ਬੇਪਰਦ ਕਰਨਾ ਅਤੇ ਉਨ੍ਹਾਂ ਅੱਠ ਵਿਅਕਤੀਆਂ ਦੀ ਸ਼ਨਾਖਤ ਕਰਨਾ ਜੋ ਨਿਹੰਗ ਸਿੰਘਾਂ ਦੇ ਦਾਅਵੇ ਅਨੁਸਾਰ ਐਸੀਆਂ ਹੋਰ ਵਾਰਦਾਤਾਂ ਕਰਨ ਲਈ ਭੇਜੇ ਗਏ ਦੱਸੇ ਜਾ ਰਹੇ ਹਨ। ਜੇ ਇਹ ਸੱਚ ਹੈ ਤਾਂ ਨਿਹੰਗਾਂ ਨੇ ਭਾੜੇ ਦੇ ਮਾਮੂਲੀ ਕਾਰਿੰਦੇ ਨੂੰ ਮਾਰ ਕੇ ਅਸਲ ਸਾਜ਼ਿਸ਼ ਦੇ ਬੇਪਰਦ ਹੋਣ ਦੀ ਗੁੰਜਾਇਸ਼ ਖਤਮ ਕਰ ਦਿੱਤੀ। ਅੰਦੋਲਨ ਦੇ ਹਿਤ ਅਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਦੀ ਜ਼ਰੂਰਤ ਦੇ ਮੱਦੇਨਜ਼ਰ ਸਭ ਤੋਂ ਜ਼ਰੂਰੀ ਸੀ, ਇਸ ਕਥਿਤ ਸਾਜ਼ਿਸ਼ ਦੀ ਸੂਤਰਧਾਰ ਤਾਕਤ ਅਤੇ ਸਮੁੱਚੀ ਸਾਜ਼ਿਸ਼ ਨੂੰ ਸਾਹਮਣੇ



ਲਿਆਉਣਾ। ਇਕ ਕਥਿਤ ਦੋਸ਼ੀ ਨੂੰ ਦਿੱਤੀ ਸਜ਼ਾ ਨਿਹੰਗਾਂ ਅਤੇ ਇਸ ਕਤਲ ਨੂੰ ਜਾਇਜ਼ ਦੱਸਣ ਵਾਲੇ ਹਿੱਸਿਆਂ ਦੀ ਜੰਗਜੂ ਕੌਮ ਹੋਣ ਦੀ ਸਵੈ-ਸੰਤੁਸ਼ਟੀ ਦਾ ਸਾਧਨ ਤਾਂ ਹੋ ਸਕਦੀ ਹੈ ਲੇਕਿਨ ਇਸ ਨਾਲ ਬੇਅਦਬੀ ਦੀਆਂ ਸਾਜ਼ਿਸ਼ਾਂ ਬੰਦ ਨਹੀਂ ਹੋਣਗੀਆਂ। ਇਸ ਤੋਂ ਪਹਿਲਾਂ 2016 'ਚ ਵੀ ਆਲਮਗੀਰ (ਲੁਧਿਆਣਾ) ਅਤੇ ਵੈਰੋਕੇ (ਤਰਨਤਾਰਨ) 'ਚ ਬੇਅਦਬੀ ਦੇ ਮਾਮਲਿਆਂ 'ਚ ਦੋ ਕਥਿਤ ਦੋਸ਼ੀ ਔਰਤਾਂ ਦੇ ਕਤਲ ਕੀਤੇ ਗਏ ਪਰ ਨਾ ਤਾਂ ਬੇਅਦਬੀ ਦਾ ਸਿਲਸਿਲਾ ਬੰਦ ਹੋਇਆ ਅਤੇ ਨਾ ਬੇਅਦਬੀ ਦੀਆਂ ਵਾਰਦਾਤਾਂ ਦੇ ਅਸਲ ਸਾਜ਼ਿਸ਼ਘਾੜੇ ਬੇਪਰਦ ਹੋਏ।

ਚੇਤੇ ਰੱਖਣਾ ਹੋਵੇਗਾ ਕਿ ਹਜੂਮੀ ਕਤਲ ਖਤਰਨਾਕ ਵਰਤਾਰਾ ਹੈ। ਸੰਘ ਪਰਿਵਾਰ ਮੁਸਲਮਾਨਾਂ ਅਤੇ ਦਲਿਤਾਂ ਦੇ ਹਜੂਮੀ ਕਤਲ ਲਈ ਗਊ ਹੱਤਿਆ ਦੇ ਇਲਜ਼ਾਮ ਲਗਾਉਣ ਦਾ ਇਸੇ ਤਰ੍ਹਾਂ ਦਾ ਤਰੀਕਾ ਅਪਣਾਉਂਦਾ ਹੈ। ਬੇਅਦਬੀ ਦੇ ਬਹਾਨੇ ਹਜੂਮੀ ਕਤਲ ਨੂੰ ਜਾਇਜ਼ ਠਹਿਰਾਉਣਾ ਅਤੇ ਸਿੱਖ ਫਿਰਕੇ ਦੇ ਕੁਝ ਹਿੱਸਿਆਂ ਵੱਲੋਂ ਧਾਰਮਿਕ ਭਾਵਨਾਵਾਂ ਦੇ ਵਹਿਣ ਵਿਚ ਇਸ ਦੀ ਹਮਾਇਤ ਕਰਨਾ ਬੇਹੱਦ ਚਿੰਤਾਜਨਕ ਹੈ। ਇਹ ਸਿੱਖ ਫਲਸਫੇ ਅਤੇ ਗੁਰਬਾਣੀ ਦੀ ਵਿਚਾਰਧਾਰਾ ਨਾਲ ਬੇਮੇਲ ਹੈ। ਸਿੱਖ ਇਤਿਹਾਸ ਵਿਚ ਲੋਕਾਂ ਉੱਪਰ ਜਬਰ ਕਰਨ ਵਾਲੇ ਜਿਨ੍ਹਾਂ ਵੀ ਹੰਕਾਰੇ ਹੋਏ ਦੁਸ਼ਟਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ, ਉਨ੍ਹਾਂ ਦੇ ਮਨੁੱਖਤਾ ਵਿਰੁੱਧ ਜੁਰਮ ਜੱਗ ਜ਼ਾਹਿਰ ਸਨ। ਨਿਹੰਗਾਂ ਵੱਲੋਂ ਦਿੱਤੀ ਮੌਤ ਦੀ ਸਜ਼ਾ ਇਤਿਹਾਸ ਦੀਆਂ ਉਨ੍ਹਾਂ ਮਿਸਾਲਾਂ ਨਾਲ ਕਿਸੇ ਵੀ ਤਰ੍ਹਾਂ ਮੇਲ ਨਹੀਂ ਖਾਂਦੀ। ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਨਿਹੰਗਾਂ ਅਤੇ ਸਿੱਖੀ ਦੇ ਹੋਰ ਕਥਿਤ ਵਾਰਿਸਾਂ ਦਾ ਖੂਨ ਕਮਜ਼ੋਰ ਵਿਅਕਤੀਆਂ ਦੇ ਮਾਮਲੇ 'ਚ ਹੀ ਖੌਲ਼ਦਾ ਹੈ, ਬੇਅਦਬੀ ਵਿਰੁੱਧ ਰੋਸ ਪ੍ਰਗਟਾਵਿਆਂ ਨੂੰ ਪੁਲਿਸ/ਫੌਜ ਦੀ ਤਾਕਤ ਨਾਲ ਕੁਚਲ ਦੇਣ ਵਾਲੀਆਂ ਹਕੂਮਤਾਂ ਵੱਲ ਇਹ ਕਦੇ ਮੂਹ ਨਹੀਂ ਕਰਦੇ (ਇਤਿਹਾਸ ਗਵਾਹ ਹੈ ਕਿ ਬਾਬਾ ਸੰਤਾ ਸਿੰਘ ਦਾ ਨਿਹੰਗ ਦਲ ਤਾਂ ਸਗੋਂ 1984 'ਚ ਫੌਜੀ ਹਮਲਾ ਕਰਕੇ ਢਾਹੇ ਅਕਾਲ ਤਖਤ ਦੀ ਮੁੜ ਉਸਾਰੀ ਕਰਨ ਲਈ ਸਿੱਖ ਭਾਈਚਾਰੇ ਦੇ ਵਿਰੋਧ ਦੇ ਬਾਵਜੂਦ ਤੱਤਕਾਲੀ ਕਾਂਗਰਸ ਹਕੂਮਤ ਦਾ ਮੋਹਰਾ ਬਣਿਆ ਸੀ)। ਪੰਜਾਬ ਵਿਚ ਅਕਾਲੀ-ਭਾਜਪਾ (ਬਾਦਲ) ਸਰਕਾਰ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਵਾਰ-ਵਾਰ ਬੇਅਦਬੀ ਹੋਈ। ਨਿਹੰਗ ਅਤੇ ਹੋਰ ਜਥੇਬੰਦੀਆਂ ਨੇ ਅਸਲ ਸਾਜ਼ਿਸ਼ ਨੂੰ ਬੇਪਰਦ ਕਰਨ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕਦੇ ਵੀ ਕੋਈ ਸੰਜੀਦਾ ਅੰਦੋਲਨ ਨਹੀਂ ਕੀਤਾ। ਹੁਣ ਕਿਸਾਨ ਅੰਦੋਲਨ ਦੌਰਾਨ ਬੇਅਦਬੀ ਨੂੰ ਬਰਦਾਸ਼ਤ ਨਾ ਕਰਨ ਦੇ ਦਮਗਜੇ ਮਾਰੇ ਜਾ ਰਹੇ ਹਨ। ਸਵਾਲ ਤਾਂ ਇਹ ਵੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਾਰਦਾਤਾਂ ਗੁਰਬਾਣੀ ਦੀ ਬੇਅਦਬੀ ਦਾ ਸਿਰਫ ਇਕ ਰੂਪ ਹੈ। ਗੁਰੂ ਸਾਹਿਬਾਨ ਦੀਆਂ ਵਿਚਾਰਧਾਰਾ ਤੋਂ ਉਲਟ ਅਮਲ ਕਰਕੇ ਵੱਖ-ਵੱਖ ਰੂਪਾਂ 'ਚ ਆਏ ਦਿਨ ਕੀਤੀ ਜਾ ਰਹੀ ਬੇਅਦਬੀ ਇਸ ਤੋਂ ਵੀ ਗੰਭੀਰ ਹੈ ਜਿਸ ਦਾ ਨਾ ਅਕਾਲ ਤਖਤ ਦੇ ਜਥੇਦਾਰਾਂ ਸਮੇਤ ਸਿੱਖ ਸੰਸਥਾਵਾਂ ਕਦੇ ਨੋਟਿਸ ਲੈਂਦੀਆਂ ਹਨ ਜੋ ਖੁਦ ਇਸ ਲਈ ਜ਼ਿੰਮੇਵਾਰ ਹਨ ਅਤੇ ਨਾ ਇਹ ਬੇਅਦਬੀ ਕਦੇ ਸਿੱਖੀ ਦੇ ਉਪਰੋਕਤ ਕਥਿਤ ਪੈਰੋਕਾਰਾਂ ਲਈ ਫਿਕਰਮੰਦੀ ਅਤੇ ਰੋਹ ਦਾ ਕਾਰਨ ਬਣੀ ਹੈ।

ਬਹੁਤ ਸਾਰੇ ਸ਼ਖਸ ਆਪਣੀ ਖਸਲਤ ਅਨੁਸਾਰ ਧਾਰਮਿਕ ਮਾਮਲਿਆਂ ਨੂੰ ਜਾਣ-ਬੁੱਝ ਕੇ ਤੂਲ ਦੇ ਰਹੇ ਹਨ। ਦੀਪ ਸਿੱਧੂ ਕੁਝ ਨਿਹੰਗਾਂ ਵੱਲੋਂ ਕੀਤੇ ਵਹਿਸ਼ੀਆਨਾ ਕਤਲ ਨੂੰ 'ਪੰਥ ਵੱਲੋਂ ਦਿੱਤੀ ਸਜ਼ਾ' ਦੱਸ ਰਿਹਾ ਹੈ। ਇਹ ਲੋਕ ਸਿੱਖ ਫਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਆਪਣੇ ਸੌੜੇ ਸਿਆਸੀ ਏਜੰਡੇ ਥੋਪਣਾ ਚਾਹੁੰਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਦੀ ਕਾਮਯਾਬੀ ਅਤੇ ਸਲਾਮਤੀ ਦਾ ਰਾਜ਼ ਇਸ ਦਾ ਧਰਮਨਿਰਪੱਖ ਖਾਸਾ ਹੈ। ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਕਿਸਾਨ-ਮਜ਼ਦੂਰ ਆਪਣੇ ਧਰਮਾਂ ਤੋਂ ਉੱਪਰ ਉੱਠ ਕੇ ਇਸ ਵਿਚ ਕਿਸਾਨ-ਮਜ਼ਦੂਰ ਵਜੋਂ ਸ਼ਾਮਿਲ ਹਨ। ਅੰਦੋਲਨ ਦੀ ਅਗਵਾਈ ਕਰ ਰਹੀ ਲੀਡਰਸ਼ਿਪ ਅਤੇ ਜਥੇਬੰਦੀਆਂ ਨੇ ਕਦੇ ਵੀ ਕਿਸੇ ਦੇ ਧਰਮ ਨੂੰ ਮੰਨਣ ਦੇ ਨਿੱਜੀ ਹੱਕ 'ਚ ਦਖਲ ਨਹੀਂ ਦਿੱਤਾ। ਇਸੇ ਮਜ਼ਬੂਤੀ ਕਾਰਨ ਆਰ.ਐਸ.ਐਸ-ਬੀ.ਜੇ.ਪੀ. ਅਤੇ ਅੰਦੋਲਨ ਦੀਆਂ ਦੁਸ਼ਮਣ ਹੋਰ ਤਾਕਤਾਂ ਦੀ ਅੰਦੋਲਨ ਨੂੰ ਖਾਲਸਤਾਨੀ ਜਾਂ ਹੋਰ ਠੱਪੇ ਲਗਾ ਕੇ ਬਦਨਾਮ ਕਰਨ ਦੀ ਹਰ ਕੋਸ਼ਿਸ਼ ਅਸਫਲ ਹੋਈ ਹੈ ਲੇਕਿਨ ਸਿੱਖੀ ਦੇ ਇਹ ਔਤੀ ਵਾਰਸ ਧਰਮ ਨੂੰ ਅੰਦੋਲਨ ਵਿਰੁੱਧ ਖੜ੍ਹਾ ਕਰਕੇ ਅਤੇ ਆਪਣੇ ਧਰਮ ਨੂੰ ਅੰਦੋਲਨ ਉੱਪਰ ਥੋਪਣ ਦੀ ਜ਼ਿਦ ਕਰਕੇ ਅੰਦੋਲਨ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਨਿਹੰਗਾਂ ਦੀ ਵਹਿਸ਼ੀਆਨਾ ਕਾਰਵਾਈ ਨੇ ਫਾਸ਼ੀਵਾਦੀ ਹਕੂਮਤ ਲਈ ਅੰਦੋਲਨ ਨੂੰ ਭੰਡਣ ਦਾ ਕੰਮ ਸੌਖਾ ਕਰ ਕੀਤਾ ਹੈ। ਗੋਦੀ ਮੀਡੀਆ ਅਤੇ ਭਗਵੇਂ ਪ੍ਰਚਾਰਤੰਤਰ ਵੱਲੋਂ ਕਿਸਾਨਾਂ ਦੇ ਕਤਲਾਂ ਤੋਂ ਧਿਆਨ ਹਟਾਉਣ ਲਈ ਨਿਹੰਗਾਂ ਵੱਲੋਂ ਕੀਤੇ ਕਤਲ ਦੀਆਂ ਖਬਰਾਂ ਨੂੰ ਵਾਰ-ਵਾਰ ਦਿਖਾਉਣਾ ਸਾਬਤ ਕਰਦਾ ਹੈ ਕਿ ਲਖੀਮਪੁਰ ਖੀਰੀ ਕਾਂਡ 'ਚ ਘਿਰੀ ਹਕੂਮਤ ਲਈ ਇਹ ਕਾਂਡ ਕਿੰਨੀ ਵੱਡੀ ਰਾਹਤ ਬਣਿਆ ਹੈ।

ਕਤਲ ਦੇ ਹਮਾਇਤੀਆਂ ਵੱਲੋਂ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਬੇਅਦਬੀ ਦੀਆਂ ਘਟਨਾਵਾਂ 'ਚ ਹਕੂਮਤਾਂ ਤੋਂ ਨਿਆਂ ਨਹੀਂ ਮਿਲਿਆ, ਇਸ ਲਈ ਕਾਨੂੰਨ ਹੱਥ 'ਚ ਲੈ ਕੇ ਨਿਆਂ ਹਾਸਲ ਕਰਨਾ ਜਾਇਜ਼ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੌਜੂਦਾ ਪ੍ਰਬੰਧ ਅਨਿਆਂਕਾਰੀ ਹੈ ਜਿਸ ਵਿਚ ਮਜ਼ਲੂਮ ਧਿਰ ਨੂੰ ਨਿਆਂ ਨਹੀਂ ਮਿਲਦਾ। ਫਿਰ ਵੀ, ਨਿਆਂ ਲੈਣ ਲਈ ਕਤਲ ਬਦਲੇ ਕਤਲ ਦੀ ਵਕਾਲਤ ਨਹੀਂ ਕੀਤੀ ਜਾ ਸਕਦੀ। ਮਨੁੱਖੀ ਸਮਾਜ ਜਹਾਲਤ ਦੇ ਯੁੱਗ ਤੋਂ ਸ਼ੁਰੂ ਹੋ ਕੇ ਮੱਧਯੁਗੀ ਵਹਿਸ਼ੀ ਨਿਆਂ ਵਿਚੋਂ ਹੁੰਦਾ ਹੋਇਆ ਕਾਨੂੰਨ ਦੇ ਰਾਜ ਤੱਕ ਪੁੱਜਾ ਹੈ। ਆਲਮੀ ਪੱਧਰ 'ਤੇ ਮਨੁੱਖੀ ਹੱਕਾਂ ਨੂੰ ਸਰਵਵਿਆਪਕ ਮਾਨਤਾ ਮਿਲੀ ਹੈ। ਲੋਕ ਵਿਰੋਧੀ ਹਾਕਮ ਜਮਾਤ ਅਤੇ ਆਦਮਖੋਰ ਰਾਜ ਪ੍ਰਬੰਧ ਤਾਂ ਪਹਿਲਾਂ ਹੀ ਲੋਕਾਂ ਦੇ ਲਹੂ ਦੇ ਤਿਹਾਏ ਹਨ ਅਤੇ ਤੁਰੰਤ ਨਿਆਂ ਦੇ ਭਰਮ ਰਾਹੀਂ ਗੈਰ ਅਦਾਲਤੀ ਕਤਲਾਂ ਦਾ ਰਾਹ ਸਾਫ ਕਰਨਾ ਚਾਹੁੰਦੇ ਹਨ ਜੋ ਕਥਿਤ ਪੁਲਿਸ ਮੁਕਾਬਲਿਆਂ ਅਤੇ ਮੌਤ ਦੀਆਂ ਸਜ਼ਾਵਾਂ 'ਚ ਦੇਖਿਆ ਜਾ ਸਕਦਾ ਹੈ। ਰਾਜ ਪ੍ਰਬੰਧ ਨੂੰ ਕਾਨੂੰਨ ਦਾ ਰਾਜ ਲਾਗੂ ਕਰਨ ਲਈ ਮਜਬੂਰ ਕਿਵੇਂ ਕਰਨਾ ਹੈ ਅਤੇ ਇਸ ਦੇ ਖੂਨੀ ਹੱਥਾਂ ਨੂੰ ਕਿਵੇਂ ਰੋਕਣਾ ਹੈ, ਇਸ ਦੇ ਪ੍ਰਭਾਵਸ਼ਾਲੀ ਤਰੀਕੇ ਲੱਭਣੇ ਜ਼ਰੂਰੀ ਹਨ ਜੋ ਵਿਆਪਕ ਅੰਦੋਲਨ ਦੇ ਜਨਤਕ ਦਬਾਓ ਨਾਲ ਹੀ ਸੰਭਵ ਹੈ। ਐਸੀਆਂ ਵਹਿਸ਼ੀਆਨਾ ਕਾਰਵਾਈਆਂ ਤਾਂ ਸਗੋਂ ਹਕੂਮਤ ਅਤੇ ਰਾਜ ਮਸ਼ੀਨਰੀ ਵੱਲੋਂ ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਮਨਮਾਨੀਆਂ ਕਰਨ ਦੇ ਹੱਕ 'ਚ ਹੀ ਭੁਗਤਦੀਆਂ ਹਨ।

ਤਸੱਲੀ ਦੀ ਗੱਲ ਹੈ ਕਿ ਸਿੱਖ ਭਾਈਚਾਰੇ ਦੇ ਸੰਜੀਦਾ ਹਿੱਸਿਆਂ ਨੇ ਨਿਹੰਗਾਂ ਦੀ ਵਹਿਸ਼ੀਆਨਾ ਕਾਰਵਾਈ ਉੱਪਰ ਸਵਾਲ ਉਠਾਏ ਹਨ। ਉਮੀਦ ਹੈ ਕਿ ਹੋਰ ਹਿੱਸੇ ਵੀ ਧਾਰਮਿਕ ਭਾਵਨਾਵਾਂ ਦੇ ਵਹਿਣ 'ਚ ਵਹਿਣ ਦੀ ਬਜਾਇ ਗੁਰਮਤਿ ਦੇ ਤਰਕਪੂਰਨ ਮਾਪਦੰਡਾਂ ਨੂੰ ਆਪਣੀ ਸੋਚ ਦਾ ਹਿੱਸਾ ਬਣਾਉਣਗੇ ਅਤੇ ਐਸੀਆਂ ਵਹਿਸ਼ੀ ਕਾਰਵਾਈਆਂ ਤੋਂ ਆਪਣੇ ਆਪ ਨੂੰ ਅਲੱਗ ਕਰਨਗੇ।

# ਲਖੀਮਪੁਰ ਹਿੰਸਾ ਦਾ ਨਿਸ਼ਾਨਾ ਤਜਿੰਦਰ ਸਿੰਘ ਵਿਰਕ

3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿਚ ਕਿਸਾਨਾਂ ਦੇ ਰੋਸ ਪ੍ਰਦਰਸ਼ਨ ਦੀ ਅਗਵਾਈ ਕਰਨ ਵਾਲੇ 48 ਸਾਲਾ ਤਜਿੰਦਰ ਸਿੰਘ ਵਿਰਕ ਨੇ ਇਲਜ਼ਾਮ ਲਾਇਆ ਹੈ ਕਿ ਉਸ ਦਿਨ ਪ੍ਰਦਰਸ਼ਨਕਾਰੀਆਂ ਉੱਪਰ ਚੜ੍ਹਾਈਆਂ ਗਈਆਂ ਕਾਰਾਂ ਦੇ ਨਿਸ਼ਾਨੇ 'ਤੇ ਉਹ ਵੀ ਸੀ। 3 ਅਕਤੂਬਰ ਨੂੰ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਨਾਲ ਸੰਬੰਧਤ ਕਾਰਾਂ ਨੇ ਵਿਰਕ ਸਮੇਤ ਕਈ ਪ੍ਰਦਰਸ਼ਨਕਾਰੀਆਂ ਨੂੰ ਕੁਚਲ ਦਿੱਤਾ ਸੀ। ਕਿਸਾਨ ਨੇਤਾ ਦੀ ਖੋਪੜੀ ਅਤੇ ਸਰੀਰ 'ਤੇ ਕਈ ਫਰੈਕਚਰ ਹੋਏ ਹਨ। ਵਿਰਕ ਨੇ ਕਿਹਾ, "ਮੈਂ ਜੋ ਵੀਡੀਓ ਦੇਖੀ ਹੈ, ਸਾਰੇ ਲੋਕ 500 ਮੀਟਰ ਦੇ ਦਾਇਰੇ 'ਚ ਸਨ। ਉਨ੍ਹਾਂ ਨੇ 400 ਮੀਟਰ ਤੱਕ ਲੋਕਾਂ ਵਿੱਚੋਂ ਦੀ ਗੱਡੀਆਂ ਲੰਘਾਈਆਂ, ਅੱਗੇ ਗਏ ਅਤੇ ਉੱਥੇ ਆ ਕੇ ਗੱਡੀਆ ਮਾਰੀਆਂ ਜਿੱਥੇ ਮੈਂ ਖੜ੍ਹਾ ਸੀ। ਸਾਨੂੰ ਕਿੱਥੇ ਫੇਟ ਮਾਰਨੀ ਹੈ, ਇਸ ਲਈ ਕੁਝ ਲੋਕ ਥਾਰ ਤੋਂ ਬਾਹਰ

ਜਤਿੰਦਰ ਕੌਰ ਤੁੜ
ਅਨੁਵਾਦ: ਬੂਟਾ ਸਿੰਘ

ਦੇਖ ਰਹੇ ਸਨ।" ਵਿਰਕ ਗੰਭੀਰ ਫੱਟੜ ਹੋ ਗਏ ਪਰ ਵਾਲ-ਵਾਲ ਬਚ ਗਏ। ਉਨ੍ਹਾਂ ਨੇ 'ਦਿ ਕਾਰਵਾਂ' ਨਾਲ ਗੱਲ ਕੀਤੀ ਜਦੋਂ ਉਸ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਸੀ।

ਹਮਲੇ ਤੋਂ ਗੁੱਸੇ ਵਿਚ ਆ ਕੇ, ਕਿਸਾਨਾਂ ਨੇ ਉਨ੍ਹਾਂ ਦੋ ਗੱਡੀਆਂ ਨੂੰ ਅੱਗ ਲਾ ਦਿੱਤੀ ਜਿਨ੍ਹਾਂ ਨੇ ਕਿਸਾਨਾਂ ਨੂੰ ਕੁਚਲਿਆ ਸੀ। ਕੁਲ ਮਿਲਾ ਕੇ ਹਿੰਸਾ ਵਿਚ ਅੱਠ ਲੋਕ ਮਾਰੇ ਗਏ - ਚਾਰ ਕਿਸਾਨ, ਦੋ ਭਾਰਤੀ ਜਨਤਾ ਪਾਰਟੀ ਵਰਕਰ, ਇਕ ਕਾਰ ਦਾ ਡਰਾਈਵਰ ਅਤੇ ਇਕ ਪੱਤਰਕਾਰ। ਕਈ ਹੋਰ ਜ਼ਖ਼ਮੀ ਹੋ ਗਏ। ਕਿਸਾਨਾਂ ਨੇ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ 'ਤੇ ਪ੍ਰਦਰਸ਼ਨਕਾਰੀਆਂ ਨੂੰ ਕੁਚਲਣ ਵਾਲੇ ਕਾਫਲੇ ਵਿਚ ਸ਼ਾਮਲ ਹੋਣ ਦੇ ਇਲਜ਼ਾਮ ਲਾਏ। ਟੈਨੀ ਨੇ ਘਟਨਾ ਵਿਚ ਆਪਣੇ ਪੁੱਤਰ ਦੀ ਮੌਜੂਦਗੀ ਤੋਂ ਇਨਕਾਰ ਕੀਤਾ ਲੇਕਿਨ ਉੱਤਰ ਪ੍ਰਦੇਸ਼ ਪੁਲਿਸ ਨੇ 9 ਅਕਤੂਬਰ ਨੂੰ ਆਸ਼ੀਸ਼ ਨੂੰ ਗ੍ਰਿਫ਼ਤਾਰ ਕਰ ਲਿਆ।

ਸਤੰਬਰ ਦੇ ਆਖ਼ਰੀ ਹਫ਼ਤੇ ਜ਼ਿਲ੍ਹੇ ਦੇ ਪਲੀਆ ਕਸਬੇ ਵਿਚ ਇਕ ਹੋਰ ਸਮਾਗਮ ਵਿਚ ਕਿਸਾਨਾਂ ਨੇ ਵਿਰੋਧ ਕਰਦੇ ਹੋਏ ਟੈਨੀ ਨੂੰ ਕਾਲੇ ਝੰਡੇ ਦਿਖਾਏ ਸਨ। ਉਦੋਂ ਟੈਨੀ ਨੇ ਧਮਕੀ ਭਰਿਆ ਭਾਸ਼ਣ ਦਿੰਦੇ ਹੋਏ ਕਿਹਾ ਸੀ: "ਸੁਧਰ ਜਾਓ, ਨਹੀਂ ਤੋ ਹਮ ਆਪਕੋ ਸੁਧਾਰ ਦੇਂਗੇ, ਦੋ ਮਿੰਟ ਲਗੇਂਗੇ ਕੇਵਲ"। ਇਸ ਦੇ ਜਵਾਬ ਵਿਚ, ਵਿਰਕ ਨੇ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿਚ ਇਕ ਰੋਸ ਪ੍ਰਦਰਸ਼ਨ ਦਾ ਸੱਦਾ ਦਿੱਤਾ ਸੀ - ਉਸ ਦਿਨ ਟੈਨੀ ਅਤੇ ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਇਕ ਸਮਾਗਮ ਵਿਚ ਸ਼ਾਮਲ ਹੋਣ ਆਉਣਾ ਸੀ। ਉਤਰਾਖੰਡ ਦੇ ਰੁਦਰਪੁਰ ਦੇ ਵਸਨੀਕ ਵਿਰਕ ਉੱਤਰ ਪ੍ਰਦੇਸ਼ ਰਾਜ ਦੇ ਸੰਯੁਕਤ ਕਿਸਾਨ ਮੋਰਚੇ ਦੇ ਕੋਆਰਡੀਨੇਟਰ ਹਨ ਅਤੇ ਆਲ ਇੰਡੀਆ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਦੀ ਰਾਸ਼ਟਰੀ ਕੋਰ ਕਮੇਟੀ ਦੇ ਮੈਂਬਰ ਹਨ



ਖੱਬਿਓਂ: ਹਸਪਤਾਲ ਵਿਚ ਦਾਖਲ ਕਿਸਾਨ ਆਗੂ ਤਜਿੰਦਰ ਸਿੰਘ ਵਿਰਕ, ਘਟਨਾ ਤੋਂ ਪਹਿਲਾਂ ਕਿਸਾਨ ਮਾਰਚ ਦੌਰਾਨ ਤਜਿੰਦਰ ਸਿੰਘ ਵਿਰਕ ਅਤੇ ਕਿਸਾਨ ਆਗੂ ਦੀ ਇਕ ਪੁਰਾਣੀ ਤਸਵੀਰ।

ਜੋ ਕਈ ਕਿਸਾਨ ਜਥੇਬੰਦੀਆਂ ਦੀ ਛਤਰੀ ਸੰਸਥਾ ਹੈ। ਵਿਰਕ ਇਕ ਹੋਰ ਕਿਸਾਨ ਜਥੇਬੰਦੀ, ਤਰਾਈ ਕਿਸਾਨ ਸੰਗਠਨ ਦੇ ਰਾਸ਼ਟਰੀ ਪ੍ਰਧਾਨ ਵੀ ਹਨ।

ਜਦੋਂ ਮੈਂ ਉਸ ਨੂੰ ਪੁੱਛਿਆ ਕਿ ਕੀ ਉਸ ਨੂੰ ਲੱਗਦਾ ਹੈ ਕਿ ਉਸ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਤਾਂ ਵਿਰਕ ਨੇ ਕਿਹਾ, "ਨਿਸ਼ਚਿਤ ਤੌਰ 'ਤੇ।" ਵਿਰਕ ਅਨੁਸਾਰ, 3 ਅਕਤੂਬਰ ਨੂੰ ਸਵੇਰੇ 9.30 ਵਜੇ ਦੇ ਕਰੀਬ, ਹੈਲੀਪੈਡ ਉੱਤੇ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ ਜਿੱਥੇ ਮੌਰਿਆ ਦਾ ਹੈਲੀਕਾਪਟਰ ਉੱਤਰਨਾ ਸੀ। ਤਿੰਨ ਘੰਟਿਆਂ ਅੰਦਰ ਹਜ਼ਾਰਾਂ ਪ੍ਰਦਰਸ਼ਨਕਾਰੀ ਘਟਨਾ ਸਥਾਨ 'ਤੇ ਮੌਜੂਦ ਸਨ। ਮੌਰਿਆ ਮੌਕੇ 'ਤੇ ਨਹੀਂ ਉੱਤਰ ਸਕੇ ਅਤੇ ਉਹ ਸਿੱਧੇ ਸਮਾਗਮ ਦੇ ਸਥਾਨ 'ਤੇ ਪਹੁੰਚ ਗਏ। ਵਿਰਕ ਨੇ ਦੱਸਿਆ ਕਿ ਜਿਸ ਪ੍ਰੋਗਰਾਮ ਲਈ ਮੌਰਿਆ ਪਹੁੰਚਿਆ ਸੀ, ਉਹ ਉਸੇ ਸੜਕ 'ਤੇ ਸਥਿਤ ਸੀ ਜਿੱਥੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਸੀ। ਉਸ ਨੇ ਕਿਹਾ, "ਉਸ ਪ੍ਰੋਗਰਾਮ ਲਈ ਇਕ ਹੋਰ ਰਸਤਾ ਵੀ ਸੀ।"

ਵਿਰਕ ਨੇ ਕਿਹਾ ਕਿ ਕਿਸਾਨਾਂ ਦਾ ਵਿਰੋਧ ਪ੍ਰਦਰਸ਼ਨ ਸ਼ਾਂਤਮਈ ਸੀ - ਉਨ੍ਹਾਂ ਨੇ ਜੋ ਭਾਸ਼ਣ ਦਿੱਤੇ ਉਹ ਲਾਊਡ ਸਪੀਕਰ 'ਤੇ ਪ੍ਰਸਾਰਿਤ ਹੋਏ ਅਤੇ ਕੁਝ ਨੌਜਵਾਨਾਂ ਨੇ ਕਾਲੇ ਝੰਡੇ ਦਿਖਾਏ। "ਭਾਜਪਾ ਦੀਆਂ ਝੰਡਿਆਂ ਵਾਲੀਆਂ ਗੱਡੀਆਂ ਸਮੇਂ ਸਮੇਂ 'ਤੇ ਉੱਥੋਂ ਲੰਘਦੀਆਂ ਰਹੀਆਂ। ਅਸੀਂ ਕਾਲੇ ਝੰਡੇ ਦਿਖਾ ਰਹੇ ਨੌਜਵਾਨਾਂ ਨੂੰ ਲਾਊਡ ਸਪੀਕਰਾਂ ਤੋਂ ਅਪੀਲ ਕਰਦੇ ਰਹੇ ਕਿ ਇਨ੍ਹਾਂ ਨੂੰ ਲੰਘ ਜਾਣ ਦਿਓ। ਅਸੀਂ ਉਨ੍ਹਾਂ ਨੂੰ ਕਿਹਾ ਕਿ ਸਾਡਾ ਮੁੱਖ ਉਦੇਸ਼ ਉਪ ਮੁੱਖ ਮੰਤਰੀ ਨੂੰ ਰੋਕਣਾ ਹੈ, ਜੋ ਅਸੀਂ ਪੂਰਾ ਕਰ ਲਿਆ ਹੈ, ਇਸ ਲਈ ਉਨ੍ਹਾਂ ਨੂੰ ਜਾਣ ਦਿਓ। ਜੇ ਕੁਝ ਭਾਜਪਾ ਵਰਕਰ ਸਾਡੇ ਵਿਰੋਧ ਪ੍ਰਦਰਸ਼ਨ ਵਿਚ ਘੁਸਪੈਠ ਕਰਨ ਅਤੇ ਸ਼ਾਂਤੀ ਭੰਗ ਕਰ ਦੇਣ ਤਾਂ ਕੀ ਹੋਵੇਗਾ?"

ਦੁਪਹਿਰ ਕਰੀਬ 2 ਵਜੇ, ਕਿਸਾਨ ਮੋਰਚੇ ਦੇ ਆਗੂਆਂ ਅਤੇ ਕਿਸਾਨਾਂ ਦੀ ਸਥਾਨਕ ਕਮੇਟੀ ਨੇ ਧਰਨਾ ਖ਼ਤਮ ਕਰਨ ਦਾ ਫ਼ੈਸਲਾ ਕੀਤਾ। ਵਿਰਕ ਨੇ ਦੱਸਿਆ ਕਿ ਇਕ ਪੁਲਿਸ ਅਤੇ ਜ਼ਿਲ੍ਹਾ ਅਧਿਕਾਰੀ ਨੇ ਉੱਥੇ ਆ ਕੇ ਸਾਨੂੰ ਕਿਹਾ ਕਿ ਉਹ ਉਸ ਸੜਕ ਤੋਂ ਹੋ ਕੇ ਜਾਣਾ ਚਾਹੁੰਦੇ ਸਨ ਜਿਸ ਉੱਪਰ ਪ੍ਰਦਰਸ਼ਨਕਾਰੀ ਉਪ ਮੁੱਖ ਮੰਤਰੀ ਦੀ ਗੱਡੀ ਨੂੰ ਰੋਕਣ ਲਈ ਇਕੱਠੇ ਹੋਏ ਸਨ। ਇਸ 'ਤੇ ਕਿਸਾਨਾਂ ਦੇ ਨੁਮਾਇੰਦਿਆਂ ਨੇ ਇਨ੍ਹਾਂ ਅਧਿਕਾਰੀਆਂ ਨੂੰ ਭੀੜ ਦੇ ਵੱਡੇ ਆਕਾਰ ਦੇ ਕਾਰਨ ਆਪਣਾ ਰਸਤਾ ਬਦਲਣ ਲਈ ਕਿਹਾ। ਵਿਰਕ ਨੇ ਦੱਸਿਆ ਕਿ ਦੁਪਹਿਰ ਕਰੀਬ 2.35 ਵਜੇ, ਜ਼ਿਲ੍ਹਾ ਅਤੇ ਪੁਲਿਸ ਅਧਿਕਾਰੀਆਂ ਦੀ ਇਕ ਵੱਖਰੀ ਜੋੜੀ ਨੇ ਉਸ ਨਾਲ ਸੰਪਰਕ ਕਰਕੇ ਉਸ ਤੋਂ ਪੁੱਛਿਆ ਕਿ ਕੀ ਕਿਸਾਨ ਉਪ ਮੁੱਖ ਮੰਤਰੀ ਨੂੰ ਕੋਈ ਮੰਗ ਪੱਤਰ ਦੇਣਾ ਚਾਹੁੰਦੇ ਹਨ? ਵਿਰਕ ਨੇ ਕਿਹਾ, "ਮੈਂ ਉਨ੍ਹਾਂ ਨੂੰ ਦੱਸਿਆ ਕਿ ਸਾਡੀਆਂ ਮੰਗਾਂ ਉੱਪ ਮੁੱਖ ਮੰਤਰੀ ਦੇ ਦਾਇਰੇ ਤੋਂ ਬਾਹਰ ਹਨ। ਇਹ ਕੇਂਦਰ ਨਾਲ ਸੰਬੰਧਤ ਹਨ ਅਤੇ ਇਹ ਰਾਜ ਦਾ ਮਾਮਲਾ ਨਹੀਂ ਹੈ।"

ਵਿਰਕ ਅਨੁਸਾਰ, ਅਧਿਕਾਰੀਆਂ ਨੇ ਦੁਬਾਰਾ ਕਿਹਾ ਕਿ ਪ੍ਰੋਟੋਕੋਲ ਅਨੁਸਾਰ, ਉਪ ਮੁੱਖ ਮੰਤਰੀ ਨੂੰ ਉਸੇ ਰਸਤੇ ਤੋਂ ਹੋ ਕੇ ਜਾਣਾ ਪੈਣਾ ਹੈ ਜਿਸ ਉੱਪਰ ਕਿਸਾਨਾਂ ਨੇ ਉਨ੍ਹਾਂ ਨੂੰ ਨਾ ਜਾਣ ਲਈ ਕਿਹਾ ਸੀ। ਵਿਰਕ ਨੇ ਦੱਸਿਆ, "ਅਸੀਂ ਕਿਹਾ ਕਿ ਭੀੜ ਬਹੁਤ ਵੱਡੀ ਹੈ, ਅਸੀਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ "ਅਮਨ-ਕਾਨੂੰਨ ਦੀ ਸਥਿਤੀ ਵਿਗੜ ਸਕਦੀ ਹੈ, ਇਸ ਲਈ ਤੁਸੀਂ ਰਸਤਾ ਬਦਲ ਲਓ।" ਅਧਿਕਾਰੀਆਂ ਨੇ ਕਿਹਾ, "ਜੇ ਅਸੀਂ ਰਸਤਾ ਬਦਲਦੇ ਹਾਂ ਅਤੇ ਤੁਸੀਂ ਵੀ ਉੱਥੇ ਪਹੁੰਚ ਗਏ?" ਅਸੀਂ ਉਨ੍ਹਾਂ ਨੂੰ ਕਿਹਾ ਕਿ ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ। ਵਿਰਕ ਨੇ ਕਿਹਾ ਕਿ ਅਸੀਂ ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਜਦੋਂ ਦੂਸਰਾ ਪ੍ਰੋਗਰਾਮ ਖ਼ਤਮ ਹੋ ਜਾਵੇ ਤਾਂ ਸਾਨੂੰ ਸੂਚਿਤ ਕਰ ਦਿੱਤਾ ਜਾਵੇ ਤਾਂ ਜੋ ਵਿਰੋਧ ਪ੍ਰਦਰਸ਼ਨ ਅਤੇ ਪ੍ਰੋਗਰਾਮ ਇੱਕੋ ਸਮੇਂ ਖ਼ਤਮ ਨਾ ਹੋਣ। ਅਜਿਹਾ ਨਾ ਹੋਵੇ ਕਿ ਭਾਜਪਾ ਵਰਕਰ ਅਤੇ ਕਿਸਾਨ ਆਹਮੋ-ਸਾਹਮਣੇ ਆ ਜਾਣ। ਵਿਰਕ ਅਨੁਸਾਰ, ਜ਼ਿਲ੍ਹੇ ਦੇ ਦੂਜੇ ਅਧਿਕਾਰੀ ਨੇ ਕਿਹਾ ਕਿ ਜਦੋਂ ਉਪ ਮੁੱਖ ਮੰਤਰੀ ਪ੍ਰੋਗਰਾਮ ਤੋਂ ਚਲਾ ਜਾਵੇਗਾ ਤਾਂ ਉਹ ਉਨ੍ਹਾਂ ਨੂੰ ਫ਼ੋਨ ਕਰਨਗੇ। ਵਿਰਕ ਨੇ ਕਿਹਾ, "ਅਸੀਂ 10 ਮਿੰਟ ਇੰਤਜ਼ਾਰ ਕਰਦੇ ਰਹੇ। ਉਨ੍ਹਾਂ ਨੇ ਦੁਪਹਿਰ 3 ਵਜੇ ਦੇ ਕਰੀਬ ਧਰਨਾ ਖ਼ਤਮ ਕਰਨ ਦਾ ਫ਼ੈਸਲਾ ਕੀਤਾ।

ਵਿਰਕ ਅਨੁਸਾਰ, ਦੁਪਹਿਰ 2.55 ਵਜੇ, ਭੀੜ ਵਿਚੋਂ ਕਿਸੇ ਅਣਜਾਣ ਆਦਮੀ ਨੇ ਉਸ ਨੂੰ ਦੱਸਿਆ ਕਿ ਉਸ ਨੂੰ ਸੜਕ ਉੱਪਰ ਕੋਈ ਬੁਲਾ ਰਿਹਾ ਹੈ। ਉਹ ਅਗਰਸੇਨ ਕੈਂਪਸ ਦਾ ਗੇਟ ਪਾਰ ਕਰਕੇ ਸੜਕ 'ਤੇ ਪਹੁੰਚਿਆ ਜਿੱਥੇ ਹੈਲੀਪੈਡ ਸੀ। ਲਗਭਗ 500 ਮੀਟਰ ਦੀ ਦੂਰੀ ਤੱਕ ਸੜਕ ਉੱਪਰ ਬਹੁਤ ਸਾਰੇ ਪ੍ਰਦਰਸ਼ਨਕਾਰੀ ਮੌਜੂਦ ਸਨ। ਵਿਰਕ ਨੇ ਦੱਸਿਆ, "ਮੈਂ ਰੁਦਰਪੁਰ ਦੇ ਹੋਰ ਲੋਕਾਂ ਨਾਲ ਸੜਕ ਦੇ ਖੱਬੇ ਪਾਸੇ ਪਾਰਕਿੰਗ ਵੱਲ ਜਾ ਰਿਹਾ ਸੀ ਜਿੱਥੇ ਸਾਡੇ ਵਾਹਨ ਖੜ੍ਹੇ ਸਨ। ਉਦੋਂ ਮੇਰੇ ਅੱਗੇ ਪੰਜ ਜਾਂ ਛੇ ਪੱਤਰਕਾਰ ਸਨ, ਜਿਨ੍ਹਾਂ ਨੇ ਬਾਈਟ ਮੰਗੀ ਸੀ। ਉਹ ਆਪਣੇ ਕੈਮਰਿਆਂ ਨੂੰ ਐਡਜਸਟ ਕਰ ਰਹੇ ਸਨ ਜਦੋਂ ਮੈਂ ਪਿੱਛਿਓਂ ਆਵਾਜ਼ ਸੁਣੀ, 'ਮਾਰੋ'। ਮੈਨੂੰ ਲੱਗਦਾ ਹੈ, ਉਨ੍ਹਾਂ ਨੇ ਕਿਹਾ, 'ਮਾਰੋ ਇਹ ਉਹੀ ਹੈ'। ਉਦੋਂ ਮੈਨੂੰ ਸਮਝ ਨਹੀਂ ਆਇਆ ਕਿ ਕੀ ਹੋਇਆ ਹੈ। ਮੈਨੂੰ ਲੱਗਦਾ ਹੈ ਕਿ ਕਾਰ ਨੇ ਮੈਨੂੰ ਲਗਭਗ 20-30 ਮੀਟਰ ਤੱਕ ਘਸੀਟਿਆ, ਜਦੋਂ ਮੈਂ ਇਸ ਦੇ ਟਾਇਰਾਂ ਵਿਚ ਫਸਿਆ ਹੋਇਆ ਸੀ।" ਉਸ ਨੇ ਕਿਹਾ ਕਿ ਜਿਸ ਕਾਰ ਨੇ ਉਸ ਨੂੰ ਟੱਕਰ ਮਾਰੀ, ਉਹ ਪਾਣੀ ਨਾਲ ਭਰੇ ਟੋਏ 'ਤੇ ਪਹੁੰਚ ਕੇ ਰੁਕ ਗਈ। ਉਸ ਟੋਏ ਦੇ ਅੰਦਰ ਉਹ ਬੇਹੋਸ਼ ਹੋ ਗਿਆ ਸੀ।

ਵਿਰਕ ਨੇ ਦੱਸਿਆ, "ਮੈਨੂੰ ਪੰਜ ਜਾਂ ਛੇ ਮਿੰਟਾਂ ਬਾਅਦ ਹੋਸ਼ ਆਈ। ਮੈਨੂੰ ਚੱਕਰ ਆ ਰਹੇ ਸਨ ਅਤੇ ਮੈਂ ਖ਼ੂਨ ਤੇ ਚਿੱਕੜ ਨਾਲ ਲੱਥਪੱਥ ਸੀ। ਮੇਰੇ ਕੇਸ ਖੁੱਲ੍ਹ ਗਏ ਸਨ। ਮੇਰੀ ਬੁਰੀ ਹਾਲਤ ਸੀ। ਮੇਰੇ ਹੱਥਾਂ ਵਿਚ ਫ੍ਰੈਕਚਰ ਹੋ ਗਏ ਸਨ। ਦੋ ਵਿਅਕਤੀਆਂ ਨੇ ਕਿਸੇ ਤਰ੍ਹਾਂ ਮੈਨੂੰ ਚੁੱਕ ਕੇ ਵਾਹਨ ਵਿਚ ਲੱਦ ਦਿੱਤਾ। ਉਸ ਵਿਚ ਉਹ ਰਿਪੋਰਟਰ ਵੀ ਸੀ ਜਿਸ ਦਾ ਹੱਥ ਟੁੱਟ ਗਿਆ ਸੀ। ਹਫੜਾ-ਦਫੜੀ ਮੱਚ ਗਈ। ਮੈਂ 'ਮਾਰੋ, ਮਾਰੋ' ਦੀਆਂ ਆਵਾਜ਼ਾਂ ਸੁਣ ਸਕਦਾ ਸੀ। ਲੋਕ ਇੱਧਰ ਉੱਧਰ ਭੱਜ ਰਹੇ ਸਨ। ਗੋਲੀਆਂ ਦੀ ਆਵਾਜ਼ ਆ ਰਹੀ ਸੀ। ਮੈਨੂੰ ਨਹੀਂ ਪਤਾ ਕਿ ਇਹ ਕਿੱਥੋਂ ਆ ਰਹੀ ਸੀ ਕਿਉਂਕਿ ਮੈਂ ਸ਼ਾਇਦ ਹੀ ਹੋਸ਼ 'ਚ ਸੀ। ਮੈਨੂੰ ਗੱਡੀ ਵਿਚ ਇਕ ਹੋਰ ਜ਼ਖ਼ਮੀ ਵਿਅਕਤੀ ਦੇ ਨਾਲ ਪਿਛਲੀ ਸੀਟ 'ਤੇ ਬਿਠਾਇਆ ਗਿਆ ਸੀ। ਸ਼ਾਇਦ ਬਾਅਦ ਵਿਚ ਉਸ ਦੀ ਮੌਤ ਹੋ ਗਈ।"

ਵਿਰਕ ਨੇ ਕਿਹਾ ਕਿ ਉਸ ਨੂੰ ਪਹਿਲਾਂ ਤਿਕੁਨੀਆ ਸ਼ਹਿਰ ਦੇ ਇਕ ਛੋਟੇ ਹਸਪਤਾਲ ਵਿਚ ਲਿਜਾਇਆ ਗਿਆ ਜਿੱਥੇ ਕੋਈ ਡਾਕਟਰ ਮੌਜੂਦ ਨਹੀਂ ਸੀ। ਉੱਥੋਂ ਉਨ੍ਹਾਂ ਨੂੰ ਕੁਝ ਮੁਢਲੀ ਸਹਾਇਤਾ ਲਈ ਲਖੀਮਪੁਰ ਦੇ ਸਰਕਾਰੀ ਹਸਪਤਾਲ ਵਿਚ ਪਹੁੰਚਣ ਵਿਚ ਦੋ ਘੰਟੇ ਲੱਗ ਗਏ। ਚਾਰ ਘੰਟੇ ਬਾਅਦ ਉਹ ਰੁਦਰਪੁਰ ਦੇ ਮੈਡੀਸਿਟੀ ਹਸਪਤਾਲ ਪਹੁੰਚੇ, ਜਿੱਥੇ ਉਸ ਦੀ ਖੋਪੜੀ ਵਿਚ ਵੱਡਾ ਫਰੈਕਚਰ ਪਤਾ ਲੱਗਿਆ ਅਤੇ ਉਸ ਦਾ ਇਲਾਜ ਕੀਤਾ ਗਿਆ। ਫਿਰ ਉਹ ਆਖ਼ਿਰਕਾਰ ਸਵੇਰੇ 4 ਵਜੇ ਗੁੜਗਾਓਂ, ਮੇਦਾਂਤਾ ਵਿਚ ਪਹੁੰਚ ਗਿਆ। ਉਸ ਸਮੇਂ ਤਕਰੀਬਨ 13 ਘੰਟੇ ਹੋ ਚੁੱਕੇ ਸਨ।

3 ਅਕਤੂਬਰ ਦੇ ਵਿਰੋਧ ਪ੍ਰਦਰਸ਼ਨ ਦੇ ਇਸ ਸੱਦੇ ਬਾਰੇ ਵਿਰਕ ਨੇ ਕਿਹਾ, "ਟੈਨੀ ਨਾਲ ਮੇਰਾ ਪਹਿਲੀ ਵਾਰ ਵਾਹ ਪਿਆ ਸੀ। ਮੈਂ ਰੁਦਰਪੁਰ ਤੋਂ ਹਾਂ ਜੋ ਇਸ ਸਥਾਨ ਤੋਂ 250 ਕਿਲੋਮੀਟਰ ਤੋਂ ਜ਼ਿਆਦਾ ਦੂਰ ਹੈ।" ਉਸ ਨੇ ਮੈਨੂੰ ਦੱਸਿਆ ਕਿ ਉਹ ਉਸ ਖੇਤਰ ਦੇ ਕਿਸਾਨਾਂ ਦੀ ਬੇਨਤੀ 'ਤੇ ਲਖੀਮਪੁਰ ਗਿਆ ਸੀ। ਮੈਨੂੰ ਉੱਥੋਂ ਦੇ ਬਹੁਤ ਸਾਰੇ ਕਿਸਾਨਾਂ ਦੇ ਫ਼ੋਨ ਆਏ ਸਨ ਜੋ ਕਿਸੇ ਯੋਗ ਅਗਵਾਈ ਦੀ ਅਣਹੋਂਦ ਵਿਚ, ਅਸੁਰੱਖਿਅਤ ਮਹਿਸੂਸ ਕਰ ਰਹੇ ਸਨ। ਇਸ ਲਈ ਮੈਂ ਉਨ੍ਹਾਂ ਕਿਸਾਨਾਂ ਦੀ ਬੇਨਤੀ 'ਤੇ ਯੂ.ਪੀ. ਦੇ ਕਿਸਾਨ ਮੋਰਚਾ ਕੋਆਰਡੀਨੇਟਰ ਵਜੋਂ ਹਮਾਇਤ ਦੇਣ ਲਈ ਉੱਥੇ ਗਿਆ ਸੀ।"

ਵਿਰਕ ਨੇ ਦੱਸਿਆ ਕਿ ਉਹ ਅਤੇ ਉਸ ਦਾ ਪਰਿਵਾਰ ਇਸ ਮਾਮਲੇ ਬਾਰੇ ਸ਼ਿਕਾਇਤ ਦਰਜ ਕਰਾਉਣ ਨੂੰ ਲੈ ਕੇ ਬਹੁਤ ਡਰੇ ਹੋਏ ਸਨ। ਕਿਸੇ ਵੀ ਪੁਲਿਸ ਅਧਿਕਾਰੀ ਨੇ ਬਿਆਨ ਲੈਣ ਲਈ ਉਨ੍ਹਾਂ ਨਾਲ ਸੰਪਰਕ ਨਹੀਂ ਕੀਤਾ। ਉਸ ਦੇ ਵਕੀਲ ਅਜੀਤਪਾਲ ਸਿੰਘ ਮੰਡੇਰ ਨੇ ਇਹ ਵੀ ਦੱਸਿਆ ਕਿ ਲਖੀਮਪੁਰ ਖੀਰੀ ਹਿੰਸਾ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਘਟਨਾ ਦੇ 12 ਦਿਨਾਂ ਬਾਅਦ ਵੀ ਵਿਰਕ ਦੇ ਬਿਆਨ ਦਰਜ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਮੰਡੇਰ ਨੇ ਕਿਹਾ, "ਜਾਂਚ ਵਿਚ ਵਿਰਕ ਦਾ ਬਿਆਨ ਬਹੁਤ ਮਹੱਤਵਪੂਰਨ ਹੈ ਕਿਉਂਕਿ ਉਹ ਹਮਲੇ ਵਿਚ ਗੰਭੀਰ ਰੂਪ 'ਚ ਜ਼ਖ਼ਮੀ ਹੋਇਆ ਹੈ। ਜੇ ਪੁਲਿਸ, ਜਾਂ ਐਸਆਈਟੀ, ਉਸ ਦੇ ਬਿਆਨ ਦਰਜ ਨਹੀਂ ਕਰਦੀ, ਤਾਂ ਉਹ ਫ਼ੌਜਦਾਰੀ ਦੰਡ ਵਿਧਾਨ, 1973 ਦੀਆਂ ਧਾਰਾਵਾਂ ਦਾ ਸਹਾਰਾ ਲੈ ਕੇ ਆਪਣਾ ਬਿਆਨ ਦਰਜ ਕਰਾਉਣਗੇ ਅਤੇ ਅਦਾਲਤ ਵਿਚ ਜਾਣਗੇ।"

# ਲਖੀਮਪੁਰ ਹਿੰਸਾ ਪਿੱਛੋਂ ਯੂ.ਪੀ. ਦੀ ਸਿਆਸਤ

ਜਾਤੀਵਾਦ ਗੱਠਜੋੜ ਬਣਾਉਣ ਦੀ ਰਾਜਨੀਤੀ ਤੋਂ ਪੈਦਾ ਹੋਈਆਂ ਦੁਬਿਧਾਵਾਂ ਕਾਰਨ ਭਾਜਪਾ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀ ਕੇਂਦਰੀ ਗ੍ਰਹਿ ਰਾਜ ਮੰਤਰੀ ਅਤੇ ਉਨ੍ਹਾਂ ਦੇ ਪੁੱਤਰ ਬਾਰੇ ਅੰਦਰੂਨੀ ਵਿਰੋਧੀਆਂ 'ਚ ਫਸੀ ਰਹੀ ਹੈ। ਲਗਦਾ ਹੈ ਕਿ ਭਾਜਪਾ

ਅਭੈ ਕੁਮਾਰ ਦੂਬੇ

ਦੇ ਕੇਂਦਰੀ ਅਗਵਾਈ ਦੀ ਨੁਮਾਇੰਦਗੀ ਕਰਨ ਵਾਲੇ ਰਣਨੀਤੀਕਾਰ ਮਿਸ਼ਰਾ ਪਿਤਾ-ਪੁੱਤਰ ਨੂੰ ਕਾਨੂੰਨ ਦੇ ਗੁੱਸੇ ਤੋਂ ਬਚਾਉਣ ਦੇ ਪੱਖ 'ਚ ਸਨ ਪਰ ਯੋਗੀ ਦੇ ਸੂਬਾ ਅਗਵਾਈਕਾਰ ਚਾਹੁੰਦੇ ਸਨ ਕਿ ਇਨ੍ਹਾਂ ਦੋਵਾਂ ਨੂੰ ਪਾਸੇ ਕਰ ਕੇ ਆਪਣੀ ਸਰਕਾਰ ਦੀ ਡਿਗਦੀ ਹੋਈ ਸਾਖ ਨੂੰ ਹੋਰ ਡਿਗਣ ਤੋਂ ਰੋਕਿਆ ਜਾਵੇ। ਇਹੀ ਕਾਰਨ ਸੀ ਕਿ ਜਦੋਂ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਲਖਨਊ ਸਥਿਤ ਭਾਜਪਾ ਦੇ ਸੂਬਾ ਦਫਤਰ 'ਚ ਗਏ ਤਾਂ ਉੱਥੇ ਮੌਜੂਦ ਸੂਬਾ ਪ੍ਰਧਾਨ ਸਵਤੰਤਰ ਦੇਵ ਸਿੰਘ ਅਤੇ ਹੋਰ ਅਹੁਦੇਦਾਰਾਂ ਨੇ ਉਨ੍ਹਾਂ ਨਾਲ ਗੱਲ ਤੱਕ ਨਹੀਂ ਕੀਤੀ। ਫਿਰ ਸਵਤੰਤਰ ਦੇਵ ਨੇ ਬਿਆਨ ਦਿੱਤਾ ਕਿ ਭਾਜਪਾ ਲੋਕਾਂ ਨੂੰ ਗੱਡੀਆਂ ਨਾਲ ਕੁਚਲਣ ਦੀ ਰਾਜਨੀਤੀ ਨਹੀਂ ਕਰਦੀ।

ਇਸ ਰਵੱਈਏ ਦਾ ਨਤੀਜਾ ਇਹ ਨਿਕਲਿਆ ਕਿ ਜਿਵੇਂ ਹੀ ਕੇਂਦਰੀ ਮੰਤਰੀ ਅਜੈ ਮਿਸ਼ਰਾ ਦਾ ਪੁੱਤਰ ਆਸ਼ੀਸ਼ ਮਿਸ਼ਰਾ ਵਿਸ਼ੇਸ਼ ਜਾਂਚ ਟੀਮ ਕੋਲ ਪੇਸ਼ ਹੋਇਆ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਪਰ ਇਸ ਦਾ ਮਤਲਬ ਇਹ ਨਹੀਂ ਕੱਢਿਆ ਜਾ ਸਕਦਾ ਕਿ ਇਸ ਕਾਰਵਾਈ ਨਾਲ ਭਾਜਪਾ ਦੀ ਸਰਕਾਰ ਦੇ ਅਕਸ ਨੂੰ ਪੁੱਜੇ ਨੁਕਸਾਨ ਦੀ ਭਰਪਾਈ ਹੋ ਗਈ ਹੈ। ਅਜਿਹੇ ਵੋਟਰ ਬਹੁਤ ਹਨ ਜੋ ਭਾਜਪਾ ਨਾਲ ਨਾਰਾਜ਼ ਹੋਣ ਦੇ ਬਾਵਜੂਦ ਉਸ ਖਿਲਾਫ ਬੋਲਣ ਜਾਂ ਵੋਟ ਪਾਉਣ ਦਾ ਮਨ ਨਹੀਂ ਬਣਾ ਰਹੇ ਸਨ, ਉਹ ਇਸ ਕਾਂਡ ਨਾਲ ਘਬਰਾ ਗਏ ਹਨ। ਇਹ ਕਾਂਡ ਉਨ੍ਹਾਂ ਨੂੰ ਹੱਥ ਫੜ ਕੇ ਭਾਜਪਾ-ਵਿਰੋਧੀ ਪਾਲੇ 'ਚ ਲਿਜਾਣ ਦੀ ਭੂਮਿਕਾ ਨਿਭਾਅ ਰਿਹਾ ਹੈ। ਹਕੀਕਤ ਇਹ ਹੈ ਕਿ ਲਖੀਮਪੁਰ ਖੀਰੀ 'ਚ ਕਾਰ ਦੇ ਟਾਇਰਾਂ ਨਾਲ ਕੁਚਲ ਕੇ ਮਾਰੇ ਗਏ ਕਿਸਾਨਾਂ ਦਾ ਖ਼ੂਨ ਪੂਰੀਆਂ ਚੋਣਾਂ ਦੀ ਤਸਵੀਰ ਬਦਲ ਰਿਹਾ ਹੈ।

ਜਿੱਥੋਂ ਤੱਕ ਕਾਂਗਰਸ ਦਾ ਸਵਾਲ ਹੈ, ਲਖੀਮਪੁਰੀ ਖੀਰੀ ਕਾਂਡ ਨੇ ਉਸ ਦੇ ਲਈ ਇਸ ਤੋਂ ਵੀ ਜ਼ਿਆਦਾ ਦਿਲਚਸਪ ਭੂਮਿਕਾ ਨਿਭਾਈ ਹੈ। ਪ੍ਰਿਅੰਕਾ ਗਾਂਧੀ ਨੇ ਜਿਸ ਜੋਸ਼ ਅਤੇ ਹਮਲਾਵਰ ਰੁਖ ਨਾਲ ਇਸ ਕਾਂਡ ਦੇ ਇਰਦ-ਗਿਰਦ ਸਿਆਸਤ ਕੀਤੀ ਹੈ, ਉਸ ਨਾਲ ਕਈ ਲੋਕਾਂ ਨੂੰ ਉਮੀਦ ਹੋ ਗਈ ਹੈ ਕਿ ਸ਼ਾਇਦ ਹੁਣ ਉੱਤਰ ਪ੍ਰਦੇਸ਼ 'ਚ ਕਾਂਗਰਸ ਦੀ ਸਥਿਤੀ ਮਜ਼ਬੂਤ ਹੋ ਜਾਵੇਗੀ ਪਰ ਕੀ ਹਕੀਕਤ 'ਚ ਅਜਿਹਾ ਹੋ ਸਕਦਾ ਹੈ? ਮੇਰਾ ਮੰਨਣਾ ਹੈ ਕਿ ਪ੍ਰਿਅੰਕਾ ਦੀ ਇਸ ਸਿਆਸਤ ਨਾਲ ਕਾਂਗਰਸ ਨੂੰ ਲਾਭ ਤਾਂ ਹੋਵੇਗਾ ਪਰ ਉੱਤਰ ਪ੍ਰਦੇਸ਼ 'ਚ ਨਾ ਹੋ ਕੇ ਪੰਜਾਬ 'ਤੇ ਉਸ ਦਾ ਅਸਰ ਜ਼ਿਆਦਾ ਪੈ ਸਕਦਾ ਹੈ। ਪੰਜਾਬ 'ਚ ਕਾਂਗਰਸ ਦੀ ਅੱਜ ਜੋ ਹਾਲਤ ਹੈ, ਉਸ ਦੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਪ੍ਰਿਅੰਕਾ ਗਾਂਧੀ ਦੀ ਹੀ ਹੈ। ਅਜੇ ਤੱਕ ਉਨ੍ਹਾਂ ਨੇ ਅਤੇ ਰਾਹੁਲ ਨੇ ਪੰਜਾਬ ਕਾਂਗਰਸ ਦੇ ਘਟਨਾਕ੍ਰਮ 'ਤੇ ਮੀਡੀਆ 'ਚ ਮੂੰਹ ਨਹੀਂ ਖੋਲ੍ਹਿਆ ਹੈ। ਉੱਤਰ ਪ੍ਰਦੇਸ਼ 'ਚ ਜੇਕਰ ਕਾਂਗਰਸ ਨੇ ਕਾਮਯਾਬ ਹੋਣਾ ਹੈ ਤਾਂ ਉਸ ਨੂੰ ਸਮਾਜਿਕ ਗੱਠਜੋੜ ਬਣਾਉਣੇ ਹੋਣਗੇ। ਇਸ ਲਈ ਜ਼ਰੂਰੀ ਹੈ ਕਿ ਕੋਈ ਇਕ ਵੱਡੀ ਜਾਤੀ ਦਿਲੋਂ ਉਸ ਦਾ ਸਾਥ ਦੇਵੇ। ਨਾਲ ਹੀ ਕਾਂਗਰਸ ਕਿਸੇ ਹਰਮਨ-ਪਿਆਰੇ ਵਿਚਾਰਾਂ ਦੇ ਘੋੜੇ 'ਤੇ ਸਵਾਰ ਹੋ ਕੇ ਵੋਟਰਾਂ ਦੇ ਸਾਹਮਣੇ ਕੁਝ ਆਕਰਸ਼ਕ ਪ੍ਰਸਤਾਵ ਪੇਸ਼ ਕਰੇ। ਅਜਿਹਾ ਨਾ ਹੋਣ 'ਤੇ ਜਾਤੀਵਾਦੀ ਗੱਠਜੋੜ ਵੀ ਅਖੀਰ ਕੰਮ ਆਉਣ ਤੋਂ ਮਨ੍ਹਾਂ ਕਰ ਦਿੰਦੇ ਹਨ। ਕਈ ਪਾਰਟੀਆਂ ਇਸ ਤਰ੍ਹਾਂ ਦੇ ਹਸ਼ਰ ਦਾ ਸ਼ਿਕਾਰ ਹੋ ਚੁੱਕੀਆਂ ਹਨ।

ਦੂਜੇ ਪਾਸੇ ਭਾਜਪਾ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਉਹ ਵੀ ਦੂਜਿਆਂ ਦੀ ਤਰ੍ਹਾਂ ਜਾਤੀਆਂ ਦੀ ਜੋੜ-ਤੋੜ ਨਹੀਂ ਕਰੇਗੀ ਅਤੇ ਉਸ ਦੇ ਕੋਲ ਵੀ 'ਜਾਤੀ-ਪਲੱਸ' ਵਰਗਾ ਕੋਈ ਨਾ ਕੋਈ ਸੰਕਲਪ ਜ਼ਰੂਰ ਹੋਵੇਗਾ, ਭਾਵੇਂ ਉਹ ਹਿੰਦੂਤਵ ਦੀ ਵਿਚਾਰਧਾਰਾ ਤੋਂ ਨਿਕਲਦਾ ਹੋਵੇ ਜਾਂ ਕਮਜ਼ੋਰ ਜਾਤੀਆਂ ਨੂੰ ਰਾਜਨੀਤੀ ਦੇ ਮੈਦਾਨ 'ਚ ਬਰਾਬਰ ਦਾ ਮੌਕਾ ਦੇਣ ਵਾਲਾ ਹੋਵੇ। ਪਰ ਹੌਲੀ-ਹੌਲੀ ਸਾਫ ਹੁੰਦਾ ਜਾ ਰਿਹਾ ਹੈ ਕਿ ਭਾਜਪਾ ਦਾ ਜਾਤੀ ਆਧਾਰਿਤ ਗੱਠਜੋੜ ਦੂਜਿਆਂ ਦੇ ਮੁਕਾਬਲੇ ਆਕਾਰ 'ਚ ਵੱਡਾ ਅਤੇ ਜਾਤੀਆਂ ਦੇ ਲਿਹਾਜ਼ ਨਾਲ ਜ਼ਿਆਦਾ ਵਿਆਪਕ ਜ਼ਰੂਰ ਹੈ, ਪਰ 'ਜਾਤੀ-ਪਲੱਸ' ਉਸ 'ਚੋਂ ਵੀ ਗਾਇਬ ਹੈ। ਜੇਕਰ ਅਜਿਹਾ ਨਾ ਹੁੰਦਾ ਤਾਂ ਅੱਜਕੱਲ੍ਹ ਉੱਤਰ ਪ੍ਰਦੇਸ਼ ਦੀਆਂ ਚੋਣਾਂ ਦੀ ਤਿਆਰੀ ਕਰਦੇ ਸਮੇਂ ਬ੍ਰਾਹਮਣ, ਜਾਟ ਅਤੇ ਗੁੱਜਰ ਵਰਗੇ ਪ੍ਰਮੁੱਖ ਜਾਤੀ ਸਮੂਹਾਂ ਦੇ ਹੱਥੋਂ ਨਿਕਲਣ ਦੀ ਸ਼ੰਕਾ ਨਾਲ ਉਨ੍ਹਾਂ ਦੇ ਸਾਹ ਨਾ ਫੁੱਲ ਰਹੇ ਹੁੰਦੇ। ਹੋਰ ਤਾਂ ਹੋਰ ਉੱਤਰ ਪ੍ਰਦੇਸ਼ ਇਸ ਸਮੇਂ ਇਹ ਗਰੰਟੀ ਵੀ ਨਹੀਂ ਦੇ ਸਕਦਾ ਕਿ ਪਿਛਲੀਆਂ ਤਿੰਨ ਚੋਣਾਂ ਦੀ ਤਰ੍ਹਾਂ ਸਾਰੇ ਗ਼ੈਰ-ਯਾਦਵ ਪਛੜੇ ਵਰਗ ਅਤੇ ਗ਼ੈਰ-ਜਾਟਵ ਦਲਿਤ ਇਸ ਵਾਰ ਵੀ ਉਸ ਦੇ ਨਾਲ ਬਣੇ ਰਹਿਣਗੇ।

ਦਰਅਸਲ, ਸਿਰਫ ਤੇ ਸਿਰਫ ਜਾਤੀਆਂ ਦੇ ਜੋੜ-ਤੋੜ ਦੀ ਰਾਜਨੀਤੀ ਜਲਦ ਹੀ ਡੱਡੂ ਤੋਲਣ ਦੀ ਸਰਗਰਮੀ 'ਚ ਬਦਲ ਜਾਂਦੀ ਹੈ। ਹੁਣ ਇਕ ਡੱਡੂ ਚੁੱਕ ਕੇ ਪੱਲੜੇ 'ਚ ਰੱਖਦੇ ਹਨ, ਤਾਂ ਦੂਜਾ ਛਾਲ ਮਾਰ ਕੇ ਬਾਹਰ ਨਿਕਲ ਜਾਂਦਾ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਗੁਜਰਾਤ 'ਚ ਆਪਣਾ ਇਹ ਹਸ਼ਰ ਹੁੰਦਾ ਦੇਖ ਚੁੱਕੀ ਹੈ।

ਸਮਾਜ ਜਾਤੀਆਂ 'ਚ ਵੰਡਿਆ ਹੋਇਆ ਹੈ ਅਤੇ ਰਾਜਨੀਤਕ ਯੋਜਨਾਬੰਦੀ ਦੀ ਸਭ ਤੋਂ ਪ੍ਰਮੁੱਖ ਇਕਾਈ ਜਾਤੀ ਹੀ ਹੈ ਪਰ ਜਾਤੀਆਂ ਸੱਤਾ 'ਚ ਭਾਗੀਦਾਰੀ ਹੀ ਨਹੀਂ ਸਗੋਂ ਆਰਥਕ ਵਿਕਾਸ ਦੇ ਨਾਲ-ਨਾਲ ਸਮਾਜਕ, ਵਿਚਾਰਕ ਅਤੇ ਸੰਸਕ੍ਰਿਤਕ ਛੋਹ ਵੀ ਚਾਹੁੰਦੀਆਂ ਹਨ। ਇਹੀ ਹੈ ਉਹ 'ਜਾਤੀ-ਪਲੱਸ' ਜਿਸ ਨੂੰ ਮੁਹੱਈਆ ਕਰਵਾਉਣ 'ਚ ਪਾਰਟੀਆਂ ਅਸਫਲ ਰਹਿੰਦੀਆਂ ਹਨ। ਸੱਚਾ ਹੋਵੇ ਜਾਂ ਝੂਠਾ, ਆਜ਼ਾਦੀ ਤੋਂ ਬਾਅਦ ਸਿਰਫ ਕਾਂਗਰਸ ਦੇ ਕੋਲ ਇਹ ਛੋਹ ਸੀ। ਜਿਵੇਂ ਹੀ ਕਾਂਗਰਸ ਵੀ ਜਾਤੀਆਂ ਦੇ ਖੋਖਲੇ ਗੱਠਜੋੜ ਬਣਾਉਣ 'ਚ ਲੱਗੀ, ਉਸ ਦੇ ਪੱਲੜੇ 'ਚੋਂ ਵੀ ਡੱਡੂਆਂ ਨੇ ਛਾਲ ਮਾਰਨੀ ਸ਼ੁਰੂ ਕਰ ਦਿੱਤੀ। ਕਾਂਗਰਸ ਦਾ ਇਹ ਹਸ਼ਰ ਹੋਣਾ ਕਰੀਬ ਵੀਹ ਸਾਲ ਬਾਅਦ ਸ਼ੁਰੂ ਹੋਇਆ ਸੀ। ਭਾਜਪਾ ਖੁਦ ਨੂੰ ਵਿਚਾਰਧਾਰਾਤਮਿਕ ਪਾਰਟੀ ਜ਼ਰੂਰ ਕਹਿੰਦੀ ਹੈ ਪਰ ਇਸ ਦੇ ਬਾਵਜੂਦ ਉਸ ਦੀ ਹੇਠਾਂ ਵੱਲ ਦੀ ਰਫਤਾਰ ਕਾਂਗਰਸ ਦੇ ਮੁਕਾਬਲੇ ਕਾਫੀ ਘੱਟ ਸਮੇਂ 'ਚ ਤੇਜ਼ ਹੁੰਦੀ ਦਿਸ ਰਹੀ ਹੈ।

# ਹੰਟਸਮੈਨ ਅਤੇ ਨੇਵਾਡਾ ਸਟੇਟ ਸੀਨੀਅਰ ਉਲੰਪਿਕਸ ਵਿਚ ਪੰਜ ਪੰਜਾਬੀਆਂ ਨੇ ਜਿੱਤੇ ਮੈਡਲ

**ਫਰਿਜ਼ਨੋ:** ਹਰ ਸਾਲ ਅਕਤੂਬਰ ਵਿਚ ਅਮਰੀਕੀ ਸੂਬੇ ਯੂਟਾ ਵਿਚ ਹੰਟਸਮੈਨ ਵਰਲਡ ਸੀਨੀਅਰ ਖੇਡਾਂ ਅਤੇ ਨੇਵਾਡਾ ਸਟੇਟ ਸੀਨੀਅਰ ਉਲੰਪਿਕਸ ਖੇਡਾਂ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਖੇਡਾਂ ਵਿਚ ਹਰ ਸਾਲ ਸੀਨੀਅਰ ਪੰਜਾਬੀ








ਅਕਸਰ ਭਾਗ ਲੈਂਦੇ ਹਨ ਅਤੇ ਮੈਡਲ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਨਾਂ ਅਮਰੀਕਾ ਦੀ ਧਰਤੀ 'ਤੇ ਉੱਚਾ ਕਰਦੇ ਹਨ। ਇਸ ਸਾਲ ਇਨ੍ਹਾਂ ਖੇਡਾਂ ਵਿਚ ਫਰਿਜ਼ਨੋ ਸ਼ਹਿਰ ਦੇ ਤਿੰਨ ਪੰਜਾਬੀ ਸੀਨੀਅਰ ਖਿਡਾਰੀਆਂ ਅਤੇ ਰੀਨੋ, ਨੇਵਾਡਾ ਤੋਂ ਦੋ ਪੰਜਾਬੀ ਸੀਨੀਅਰ ਖਿਡਾਰੀਆਂ ਨੇ ਭਾਗ ਲਿਆ। ਨੇਵਾਡਾ ਸੀਨੀਅਰ ਉਲੰਪਿਕਸ ਵਿਚ ਗੁਰਬਖਸ਼ ਸਿੰਘ ਸਿੱਧੂ ਨੇ ਡਿਸਕਸ ਥਰੋਅ ਵਿਚ ਸੋਨ ਤਗਮਾ, ਹੈਮਰ ਥਰੋਅ ਵਿਚ ਚਾਂਦੀ ਦਾ ਤਗਮਾ, ਭਾਰ ਸੁੱਟਣ ਅਤੇ ਸ਼ਾਟਪੁੱਟ ਵਿਚ ਕਾਂਸੀ ਦਾ ਤਗਮਾ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ, ਜਦੋਂ ਕਿ ਜੈਵਲਿਨ ਥਰੋਅ ਵਿਚ ਉਨ੍ਹਾਂ ਨੂੰ ਚੌਥਾ ਸਥਾਨ ਹਾਸਲ ਹੋਇਆ।


ਇਨ੍ਹਾਂ ਖੇਡਾਂ ਵਿਚ ਇਸ ਵਾਰ ਸੁਖਨੈਣ ਸਿੰਘ ਸਿਹਤ ਖਰਾਬ ਹੋਣ ਕਾਰਨ ਭਾਗ ਲੈਣ ਤੋਂ ਅਸਮਰਥ ਰਹੇ। ਰੀਨੋ ਨਿਵਾਸੀ ਜਗਤਾਰ ਸਿੰਘ ਨੇ ਨੇਵਾਡਾ ਸਟੇਟ ਖੇਡਾਂ ਵਿਚ ਸ਼ਾਟਪੁੱਟ, ਡਿਸਕਸ ਤੇ ਹੈਮਰ ਥਰੋਅ ਵਿਚ ਗੋਲਡ ਮੈਡਲ ਆਪਣੇ ਨਾਮ ਕੀਤੇ ਅਤੇ ਰੀਨੋ ਨਿਵਾਸੀ ਰਣਧੀਰ ਸਿੰਘ ਨੇ ਹੈਮਰ ਥਰੋਅ ਵਿਚ ਗੋਲਡ ਤੇ ਡਿਸਕਸ ਥਰੋਅ ਵਿਚ ਸਿਲਵਰ ਮੈਡਲ ਹਾਸਲ ਕੀਤੇ। ਜ਼ਿਕਰਯੋਗ ਹੈ ਕਿ ਨੇਵਾਡਾ ਸਟੇਟ ਸੀਨੀਅਰ ਉਲੰਪਿਕਸ ਵਿਚ 300 ਦੇ ਕਰੀਬ ਖਿਡਾਰੀਆਂ ਨੇ ਹਿੱਸਾ ਲਿਆ।


ਇਸੇ ਤਰ੍ਹਾਂ ਹੰਟਸਮੈਨ ਵਰਲਡ ਸੀਨੀਅਰ ਖੇਡਾਂ ਵਿਚ ਪੂਰੀ ਦੁਨੀਆਂ ਦੇ 70 ਦੇਸ਼ਾਂ ਦੇ ਐਥਲੀਟਾਂ ਨੇ ਹਿੱਸਾ ਲਿਆ ਅਤੇ ਇਨ੍ਹਾਂ ਖੇਡਾਂ ਵਿਚ ਭਾਗ ਲੈਣ ਲਈ ਵੈਸਟ ਇੰਡੀਜ਼ ਆਈਲੈਂਡ ਦੇ ਦੇਸ਼ ਬਾਰਬਾਡੋਸ ਤੋਂ ਵੀ ਖਿਡਾਰੀ ਪਹੁੰਚੇ ਹੋਏ ਸਨ। ਬਾਰਬਾਡੋਸ ਦੇਸ਼ 35 ਜਰਬ 45 ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਹੈ ਅਤੇ ਉਥੋਂ ਦੀ ਸਰਕਾਰ ਆਪਣੇ ਖਿਡਾਰੀਆਂ 'ਤੇ ਖਰਚਾ ਕਰਕੇ ਇਨ੍ਹਾਂ ਖੇਡਾਂ ਵਿਚ ਭਾਗ ਲੈਣ ਲਈ ਭੇਜਦੀ ਹੈ। ਇਨ੍ਹਾਂ ਖੇਡਾਂ ਵਿਚ ਜਿੱਥੇ ਕਮਲਜੀਤ ਬੈਨੀਪਾਲ ਨੇ 800/1500 ਮੀਟਰ ਰੇਸ ਵਿਚ ਚਾਂਦੀ ਦਾ ਤਗਮਾ ਜਿੱਤਿਆ, ਉੱਥੇ ਹੀ ਹਰਦੀਪ ਸਿੰਘ ਸੰਘੇੜਾ ਨੇ ਸੋਨ ਤਗਮਾ ਆਪਣੇ ਨਾਮ ਕੀਤਾ। ਗੁਰਬਖਸ਼ ਸਿੰਘ ਸਿੱਧੂ ਨੂੰ ਉੱਚੀ ਛਾਲ ਵਿਚ ਛੇਵਾਂ ਸਥਾਨ ਹਾਸਲ ਹੋਇਆ, ਜਦੋਂ ਕਿ 200 ਮੀਟਰ ਦੌੜ ਵਿਚ ਹਰਦੀਪ ਸਿੰਘ ਸੰਘੇੜਾ ਨੂੰ ਪੰਜਵਾਂ ਤੇ ਸ਼ਾਟਪੁੱਟ ਵਿਚ ਗੁਰਬਖਸ਼ ਸਿੰਘ ਸਿੱਧੂ ਨੂੰ ਸੱਤਵਾਂ ਸਥਾਨ ਹਾਸਲ ਹੋਇਆ।

ਇਹ ਪੰਜਾਬੀ ਸੀਨੀਅਰ ਖਿਡਾਰੀ ਆਪਣੇ ਖਰਚੇ 'ਤੇ ਅਮਰੀਕਾ ਵਿਚ ਬਹੁਤ ਸਾਰੀਆਂ ਖੇਡਾਂ ਵਿਚ ਭਾਗ ਲੈਂਦੇ ਹਨ ਅਤੇ ਪੱਗਾਂ ਬੰਨ੍ਹ ਕੇ ਪੰਜਾਬੀ ਭਾਈਚਾਰੇ ਦਾ ਨਾਮ ਚਮਕਾਉਂਦੇ ਹਨ। ਜ਼ਿਕਰਯੋਗ ਹੈ ਕਿ ਇਹ 40ਵੀਆਂ ਨੇਵਾਡਾ ਸਟੇਟ ਤੇ 34ਵੀਆਂ ਹੰਟਸਮੈਨ ਵਰਲਡ ਸੀਨੀਅਰ ਖੇਡਾਂ ਸਨ।

# 'ਢਾਹਾਂ ਪੁਰਸਕਾਰ' ਲਹਿੰਦੇ ਪੰਜਾਬ ਦੇ ਨਾਵਲਕਾਰ ਨੈਨ ਸੁਖ ਨੂੰ ਦੇਣ ਦਾ ਐਲਾਨ

**ਸਰੀ:** ਵੈਨਕੂਵਰ (ਕੈਨੇਡਾ) ਦੇ ਢਾਹਾਂ ਪਰਿਵਾਰ ਵੱਲੋਂ ਦਿੱਤਾ ਜਾਣ ਵਾਲਾ ਦੱਖਣੀ ਏਸ਼ੀਆਈ ਸਵਦੇਸ਼ੀ ਭਾਸ਼ਾਵਾਂ ਦਾ ਸਭ ਤੋਂ ਵੱਡਾ 25 ਹਜ਼ਾਰ ਡਾਲਰ ਦਾ ਸਾਹਿਤਕ ਪੁਰਸਕਾਰ









'ਢਾਹਾਂ ਪੁਰਸਕਾਰ' ਇਸ ਵਾਰ ਲਹਿੰਦੇ ਪੰਜਾਬ ਦੇ ਨਾਵਲਕਾਰ ਨੈਨ ਸੁਖ ਦੇ ਨਾਵਲ 'ਜੋਗੀ ਸੱਪ ਤਰਾਹ' ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। 10-10 ਹਜ਼ਾਰ ਡਾਲਰ ਦੇ ਦੋ ਹੋਰ ਪੁਰਸਕਾਰਾਂ ਲਈ ਬਲਬੀਰ ਮਾਧੋਪੁਰੀ ਦੇ ਨਾਵਲ 'ਮਿੱਟੀ ਬੋਲ ਪਈ' ਤੇ ਕਹਾਣੀਕਾਰਾ ਸਰਘੀ ਦੇ ਕਹਾਣੀ ਸੰਗ੍ਰਹਿ 'ਆਪਣੇ ਆਪਣੇ ਮਰਸੀਏ' ਨੂੰ ਚੁਣਿਆ ਗਿਆ ਹੈ।

ਵੈਨਕੂਵਰ ਦੇ ਰੌਸ ਸਟਰੀਟ 'ਤੇ ਸਥਿਤ ਕਾਮਾਗਾਟਾਮਾਰੂ ਮਿਊਜ਼ੀਅਮ ਵਿਚ ਇਕ ਸੰਖੇਪ ਸਮਾਗਮ ਦੌਰਾਨ ਇਹ ਐਲਾਨ ਬਰਜ ਢਾਹਾਂ, ਹਰਿੰਦਰ ਕੌਰ ਅਤੇ ਸਾਧੂ ਸਿੰਘ ਬਿਨਿੰਗ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਪੁਰਸਕਾਰ ਦਾ ਉਦੇਸ਼ ਸਰਹੱਦਾਂ ਤੋਂ ਪਾਰ ਪੰਜਾਬੀ ਸਾਹਿਤ ਦੀ ਸਿਰਜਣਾ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰਿਆਂ ਨੂੰ ਜੋੜਨਾ ਅਤੇ ਵਿਸ਼ਵ ਪੱਧਰ 'ਤੇ ਪੰਜਾਬੀ ਸਾਹਿਤ ਨੂੰ ਉਤਸ਼ਾਹਿਤ ਕਰਨਾ ਹੈ।

ਜ਼ਿਕਰਯੋਗ ਹੈ ਕਿ ਇਸ ਐਵਾਰਡ ਦੀ ਸਥਾਪਨਾ ਕੈਨੇਡਾ-ਇੰਡੀਆ ਐਜੂਕੇਸ਼ਨ ਸੁਸਾਇਟੀ ਦੁਆਰਾ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਏਸ਼ੀਅਨ ਸਟੱਡੀਜ਼ ਵਿਭਾਗ ਦੇ ਸਹਿਯੋਗ ਨਾਲ ਕੀਤੀ ਗਈ ਹੈ। ਇਸ ਵਾਰ ਇਹ ਅੱਠਵਾਂ ਐਵਾਰਡ ਸੀ। ਇਹ ਪਹਿਲੀ ਵਾਰ ਹੈ ਕਿ ਕਿਸੇ ਸ਼ਾਹਮੁਖੀ ਲਿਪੀ ਦੀ ਪੁਸਤਕ ਨੂੰ ਪਹਿਲਾ ਇਨਾਮ ਹਾਸਲ ਹੋਇਆ ਹੈ। ਇਸ ਤੋਂ ਪਹਿਲੇ ਸੱਤ ਐਵਾਰਡ ਗੁਰਮੁਖੀ ਲਿਪੀ ਦੀਆਂ ਵਾਰਤਕ ਪੁਸਤਕਾਂ ਦੇ ਹਿੱਸੇ ਹੀ ਆਏ ਹਨ।

# ਕੈਨੇਡੀਅਨ ਕੌਂਸਲ ਮੈਂਬਰ ਗੁਰਪ੍ਰੀਤ ਸਿੰਘ ਢਿੱਲੋਂ ਦਾ ਫਰਿਜ਼ਨੋ ਵਿਖੇ ਸੁਆਗਤ

**ਫਰਿਜ਼ਨੋ:** ਲੰਘੇ ਦਿਨੀਂ ਬਰੈਂਪਟਨ (ਕੈਨੇਡਾ) ਦੇ ਪੀਲ ਕਾਊਂਟੀ ਰੀਜਨਲ ਕੌਂਸਲ ਮੈਂਬਰ ਗੁਰਪ੍ਰੀਤ ਸਿੰਘ ਢਿੱਲੋਂ ਦਾ ਫਰਿਜ਼ਨੋ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਦੇ ਸਨਮਾਨ ਹਿੱਤ ਇੰਡੋ-ਯੂ. ਐਸ. ਹੈਰੀਟੇਜ ਫਰਿਜ਼ਨੋ ਦੇ ਸਮੂਹ ਮੈਂਬਰਾਂ ਨੇ ਉੱਘੇ ਸਮਾਜ ਸੇਵੀ ਸ. ਸੰਤੋਖ ਸਿੰਘ ਢਿੱਲੋਂ ਦੇ ਉੱਦਮ ਸਦਕਾ ਸਥਾਨਕ ਨੌਰਥ ਪੁਆਇੰਟ ਈਵੈਂਟ ਸੈਂਟਰ ਵਿਚ ਇੱਕ ਸਨਮਾਨ ਸਮਾਰੋਹ ਰੱਖਿਆ, ਜਿਸ ਵਿਚ ਫਰਿਜ਼ਨੋ ਦੀਆਂ ਸਿਰਕੱਢ ਸ਼ਖਸੀਅਤਾਂ ਨੇ ਹਾਜ਼ਰੀ ਭਰ ਕੇ ਇਸ ਸਮਾਗਮ ਨੂੰ ਹੋਰ ਚਾਰ ਚੰਨ ਲਾਏ।



ਇਸ ਮੌਕੇ ਗੁਰਪ੍ਰੀਤ ਸਿੰਘ ਢਿੱਲੋਂ ਨੇ ਕਿਹਾ ਕਿ ਉਹ ਭਾਈਚਾਰੇ ਦੀ ਤਨਦੇਹੀ ਨਾਲ ਸੇਵਾ ਕਰਦੇ ਰਹਿਣਗੇ ਅਤੇ ਪੀਲ ਕਾਊਂਟੀ ਦੇ ਚੰਗੇ ਭਵਿੱਖ ਲਈ ਅੱਗੇ ਵਧ ਕੇ ਸੰਘਰਸ਼ ਜਾਰੀ ਰੱਖਣਗੇ। ਸੰਤੋਖ ਸਿੰਘ ਢਿੱਲੋਂ ਨੇ ਆਏ ਸਮੂਹ ਸੱਜਣਾਂ ਦਾ ਸ਼ੁਕਰੀਆ ਅਦਾ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ. ਚਰਨਜੀਤ ਸਿੰਘ ਬਾਠ, ਅਵਤਾਰ ਗਿੱਲ (ਗਿੱਲ ਇੰਸ਼ੋਰੈਂਸ), ਹਾਕਮ ਸਿੰਘ ਢਿੱਲੋਂ, ਰਾਜ ਵੈਰੋਕੇ, ਬਿੱਟੂ ਕੁੱਸਾ, ਜੰਗੀਰ ਗਿੱਲ (ਗਿੱਲ ਟਰੱਕਿੰਗ), ਬਲਰਾਜ ਬਰਾੜ, ਹੈਰੀ ਮਾਨ, ਸਾਧੂ ਸਿੰਘ ਸੰਘਾ, ਨਿਰਮਲ ਧਨੌਲਾ, ਮਨਜੀਤ ਕੁਲਾਰ ਅਤੇ ਸੁਲੱਖਣ ਸਿੰਘ ਗਿੱਲ ਆਦਿ ਸ਼ਾਮਲ ਸਨ।

# ਸਫਲ ਰਿਹਾ ਕੈਲਗਰੀ ਵੂਮਨ ਕਲਚਰਲ ਐਸੋਸੀਏਸ਼ਨ ਦਾ ਸਾਹਿਤਕ ਉਪਰਾਲਾ

**ਕੈਲਗਰੀ, ਕੈਨੇਡਾ:** ਕੈਲਗਰੀ ਵੂਮਨ ਕਲਚਰਲ ਐਸੋਸੀਏਸ਼ਨ ਦੀ ਅਕਤੂਬਰ ਮਹੀਨੇ ਦੀ ਇਕੱਤਰਤਾ 16 ਅਕਤੂਬਰ ਨੂੰ ਸਾਕਾ ਦੇ ਹਾਲ ਵਿਚ ਕੀਤੀ ਗਈ। ਤੀਹ ਕੁ ਭੈਣਾਂ ਕਰੋਨਾ ਸਬੰਧੀ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦੀਆਂ ਮਾਸਕ ਪਹਿਨੀ ਸਮੇਂ ਸਿਰ ਪਹੁੰਚ ਗਈਆਂ। ਕਰੋਨਾ ਤੋਂ ਬਚਾਓ ਲਈ ਦੋਵੇਂ ਟੀਕੇ ਲਗਵਾਏ ਹੋਣ ਨੂੰ ਵੀ ਯਕੀਨੀ ਬਣਾਇਆ ਗਿਆ। ਉਪਰੰਤ ਗਰਮ ਚਾਹ ਦੇ ਨਾਲ ਮਿੱਠਾ ਤੇ ਨਮਕੀਨ ਵਰਤਾਇਆ ਗਿਆ ਤਾਂ ਜੋ ਠੰਢ ਵਿਚ ਥੋੜ੍ਹਾ ਤਰੋਤਾਜ਼ਾ ਹੋ ਲਿਆ ਜਾਵੇ। ਗੁਰਚਰਨ ਥਿੰਦ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਕੁਝ ਜ਼ਰੂਰੀ ਸੂਚਨਾ ਦੇਣ ਉਪਰੰਤ ਮੀਟਿੰਗ ਦਾ ਸੰਚਾਲਨ ਕਰਨ ਲਈ ਹਰਮਿੰਦਰ ਚੁੱਗ ਨੂੰ ਸੱਦਾ ਦਿੱਤਾ। ਸੁਰਿੰਦਰ ਸੰਧੂ ਨੇ ਜਗਮੋਹਨ ਕੌਰ ਅਤੇ ਕੇ. ਦੀਪ ਦਾ ਗਾਇਆ ਗੀਤ 'ਬਾਬਾ ਵੇ ਕਲਾ ਮਰੋੜ' ਸੁਣਾ ਕੇ ਪੁਰਾਣੇ ਵੇਲਿਆਂ ਦੇ ਗੀਤ ਚੇਤੇ ਕਰਾ ਦਿੱਤੇ। ਫਿਰ ਤਾਂ ਸਭਿਆਚਾਰਕ ਤੇ ਲੋਕ ਗੀਤਾਂ ਦੀ ਲੜੀ ਹੀ ਤੁਰ ਪਈ।

ਗੁਰਤੇਜ ਸਿੱਧੂ, ਅਮਰਜੀਤ ਸੱਗੂ, ਗੁਰਜੀਤ ਬੈਦਵਾਨ, ਸੁਰਿੰਦਰ ਜੌਹਲ, ਅਮਰਜੀਤ ਗਰੇਵਾਲ, ਸੁਰਜੀਤ ਢਿੱਲੋਂ, ਮੁਖਤਿਆਰ ਧਾਲੀਵਾਲ ਅਤੇ ਅਮਰਜੀਤ ਵਿਰਦੀ ਨੇ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦੇ ਵੱਖ ਵੱਖ ਰੂਪਾਂ ਨੂੰ ਪ੍ਰਗਟਾਉਂਦੇ ਕਿਤੇ ਮਜ਼ਾਕ ਤੇ ਕਿਤੇ ਤਨਜ਼ ਕਰਦੇ ਗੀਤਾਂ ਦੀ ਛਹਿਬਰ ਲਾ ਦਿੱਤੀ। ਸੁਖਜੀਤ ਕੌਰ ਨੇ 'ਫੁੱਲ' ਨਾਂ ਦੀ ਆਪਣੀ ਰਚਨਾ ਸੁਣਾ ਕੇ ਸਭ ਦਾ ਮਨ ਪਸੀਜ ਦਿੱਤਾ। ਸਰਬਜੀਤ ਉੱਪਲ ਨੇ ਕਰੋਨਾ ਦਰਮਿਆਨ ਇੱਕ-ਦੂਜੇ ਨੂੰ ਮਿਲ ਕੇ ਵੀ ਨਾ ਮਿਲ ਸਕਣ ਵਾਲਾ ਦੁਖਾਂਤ ਪ੍ਰਗਟਾਉਂਦੀ 'ਬੜਾ ਮਿਲਣ ਨੂੰ ਜੀਅ ਕਰਦਾ ਕਿੰਦਾਂ ਮਿਲਣ ਮੈਂ ਆਵਾਂ, ਘੁੱਟ ਗਲਵੱਕੜੀ ਪਾਉਣੀ ਨਹੀਂ ਜੇ, ਫੇਰ ਕਰਨ ਕੀ ਆਉਣਾ' ਕਵਿਤਾ ਸੁਣਾਈ। ਜੁਗਿੰਦਰ ਪੁਰਬਾ ਨੇ ਵੀ ਆਪਣੀ ਹੱਡ-ਬੀਤੀ ਸੁਣਾ ਹਾਜ਼ਰੀ ਲੁਆਈ। ਇਕਬਾਲ ਭੁੱਲਰ ਨੇ ਅੱਜ ਦੇ ਰਾਵਣਾਂ ਦੀ ਗੱਲ ਕਰਦੀ 'ਦੁਸਹਿਰਾ' ਮਿੰਨੀ ਕਹਾਣੀ ਪੇਸ਼ ਕੀਤੀ।

ਗੁਰਚਰਨ ਥਿੰਦ ਨੇ ਅਕਤੂਬਰ ਮਹੀਨੇ ਵਿਚ ਮਹਾਤਮਾ ਗਾਂਧੀ ਦੇ ਜਨਮ ਦਿਹਾੜੇ 'ਤੇ ਉਨ੍ਹਾਂ ਦੇ









ਭਾਰਤ ਦੀ ਆਜ਼ਾਦੀ ਦੇ ਸ਼ਾਂਤਮਈ ਸੰਘਰਸ਼ ਦੀ ਗੱਲ ਕਰਦਿਆਂ ਆਜ਼ਾਦ ਭਾਰਤ ਵਿਚ ਆਪਣੀਆਂ ਫਸਲਾਂ ਤੇ ਨਸਲਾਂ ਬਚਾਉਣ ਲਈ ਕਿਸਾਨਾਂ ਵੱਲੋਂ ਸਾਲ ਭਰ ਤੋਂ ਵਿੱਢੇ ਸ਼ਾਂਤਮਈ ਕਿਸਾਨੀ ਸੰਘਰਸ਼ ਦਾ ਜ਼ਿਕਰ ਵੀ ਕੀਤਾ ਅਤੇ ਕਿਹਾ ਕਿ ਹਰ ਸੰਘਰਸ਼ ਵਿਚ ਨਰਮ ਤੇ ਗਰਮ ਖਿਆਲਾਂ ਵਾਲੇ ਇਨਕਲਾਬੀ ਲੋਕ ਭਾਗ ਲੈਂਦੇ ਹਨ, ਕਿਸੇ ਦੇ ਰੋਲ ਨੂੰ ਵੀ ਛੁਟਿਆ ਕੇ ਨਹੀਂ ਵੇਖਿਆ ਜਾ ਸਕਦਾ। ਉਨ੍ਹਾਂ ਨੇ ਭਗਤ ਸਿੰਘ ਹੁਰਾਂ ਦੇ ਇਨਕਲਾਬੀ ਟੋਲੇ ਵਿਚ 'ਭਾਬੀ ਦੁਰਗਾ' ਦੇ ਨਾਂ ਨਾਲ ਜਾਣੀ ਜਾਂਦੀ ਇਨਕਲਾਬੀ ਵੀਰਾਂਗਣਾਂ ਨੂੰ ਵੀ ਯਾਦ ਕੀਤਾ, ਜਿਨ੍ਹਾਂ ਨੇ ਤਨ, ਮਨ ਤੇ ਧਨ ਨਾਲ ਇਨਕਲਾਬੀ ਨੌਜੁਆਨਾਂ ਦਾ ਸਾਥ ਦਿੱਤਾ। 7 ਅਕਤੂਬਰ 1902 ਵਿਚ ਜਨਮੀ ਅਤੇ 14 ਅਕਤੂਬਰ 1999 ਵਿਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਲਗਪਗ ਪੰਜਾਹ ਸਾਲ ਗੁੰਮਨਾਮੀ ਦਾ ਜੀਵਨ ਬਤੀਤ ਕਰ 97 ਸਾਲ ਦੀ ਉਮਰ ਵਿਚ 'ਦੁਰਗਾ ਭਾਬੀ' ਗਾਜ਼ੀਆਬਾਦ ਵਿਖੇ ਚਲਾਣਾ ਕਰ ਗਈ। ਨਾ ਹੀ ਆਜ਼ਾਦੀ ਤੋਂ ਬਾਅਦ ਆਜ਼ਾਦ ਭਾਰਤ ਵਿਚ ਕਿਸੇ ਉਸ ਦੀ ਸਾਰ ਲਈ ਅਤੇ ਨਾ ਹੀ ਅੱਜ ਤੱਕ ਕਿਸੇ ਉਸ ਦੀ ਕੁਰਬਾਨੀ ਨੂੰ ਗੌਲਿਆ, ਜਿਸ ਨੇ ਚੰਗੇ ਖਾਂਦੇ ਪੀਂਦੇ ਪਰਿਵਾਰ ਨਾਲ ਸਬੰਧ ਹੋਣ ਦੇ ਬਾਵਜੂਦ ਦੇਸ਼ ਦੀ ਆਜ਼ਾਦੀ ਖਾਤਰ ਆਪਣਾ ਸੁਖ-ਸੰਪਨਤਾ ਵਾਲਾ ਜੀਵਨ ਤਿਆਗ ਦਰ ਦਰ ਠੋਕਰਾਂ ਖਾਧੀਆਂ। ਇੰਜ ਅਣਗੌਲੇ ਰਹਿ ਜਾਣਾ ਸ਼ਾਇਦ ਉਸ ਦੇ ਔਰਤ ਹੋਣ ਦੀ ਤ੍ਰਾਸਦੀ ਹੈ।

ਹਰਮਿੰਦਰ ਚੁੱਗ ਨੇ ਇਕੱਲਤਾ ਜਾਂ ਹੋਰ ਕਈ ਕਾਰਨਾਂ ਕਾਰਨ 'ਡਿਪਰੈਸ਼ਨ' ਦਾ ਸ਼ਿਕਾਰ ਹੋ ਉਦਾਸੀ ਨੂੰ ਆਪਣਾ ਸਾਥੀ ਬਣਾ ਨਾਂਹ-ਪੱਖੀ ਸੋਚ ਦਾ ਧਾਰਨੀ ਬਣ ਜਾਣ ਸਬੰਧੀ ਵਿਸਥਾਰ ਵਿਚ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਇਸ ਰੋਗ ਨੂੰ ਪਛਾਣਨ ਅਤੇ ਇਸ ਦਾ ਹੱਲ ਲੱਭ ਇਸ ਵਿਚੋਂ ਬਾਹਰ ਨਿਕਲ ਜਾਣਾ ਕਾਫੀ ਹੱਦ ਤੱਕ ਆਪਣੇ ਹੱਥ-ਵੱਸ ਵਿਚ ਹੁੰਦਾ ਹੈ, ਬਸ਼ਰਤੇ ਇਹ 'ਕਲਿਨਿਕਲ ਡਿਪਰੈਸ਼ਨ' ਨਾ ਹੋਵੇ, ਜਿੱਥੇ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ। ਸੈਰ ਕਰੋ, ਕਸਰਤ ਕਰੋ, ਦੋਸਤ ਬਣਾਓ, ਸਿਹਤਮੰਦ ਭੋਜਨ ਖਾਓ ਤੇ ਖੁਸ਼ ਰਹੋ; ਉਦਾਸੀ ਤੇ ਡਿਪਰੈਸ਼ਨ ਤੁਹਾਡੇ ਨੇੜੇ ਨਹੀਂ ਲੱਗਣਗੇ। ਬਲਵਿੰਦਰ ਬਰਾੜ ਨੇ ਸੁਰਜੀਤ ਪਾਤਰ ਦੇ ਇੱਕ ਸ਼ੇਅਰ ਨਾਲ ਗੱਲ ਅੱਗੇ ਵਧਾਈ 'ਖੋਲ੍ਹ ਲੈਂਦਾ ਦਿਲ ਜੇ ਤੂੰ ਯਾਰਾਂ ਦੇ ਨਾਲ, ਖੋਲ੍ਹਣਾ ਨਾ ਪੈਂਦਾ ਫਿਰ ਔਜ਼ਾਰਾਂ ਦੇ ਨਾਲ'। ਉਨ੍ਹਾਂ ਆਪਣੇ ਨਾਲ ਰਲਦੀ-ਮਿਲਦੀ ਸੋਚ ਵਾਲੇ ਵਿਅਕਤੀਆਂ ਨਾਲ ਮਿਲ ਬੈਠਣ ਨੂੰ ਤਰਜੀਹ ਦੇਣ ਤੇ ਦਿਮਾਗਾਂ ਦੀ ਉੱਲੀ ਲਾਹੁਣ ਦਾ ਮਸ਼ਵਰਾ ਦਿੱਤਾ।

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਸਰੀ:** ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮੀਟਿੰਗ ਕਿਸਾਨ ਅੰਦੋਲਨ ਦੇ ਸ਼ਹੀਦਾਂ ਨੂੰ ਸਮਰਪਿਤ ਰਹੀ। ਮੀਟਿੰਗ ਵਿਚ 'ਅੰਦੋਲਨ ਅਤੇ ਕਵਿਤਾ' ਦੇ ਵਿਸ਼ੇ 'ਤੇ ਵਿਚਾਰ ਪੇਸ਼ ਕਰਨ ਲਈ ਪ੍ਰਸਿੱਧ ਲੇਖਕ, ਨਾਟਕਕਾਰ ਅਜਮੇਰ ਰੋਡੇ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਾਮਿਲ ਹੋਏ। ਆਰੰਭ ਵਿਚ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਅਜਮੇਰ ਰੋਡੇ ਅਤੇ ਨਵੇਂ ਜੁੜੇ ਮਹਿਮਾਨਾਂ ਦਾ ਸਵਾਗਤ ਕੀਤਾ। ਨਾਵਲਕਾਰ ਅਮਰਜੀਤ ਚਾਹਲ ਨੇ ਅਜਮੇਰ ਰੋਡੇ ਦੀ ਜੀਵਨੀ ਅਤੇ ਸਾਹਿਤਕ ਸਫਰ ਬਾਰੇ ਜਾਣਕਾਰੀ ਦਿੱਤੀ।

ਉਪਰੰਤ ਅਜਮੇਰ ਰੋਡੇ ਨੇ ਕਿਸਾਨ ਅੰਦੋਲਨ ਬਾਰੇ ਵਿਸਥਾਰ ਸਹਿਤ ਗੱਲਬਾਤ ਕਰਦਿਆਂ ਇਸ ਅੰਦੋਲਨ ਦੌਰਾਨ ਸਾਹਿਤਕਾਰਾਂ ਦੀ ਦੇਣ ਅਤੇ ਕਵਿਤਾ ਬਾਰੇ ਵਡਮੁੱਲੇ ਵਿਚਾਰ ਪੇਸ਼ ਕੀਤੇ।

ਕਵੀ ਦਰਬਾਰ ਵਿਚ ਸਭਨਾਂ ਲੇਖਕਾਂ ਨੇ ਕਿਸਾਨ ਅੰਦੋਲਨ ਤੇ ਰਚਨਾਵਾਂ ਸਾਂਝੀਆਂ ਕੀਤੀਆਂ। ਸੁਰਜੀਤ ਸਿੰਘ ਮਾਧੋਪੁਰੀ ਨੇ ਤਰੰਨਮ ਵਿਚ ਗੀਤ ਪੇਸ਼ ਕੀਤਾ, ਰੁਪਿੰਦਰ ਖਹਿਰਾ ਰੂਪੀ ਨੇ ਗਜ਼ਲ ਪੇਸ਼ ਕੀਤੀ। ਦਰਸ਼ਨ ਸੰਘਾ, ਇੰਦਰਪਾਲ ਸਿੰਘ ਸੰਧੂ, ਹਰਸ਼ਰਨ ਕੌਰ, ਸੁਸ਼ਮਾਂ ਵਾਟਸ, ਇੰਦਰਜੀਤ ਸਿੰਘ ਧਾਮੀ, ਸੁਰਜੀਤ ਕਲਸੀ, ਹਰਚੰਦ ਸਿੰਘ ਗਿੱਲ, ਕੁਲਦੀਪ ਗਿੱਲ, ਪੰਜਾਬੀ ਲੇਖਕ ਸਭਾ ਸਿਆਟਲ ਦੇ ਬਲਿਹਾਰ ਸਿੰਘ ਲੇਲ੍ਹ, ਬਲਬੀਰ ਸਿੰਘ ਸੰਘਾ, ਨਰਿੰਦਰ ਬਾਹੀਆ, ਅਮਰੀਕ ਪਲਾਹੀ, ਸ਼ਾਹਗੀਰ ਸਿੰਘ ਗਿੱਲ, ਪਲਵਿੰਦਰ ਸਿੰਘ ਰੰਧਾਵਾ ਅਤੇ ਪ੍ਰਿਤਪਾਲ ਗਿੱਲ ਨੇ ਆਪਣੀਆਂ ਕਾਵਿ ਰਚਨਾਵਾਂ ਸਾਂਝੀਆਂ ਕੀਤੀਆਂ।

ਮੀਟਿੰਗ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਕੀਤਾ।

# ਬੀ. ਐੱਸ. ਐੱਫ. ਦਾ ਅਧਿਕਾਰ ਖੇਤਰ ਵਧਾਉਣ ਦਾ ਮੁੱਦਾ ਤੇ ਪੰਜਾਬ ਦੇ ਲੋਕਾਂ ਦਾ ਸੰਸਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਲੋਕ ਬੜੇ ਚਿਰਾਂ ਤੋਂ ਇਹ ਗੱਲ ਸੁਣਦੇ ਆਏ ਹਾਂ ਕਿ ਜਿੰਨਾ ਮਾੜਾ ਅੱਜ ਹੁੰਦਾ ਪਿਆ ਹੈ, ਏਨਾਂ ਤਾਂ ਵੇਖਿਆ ਜਾਂ ਸੋਚਿਆ ਵੀ ਕਦੇ ਨਹੀਂ ਸੀ, ਇਹ ਸਿਖਰ ਹੋ ਗਈ ਹੈ। ਅਗਲੀ ਵਾਰੀ ਫਿਰ ਇਹੋ ਗੱਲ ਕਹਿਣੀ ਪੈਂਦੀ ਹੈ ਅਤੇ ਇਹੀ ਗੱਲ ਏਨੀ ਵਾਰੀ ਕਹੀ ਜਾਂਦੀ ਹੈ ਕਿ ਉਸ ਨੂੰ ਦੁਹਰਾਉਣਾ ਵੀ ਭੱਦਾ ਲੱਗਦਾ ਹੈ, ਪਰ ਮਜਬੂਰੀ ਹੈ। ਕਾਰੋਬਾਰਾਂ ਦੇ ਸ਼ੇਅਰਾਂ ਦੀ ਸਟਾਕ ਐਕਸਚੇਂਜ ਬਾਰੇ ਕਈ ਵਾਰੀ ਕਿਹਾ ਜਾਂਦਾ ਹੈ ਕਿ ਜਿਸ ਹੱਦ ਤੱਕ ਅੱਜ ਇਸ ਦੇ ਭਾਅ ਚੜ੍ਹਦੇ ਵੇਖੇ ਹਨ, ਇਸ ਹੱਦ ਤੱਕ ਕਦੀ ਚੜ੍ਹੇ ਨਹੀਂ ਸਨ, ਪਰ ਕੁਝ ਦਿਨਾਂ ਪਿੱਛੋਂ ਉਸ ਤੋਂ ਵੀ ਚੜ੍ਹ ਜਾਣ ਤਾਂ ਇਹੋ ਗੱਲ ਇੱਕ ਵਾਰ ਫਿਰ ਮੀਡੀਆ ਚੈਨਲਾਂ ਤੋਂ ਦੱਸੀ ਜਾਂਦੀ ਤੇ ਅਖਬਾਰਾਂ ਵੱਲੋਂ ਛਾਪ ਕੇ ਪਰੋਸੀ ਜਾਂਦੀ ਹੈ। ਸਾਡੇ ਸਮਾਜ ਦਾ ਹਾਲ ਵੀ ਇਹੋ ਹੈ ਕਿ ਇਸ ਵਿਚ ਮਾੜਾ ਕਹੇ ਜਾਣ ਵਾਲੀਆਂ ਘਟਨਾਵਾਂ ਦੀ ਲੜੀ ਇਸ ਤਰ੍ਹਾਂ ਅੱਗੇ ਤੋਂ ਅੱਗੇ ਵਧਦੀ ਹੈ ਕਿ ਅਸੀਂ ਹਰ ਵਾਰ ਇਹ ਸੋਚ ਲੈਂਦੇ ਹਾਂ ਕਿ ਇਸ ਤੋਂ ਮਾੜਾ ਕਦੇ ਹੋ ਹੀ ਨਹੀਂ ਸਕਦਾ, ਪਰ ਅਗਲੀ ਵਾਰੀ ਉਸ ਤੋਂ ਵੀ ਵੱਧ ਮਾੜਾ ਵਾਪਰ ਜਾਂਦਾ ਹੈ।

ਇਸ ਵੇਲੇ ਇਹੀ ਗੱਲ ਪੰਜਾਬ ਬਾਰੇ ਕਹਿਣੀ ਪੈ ਰਹੀ ਹੈ, ਜਿਸ ਦੀ ਸਰਕਾਰ ਜਾਂ ਇਸ ਰਾਜ ਦੀ ਕਿਸੇ ਵੀ ਪ੍ਰਮੁੱਖ ਰਾਜਸੀ ਧਿਰ ਨਾਲ ਗੱਲ ਕੀਤੇ ਬਿਨਾ ਕੇਂਦਰ ਸਰਕਾਰ ਨੇ ਇਸ ਦਾ ਕਾਫੀ ਵੱਡਾ ਇਲਾਕਾ ਬਾਰਡਰ ਸਿਕਿਉਰਿਟੀ ਫੋਰਸ ਦੀ ਮਨ-ਮਰਜ਼ੀ ਦੀ ਕਾਰਵਾਈ ਵਾਸਤੇ ਖੋਲ੍ਹ ਦਿੱਤਾ ਹੈ। ਕੀਤਾ ਕੁਝ ਹੋਰ ਥਾਂਈਂ ਵੀ ਹੈ, ਪਰ ਬਹੁਤੀ ਸੱਟ ਪੰਜਾਬ, ਆਸਾਮ ਤੇ ਪੱਛਮੀ ਬੰਗਾਲ ਨੂੰ ਵੱਜਦੀ ਜਾਪਦੀ ਹੈ। ਇਨ੍ਹਾਂ ਰਾਜਾਂ ਵਿਚ ਅਜੇ ਤੱਕ ਬੀ. ਐੱਸ. ਐੱਫ. ਦੇ ਅਪਰੇਸ਼ਨਾਂ ਵਾਸਤੇ ਗਵਾਂਢੀ ਦੇਸ਼ ਦੇ ਬਾਰਡਰ ਤੋਂ ਪੰਦਰਾਂ ਕਿਲੋਮੀਟਰ ਦੀ ਹੱਦ ਹੁੰਦੀ ਸੀ, ਇਹ ਵਧਾ ਕੇ ਪੰਜਾਹ ਕਿਲੋਮੀਟਰ ਕਰ ਦਿੱਤੇ ਜਾਣ ਨਾਲ ਪੈਂਤੀ ਕਿਲੋਮੀਟਰ ਹੋਰ ਜੁੜ ਕੇ ਬਿਆਸ ਦਰਿਆ ਟੱਪ ਜਾਣ ਤੇ ਮਾਲਵੇ ਦੇ ਕੁਝ ਵੱਡੇ ਸ਼ਹਿਰ ਇਸ ਵਿਚ ਵਲ੍ਹੇਟ ਦਿੱਤੇ ਜਾਣ ਦੀ ਸਥਿਤੀ ਪੈਦਾ ਹੋ ਗਈ ਹੈ।

ਸਰਕਾਰ ਕਹਿੰਦੀ ਹੈ ਕਿ ਇਹ ਕੰਮ ਬਾਰਡਰ ਮਜ਼ਬੂਤ ਕਰਨ ਵਾਸਤੇ ਕੀਤਾ ਹੈ। ਪਿਛਲੇ ਸਮੇਂ ਵਿਚ ਬੀ. ਐੱਸ. ਐੱਫ. ਵਿਚ ਕੋਈ ਖਾਸ ਨਵੀਂ ਭਰਤੀ ਨਹੀਂ ਹੋਈ। ਪਹਿਲੀ ਫੋਰਸ ਦਾ ਕੁਝ ਹਿੱਸਾ ਪੰਦਰਾਂ ਕਿਲੋਮੀਟਰ ਦੀ ਥਾਂ ਜਦੋਂ ਪੰਜਾਹ ਕਿਲੋਮੀਟਰ ਵਾਲੇ ਅਧਿਕਾਰ ਖੇਤਰ ਉੱਤੇ ਨਜ਼ਰ ਰੱਖਣ ਦਾ ਹੱਕ ਵਰਤਣ ਵਾਲੇ ਕੰਮ ਲਾਇਆ ਗਿਆ ਤਾਂ ਬਾਰਡਰ ਮਜ਼ਬੂਤ ਨਹੀਂ, ਉਸ ਦੀ ਚੌਕਸੀ ਕਮਜ਼ੋਰ ਹੋਵੇਗੀ। ਸਰਕਾਰ ਦੀ ਦਲੀਲ ਮੰਨਣਯੋਗ ਹੀ ਨਹੀਂ।

ਜਿੱਥੋਂ ਤੱਕ ਸਰਹੱਦਾਂ ਦੀ ਰਾਖੀ ਕਰਦੀ ਇਸ ਫੋਰਸ ਦਾ ਸਵਾਲ ਹੈ, ਇਸ ਦੀ ਦੇਸ਼ ਭਗਤੀ ਜਾਂ ਕਾਰਗੁਜ਼ਾਰੀ ਬਾਰੇ ਸਾਨੂੰ ਕਿਸੇ ਤਰ੍ਹਾਂ ਦਾ ਕੋਈ ਸਿੱਧਾ ਇਤਰਾਜ਼ ਨਹੀਂ, ਉਂਜ ਭਾਰਤ ਦੀ ਕੋਈ ਫੋਰਸ ਇਹੋ ਜਿਹੀ ਨਹੀਂ ਰਹੀ, ਜਿਹੜੀ ਦੋਸ਼ਾਂ ਦੇ ਘੇਰੇ ਵਿਚ ਨਾ ਹੋਵੇ। ਭਾਰਤ-ਪਾਕਿ ਵਿਚਾਲੇ ਪਹਿਲੀ ਜੰਗ ਲੱਗਣ ਤੱਕ ਇਹ ਫੋਰਸ ਹੈ ਨਹੀਂ ਸੀ ਤੇ ਸਰਹੱਦਾਂ ਸੰਭਾਲਣ ਦਾ ਕੰਮ ਸਰਹੱਦੀ ਰਾਜਾਂ ਦੀ ਪੁਲਿਸ ਦਾ ਹਥਿਆਰਬੰਦ ਦਸਤਾ ਕਰਦਾ ਸੀ। ਪੰਜਾਬ ਬਾਰਡਰ ਨੂੰ ਪੰਜਾਬ ਆਰਮਡ ਪੁਲਿਸ (ਪੀ. ਏ. ਪੀ.) ਦੇ ਜਵਾਨ ਸੰਭਾਲਦੇ ਹੁੰਦੇ ਸਨ ਤੇ ਇਸੇ ਤਰ੍ਹਾਂ ਬਾਕੀ ਰਾਜਾਂ ਵਿਚ ਉਥੋਂ ਦੀ ਪੁਲਿਸ ਇਹ ਕੰਮ ਕਰਦੀ ਸੀ। ਜਦੋਂ ਸਾਲ 1965 ਦੇ ਅਪਰੈਲ ਵਿਚ ਕੱਛ ਦੇ ਇਲਾਕੇ ਵਿਚ ਪਾਕਿਸਤਾਨ ਵੱਲੋਂ ਪਹਿਲੀ ਘੁਸਪੈਠ ਦੀ ਘਟਨਾ ਹੋਈ ਤਾਂ ਭਾਰਤ ਸਰਕਾਰ ਨੇ ਸਰਹੱਦਾਂ ਦੀ ਰਾਖੀ ਕਰਨ ਦੇ ਇਕਲੌਤੇ ਕੰਮ ਵਾਸਤੇ ਫੌਜ ਵਰਗੀ ਟਰੇਨਿੰਗ ਵਾਲੀ ਫੋਰਸ ਖੜ੍ਹੀ ਕਰਨ ਦਾ ਵਿਚਾਰ ਬਣਾਇਆ ਸੀ, ਜਿਸ ਦੀ ਅਗਵਾਈ ਜੁਲਾਈ ਵਿਚ ਸੀਨੀਅਰ ਆਈ. ਪੀ. ਐੱਸ. ਅਫਸਰ ਕੇ. ਐੱਫ. ਰੁਸਤਮਜੀ ਨੂੰ ਸੌਂਪੀ ਗਈ ਸੀ, ਪਰ ਫੋਰਸ ਬਣਨ ਤੋਂ ਪਹਿਲਾਂ ਸਤੰਬਰ ਵਿਚ ਜੰਗ ਲੱਗ ਗਈ। ਜੰਗ ਦੇ ਖਤਮ ਹੁੰਦੇ ਸਾਰ ਦਸੰਬਰ ਵਿਚ ਇਹ ਫੋਰਸ ਬਣਾਈ ਗਈ ਤੇ ਉਦੋਂ ਤੋਂ ਪੱਛਮੀ ਪਾਕਿਸਤਾਨ (ਅਜੋਕਾ ਪਾਕਿਸਤਾਨ) ਅਤੇ ਪੂਰਬੀ ਪਾਕਿਸਤਾਨ (ਅਜੋਕਾ ਬੰਗਲਾ ਦੇਸ਼) ਦਾ ਸਾਰਾ ਬਾਰਡਰ ਇਹੋ ਸੰਭਾਲਦੀ ਆ ਰਹੀ ਹੈ। ਇਸ ਫੋਰਸ ਨੂੰ ਬਾਰਡਰ ਦੇ ਨਾਲ ਕਈ ਵਾਰ ਕੁਝ ਰਾਜਾਂ ਵਿਚ ਅੰਦਰੂਨੀ ਗੜਬੜ ਦੀ ਸਥਿਤੀ ਸੰਭਾਲਣ ਵਾਸਤੇ ਵੀ ਵਰਤਿਆ ਜਾਂਦਾ ਰਿਹਾ ਹੈ ਅਤੇ ਅੱਜ ਕੱਲ੍ਹ ਵੀ ਇਸ ਦੀ ਇੱਕ 'ਏ. ਐੱਨ. ਓ. ਕਮਾਂਡ' (ਐਂਟੀ ਨਕਸਲ ਅਪਰੇਸ਼ਨ ਕਮਾਂਡ) ਬਣੀ ਹੋਈ ਹੈ, ਜਿਸ ਦਾ ਕਮਾਂਡ ਹੈੱਡ ਕੁਆਰਟਰ ਕਰਨਾਟਕ ਦੀ ਰਾਜਧਾਨੀ ਬੰਗਲੂਰੂ ਵਿਚ ਹੈ। ਇਹ ਫੋਰਸ ਹਰ ਰਾਜ ਵਿਚ ਲੋੜ ਵੇਲੇ ਮਦਦ ਵਾਸਤੇ ਸੱਦੀ ਜਾ ਸਕਦੀ ਹੈ।




ਪੰਜਾਬ ਤੇ ਜੰਮੂ-ਕਸ਼ਮੀਰ ਦੋ ਰਾਜ ਏਦਾਂ ਦੇ ਹਨ, ਜਿੱਥੇ ਕੇਂਦਰ ਸਰਕਾਰ ਨੇ ਸਭ ਤੋਂ ਵੱਧ ਵਾਰੀ ਗਵਰਨਰੀ ਰਾਜ ਅੱਠ-ਅੱਠ ਵਾਰੀ ਐਲਾਨ ਕੀਤਾ ਹੋਇਆ ਸੀ ਤੇ ਜੰਮੂ-ਕਸ਼ਮੀਰ ਵਿਚ ਦੋ ਸਾਲ ਪਹਿਲਾਂ ਧਾਰਾ ਤਿੰਨ ਸੌ ਸੱਤਰ ਨੂੰ ਖਤਮ ਕਰਨ ਵੇਲੇ ਨੌਵੀਂ ਵਾਰੀ ਇਹੋ ਐਲਾਨ ਕੀਤਾ ਗਿਆ ਸੀ। ਇਸ ਵਕਤ ਪੰਜਾਬ ਵਿਚ ਫਿਰ ਇਹੋ ਜਿਹੇ ਹਾਲਾਤ ਬਣਦੇ ਜਾ ਰਹੇ ਹਨ ਜਾਂ ਬਣਾਏ ਜਾ ਰਹੇ ਹਨ, ਜਿਨ੍ਹਾਂ ਵਿਚ ਵਿਧਾਨ ਸਭਾ ਚੋਣਾਂ ਹੋ ਸਕਣੀਆਂ ਮੁਸ਼ਕਿਲ ਹੋ ਜਾਣ 'ਤੇ ਇੱਕ ਵਾਰੀ ਫਿਰ ਇਸ ਰਾਜ ਵਿਚ ਗਵਰਨਰੀ ਰਾਜ ਲਾਇਆ ਜਾ ਸਕਦਾ ਹੈ। ਬੀਤੀ ਤੀਹ ਅਗਸਤ ਨੂੰ ਜਦੋਂ ਇੱਕ ਪ੍ਰੋਗਰਾਮ ਦੌਰਾਨ ਇਨ੍ਹਾਂ ਸਤਰਾਂ ਦੇ ਲੇਖਕ ਨੇ ਇਹ ਗੱਲ ਕਹਿ ਦਿੱਤੀ ਕਿ ਵਿਧਾਨ ਸਭਾ ਚੋਣਾਂ ਦੀ ਤਿਆਰੀ ਧਰੀ ਰਹਿ ਸਕਦੀ ਹੈ ਤੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲੱਗ ਸਕਦਾ ਹੈ ਤਾਂ ਕਈ ਲੋਕਾਂ ਨੇ ਇਸ ਦਾ ਮਜ਼ਾਕ ਉਡਾਇਆ ਸੀ। ਅੱਜ ਬਹੁਤ ਸਾਰੇ ਸੱਜਣ ਇਹ ਗੱਲ ਮੰਨਣ ਲੱਗੇ ਹਨ ਕਿ ਏਦਾਂ ਵਾਪਰ ਸਕਦਾ ਹੈ। ਕਿਸਾਨ ਸੰਘਰਸ਼ ਦੀ ਅਗਵਾਈ ਕਰਦੇ ਆਗੂਆਂ ਨੇ ਬੜੀ ਵਾਰੀ ਇਹ ਕਿਹਾ ਹੈ ਕਿ ਸਮਾਜੀ ਕੰਮਾਂ ਲਈ ਜਾਂਦੇ ਕਿਸੇ ਵੀ ਪਾਰਟੀ ਦੇ ਆਗੂ ਨੂੰ ਰੋਕਣਾ ਨਹੀਂ ਚਾਹੀਦਾ, ਪਰ ਉਨ੍ਹਾਂ ਦੇ ਪਿੱਛੇ ਚੱਲਦੇ ਕਿਸਾਨ ਵਰਕਰ ਉਨ੍ਹਾਂ ਦੇ ਕਹਿਣ ਨਾਲ ਨਹੀਂ ਰੁਕਦੇ ਤੇ ਕਿਸੇ ਵੀ ਥਾਂ ਕਿਸੇ ਸਿਆਸੀ ਆਗੂ ਨੂੰ ਵਿਆਹ ਜਾਂ ਮਰਗ ਲਈ ਗਏ ਨੂੰ ਘੇਰਾ ਪਾ ਲੈਂਦੇ ਹਨ। ਅਗਲੇ ਦਿਨਾਂ ਵਿਚ ਜਦੋਂ ਚੋਣਾਂ ਲਈ ਉਮੀਦਵਾਰਾਂ ਨੇ ਕਾਗਜ਼ ਦਾਖਲ ਕਰਵਾਉਣ ਜਾਣਾ ਹੈ, ਆਪ-ਮੁਹਾਰੀਆਂ ਇਹੋ ਜਿਹੀਆਂ ਭੀੜਾਂ ਨੇ ਹਰਿਆਣੇ ਦੇ ਏਲਨਾਬਾਦ ਦੀ ਵਿਧਾਨ ਸਭਾ ਉੱਪ ਚੋਣ ਵਾਂਗ ਉਮੀਦਵਾਰਾਂ ਨੂੰ ਉਥੋਂ ਦੇ ਰਿਟਰਨਿੰਗ ਅਫਸਰਾਂ ਕੋਲ ਕਾਗਜ਼ ਦਾਖਲ ਕਰਵਾਉਣ ਵੇਲੇ ਰੋਕਣ ਤੁਰ ਪੈਣਾ ਹੈ ਤੇ ਕੇਂਦਰ ਸਰਕਾਰ ਨੂੰ ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਰਾਜ ਸਰਕਾਰ ਦੇ ਕਾਬੂ ਵਿਚ ਨਾ ਹੋਣ ਦਾ ਬਹਾਨਾ ਮਿਲ ਜਾਣਾ ਹੈ। ਇਸ ਬਹਾਨੇ ਨਾਲ ਗਵਰਨਰੀ ਰਾਜ ਲਾ ਦਿੱਤਾ ਤਾਂ ਕਿੰਨਾ ਚਿਰ ਰਹੇਗਾ, ਇਸ ਦੀ ਮਿਆਦ ਦੱਸਣੀ ਅੱਜ ਦੀ ਘੜੀ ਔਖੀ ਹੈ ਅਤੇ ਉਹੋ ਜਿਹੇ ਸਮੇਂ ਦੀ ਲੋੜ ਵਾਸਤੇ ਕੇਂਦਰ ਦੀਆਂ ਜਿਹੜੀਆਂ ਫੋਰਸਾਂ ਕੰਮ ਆ ਸਕਦੀਆਂ ਹਨ, ਉਨ੍ਹਾਂ ਦਾ ਸਭ ਨੂੰ ਪਤਾ ਹੈ।


ਭਾਰਤ ਦਾ ਕਾਨੂੰਨੀ ਸਿਸਟਮ ਬਹੁਤ ਉਲਝਣਾਂ ਵਾਲਾ ਹੈ। ਇਸ ਵਕਤ ਭਾਰਤ ਸਰਕਾਰ ਵੱਲੋਂ ਬਣਾਏ ਕਾਨੂੰਨਾਂ ਦੇ ਖਿਲਾਫ ਚੱਲ ਰਹੇ ਕਿਸਾਨੀ ਸੰਘਰਸ਼ ਵਿਚ ਕਿਸਾਨਾਂ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਦਲੀਲ ਹੈ ਕਿ ਖੇਤੀਬਾੜੀ ਅਤੇ ਖੇਤੀ ਵਸਤਾਂ ਦਾ ਮੰਡੀਕਰਨ ਰਾਜ ਸਰਕਾਰਾਂ ਦਾ ਵਿਸ਼ਾ ਹੈ। ਉਹ ਇਹ ਗੱਲ ਠੀਕ ਕਹਿੰਦੇ ਹਨ, ਪਰ ਅਗਲੀ ਉਲਝਣ ਇਹ ਹੈ ਕਿ ਇਸੇ ਸਿਸਟਮ ਵਿਚ ਇੱਕ ਤੋਂ ਦੂਸਰੇ ਰਾਜ ਵੱਲ ਅਨਾਜ ਸਮੇਤ ਹਰ ਚੀਜ਼ ਲਿਜਾਣ ਵਰਗੀ ਜ਼ਿੰਮੇਵਾਰੀ ਰਾਜਾਂ ਨੂੰ ਲਾਂਭੇ ਰੱਖ ਕੇ 'ਕਨਕਰੰਟ ਲਿਸਟ' ਵਿਚ ਧਾਰਾ ਬਤਾਲੀ ਮੂਹਰੇ 'ਇੰਟਰ ਸਟੇਟ ਟਰੇਡ ਐਂਡ ਕਾਮਰਸ' ਲਿਖ ਕੇ ਕੇਂਦਰ ਸਰਕਾਰ ਦੇ ਖਾਤੇ ਵਿਚ ਪਾ ਦਿੱਤੀ ਗਈ ਹੈ। ਇਹੋ ਕਾਰਨ ਹੈ ਕਿ ਕਿਸਾਨਾਂ ਨਾਲ ਗੱਲਬਾਤ ਵਿਚ ਜਦੋਂ ਇਹ ਕਿਹਾ ਗਿਆ ਕਿ ਇਨ੍ਹਾਂ ਬੈਠਕਾਂ ਵਿਚ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਤਾਂ ਬੈਠ ਸਕਦਾ ਹੈ, ਪਰ ਗੱਲਬਾਤ ਵਿਚ ਰੇਲਵੇ ਮੰਤਰੀ ਪਿਊਸ਼ ਗੋਇਲ ਨਹੀਂ ਬੈਠ ਸਕਦਾ ਤਾਂ ਕੇਂਦਰ ਨੇ ਅੰਤਰ-ਰਾਜੀ ਵਪਾਰ ਦਾ ਕੇਂਦਰੀ ਹੱਕ ਹੋਣ ਦੀ ਗੱਲ ਕਹਿ ਕੇ ਉਸ ਦਾ ਬੈਠਣਾ ਜ਼ਰੂਰੀ ਕਰ ਦਿੱਤਾ ਸੀ। ਕਿਸਾਨ ਵੱਲੋਂ ਪੈਦਾ ਕੀਤਾ ਸਾਰਾ ਅਨਾਜ ਆਪਣੇ ਰਾਜ ਵਿਚ ਨਹੀਂ ਲੱਗ ਸਕਦਾ, ਕੁਝ ਨਾ ਕੁਝ ਦੂਸਰੇ ਰਾਜਾਂ ਨੂੰ ਵੀ ਭੇਜਣਾ ਹੁੰਦਾ ਹੈ ਤੇ ਇਹ ਕੰਮ ਕੇਂਦਰੀ ਵਪਾਰ ਮੰਤਰੀ ਪਿਊਸ਼ ਗੋਇਲ ਦੀ ਮਰਜ਼ੀ ਦਾ ਮੁਥਾਜ ਹੁੰਦਾ ਹੈ। ਇਹੋ ਗੱਲ ਬੀ. ਐੱਸ. ਐਫ. ਦੇ ਅਧਿਕਾਰਾਂ ਦੇ ਮਾਮਲੇ ਵਿਚ ਹੈ।

ਭਾਰਤ ਵਿਚ ਅਮਨ-ਕਾਨੂੰਨ ਰਾਜ ਸਰਕਾਰਾਂ ਦਾ ਵਿਸ਼ਾ ਹੈ, ਪਰ ਜਿੱਥੇ ਮਾਮਲਾ ਗਵਾਂਢੀ ਦੇਸ਼ ਵੱਲੋਂ ਕੀਤੀ ਜਾਂਦੀ ਕਿਸੇ ਸ਼ਰਾਰਤ, ਕਰਾਈ ਜਾਂਦੀ ਤਸਕਰੀ ਜਾਂ ਘੁਸਪੈਠ ਦਾ ਹੋਵੇ, ਉਥੇ ਕੇਂਦਰ ਸਰਕਾਰ ਨੂੰ ਦਖਲ ਦੇਣ ਦਾ ਹੱਕ ਸੰਵਿਧਾਨ ਵਿਚ ਵੀ ਦਿੱਤਾ ਹੋਇਆ ਹੈ। 'ਦ ਬਾਰਡਰ ਸਿਕਿਉਰਿਟੀ ਐਕਟ-1968' ਦੀ ਧਾਰਾ 139 ਵਿਚ ਇਹ ਲਿਖਿਆ ਹੈ ਕਿ ਕੇਂਦਰ ਸਰਕਾਰ ਕਿਸੇ ਵੇਲੇ ਗਜ਼ਟ ਵਿਚ ਆਮ ਜਾਂ ਵਿਸ਼ੇਸ਼ ਸੂਚਨਾ ਛਾਪ ਕੇ ਇਹ ਪ੍ਰਬੰਧ ਕਰ ਸਕਦੀ ਹੈ ਕਿ ਸਥਾਨਕ ਪੁਲਿਸ ਵੱਲੋਂ ਕੀਤੇ ਜਾਂਦੇ ਕੁਝ ਕੰਮਾਂ ਦੀ ਜ਼ਿੰਮੇਵਾਰੀ ਕੇਂਦਰੀ ਫੋਰਸ ਨੂੰ ਸੌਂਪ ਕੇ ਪੂਰੇ ਕੰਮਾਂ ਜਾਂ ਉਨ੍ਹਾਂ ਦਾ ਇੱਕ ਹਿੱਸਾ ਸੌਂਪ ਦਿੱਤਾ ਜਾਵੇ। ਇਸ ਬਾਰੇ ਪੰਜਾਬ ਨੂੰ ਸੋਚਣਾ ਪੈਣਾ ਹੈ।

'ਗੱਲ ਸਹੇ ਦੀ ਨਹੀਂ, ਪਹੇ ਦੀ ਹੈ' ਅਤੇ ਭਾਰਤ ਵਿਚ ਇਹ ਪਹਿਆ ਪੈ ਚੁਕਾ ਹੈ ਕਿ ਜਦੋਂ ਵੀ ਕੇਂਦਰ ਸਰਕਾਰ ਦੀ ਫੌਰੀ ਜਾਂ ਲੰਮੇ ਸਮੇਂ ਦੀ ਰਾਜਸੀ ਲੋੜ ਹੋਵੇ ਤਾਂ ਕੇਂਦਰੀ ਫੋਰਸਾਂ ਨੂੰ ਕਦੇ ਵੀ ਕਿਤੇ ਸੱਦਿਆ ਜਾ ਸਕਦਾ ਹੈ। ਇਸ ਲਈ ਪਿਛਲੇ ਹਫਤੇ ਜਿਹੜਾ ਫੈਸਲਾ ਭਾਰਤ ਸਰਕਾਰ ਨੇ ਹੋਰ ਰਾਜਾਂ ਦੇ ਨਾਲ ਪੰਜਾਬ ਵਿਚ ਬੀ. ਐੱਸ. ਐੱਫ. ਦਾ ਅਧਿਕਾਰ ਖੇਤਰ ਵਧਾਉਣ ਬਾਰੇ ਕੀਤਾ ਹੈ, ਉਹ ਲੰਮੇ ਸਮੇਂ ਵਾਲੀ ਕਿਸੇ ਲੋੜ ਦੀ ਕਾਢ ਵੀ ਹੋ ਸਕਦਾ ਹੈ। ਏਦਾਂ ਦੀ ਲੋੜ ਪਈ ਤਾਂ ਪੰਜਾਬ ਜਾਂ ਪੱਛਮੀ ਬੰਗਾਲ ਵਿਚ ਪੈ ਸਕਦੀ ਹੈ, ਆਸਾਮ ਵਿਚ ਏਦਾਂ ਦੀ ਨੌਬਤ ਆਉਣ ਦੀ ਕੋਈ ਸੰਭਾਵਨਾ ਅਜੇ ਨਹੀਂ ਦਿੱਸਦੀ। ਬੰਗਾਲ ਵਿਚ ਕੀ ਹੁੰਦਾ ਹੈ, ਇਹ ਤਾਂ ਪਤਾ ਨਹੀਂ, ਪਰ ਪੰਜਾਬ ਨੂੰ ਇਸ ਬਾਰੇ ਚਿੰਤਾ ਹੋਣੀ ਸੁਭਾਵਕ ਹੈ।

# ਜੰਮੂ-ਕਸ਼ਮੀਰ ਵਿਚ ਗੈਰ-ਕਸ਼ਮੀਰੀਆਂ ਦੀ ਸ਼ਹਾਦਤ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਜੰਮੂ-ਕਸ਼ਮੀਰ ਦੇ ਪੁਣਛ ਜਿਲੇ ਵਿਚ ਲੰਘੇ ਦਿਨੀਂ ਪੰਜ ਜਵਾਨਾਂ ਦੀ ਅਤਿਵਾਦੀਆਂ ਵੱਲੋਂ ਹੱਤਿਆ ਦੀ ਖਬਰ ਬੇਹੱਦ ਦੁਖਦਾਈ ਹੈ। ਇਨ੍ਹਾਂ ਵਿਚੋਂ ਤਲਵੰਡੀ ਮਾਨ (ਕਪੂਰਥਲਾ) ਦਾ ਨਾਇਬ ਸੂਬੇਦਾਰ ਜਸਵਿੰਦਰ ਸਿੰਘ ਸੈਨਾ ਮੈਡਲ ਨਾਲ ਸਨਮਾਨਿਆ ਹੋਇਆ ਸੀ, ਨਾਇਕ ਮਨਦੀਪ ਸਿੰਘ ਫਤਿਹਗੜ੍ਹ ਚੂੜੀਆਂ (ਗੁਰਦਾਸਪੁਰ) ਦੇ ਪਿੰਡ ਚੱਠਾ ਦਾ ਵਸਨੀਕ ਸੀ ਤੇ ਰੋਪੜ ਵਿਚ ਪੈਂਦੇ ਨੂਰਪੁਰ ਬੇਦੀ ਵਾਲੇ ਗੱਜਣ ਸਿੰਘ ਦਾ 8 ਮਹੀਨੇ ਪਹਿਲਾਂ ਫਰਵਰੀ ਵਿਚ ਵਿਆਹ ਹੋਇਆ ਸੀ। ਇਨ੍ਹਾਂ ਵਾਂਗ ਹੀ ਕੁਰਬਾਨੀ ਦੇਣ ਵਾਲਾ ਸਾਰਜ ਸਿੰਘ ਉੱਤਰ ਪ੍ਰਦੇਸ਼ ਦੇ ਸ਼ਾਹਜਹਾਨਪੁਰ ਜਿਲੇ ਤੋਂ ਸੀ ਤੇ ਸਿਪਾਹੀ ਹੈ ਸ਼ਾਖ ਕੋਟਾਰਕ ਦੱਖਣੀ ਭਾਰਤ ਦੇ ਕੇਰਲ ਰਾਜ ਤੋਂ। ਜਿਨ੍ਹਾਂ ਮਾਪਿਆਂ ਦੇ ਪੁੱਤ ਸ਼ਹੀਦ ਹੋਏ, ਉਨ੍ਹਾਂ ਦਾ ਦੁੱਖ ਵੰਡਾਉਣਾ ਸੌਖਾ ਨਹੀਂ, ਫਿਰ ਵੀ ਭਾਰਤੀ ਸੇਨਾ ਦੇ ਸਦਕੇ ਜਾਈਏ ਕਿ ਉਨ੍ਹਾਂ ਨੇ ਜਵਾਬੀ ਕਾਰਵਾਈ ਵਿਚ ਕਈ ਅਤਿਵਾਦੀ ਮਾਰ ਮੁਕਾਏ ਹਨ। ਇਹ ਦੁੱਖ ਦੀ ਗੱਲ ਹੈ ਕਿ ਅਜਿਹੀਆਂ ਅਤਿਵਾਦੀ ਹਰਕਤਾਂ ਵਿਚ ਜੰਮੂ-ਕਸ਼ਮੀਰ ਨਾਲ ਸਬੰਧ 370 ਧਾਰਾ ਦੇ ਹਟਾਏ ਜਾਣ ਪਿੱਛੋਂ ਵਾਧਾ ਹੋਇਆ ਹੈ।

ਕੇਂਦਰੀ ਸਰਕਾਰ ਨੇ ਇਸ ਧਾਰਾ ਨੂੰ ਖਤਮ ਕਰਨ ਤੋਂ ਪਹਿਲਾਂ ਜੰਮੂ-ਕਸ਼ਮੀਰ ਦੀ ਸਹਿਮਤੀ ਦਾ ਪਤਾ ਲਾਉਣ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਕੁਝ ਇਸੇ ਤਰ੍ਹਾਂ ਜਿਵੇਂ ਦੇਸ਼ ਦੇ ਕਿਸਾਨਾਂ ਦੀ ਚਾਹਨਾ ਜਾਣੇ ਬਿਨਾ ਹੀ ਉਨ੍ਹਾਂ ਉੱਤੇ ਖੇਤੀ ਨਾਲ ਸਬੰਧਤ ਤਿੰਨ ਕਾਲੇ ਕਾਨੂੰਨ ਥੋਪ ਦਿੱਤੇ ਹਨ। ਮਾੜੀ ਗੱਲ ਇਹ ਕਿ ਇਹੋ ਜਿਹੇ ਅਮਲ ਕਰੋਨਾ ਮਹਾਂਮਾਰੀ ਨੂੰ ਹਊਆ ਬਣਾ ਕੇ ਕੀਤੇ ਜਾ ਰਹੇ ਹਨ ਤਾਂ ਕਿ ਆਮ ਜਨਤਾ ਇੱਕ ਮੁੱਠ ਹੋ ਕੇ ਇਨ੍ਹਾਂ ਅਮਲਾਂ ਦਾ ਵਿਰੋਧ ਨਾ ਕਰ ਸਕੇ। ਅਜਿਹੀਆਂ ਆਪਹੁਦਰੀਆਂ ਦੇ ਭਵਿੱਖ ਵਿਚ ਕੀ ਨਤੀਜੇ ਨਿਕਲਦੇ ਹਨ, ਸਮੇਂ ਨੇ ਦੱਸਣਾ ਹੈ।

**ਵਿਸ਼ਵ ਬਾਲੜੀ ਦਿਵਸ 'ਤੇ:** ਬੀਤੇ ਹਫਤੇ ਦਾ ਅਰੰਭ ਅੰਤਰਰਾਸ਼ਟਰੀ ਬਾਲੜੀ ਦਿਵਸ ਨਾਲ ਹੋਇਆ। ਚੰਡੀਗੜ੍ਹ ਦੇ ਵੱਖ ਵੱਖ ਸਕੂਲਾਂ ਦੀਆਂ ਅਣਗਿਣਤ ਬਾਲੜੀਆਂ ਨੇ ਆਪਣੇ ਸਿਰਾਂ ਉੱਤੇ ਗੁਲਾਬੀ ਪੱਗਾਂ ਸਜਾ ਕੇ ਮਨੁੱਖੀ ਚੇਨ (ਲੜੀ) ਬਣਾਈ ਤੇ ਆਪਣੇ ਨਿੱਕੇ ਨਿੱਕੇ ਹੱਥਾਂ ਦੇ ਇਸ਼ਾਰਿਆਂ ਨਾਲ ਗਰਲਜ਼ ਇੰਡੀਆ ਪ੍ਰਾਜੈਕਟ ਦੀ ਪਾਲਣਾ ਦਾ ਦਾਅਵਾ ਕੀਤਾ। ਇਨ੍ਹਾਂ ਬਾਲਿਕਾਵਾਂ ਨੇ ਆਪਣੀ ਸੁਰੱਖਿਆ ਤੇ ਆਪਣੇ ਹੱਕਾਂ ਦੀ ਮੰਗ ਉਸ ਸਮੇਂ ਕੀਤੀ ਹੈ, ਜਦੋਂ ਹਰ ਆਏ ਦਿਨ ਨਾਬਾਲਗ ਧੀਆਂ ਭੈਣਾਂ ਨਾਲ ਬਾਲਗ ਤੇ ਨਾਬਾਲਗ ਜਾਣਕਾਰਾਂ, ਸਾਕ ਸਬੰਧੀਆਂ ਤੇ ਨੇੜਲੇ ਰਿਸ਼ਤੇਦਾਰਾਂ ਵਲੋਂ ਕੀਤੇ ਬਲਾਤਕਾਰ ਦੀਆਂ ਖਬਰਾਂ ਥੰਮਣ ਦਾ ਨਾਂ ਨਹੀਂ ਲੈ ਰਹੀਆਂ। ਇਨ੍ਹਾਂ ਵਿਚੋਂ ਬਹੁਤੇ ਦੋਸ਼ੀ 15-16 ਸਾਲ ਦੇ ਹੁੰਦੇ ਹਨ।




ਦੇਸ਼ ਦੇ ਚਿੰਤਕ ਤੇ ਬੁੱਧੀਜੀਵੀ ਮੰਗ ਕਰ ਕਰ ਰਹੇ ਹਨ ਕਿ ਬਾਲਗ ਹੋਣ ਦੀ ਉਮਰ 18 ਸਾਲ ਤੋਂ ਘਟਾ ਕੇ 15-16 ਸਾਲ ਕਰ ਦੇਣੀ ਚਾਹੀਦੀ ਹੈ, ਕਿਉਂਕਿ 18 ਸਾਲ ਤੋਂ ਘੱਟ ਉਮਰ ਦੇ ਮੁੰਡਿਆਂ ਨੂੰ ਦੋਸ਼ੀ ਪਾਏ ਜਾਣ ਦੇ ਬਾਵਜੂਦ ਸਜ਼ਾ ਨਹੀਂ ਦਿੱਤੀ ਜਾ ਸਕਦੀ। ਇਹ ਵਾਲਾ ਕੁਕਰਮ ਸਿਰਫ ਘਰਾਂ ਜਾਂ ਖੇਤਾਂ ਵਿਚ ਨਹੀਂ ਹੋ ਰਿਹਾ, ਸਾਧਾਂ-ਸੰਤਾਂ, ਮਹੰਤਾਂ ਦੇ ਡੇਰਿਆਂ ਵਿਚ ਵੀ ਹੁੰਦਾ ਦਸਿਆ ਜਾਂਦਾ ਹੈ ਤੇ ਇਹ ਸਾਧੂ ਆਮ ਲੋਕਾਂ ਨੂੰ ਤਾਂ ਕੀ, ਸਿਆਣੇ-ਬਿਆਣੇ ਬੁੱਧੀਜੀਵੀਆਂ ਤੇ ਮਹਾਰਥੀਆਂ ਨੂੰ ਵੀ ਭਰਮਾਈ ਫਿਰਦੇ ਹਨ। ਗੁਰਮੀਤ ਰਾਮ ਰਹੀਮ ਦੇ ਡੇਰੇ ਦੀ ਗੱਲ ਕਿਸੇ ਨੂੰ ਭੁੱਲੀ ਹੋਈ ਨਹੀਂ!

ਮਾੜੀ ਗੱਲ ਇਹ ਕਿ ਕਰਨਾਟਕ ਰਾਜ ਦਾ ਇੱਕ ਮੰਤਰੀ ਇਸ ਸਾਰੇ ਵਰਤਾਰੇ ਦਾ ਭਾਂਡਾ ਪੱਛਮੀ ਸਭਿਅਤਾ ਦੇ ਸਿਰ ਭੰਨਦਾ ਹੈ, ਜਿਸ ਨੇ ਨੌਜਵਾਨ ਕੁੜੀਆਂ ਤੇ ਮੁਟਿਆਰਾਂ ਨੂੰ ਟੀ-ਸ਼ਰਟਾਂ ਤੇ ਜੀਨਾਂ ਪਹਿਨਣ ਦੀ ਹੀ ਖੁੱਲ੍ਹ ਨਹੀਂ ਦਿੱਤੀ ਸਗੋਂ, ਸ਼ਾਮ ਦੇ ਅੱਠ ਵਜੇ ਤੱਕ ਇਕੱਲਿਆਂ ਸੈਰ ਕਰਨ ਜਾਂ ਕੰਮ 'ਤੇ ਜਾਣ ਲਈ ਵੀ ਪ੍ਰੇਰਿਆ ਹੈ।

ਉਹ ਤਾਂ ਅਣਵਿਆਹੀਆਂ ਔਰਤਾਂ ਤੇ ਵਿਆਹ ਉਪਰੰਤ ਬੇਔਲਾਦ ਰਹਿ ਗਈਆਂ ਔਰਤਾਂ ਨੂੰ ਵੀ ਇਸ ਲਪੇਟ ਵਿਚ ਲੈ ਆਉਂਦਾ ਹੈ।

ਸਮਾਂ ਆ ਗਿਆ ਹੈ ਕਿ ਧੀਆਂ ਦੇ ਮਾਪੇ ਤੇ ਸਕੂਲਾਂ/ਕਾਲਜਾਂ ਦੇ ਅਧਿਆਪਕ ਇੱਕ ਬਾਲੜੀ ਤੋਂ ਮੁਟਿਆਰ ਹੋ ਰਹੀ ਧੀ ਤੇ ਵਿਦਿਆਰਥਣ ਨੂੰ ਸੰਭਲ ਕੇ ਚੱਲਣ ਦੀ ਸਿਖਿਆ ਦੇਣਾ ਅਤੇ ਅਜਿਹੀ ਉਡਾਣ ਭਰਨ ਤੋਂ ਨਾ ਰੋਕਣ, ਜਿਸ ਨੂੰ ਪੰਜਾਬੀ ਦੇ ਪ੍ਰਵਾਨਤ ਲੇਖਕ ਕੁਲਵੰਤ ਸਿੰਘ ਵਿਰਕ ਨੇ ਆਪਣੀ ਇਕ ਕਹਾਣੀ ਵਿਚ 'ਸ਼ੇਰਨੀਆਂ' ਦੀ ਨਿਆਈਂ ਪੇਸ਼ ਕੀਤਾ ਹੈ। ਕਰਨਾਟਕਾ ਦੇ ਮੰਤਰੀ ਦੇ ਬੋਲਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਉਸ ਰਾਜ ਦੇ ਰਾਜਨੀਤੀਵਾਨ ਪੰਜਾਬੀ ਧਾਰਨਾ ਨਾਲੋਂ ਕਿੰਨੇ ਪਛੜੇ ਹੋਏ ਹਨ।

ਨਿਕਚੂ ਬਾਲੜੀਆਂ ਦੀ ਨਵੀਂ ਪਹੁੰਚ ਜ਼ਿੰਦਾਬਾਦ!

**ਗ੍ਰਹਿਰਾਜ ਮੰਤਰੀ ਤੇ ਉਸ ਦਾ ਪੁੱਤਰ:** ਮੋਦੀ ਸਰਕਾਰ ਦੇ ਗ੍ਰਹਿਰਾਜ ਮੰਤਰੀ ਅਜੇ ਮਿਸ਼ਰਾ ਤੇ ਉਸ ਦੇ ਪੁੱਤਰ ਅਸ਼ੀਸ਼ ਮਿਸ਼ਰਾ ਦੀਆਂ ਕਰਤੂਤਾਂ ਤੋਂ ਜੱਗ ਜਾਣੂ ਹੈ। ਜੇ ਅਸ਼ੀਸ਼ ਨੇ ਚਾਰ ਕਿਸਾਨਾਂ ਤੇ ਇੱਕ ਪੱਤਰਕਾਰ ਉੱਤੇ ਆਪਣੀ ਫਾਰਚੂਨਰ ਗੱਡੀ ਚੜ੍ਹਾਉਂਦਿਆਂ ਅੱਗਾ-ਪਿੱਛਾ ਨਹੀਂ ਵੇਖਿਆ ਤਾਂ ਉਸ ਦੇ ਪਿਤਾ ਦੀ ਹਉਮੈ ਵੀ ਕਿਸੇ ਨੂੰ ਭੁੱਲੀ ਨਹੀਂ। 'ਇਹੋ ਜਿਹੇ ਕਾਰਕੁਨਾਂ ਨੂੰ ਮੈਂ ਦੋ ਮਿੰਟ ਵਿਚ ਸੋਧ ਦਿਆਂਗਾ', ਉਸ ਦੇ ਬੋਲ ਸਨ। ਉਹ ਭੁੱਲ ਗਿਆ ਹੈ ਕਿ ਜਿਨ੍ਹਾਂ ਕਾਰਕੁਨਾਂ ਨੂੰ ਸੋਧਣ ਦੀ ਉਹ ਗੱਲ ਕਰ ਰਿਹਾ ਹੈ, ਉਨ੍ਹਾਂ ਨੇ ਯੂ. ਪੀ. ਦੀ ਬੰਜਰ ਧਰਤੀ ਦੀ ਹਿੱਕ ਪਾੜ ਕੇ ਇਸ ਨੂੰ ਵਾਹੀ ਖੇਤੀ ਦੇ ਯੋਗ ਬਣਾਇਆ, ਜਿਸ ਨਾਲ ਦੇਸ਼ ਦੇ ਅੰਨ ਭੰਡਾਰ ਵਿਚ ਵਾਧਾ ਹੋਇਆ ਹੈ। ਕੀ ਪਿਓ-ਪੁੱਤਰ ਦੀ ਪਹੁੰਚ ਜਲਿਆਂਵਾਲਾ ਬਾਗ ਵਿਚ ਜਨਰਲ ਡਾਇਰ ਦੀ ਹੈਂਕੜ ਤੋਂ ਘੱਟ ਹੈ?

ਹੁਣ ਸੁਪਰੀਮ ਕੋਰਟ ਦੀ ਫਿਟਕਾਰ ਤੋਂ ਪਿੱਛੋਂ ਅਸ਼ੀਸ਼ ਮਿਸ਼ਰਾ ਦੀ ਗ੍ਰਿਫਤਾਰੀ ਤੇ ਪੁਲਿਸ ਰਿਮਾਂਡ ਨੇ ਉੱਤਰੀ ਭਾਰਤ ਦੇ ਕਵੀਆਂ ਤੇ ਕਲਮਕਾਰਾਂ ਨੂੰ ਅਜਿਹੀਆਂ ਸ਼ਰਮਨਾਕ ਕਾਰਵਾਈਆਂ ਦੇ ਵਿਰੋਧ ਵਿਚ ਬੋਲਣ ਤੇ ਲਿਖਣ ਲਈ ਪ੍ਰੇਰਿਆ ਹੈ। ਖਾਸ ਕਰਕੇ ਮੰਤਰੀ ਦੇ ਕੁਰਸੀ ਉੱਤੇ ਟਿਕੇ ਰਹਿਣ ਤੇ ਸਰਕਾਰ ਵਲੋਂ ਦਿੱਤੀ ਜਾ ਰਹੀ ਸੁਰੱਖਿਆ ਦੇ ਵਿਰੋਧ ਵਿਚ। ਸਬੂਤ ਮਿਟਾਏ ਜਾ ਰਹੇ ਹਨ। ਵੇਖੋ ਕੀ ਬਣਦਾ ਹੈ।

**ਅੰਤਿਕਾ: ਸਵਰਾਜਬੀਰ**

ਯਾਦ ਮੋਇਆਂ ਨੂੰ ਕਰਨਾ ਹੈ,
ਦੁੱਖ ਆਪਣਾ ਇੰਜ ਜਰਨਾ ਹੈ।
ਯਾਦ ਦੀ ਚੰਡੀ ਚੰਡਣੀ ਹੈ,
ਜੋ ਟੁੱਟੀ ਉਹ ਗੰਢਣੀ ਹੈ,
ਜੋ ਟੁੱਟੀ ਉਹ ਗੰਢਣੀ ਹੈ।
ਸਵਾਲ ਜਾਬਰ ਨੂੰ ਕਰਨਾ ਹੈ,
ਦਰਿਆ ਅਗਨ ਦਾ ਤਰਨਾ ਹੈ।

## ਕਿਸਾਨ ਅੰਦੋਲਨ ਤੇ ਪੰਜਾਬ ਦੇ ਖੇਤੀ ਮਾਹਰ-2

# ਅਫਲਾਤੂਨੀ ਵਿਦਵਾਨ ਅਮਰਜੀਤ ਗਰੇਵਾਲ ਦੀਆਂ ਹਵਾਈ ਤਜਵੀਜ਼ਾਂ

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕ (16 ਅਕਤੂਬਰ 2021) ਵਿਚ ਟੋਰਾਂਟੋ ਤੋਂ ਪੱਤਰਕਾਰ ਬਲਰਾਜ ਦਿਓਲ ਨੇ ਕਿਸਾਨ ਅੰਦੋਲਨ ਅਤੇ ਖੇਤੀ ਸੁਧਾਰਾਂ ਬਾਰੇ ਦੋ ਉਘੇ ਅਰਥਸ਼ਾਸਤਰੀਆਂ- ਡਾ. ਸੁੱਚਾ ਸਿੰਘ ਗਿੱਲ ਤੇ ਪ੍ਰੋ. ਗਿਆਨ ਸਿੰਘ, ਦੀਆਂ ਲਿਖਤਾਂ ਦੀ ਪੜਚੋਲ ਕੀਤੀ ਸੀ। ਹਥਲੇ ਲੇਖ ਵਿਚ ਉਨ੍ਹਾਂ ਪੰਜਾਬ ਦੇ ਇਕ ਹੋਰ ਵਿਦਵਾਨ ਅਮਰਜੀਤ ਗਰੇਵਾਲ ਦੀਆਂ ਕਿਸਾਨੀ ਸੰਕਟ ਬਾਰੇ ਲਿਖਤਾਂ ਅਤੇ ਪ੍ਰਵਚਨਾਂ ਨੂੰ ਹੋਰ ਵੀ ਗਹਿਰੀ ਦ੍ਰਿਸ਼ਟੀ ਨਾਲ ਵਾਚਣ ਦਾ ਉਪਰਾਲਾ ਕੀਤਾ ਹੈ। 'ਪੰਜਾਬ ਟਾਈਮਜ਼' ਦੀ ਵੱਖਰੇ ਵਿਚਾਰਾਂ ਨੂੰ ਜਗ੍ਹਾ ਦੇਣ ਦੀ ਰਵਾਇਤ ਅਨੁਸਾਰ ਇਹ ਲੰਮਾ ਲੇਖ ਛਾਪਿਆ ਜਾ ਰਿਹਾ ਹੈ। ਇਸ ਬਾਰੇ ਆਉਣ ਵਾਲੇ ਪ੍ਰਤੀਕਰਮ ਨੂੰ ਜੀ ਆਇਆਂ।***

ਆਮ ਸ਼ਹਿਰੀ ਵਿਦਵਾਨ ਮਾਹਰਾਂ ਦੀਆਂ ਲਿਖਤਾਂ, ਲੈਕਚਰਾਂ, ਖੋਜ ਪੇਪਰਾਂ ਅਤੇ ਰੇਡੀਓ-ਟੀਵੀ ਮੁਲਾਕਾਤਾਂ ਤੋਂ ਸੂਬੇ, ਦੇਸ਼ ਅਤੇ ਸਮਾਜ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਠੋਸ ਸੁਝਾਵਾਂ, ਵਿਧੀਆਂ ਅਤੇ ਸਿਫਾਰਸ਼ਾਂ ਦੀ ਆਸ ਰੱਖਦੇ ਹਨ। ਕਈ ਸਰਕਾਰਾਂ ਵੀ ਅਜਿਹੇ ਵਿਦਵਾਨਾਂ ਦੇ ਵਿਚਾਰ ਜਾਨਣ ਲਈ ਸੱਦੇ ਭੇਜਦੀਆਂ, ਕਮੇਟੀਆਂ ਦਾ ਗਠਨ ਕਰਦੀਆਂ ਹਨ ਜਾਂ ਜਨਤਕ ਖੇਤਰ ਵਿਚ ਉਨ੍ਹਾਂ ਵਲੋਂ ਪੇਸ਼ ਕੀਤੇ ਸੁਝਾਵਾਂ ਵੱਲ ਧਿਆਨ ਦਿੰਦੀਆਂ ਹਨ। ਗੁੰਝਲਦਾਰ ਸਮਾਜਕ, ਆਰਥਕ, ਰਾਜਸੀ ਅਤੇ ਹੋਰ ਜਨਤਕ ਖੇਤਰ ਦੀਆਂ ਮੁਸ਼ਕਲਾਂ ਦੇ ਹੱਲ ਲਈ ਵਿਚਾਰ ਪੇਸ਼ ਕਰਨ ਵਾਲੇ ਵਿਦਵਾਨਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਮਨੋਰੰਜਨ ਜਾਂ ਵਾਹ-ਵਾਹ ਖੱਟਣ ਵਾਲੀਆਂ ਗੱਲਾਂ ਨਾ ਕਰਨ ਸਗੋਂ ਜ਼ਮੀਨੀ ਹਕੀਕਤਾਂ ਦੇ ਆਧਾਰ ਉੱਤੇ ਬਿਨਾਂ ਪੱਖਪਾਤ




**ਬਲਰਾਜ ਦਿਓਲ**
**ਫੋਨ: 905-793-5072**
**balrajdeol@rogers.com**


ਠੋਸ ਗੱਲਾਂ ਕਰਨ/ਲਿਖਣ।

ਮਾਹਰ ਸੱਜਣ ਅਮਰਜੀਤ ਸਿੰਘ ਗਰੇਵਾਲ ਨੇ ਆਪਣੀ ਫੇਸਬੁੱਕ 'ਤੇ ਖਾਸ ਲੇਖ ਪਾਇਆ ਹੋਇਆ ਹੈ ਜਿਸ ਦਾ ਸਿਰਲੇਖ ਹੈ- 'ਕਿਸਾਨ ਸੰਘਰਸ਼, ਚੋਣ ਮੈਨੀਫੈਸਟੋ ਅਤੇ ਪੰਜਾਬ ਦੇ ਚੰਗੇ ਭਵਿਖ ਦੀ ਤਲਾਸ਼।' ਸਿਰਲੇਖ ਦੇ ਹੇਠ ਇਹ ਵੀ ਲਿਖਿਆ ਹੈ ਕਿ ਇਹ ਲਿਖਤ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਣ ਵਾਲੇ ਖੋਜ ਜਰਨਲ 'ਸੰਵਾਦ' ਦੇ ਪੰਦਰਵੇਂ ਅੰਕ ਵਿਚ ਛਪ ਰਹੇ ਲੇਖ 'ਪੰਜਾਬ 2.0' ਦਾ ਪਹਿਲਾ ਭਾਗ ਹੈ। 3 ਅਕਤੂਬਰ ਦੇ ਪੋਸਟ ਕੀਤੇ ਇਸ ਲੇਖ ਦੇ ਅੰਤ ਵਿਚ ਇਸ ਨੂੰ 'ਚਲਦਾ' ਦੱਸਿਆ ਗਿਆ ਹੈ ਜਿਸ ਤੋਂ ਜਾਪਦਾ ਹੈ ਕਿ ਇਸ ਦੀ ਇੱਕ ਜਾਂ ਵੱਧ ਕਿਸ਼ਤ ਅਜੇ ਹੋਰ ਆਉਣੀ ਬਾਕੀ ਹੈ। ਇਹ ਸਤਰਾਂ ਲਿਖੇ ਜਾਣ ਤੱਕ ਅਗਲੀ ਕਿਸ਼ਤ ਅਜੇ ਆਈ ਨਹੀਂ ਸੀ।

ਲੇਖ ਦੇ ਸ਼ੁਰੂ ਵਿਚ ਉਹ ਮੌਜੂਦਾ ਸਥਿਤੀ ਦਾ ਡਾਇਗਨੋਜ਼ ਦੱਸਦੇ ਹਨ, 'ਖੇਤੀ ਕਾਨੂੰਨਾਂ ਨੂੰ ਲੈ ਕੇ ਸਰਕਾਰ ਅਤੇ ਕਿਸਾਨ ਹੀ ਨਹੀਂ, ਅਰਥਸ਼ਾਸਤਰੀ ਵੀ ਦੋ ਵਿਰੋਧੀ ਧੜਿਆਂ ਵਿਚ ਵੰਡੇ ਹੋਏ ਹਨ। ਪਹਿਲੇ ਧੜੇ ਵਿਚ ਨਵ-ਉਦਾਰਵਾਦ ਨੂੰ ਪ੍ਰਨਾਏ ਹੋਏ ਵਿਦਵਾਨ ਸ਼ਾਮਲ ਹਨ ਤੇ ਦੂਜੇ ਧੜੇ ਵਿਚ ਉਹ ਅਰਥਸ਼ਾਸਤਰੀ ਸ਼ਾਮਲ ਹਨ ਜਿਨ੍ਹਾਂ ਨੂੰ ਡਰ ਹੈ ਕਿ ਖੁੱਲ੍ਹੀ ਮੰਡੀ ਦੇ ਮਾਧਿਅਮ ਰਾਹੀਂ ਕਾਰਪੋਰੇਟ ਕਿਸਾਨਾਂ ਨੂੰ ਖਾ ਜਾਵੇਗਾ। ਖੇਤੀ ਉਪਜ ਉਪਰ ਕਿਸ ਦਾ ਨਿਯੰਤਰਣ ਹੋਵੇ; ਸਰਕਾਰ ਦਾ ਜਾਂ ਕਾਰਪੋਰੇਟ ਦਾ; ਇਹੋ ਰੌਲਾ ਹੈ।'

ਇਸ ਦੇ ਨਾਲ ਹੀ ਉਹ ਤੀਜਾ ਬਦਲ ਪੇਸ਼ ਕਰਨ ਦਾ ਸੰਕੇਤ ਦਿੰਦੇ ਹੋਏ ਇੰਝ ਲਿਖਦੇ ਹਨ, 'ਕਿਸਾਨਾਂ ਦਾ ਆਪਣਾ ਹੀ ਨਿਯੰਤਰਣ ਹੋਵੇ, ਇਹ ਗੱਲ ਠੋਕ-ਵਜਾ ਕੇ ਕੋਈ ਵੀ ਨਹੀਂ ਆਖਦਾ। ਇਨ੍ਹਾਂ ਨੂੰ ਸ਼ਾਇਦ ਵਿਸ਼ਵਾਸ ਹੀ ਨਹੀਂ ਕਿ ਕਿਸਾਨ ਆਪਣੇ ਆਪ ਨੂੰ ਅਤੇ ਆਪਣੀ ਜਿਣਸ ਨੂੰ ਆਪ ਵੀ ਸੰਭਾਲ ਸਕਦੇ ਹਨ।'

ਇਹ ਸਤਰ ਪੜ੍ਹ ਕੇ ਆਸ ਬੱਝ ਜਾਂਦੀ ਹੈ, ਜਨਾਬ ਗਰੇਵਾਲ ਐਸੀ ਤੀਜੀ ਤਰਕੀਬ 'ਠੋਕ ਵਜਾ ਕੇ' ਜੱਗ ਜ਼ਾਹਰ ਕਰਨ ਵਾਲੇ ਹਨ ਜਿਸ ਨਾਲ ਨਿਯੰਤਰਣ ਕਿਸਾਨ ਦੇ ਹੱਥ ਆ ਜਾਵੇਗਾ। 'ਇਸ ਬਾਰੇ ਚਰਚਾ ਬਾਅਦ ਵਿਚ ਕਰਾਂਗੇ' ਲਿਖ ਕੇ ਉਹ ਪਾਠਕਾਂ ਦੀ ਜਗਿਆਸਾ ਹੋਰ ਵੀ ਵਧਾ ਦਿੰਦੇ ਹਨ।

ਜਨਾਬ ਗਰੇਵਾਲ ਲਿਖਦੇ ਹਨ ਕਿ ਸਾਡੇ ਕੋਲ ਕਣਕ-ਝੋਨੇ ਦੇ ਫਸਲੀ ਚੱਕਰ ਲਈ ਲੋੜੀਂਦਾ ਬੁਨਿਆਦੀ ਢਾਂਚਾ ਮੌਜੂਦ ਹੈ ਪਰ ਸਬਜ਼ੀਆਂ ਅਤੇ ਫਲਾਂ ਦੀ ਕਾਸ਼ਤ, ਸਾਂਭ ਸੰਭਾਲ, ਢੋਆ ਢੁਆਈ ਅਤੇ ਮੰਡੀਕਰਨ ਲਈ ਆਵੱਸ਼ਕ ਢਾਂਚਾ ਨਹੀਂ ਹੈ ਜਿਸ ਤੋਂ ਬਿਨਾਂ ਨਾ ਖੇਤੀਬਾੜੀ ਵਿਚ ਵਿਭਿੰਨਤਾ ਆਵੇਗੀ ਅਤੇ ਨਾ ਕਿਸਾਨ ਦੀ ਆਮਦਨ ਵਿਚ ਵਾਧਾ ਹੋਵੇਗਾ।

ਗਰੇਵਾਲ ਵਲੋਂ ਉਪਰੋਕਤ ਦੱਸੇ ਸਭ ਕੁਝ ਕਰਨ ਲਈ ਵੱਡੇ ਪੂੰਜੀ ਨਿਵੇਸ਼ ਦੀ ਲੋੜ ਹੈ। ਖੇਤੀ ਉਪਜ ਦੀ ਸਾਂਭ-ਸੰਭਾਲ (ਸਟੋਰੇਜ), ਢੋਆ-ਢੁਆਈ, ਗਰੇਡਿੰਗ, ਪੈਕਿੰਗ, ਪ੍ਰਾਸੈਸਿੰਗ ਅਤੇ ਮਾਰਕੀਟਿੰਗ ਦੇ ਖੇਤਰ ਵਿਚ ਭਾਰਤ ਬਹੁਤ ਪਛੜਿਆ ਹੋਇਆ ਹੈ ਜਿਸ ਕਾਰਨ ਖੇਤੀ ਉਪਜ ਦਾ ਵੱਡਾ ਹਿੱਸਾ ਖਰਾਬ ਹੋ ਜਾਂਦਾ ਹੈ। ਦੇਸ਼ ਦੇ ਇੱਕ ਖੇਤਰ ਵਿਚ ਕਿਸੇ ਉਪਜ ਦੀ ਥੁੜ੍ਹ ਹੁੰਦੀ ਹੈ ਅਤੇ ਦੂਜੇ ਖੇਤਰ ਵਿਚ ਉਹ ਉਪਜ ਰੁਲ ਰਹੀ ਹੁੰਦੀ ਹੈ। ਇਹ ਮੁਸ਼ਕਲ ਖੇਤੀ ਪ੍ਰੋਡਿਊਸ (ਪੈਰਿਸ਼ਬਲ) ਦੇ ਮਾਮਲੇ ਵਿਚ ਬਹੁਤ ਵੱਡੀ ਹੈ। ਕਣਕ ਅਤੇ ਝੋਨੇ ਦੀ ਖਰੀਦ, ਢੋਆ-ਢੁਆਈ, ਸਟੋਰੇਜ ਅਤੇ ਡਿਸਟਰੀਬਿਊਸ਼ਨ ਦੀ ਜ਼ਿੰਮੇਵਾਰੀ ਸਰਕਾਰ ਭਾਵ ਐਫ. ਸੀ. ਆਈ. ਵਰਗੇ ਸਰਕਾਰੀ ਅਦਾਰਿਆਂ ਕੋਲ ਹੈ ਪਰ ਵੇਸਟੇਜ (ਗਲ-ਸੜ ਜਾਣ), ਨੁਕਸਾਨੇ ਜਾਣ, ਘਪਲੇਬਾਜ਼ੀ ਅਤੇ ਕੁਰੱਪਸ਼ਨ ਨਾਲ ਹੋਣ ਵਾਲਾ ਨੁਕਸਾਨ ਬਹੁਤ ਜ਼ਿਆਦਾ ਹੈ। ਕਹਿੰਦੇ ਹਨ ਕਿ ਸਰਕਾਰਾਂ ਦੀਆਂ ਜੇਬਾਂ ਗਹਿਰੀਆਂ (ਡੀਪ ਪਾਕਿਟਸ) ਹੁੰਦੀਆਂ ਹਨ, ਇਸ ਲਈ ਆਮ ਲੋਕ ਇਸ ਨੁਕਸਾਨ ਨਾਲ ਸਿੱਧੇ ਤੌਰ 'ਤੇ ਪ੍ਰਭਾਵਤ ਹੁੰਦੇ ਮਹਿਸੂਸ ਨਹੀਂ ਕਰਦੇ। ਅਸਲ ਵਿਚ ਸਰਕਾਰੀ ਖਜ਼ਾਨੇ ਦਾ ਇਹ ਨੁਕਸਾਨ ਵੀ ਲੋਕਾਂ ਦਾ ਨੁਕਸਾਨ ਹੀ ਹੁੰਦਾ ਹੈ।

ਕਣਕ-ਝੋਨੇ ਨੂੰ ਛੱਡ ਕੇ ਹੋਰ ਫਸਲਾਂ ਲਈ ਢਾਂਚਾ ਖੜ੍ਹਾ ਕਰਨ ਦੀ ਲੋੜ ਦਾ ਸੰਕੇਤ ਕਰਨ ਪਿੱਛੋਂ ਜਨਾਬ ਗਰੇਵਾਲ ਇਹ ਨਹੀਂ ਦੱਸਦੇ ਕਿ ਅਜਿਹਾ ਕੌਣ, ਕਿਵੇਂ ਕਰੇ, ਨਿਵੇਸ਼ ਕਿੱਥੋਂ ਆਏ ਅਤੇ ਨਫੇ ਨੁਕਸਾਨ ਦਾ ਜ਼ਿੰਮੇਵਾਰ ਕੌਣ ਹੋਵੇ?

ਉਹ ਲਿਖਦੇ ਹਨ, 'ਖੇਤੀ ਦੇ ਅਗਾਊਂ ਵਿਕਾਸ, ਜਿਸ ਨੂੰ ਆਪਾਂ ਹਰਾ ਇਨਕਲਾਬ-2 ਵੀ ਆਖ ਸਕਦੇ ਹਾਂ, ਲਈ ਅਜਿਹੇ ਆਧਾਰ ਢਾਂਚੇ ਅਤੇ ਨਵੀਂ ਡਿਜੀਟਲ/ਨੈਟਵਰਕ ਤਕਨਾਲੋਜੀ ਨਾਲ ਲੈਸ ਮਾਨਵੀ ਵਸੀਲਿਆਂ ਦੀ ਤਿਆਰੀ ਸਾਡੀ ਪ੍ਰਥਮ ਲੋੜ ਬਣ ਗਈ ਹੈ ਪਰ ਸਰਕਾਰ ਇਸ ਵਡੇਰੇ ਕੰਮ ਨੂੰ ਹੱਥ ਪਾਉਣ ਤੋਂ ਘਬਰਾ ਰਹੀ ਹੈ। ਉਹ ਇਹ ਜ਼ਿੰਮੇਵਾਰੀ ਆਪਣੇ ਗਲੋਂ ਲਾਹ ਕੇ ਕਾਰਪੋਰੇਟ ਨੂੰ ਤੋਹਫੇ ਵਜੋਂ ਪੇਸ਼ ਕਰਨਾ ਚਾਹੁੰਦੀ ਹੈ। ਹੋ ਸਕਦਾ ਹੈ, ਕਾਰਪੋਰੇਟ ਹੀ ਸਰਕਾਰ ਉਪਰ ਅਜਿਹਾ ਕਰਨ ਲਈ ਦਬਾਅ ਪਾ ਰਿਹਾ ਹੋਵੇ।'

ਉਪਰੋਕਤ ਪੜ੍ਹ ਕੇ ਜਾਪਦਾ ਹੈ ਜਨਾਬ ਗਰੇਵਾਲ ਮੌਜੂਦਾ ਸਰਕਾਰੀ ਨਿਜ਼ਾਮ ਦਾ ਹੋਰ ਵਿਸਥਾਰ ਚਾਹੁੰਦੇ ਹਨ ਜੋ ਪਹਿਲਾਂ ਹੀ ਦੀਵਾਲੀਆ ਹੋਣ ਦੇ ਕਿਨਾਰੇ ਹੈ। ਅਗਰ ਇਸ ਸਰਕਾਰੀ ਨਿਜ਼ਾਮ ਨੂੰ ਰੱਖਣਾ ਹੈ ਅਤੇ ਇਸ ਦਾ ਵਿਸਥਾਰ ਕਰਨਾ ਹੈ ਤਾਂ ਇਸ ਨੂੰ 'ਵਾਇਬਲ' ਰੱਖਣ ਦੇ ਢੰਗ ਤਰੀਕੇ ਵੀ ਦੱਸੇ ਜਾਂ ਖੋਜੇ ਜਾਣੇ ਚਾਹੀਦੇ ਹਨ; ਭਾਵ ਇਸ ਨਿਜ਼ਾਮ ਨੂੰ ਅਤਿ-ਘਾਟੇ, ਕੁਰੱਪਸ਼ਨ ਅਤੇ ਅਕੁਸ਼ਲਤਾ ਵਿਚੋਂ ਕੱਢ ਕੇ ਆਪਣਾ ਭਾਰ ਚੁੱਕਣ ਜੋਗਾ ਕਿਵੇਂ ਕੀਤਾ ਜਾਵੇ? ਇਹ ਵੀ ਦੱਸਣਾ ਬਣਦਾ ਹੈ।

ਜਨਾਬ ਗਰੇਵਾਲ ਇੰਝ ਸਵਾਲ ਖੜ੍ਹਾ ਕਰਦੇ ਹਨ, 'ਸਰਕਾਰ ਇਹ ਜ਼ਿੰਮੇਵਾਰੀ ਮਾਰਕਿਟ, ਭਾਵ ਕਾਰਪੋਰੇਟ ਨੂੰ ਕਿਉਂ ਸੌਂਪਣਾ ਚਾਹੁੰਦੀ ਹੈ, ਇਹ ਜਾਨਣਾ ਵੀ ਜ਼ਰੂਰੀ ਹੈ।' ਫਿਰ ਇਸ ਦਾ ਜਵਾਬ ਇੰਝ ਦਿੰਦੇ ਹਨ, 'ਸਰਕਾਰ ਸੋਚਦੀ ਹੈ ਕਿ ਜੇ ਉਸ ਦਾ ਅਨਾਜ ਦੀ ਖਰੀਦ (ਪਰਿਕਿਉਰਮੈਂਟ) ਅਤੇ ਵੰਡ (ਪਬਲਿਕ ਡਿਸਟਰੀਬਿਊਸ਼ਨ) ਤੋਂ ਖਹਿੜਾ ਛੁਟ ਜਾਂਦਾ ਹੈ ਤਾਂ ਉਸ ਕੋਲ ਕਈ ਲੱਖ ਕਰੋੜ ਰੁਪਏ ਬਚ ਜਾਂਦੇ ਹਨ। ਇਸ ਬਚੇ ਹੋਏ ਪੈਸੇ ਨੂੰ ਡਾਇਰੈਕਟ ਬੈਂਕ ਟਰਾਂਸਫਰ (ਡੀ. ਬੀ. ਟੀ.) ਰਾਹੀਂ, ਗਰੀਬ ਗੁਰਬਿਆਂ ਦੇ ਖਾਤਿਆਂ ਵਿਚ ਜਮ੍ਹਾਂ ਕਰਵਾ ਕੇ, ਵੱਡਾ ਸਿਆਸੀ ਲਾਭ ਉਠਾਇਆ ਜਾ ਸਕਦਾ ਹੈ।'

ਗਰੇਵਾਲ ਅਨੁਸਾਰ ਸਰਕਾਰ ਖੇਤੀ ਸੈਕਟਰ ਦਾ ਨਿੱਜੀਕਰਨ ਲੱਖਾਂ ਕਰੋੜਾਂ ਰੁਪਏ ਬਚਾਉਣ ਲਈ ਕਰ ਰਹੀ ਹੈ ਅਤੇ ਫਿਰ ਇਸ ਰਕਮ ਨਾਲ ਗਰੀਬਾਂ ਦੀਆਂ ਵੋਟਾਂ ਖਰੀਦਣੀਆਂ ਹਨ। ਇਸ ਤੋਂ ਪਹਿਲਾਂ ਗਰੇਵਾਲ ਸਾਹਿਬ ਨੇ ਲਿਖਿਆ ਸੀ ਕਿ ਸਰਕਾਰ ਕਾਰਪੋਰੇਸ਼ਨਾਂ ਨੂੰ ਲਾਭ ਦੇਣਾ ਚਾਹੁੰਦੀ ਹੈ ਅਤੇ ਹੋ ਸਕਦਾ ਹੈ ਕਿ ਕਾਰਪੋਰੇਸ਼ਨਾਂ ਵੀ ਇਸ ਲਈ ਸਰਕਾਰ ਉਤੇ ਦਬਾਅ ਪਾ ਰਹੀਆਂ ਹੋਣ। ਹੁਣ ਤੱਕ ਜਨਾਬ ਗਰੇਵਾਲ ਹੁਰਾਂ ਦੇ ਦੋ ਨੁਕਤੇ ਸਮਝ ਆਉਂਦੇ ਹਨ। ਇੱਕ ਸਰਕਾਰ ਕਾਰਪੋਰੇਸ਼ਨਾਂ ਨੂੰ ਲਾਭ ਪਹੁੰਚਾਉਣਾ ਚਾਹੁੰਦੀ ਹੈ, ਸੰਭਾਵੀ ਦਬਾਅ ਵੀ ਹੋ ਸਕਦਾ ਹੈ ਅਤੇ ਦੂਜਾ ਸਰਕਾਰ ਇਸ ਖਲਜਗਣ ਵਿਚੋਂ ਨਿਕਲ ਕੇ ਲੱਖਾਂ ਕਰੋੜਾਂ ਬਚਾ ਕੇ ਅਤੇ ਗਰੀਬਾਂ ਨੂੰ ਸਿੱਧਾ ਦੇ ਕੇ ਸਿਆਸੀ ਲਾਹਾ ਭਾਵ ਵੋਟਾਂ ਬਟੋਰਨੀਆਂ ਚਾਹੁੰਦੀ ਹੈ।

ਅਗਰ ਖੇਤੀ ਸੈਕਟਰ ਦੇ ਸੁਧਾਰ ਦੇ ਉਪਰੋਕਤ ਦੋ ਹੀ ਮਕਸਦ ਹਨ ਜਾਂ ਗਰੇਵਾਲ ਸਾਹਿਬ ਨੂੰ ਦੋ ਹੀ ਦਿਖਾਈ ਦਿੰਦੇ ਹਨ ਤਾਂ ਦੋ ਗੱਲਾਂ ਹੋ ਸਕਦੀਆਂ ਹਨ- ਗਰੇਵਾਲ ਦਾ ਨਜ਼ਰੀਆ ਹੈ ਜਾਂ ਸਰਕਾਰ ਦੀ ਨੀਤੀ ਨੁਕਸਦਾਰ ਹੈ। ਅਗਰ ਨੀਤੀ ਨੁਕਸਦਾਰ ਹੈ ਤਾਂ ਸਰਕਾਰ ਨੂੰ ਬਹੁਤ ਮਹਿੰਗੀ ਪੈ ਸਕਦੀ ਹੈ ਕਿਉਂਕਿ ਅਗਰ ਅਨਾਜ ਦੀ ਕਮੀ ਪੈਦਾ ਹੋ ਜਾਂਦੀ ਹੈ ਅਤੇ ਕੀਮਤਾਂ ਬਹੁਤ ਵਧ ਜਾਂਦੀਆਂ ਹਨ ਤਾਂ ਗਰੀਬ-ਗੁਰਬੇ ਏਨੇ ਮੂਰਖ ਨਹੀਂ ਹਨ ਕਿ ਉਹ ਅੱਖਾਂ ਬੰਦ ਕਰਕੇ ਸਰਕਾਰੀ ਧਿਰ ਨੂੰ ਬੱਝਵੀਆਂ ਵੋਟਾਂ ਪਾ ਦੇਣਗੇ। ਸਵਾਲ ਇਹ ਵੀ ਪੁੱਛਣਾ ਬਣਦਾ ਹੈ ਕਿ ਜੋ ਮੁਫਤ ਮਾਲ ਅੱਜ ਕੇਂਦਰ ਸਰਕਾਰ ਅਤੇ ਵੱਖ-ਵੱਖ ਰਾਜ ਸਰਕਾਰਾਂ ਵੰਡ ਰਹੀਆਂ ਹਨ, ਉਸ ਪਿੱਛੇ ਕੀ ਸਿਆਸੀ ਲਾਹੇ ਦੀ ਲਾਲਸਾ ਨਹੀਂ ਹੈ? ਮੁਫ਼ਤ ਮਾਲ ਦੇ ਸਿਆਸੀ ਵਾਅਦੇ ਆਏ ਦਿਨ ਵਧ ਰਹੇ ਹਨ ਅਤੇ ਮਾਹਰ ਇਸ ਨੂੰ ਤਰੱਕੀ ਦੇ ਰਸਤੇ ਵਿਚ ਅੜਿਕਾ ਵੀ ਸਮਝਦੇ ਹਨ। ਸਰਕਾਰੀ ਮੁਫਤ ਮਾਲ ਸਮੇਤ ਸਬਸਿਡੀਆਂ ਦਾ ਬਹੁਤਾ ਲਾਭ ਕਈ ਵਾਰ ਗਰੀਬਾਂ ਨਾਲੋਂ ਮਿਡਲ ਅਤੇ ਅਪਰ ਕਲਾਸ ਵੱਧ ਲੈ ਜਾਂਦੀ ਹੈ। ਸਰਕਾਰੀ ਵਿਤਰਣ ਪ੍ਰਣਾਲੀ ਉਤੇ ਕੰਟਰੋਲ ਅਫਸਰਸ਼ਾਹੀ ਅਤੇ ਹੋਰ ਚਲਦੇ-ਪੁਰਜ਼ੇ ਲੋਕਾਂ ਦਾ ਹੈ। ਮੁਫ਼ਤ ਬਿਜਲੀ, ਮੁਫਤ ਪਾਣੀ, ਸਬਸਿਡੀਆਂ ਅਤੇ ਸਰਕਾਰੀ ਗਰਾਂਟਾਂ ਦਾ ਵੱਧ ਲਾਭ ਉਨ੍ਹਾਂ ਲੋਕਾਂ ਨੂੰ ਹੁੰਦਾ ਹੈ ਜਿਨ੍ਹਾਂ ਕੋਲ ਵੱਧ ਸਾਧਨ, ਵੱਧ ਉਪਜ ਅਤੇ ਉਪਜ ਦੇ ਵੱਧ ਸਰੋਤ (ਜਾਇਦਾਦ ਵਗੈਰਾ) ਹਨ। ਇੱਕ ਏਕੜ ਝੋਨਾ ਜਾਂ ਕਣਕ ਬੀਜਣ ਵਾਲੇ ਛੋਟੇ ਕਿਸਾਨ ਨਾਲੋਂ 30 ਏਕੜ ਬੀਜਣ ਵਾਲੇ ਕਿਸਾਨ ਨੂੰ ਐਮ. ਐਸ. ਪੀ. ਦਾ ਲਾਭ 30 ਗੁਣਾ ਵੱਧ ਹੈ। ਦੋ ਏਕੜ ਜ਼ਮੀਨ ਲਈ ਇੱਕ ਬਿਜਲੀ ਦੀ ਮੋਟਰ ਲਾਈ ਬੈਠੇ ਕਿਸਾਨ ਨਾਲੋਂ 30 ਏਕੜ ਲਈ ਤਿੰਨ ਮੋਟਰਾਂ ਲਾਈ ਬੈਠੇ ਕਿਸਾਨ ਨੂੰ ਬਿਜਲੀ ਸਬਸਿਡੀ ਦਾ ਕਈ ਗੁਣਾ ਵੱਧ ਲਾਭ ਹੈ। ਖਾਦ ਦੀ ਸਬਸਿਡੀ ਲਈ ਵੀ ਇਹੀ ਸੱਚ ਹੈ।

ਕੈਪਟਨ ਸਰਕਾਰ ਦੇ ਇਕ ਇਸ਼ਤਿਹਾਰ ਮੁਤਾਬਿਕ ਪੰਜਾਬ ਦੇ 1.42 ਕਰੋੜ ਲੋਕਾਂ ਨੂੰ ਸਸਤਾ ਅਨਾਜ ਦਿੱਤਾ ਗਿਆ ਹੈ; ਭਾਵ 2 ਰੁਪਏ ਕਿਲੋ ਕਣਕ ਅਤੇ 3 ਰੁਪਏ ਕਿਲੋ ਚੌਲ। ਪੰਜਾਬ ਦੀ ਆਬਾਦੀ 2.8 ਕਰੋੜ ਦੇ ਕਰੀਬ ਹੈ ਜਿਸ ਵਿਚੋਂ 50% ਤੋਂ ਵੱਧ ਗਰੀਬੀ ਭੱਤੇ ਵਜੋਂ ਸਸਤਾ ਅਨਾਜ ਲੈ ਰਹੇ ਹਨ। ਕੀ ਪੰਜਾਬ ਵਿਚ ਗਰੀਬਾਂ ਦੀ ਗਿਣਤੀ ਇੰਨੀ ਜ਼ਿਆਦਾ ਹੈ? ਕੁਝ ਮੀਡੀਆ ਰਿਪੋਰਟਾਂ ਮੁਤਾਬਕ ਪੰਜਾਬ ਵਿਚ ਕਈ ਰੱਜੇ-ਪੁੱਜੇ ਲੋਕਾਂ ਨੇ ਵੀ 'ਨੀਲੇ ਕਾਰਡ' ਬਣਾਏ ਹੋਏ ਸਨ ਅਤੇ ਇਹ ਵਰਤਾਰਾ ਜਾਰੀ ਹੈ।

ਵਿਕਸਤ ਦੇਸ਼ਾਂ ਵਿਚ ਜਦ ਨਿਰਧਾਰਤ ਨਿਯਮਾਂ ਹੇਠ ਗਰੀਬੀ ਰੇਖਾ ਤੋਂ ਹੇਠ ਵਾਲੇ ਲੋਕਾਂ ਦੀ ਪਛਾਣ ਕਰ ਲਈ ਜਾਂਦੀ ਹੈ ਤਾਂ ਹਰ ਮਹੀਨੇ ਗਰੀਬੀ ਭੱਤਾ (ਵੈਲਫੇਅਰ) ਉਨ੍ਹਾਂ ਨੂੰ ਸਿਧਾ ਦਿੱਤਾ ਜਾਂਦਾ ਹੈ। ਉਹ ਆਪਣੀ ਲੋੜ ਦੀਆਂ ਚੀਜ਼ਾਂ ਬਾਜ਼ਾਰ ਵਿਚੋਂ ਆਮ ਕੀਮਤਾਂ ਉੱਤੇ ਹੀ ਖਰੀਦਦੇ ਹਨ ਜਿਸ ਨਾਲ ਪਬਲਿਕ ਵੰਡ ਪ੍ਰਣਾਲੀ ਦੀ ਕੁਰੱਪਸ਼ਨ ਖ਼ਤਮ ਹੋ ਜਾਂਦੀ ਹੈ। ਕੁਝ ਦੇਸ਼ਾਂ ਵਿਚ ਗਰੀਬਾਂ ਨੂੰ ਭੱਤਾ 'ਫੂਡ ਸਟੈਂਪਸ' ਦੇ ਰੂਪ ਵਿਚ ਦਿੱਤਾ ਜਾਂਦਾ ਹੈ ਜਿਸ ਨਾਲ ਉਹ ਜੀਵਨ ਨਿਰਬਾਹ ਵਾਲੀਆਂ ਚੀਜ਼ਾਂ ਹੀ ਖਰੀਦ ਸਕਦੇ ਹਨ ਪਰ ਨਸ਼ਾ ਵਗੈਰਾ ਨਹੀਂ ਖਰੀਦ ਸਕਦੇ।

ਕੈਨੇਡਾ ਵਿਚ ਬਹੁਤ ਸਾਰੇ ਸਰਕਾਰੀ ਭੱਤੇ ਹਰ ਵਿਅਕਤੀ ਦੇ ਸਾਲਾਨਾ ਆਮਦਨ ਟੈਕਸ ਰਿਟਰਨ ਨਾਲ ਜੋੜੇ ਹੋਏ ਹਨ ਅਤੇ ਲਾਭਪਾਤਰੀ ਨੂੰ ਬਣਦੇ ਭੱਤੇ ਸਿੱਧੇ ਉਸ ਦੇ ਬੈਂਕ ਖਾਤੇ ਜਾਂ ਚੈੱਕ ਰਾਹੀਂ ਭੇਜ ਦਿੱਤੇ ਜਾਂਦੇ ਹਨ। ਜਿਨ੍ਹਾਂ ਦੇਸ਼ਾਂ ਨੂੰ ਭਾਰਤੀ ਲੋਕ ਵਧੀਆ ਦੇਸ਼ ਮੰਨਦੇ ਹਨ ਅਤੇ ਲੱਖਾਂ ਰੁਪਏ ਖਰਚ ਕੇ ਜਾਇਜ਼ ਅਤੇ ਨਾਜਾਇਜ਼ ਢੰਗਾਂ ਨਾਲ ਭੱਜ ਰਹੇ ਹਨ, ਉਨ੍ਹਾਂ ਦੇਸ਼ਾਂ ਵਿਚ ਲਾਗੂ ਵਿਵਸਥਾਵਾਂ ਵਿਚ ਜ਼ਰੂਰ ਕਈ ਗੁਣ ਹੋਣਗੇ ਜਿਨ੍ਹਾਂ ਵਿਚ ਲਾਭਪਾਤਰੀ ਨੂੰ ਭੱਤਿਆਂ/ਸਬਸਿਡੀਆਂ ਦੀ ਤੁਰਤ-ਫੁਰਤ ਸਿੱਧੀ ਅਦਾਇਗੀ ਵੀ ਸ਼ਾਮਲ ਹੈ। ਸਿਆਸੀ ਲਾਹਾ ਲੈਣ ਲਈ ਭੱਤੇ ਵਗੈਰਾ ਦੇਣ ਦੀਆਂ ਸਕੀਮਾਂ ਹਰ ਦੇਸ਼ ਵਿਚ ਵਧ ਰਹੀਆਂ ਹਨ। ਮਾਹਰਾਂ ਦਾ ਕੰਮ ਹੈ ਕਿ ਅਜਿਹੀਆਂ ਸਰਕਾਰੀ ਸਕੀਮਾਂ ਦੇ ਲਾਭ-ਹਾਣ ਲੋਕਾਂ ਨੂੰ ਦੱਸਣ ਤਾਂ ਕਿ ਸਰਕਾਰ ਵਲੋਂ ਭਲਾਈ ਲਈ ਖਰਚੇ ਧਨ ਦਾ ਵੱਧ ਤੋਂ ਵੱਧ ਲਾਭ ਲੋਕਾਂ ਤੱਕ ਘੱਟੋ-ਘੱਟ ਸਮੇਂ ਵਿਚ ਪੁੱਜੇ। ਗਰੇਵਾਲ ਨੇ ਆਪਣੀ ਇਸ ਲਿਖਤ ਵਿਚ ਖੇਤੀ ਸੁਧਾਰ ਦੇ ਮਾਮਲੇ ਵਿਚ ਐਸਾ ਕੋਈ ਵਿਸ਼ਲੇਸ਼ਣ ਨਹੀਂ ਕੀਤਾ ਅਤੇ ਨਾ ਕੋਈ ਸਾਰਥਕ ਸੁਝਾਅ ਦਿੱਤੇ ਹਨ।



ਅਮਰਜੀਤ ਸਿੰਘ ਗਰੇਵਾਲ



ਸਰਦਾਰਾ ਸਿੰਘ ਜੌਹਲ

ਕਾਰਪੋਰੇਸ਼ਨਾਂ ਦੀ ਨੀਯਤ ਉਤੇ ਖਦਸ਼ੇ ਬਾਰੇ ਜਨਾਬ ਗਰੇਵਾਲ ਇੰਝ ਬਿਆਨ ਕਰਦੇ ਹਨ, 'ਕਿਸਾਨਾਂ ਨੂੰ ਖਦਸ਼ਾ ਹੈ ਕਿ ਕਾਰਪੋਰੇਟ ਦੀ ਅੱਖ ਭੋਜਨ (ਫੂਡ) ਦੀ ਸੁਰੱਖਿਅਤ ਮੰਡੀ ਉਪਰ ਟਿਕ ਗਈ ਹੈ। ਉਹ ਇਸ ਨੂੰ ਕਾਬੂ ਕਰਨ ਦੇ ਚੱਕਰ ਵਿਚ ਹੈ। ਕਿਸਾਨ, ਕਾਰਪੋਰੇਟ ਖੇਤੀ ਨੂੰ, ਕੌਂਟਰੈਕਟ ਫਾਰਮਿੰਗ ਨਾਲ ਜੁੜੇ ਆਪਣੇ ਕੌੜੇ ਤਜਰਬਿਆਂ ਦੇ ਸ਼ੀਸ਼ੇ ਵਿਚੋਂ ਦੇਖ ਰਹੇ ਹਨ।'

ਮੌਜੂਦਾ ਜ਼ਮੀਨੀ ਹਕੀਕਤਾਂ ਦੇ ਆਧਾਰ ਉਤੇ ਕਿਸਾਨਾਂ ਦੇ ਉਪਰੋਕਤ ਖਦਸ਼ਿਆਂ ਦਾ ਮੁਲਾਂਕਣ (ਕਿਸੇ ਤਰ੍ਹਾਂ ਦਾ ਵੀ) ਕਰਨ ਦੀ ਥਾਂ ਜਨਾਬ ਗਰੇਵਾਲ ਤਾਂ ਖੇਤੀ ਵਿਚ ਕਾਰਪੋਰੇਟ ਰੋਲ ਨੂੰ ਬਾਬੇ ਨਾਨਕ ਅਤੇ ਵਲੀ ਕੰਧਾਰੀ ਦੇ ਪਾਣੀ ਦੇ ਸਰੋਤ ਨਾਲ ਜਾ ਜੋੜਦੇ ਹਨ।

ਗਰੇਵਾਲ ਸਾਹਿਬ ਇੰਝ ਲਿਖਦੇ ਹਨ, 'ਕਿਸਾਨਾਂ ਦੇ ਕਹਿਣ ਮੁਤਾਬਕ, ਕਾਰਪੋਰੇਟ ਵੀ ਹੁਣ ਵਲੀ ਕੰਧਾਰੀ ਦੀਆਂ ਲੀਹਾਂ ਉਪਰ ਚੱਲ ਕੇ ਖੇਤੀ/ਭੋਜਨ ਉਪਰ ਆਪਣਾ ਸੰਪੂਰਨ ਕੰਟਰੋਲ ਸਥਾਪਤ ਕਰਨਾ ਚਾਹੁੰਦਾ ਹੈ।'

ਅੱਜ ਤੱਕ ਜਨਤਕ ਤੌਰ 'ਤੇ ਕਿਸੇ ਵੀ ਕਿਸਾਨ ਆਗੂ ਨੇ 'ਵਲੀ ਕੰਧਾਰੀ' ਦਾ ਜ਼ਿਕਰ ਨਹੀਂ ਕੀਤਾ। ਜਨਾਬ ਗਰੇਵਾਲ ਸ਼ਾਇਦ ਇਸ ਚੱਲ ਰਹੇ ਕਾਂਡ ਵਿਚ ਨਵਾਂ ਰੰਗ ਭਰਨ ਦੀ ਕੋਸ਼ਿਸ਼ ਵਿਚ ਹਨ ਜਿਸ ਨਾਲ ਹੁਣ ਬਾਬੇ ਨਾਨਕ ਨੂੰ ਵੀ ਇਸ ਕਥਿਤ ਕਿਸਾਨ ਅੰਦੋਲਨ ਨਾਲ ਜੋੜ ਲਿਆ ਜਾਵੇਗਾ।

ਗਰੇਵਾਲ ਦੀ ਅਗਲੀ ਕਾਰਸ਼ੈਤਾਨੀ ਪੜ੍ਹੋ, 'ਕਿਉਂਕਿ ਭੋਜਨ ਤੋਂ ਬਿਨਾ ਤਾਂ ਜੀਵਨ ਹੀ ਸੰਭਵ ਨਹੀਂ, ਇਸ ਲਈ ਭੋਜਨ ਉਪਰ ਕੰਟਰੋਲ ਦਾ ਅਰਥ ਹੈ ਜੀਵਨ ਸ਼ਕਤੀ ਉਪਰ ਹੀ ਕੰਟਰੋਲ ਸਥਾਪਤ ਕਰ ਲੈਣਾ ਪਰ ਗੁਰੂ ਨਾਨਕ ਦੀ ਸਪਿਰਟ ਨਾਲ ਜੁੜੇ ਵਿਭਿੰਨ ਧਰਮਾਂ, ਅਕੀਦਿਆਂ, ਸੰਸਕ੍ਰਿਤੀਆਂ ਅਤੇ ਇਲਾਕਿਆਂ ਦੇ ਕਿਸਾਨ ਦ੍ਰਿੜ ਕਰੀ ਬੈਠੇ ਹਨ ਕਿ ਉਹ ਅਜਿਹਾ ਨਹੀ ਹੋਣ ਦੇਣਗੇ। ਜਿਵੇਂ ਗੁਰੂ ਨਾਨਕ ਨੇ ਵਲੀ ਕੰਧਾਰੀ ਦੇ ਡੈਮ (ਤਾਨਾਸ਼ਾਹੀ) ਨੂੰ ਤੋੜ ਕੇ ਪਾਣੀ ਉਪਰ ਹਰ ਕਿਸੇ ਦਾ ਜਮਹੂਰੀ ਅਧਿਕਾਰ ਮੁੜ ਸਥਾਪਿਤ ਕਰ ਦਿੱਤਾ ਸੀ, ਉਸੇ ਤਰਜ਼ ਤੇ ਹੁਣ ਕਿਸਾਨ ਵੀ ਭੋਜਨ ਉਪਰ ਕਾਰਪੋਰੇਟਰ ਦੀ ਚੌਧਰ ਸਥਾਪਿਤ ਕਰਨ ਵਾਲੇ ਕਾਨੂਨਾਂ ਨੂੰ ਰੱਦ ਕਰਵਾਉਣ ਦੀ ਜ਼ਿਦ ਫੜੀ ਬੈਠੇ ਹਨ।'

ਕਰ ਲਓ ਗੱਲ ਇਸ ਵੱਡੇ ਮਾਹਰ ਦੀ ਮੁਹਾਰਤ ਦੀ। ਕੀ ਇਹ ਕਾਰਪੋਰਟ ਜਗਤ ਦੇ ਔਗੁਣਾਂ ਦਾ ਮਾਹਰ ਮੁਲਾਂਕਣ ਕਰਨ ਦਾ ਕੋਈ ਤਰੀਕਾ ਹੈ? ਚੰਗਾ ਹੁੰਦਾ ਜਨਾਬ ਗਰੇਵਾਲ ਖੇਤੀ ਸੈਕਟਰ ਵਿਚ ਕਾਰਪੋਰੇਟ ਜਗਤ ਦੇ ਸੰਭਾਵੀ ਵਧ ਰਹੇ ਰੋਲ ਦੇ ਲਾਭਾਂ ਅਤੇ ਹਾਣਾਂ ਦਾ ਧਰਾਤਲ 'ਤੇ ਬੈਠ ਕੇ ਮੁਲਾਂਕਣ ਕਰਦੇ ਅਤੇ ਆਪਣੇ ਇਸ ਔਬਜੈਕਟਿਵ ਮੁਲਾਂਕਣ ਦੇ ਅਧਾਰ 'ਤੇ ਕਾਰਪੋਰੇਟ ਰੋਲ ਨੂੰ ਭਾਵੇਂ ਮੁੱਢੋਂ ਹੀ ਰੱਦ ਕਰ ਦਿੰਦੇ ਜਾਂ ਇਸ ਨੂੰ ਕਾਬੂ ਵਿਚ ਰੱਖਣ ਲਈ ਸੰਭਾਵੀ ਬੰਦਸ਼ਾਂ ਦੀ ਸਿਫਾਰਸ਼ ਕਰਦੇ।

ਤੀਜਾ ਬਦਲ ਕਿੱਥੇ ਗਿਆ ਜਿਸ ਦਾ ਜ਼ਿਕਰ ਜਨਾਬ ਗਰੇਵਾਲ ਨੇ ਇਸ ਲੇਖ ਦੇ ਅੰਤ ਵਿਚ ਕਰਨਾ ਸੀ? ਇੱਕ ਥਾਂ ਉਹ ਲਿਖਦੇ ਹਨ, 'ਸਟੇਟ ਅਤੇ ਮਾਰਕਿਟ ਤੋਂ ਇਲਾਵਾ ਕੀ ਕੋਈ ਤੀਸਰੀ ਧਿਰ ਨਹੀਂ, ਜੋ ਇਸ ਕੰਮ ਦੀ ਥੋੜ੍ਹੀ ਬਹੁਤ ਜ਼ਿੰਮੇਵਾਰੀ ਉਠਾ ਸਕੇ। ਆਪਾਂ ਇਹ ਗੱਲ ਬਾਅਦ ਵਿਚ ਕਰਨ ਦਾ ਨਿਰਣਾ ਲਿਆ ਹੈ, ਇਸ ਲਈ ਪਹਿਲਾਂ ਕਿਸਾਨਾਂ ਦੀ ਗੱਲ ਕਰਦੇ ਹਾਂ।'

ਜਨਾਬ ਗਰੇਵਾਲ ਇਹ ਵੀ ਲਿਖਦੇ ਹਨ ਕਿ ਅਗਰ ਕਿਸਾਨ ਸਰਕਾਰ ਦੀ ਸਾਰੀ ਗੱਲ ਮੰਨ ਲੈਣ ਜਾਂ ਸਰਕਾਰ ਕਿਸਾਨੀ ਦੀ ਸਾਰੀ ਮੰਨ ਲਵੇ ਤਾਂ ਕੀ ਹੋਵੇਗਾ? ਲਓ ਜੀ ਗਰੇਵਾਲ ਦੇ ਵਿਚਾਰ ਵਿਚ ਇੰਝ ਹੋਵੇਗਾ, 'ਜੇ ਸਰਕਾਰ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨ ਲੈਂਦੀ ਹੈ ਤਾਂ ਵੀ ਕਿਸਾਨੀ ਅਤੇ ਖੇਤੀ ਸੰਕਟ ਖਤਮ ਨਹੀਂ ਹੋਵੇਗਾ। ਇਸ ਦੇ ਉਲਟ, ਜੇ ਸਰਕਾਰ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਠੁਕਰਾ ਕੇ, ਖੇਤੀ ਸੈਕਟਰ ਨੂੰ, ਆਪਣੀ ਰਣਨੀਤੀ ਮੁਤਾਬਕ, ਨਵ-ਉਦਾਰਵਾਦੀ ਲੀਹਾਂ 'ਤੇ ਤੋਰ ਲੈਂਦੀ ਹੈ, ਤਾਂ ਸੰਕਟ ਦਾ ਹੱਲ ਫੇਰ ਵੀ ਨਹੀਂ ਸਗੋਂ ਇਹ ਹੋਰ ਡੂੰਘਾ ਹੋ ਜਾਵੇਗਾ। ਤੀਸਰੇ ਵਿਕਲਪ ਦੀ ਖੋਜ ਆਵੱਸ਼ਕ ਹੈ।'

ਦੋਵਾਂ ਧਿਰਾਂ ਦੇ ਰੁੱਸੇ ਰਹਿਣ ਵਿਚ ਜਨਾਬ ਗਰੇਵਾਲ ਨੂੰ ਵਜ਼ਨ ਦਿਸਦਾ ਹੈ ਕਿਉਂਕਿ ਦੋਵਾਂ ਦੇ ਤਰੀਕੇ ਮਸਲੇ ਦਾ ਹੱਲ ਕਰਨ ਜੋਗੇ ਨਹੀਂ, ਇਸ ਲਈ ਤੀਸਰੇ ਵਿਕਲਪ ਦੀ ਖੋਜ ਆਵੱਸ਼ਕ ਹੈ। ਆਸ ਰੱਖੋ ਜਨਾਬ ਗਰੇਵਾਲ ਤੀਸਰਾ ਵਿਕਲਪ ਜ਼ਰੂਰ ਦੱਸਣਗੇ। ਉਹ ਸੁਰਜੀਤ ਪਾਤਰ ਦੀ ਕਵਿਤਾ ਨੂੰ ਵੀ ਇਸ ਦਾ ਹਿੱਸਾ ਬਣਾਉਂਦੇ ਹਨ। ਗੱਲ ਕਿਸੇ ਕਵਿਤਾ ਦੀਆਂ ਕੁਝ ਲਾਈਨਾਂ ਦਾ ਹਵਾਲਾ ਦੇਣ ਤੱਕ ਸੀਮਤ ਨਹੀਂ ਹੈ। ਉਹ ਇਸ ਕਵਿਤਾ ਦੇ ਆਧਾਰ 'ਤੇ ਦਾਅਵਾ ਕਰਦੇ ਹਨ, ਇਹ ਮਸਲਾ ਪਿੰਡ ਦੇ ਵਸਦੇ ਰਹਿਣ ਦਾ ਹੈ।

ਜਨਾਬ ਗਰੇਵਾਲ ਸਵਾ ਕੁ ਦੋ ਸੂਬਿਆਂ ਦੇ ਕਿਸਾਨ ਅੰਦੋਲਨ ਨੂੰ ਵਿਕਰਾਲ ਰੂਪ ਦਿੰਦੇ ਹੋਏ ਲਿਖਦੇ ਹਨ, 'ਕਿਸਾਨ ਸੰਘਰਸ਼ ਕੇਵਲ ਕਿਸਾਨਾਂ ਦਾ ਹੀ ਸੰਘਰਸ਼ ਨਹੀਂ। ਹਰ ਧਿਰ, ਜੋ ਮਹਿਸੂਸ ਕਰਦੀ ਹੈ ਕਿ ਉਸ ਨਾਲ ਧੱਕਾ ਹੋ ਰਿਹਾ ਹੈ, ਇਸ ਸੰਘਰਸ਼ ਵਿਚ ਸ਼ਾਮਲ ਹੈ। ਭਾਵੇਂ ਕਿਸਾਨ

***(ਬਾਕੀ ਅਗਲੇ ਸਫੇ 'ਤੇ)***

# ਅਮਰਜੀਤ ਗਰੇਵਾਲ ਦੀਆਂ ਹਵਾਈ ਤਜਵੀਜ਼ਾਂ

*(ਪਿਛਲੇ ਸਫੇ ਦੀ ਬਾਕੀ)*

ਸੰਘਰਸ਼ ਵਿਚ ਇਨ੍ਹਾਂ ਦੀ ਆਵਾਜ਼ ਨਹੀਂ ਉਠਾਈ ਜਾ ਰਹੀ, ਪਰ ਧੱਕਾ ਤਾਂ ਦਲਿਤਾਂ, ਘੱਟ ਗਿਣਤੀਆਂ, ਔਰਤਾਂ, ਪਰਵਾਸੀਆਂ, ਬੇਰੁਜ਼ਗਾਰਾਂ, ਵਿਦਿਆਰਥੀਆਂ, ਕਰਮਚਾਰੀਆਂ, ਠੇਕੇ ਤੇ ਕੰਮ ਕਰ ਰਹੇ ਅਧਿਆਪਕਾਂ, ਗਰੀਬ ਲੜਕੀਆਂ, ਵਾਤਾਵਰਨ, ਆਦਿ ਪਤਾ ਨਹੀਂ ਕਿਸ ਕਿਸ ਨਾਲ ਹੋ ਰਿਹਾ ਹੈ ਪਰ ਇਹ ਸਭ ਧਿਰਾਂ ਆਪੋ ਆਪਣੇ ਦੁਖ ਦਰਦ ਲੈ ਕੇ ਉਥੇ ਹਾਜ਼ਰ ਜ਼ਰੂਰ ਹਨ। ਕਿਸਾਨ ਸੰਘਰਸ਼ ਕੇਵਲ ਤਿੰਨ ਖੇਤੀ ਕਾਨੂੰਨਾਂ ਖਿਲਾਫ ਨਹੀਂ, ਉਸ ਵਿਵਸਥਾ ਦੇ ਖਿਲਾਫ ਲੜਿਆ ਜਾ ਰਿਹਾ ਹੈ ਜੋ ਇਨ੍ਹਾਂ ਸਾਰਿਆਂ ਨੂੰ ਇਹ ਦੁਖ ਦਰਦ ਦੇ ਰਹੀ ਹੈ। ਖੇਤੀ ਕਾਨੂੰਨ ਤਾਂ ਉਹ ਆਖਰੀ ਤਿਣਕਾ ਹੈ ਜਿਸ ਦੇ ਭਾਰ ਨਾਲ ਲੋਕਾਂ ਦੇ ਸਬਰ ਦਾ ਜਹਾਜ਼ ਡੁਬਿਆ, ਪਰ ਜਹਾਜ਼ ਤਾਂ ਕਦੋਂ ਦਾ ਲੋਕਾਂ ਦੇ ਦੁਖ-ਦਰਦਾਂ ਨਾਲ ਓਵਰਲੋਡ ਚੱਲ ਰਿਹਾ ਸੀ।'

ਵਿਦਵਾਨ ਸੱਜਣ ਅਮਰਜੀਤ ਸਿੰਘ ਗਰੇਵਾਲ ਯਭਲੀਆਂ ਮਾਰਦੇ ਹਨ ਅਤੇ ਸਾਰਾ ਲੇਖ ਨਿਰੀ ਲਿਫਾਫੇਬਾਜ਼ੀ ਹੈ। ਇਹ ਸ਼ਬਦਾਂ ਦਾ ਉਲਝਣਾ ਭਰਿਆ ਜਾਲ ਬੁਣਨ ਤੋਂ ਵੱਧ ਕੁਝ ਨਹੀਂ ਹੈ।

ਗਰੇਵਾਲ ਦੀ ਇਕ ਹੋਰ ਯਭਲੀ ਪੜ੍ਹੋ, 'ਇਹ ਵੀ ਸਮਝਣ ਦੀ ਜ਼ਰੂਰਤ ਹੈ ਕਿ ਇਹ ਸੰਘਰਸ਼ ਕੇਵਲ ਹਕੂਮਤ ਵਿਰੁਧ ਨਹੀਂ, ਜਗੀਰੂ ਲੀਡਰਸ਼ਿਪ, ਪੂੰਜੀਵਾਦ, ਨਵ-ਉਦਾਰਵਾਦ, ਫਾਸ਼ੀਵਾਦ, ਏਕਾਧਿਕਾਰਵਾਦ, ਵੱਖਵਾਦ, ਲਾਲ-ਫੀਤਾਸ਼ਾਹੀ, ਭ੍ਰਿਸ਼ਟਾਚਾਰ, ਆਦਿ ਦੁਆਰਾ ਫੈਲਾਈ ਜਾ ਰਹੀ ਹਰ ਕਿਸਮ ਦੀ ਬੇਇਨਸਾਫੀ ਵਿਰੁਧ ਚੱਲ ਰਿਹਾ ਨਿਰੰਤਰ ਸੰਘਰਸ਼ ਹੈ, ਜੋ ਹੌਲੀ-ਹੌਲੀ ਲੋਕਾਂ ਦੇ ਮਨਾਂ ਵਿਚੋਂ ਨਿਕਲ ਕੇ ਸੜਕਾਂ ਉਪਰ ਆ ਗਿਆ ਹੈ।'

ਜਨਾਬ ਗਰਵਾਲ ਨੇ ਇਸ ਲੰਮੀ ਸਤਰ ਵਿਚ ਉਹ ਸਾਰੇ 'ਵਾਦ' ਪਾ ਦਿੱਤੇ ਹਨ ਜੋ ਉਨ੍ਹਾਂ ਦੀ ਸੁਰਤੀ ਵਿਚ ਲਿਖਣ ਸਮੇਂ ਆਏ ਹੋਣਗੇ। ਗਰੇਵਾਲ ਦਾ ਇਹ ਲੇਖ ਪੜ੍ਹ ਕੇ ਸਮਝ ਲਓ ਕਿ ਮੌਜੂਦਾ ਕਿਸਾਨ ਅੰਦੋਲਨ ਬੇਇਨਸਾਫੀ ਵਿਰੁਧ ਚੱਲ ਰਿਹਾ ਨਿਰੰਤਰ ਸੰਘਰਸ਼ ਹੈ ਅਤੇ ਕਿਸਾਨ ਇੰਝ ਕਹਿ ਰਹੇ ਹਨ, 'ਸਾਨੂੰ ਹੁਣ ਹੋਰ ਨਾ ਸਤਾਓ; ਅਸੀਂ ਅੱਗੇ ਹੀ ਬਹੁਤ ਸਤੇ ਹੋਏ ਹਾਂ।... ਤੁਹਾਨੂੰ ਵੀ ਬਹੁਤ ਦੇਖ ਲਿਆ; ਹੁਣ ਤਾਂ ਸਾਨੂੰ ਆਪ ਹੀ ਕੁਝ ਕਰਨਾ ਪਵੇਗਾ।'

ਜਨਾਬ ਗਰੇਵਾਲ ਸਵਾਲ ਖੜ੍ਹਾ ਕਰਦੇ ਹਨ ਕਿ ਕਿਸਾਨ ਕਦੋਂ ਤੱਕ ਲੜਨਗੇ? ਤੇ ਜਵਾਬ ਵੀ ਖੁਦ ਹੀ ਦਿੰਦੇ ਹਨ, 'ਕਿਸਾਨ ਕਹਿੰਦੇ ਹਨ ਕਿ 2024, ਭਾਵ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੱਕ ਤਾਂ ਬੈਠਾਂਗੇ ਹੀ ਬੈਠਾਂਗੇ; ਨਵੀਂ ਸਰਕਾਰ ਬਣਾ ਕੇ ਜਾਵਾਂਗੇ। ਉਹ ਅਜਿਹਾ ਕਰ ਸਕਦੇ ਹਨ। ਇਸ ਦੇ ਕਈ ਕਾਰਨ ਹਨ।'

ਹਾਂ ਫਿਰ ਕਾਰਨ ਦੱਸਦੇ ਹਨ ਜਿਨ੍ਹਾਂ ਵਿਚ ਇੱਕ ਕਾਰਨ ਇਹ ਹੈ, 'ਖੇਤੀ ਦਾ ਕੰਮ ਸਾਰਾ ਸਾਲ ਹਰ ਵੇਲੇ ਤਾਂ ਹੁੰਦਾ ਨਹੀਂ।' ਭਾਵ ਕਿਸਾਨਾਂ ਕੋਲ ਕਾਫੀ ਵਿਹਲਾ ਵਕਤ ਹੁੰਦਾ ਹੈ। ਕਿਸਾਨ ਕਹਿੰਦੇ ਹਨ ਕਿ ਉਹ ਬਹੁਤ ਸਖ਼ਤ ਮਿਹਨਤ ਕਰਦੇ ਹਨ ਪਰ ਗਰੇਵਾਲ ਜੀ ਕਹਿੰਦੇ ਹਨ ਕਿ ਉਨ੍ਹਾਂ ਕੋਲ ਸਾਲ ਵਿਚ ਕਾਫੀ ਵਿਹਲਾ ਸਮਾਂ ਹੁੰਦਾ ਹੈ ਜਿਸ ਕਾਰਨ 2024 ਤੱਕ ਬੈਠੇ ਰਹਿਣਗੇ; ਭਾਵ ਸਰਕਾਰ ਬਦਲਣਾ ਉਨ੍ਹਾਂ ਦਾ ਨਿਸ਼ਾਨਾ ਹੈ ਅਤੇ ਹੋਰ ਉਨ੍ਹਾਂ ਕੋਲ ਅੰਦੋਲਨ ਵਾਲੀਆਂ ਥਾਵਾਂ 'ਤੇ ਸਹੂਲਤਾਂ ਬਹੁਤ ਹਨ। ਅਹਿ ਕੁਝ ਵੀ ਹੈ, 'ਖਾਣ ਪੀਣ ਅਤੇ ਆਣ ਜਾਣ ਦੇ ਸਾਧਨ ਉਨ੍ਹਾਂ ਦੇ ਆਪਣੇ ਹਨ। ਸਾਂਝਾ ਲੰਗਰ ਲਾਉਣ ਲਈ ਕਿਸੇ ਤੋਂ ਮੰਗਣ ਨਹੀਂ ਜਾਣਾ। ਗਰਮੀ ਸਰਦੀ ਅਤੇ ਮੀਂਹ ਹਨੇਰੀ ਤੋਂ ਬਚਾਅ ਲਈ ਉਨ੍ਹਾਂ ਨੇ ਪੱਕੇ ਘਰ ਬਣਾ ਲਏ ਹਨ। ਟਿਊਬਵੈਲ ਲੱਗ ਰਹੇ ਹਨ। ਸਵੇਰੇ ਟੁੰਡੇ ਅਸਰਾਜੇ ਦੀ ਧੁਨ ਵਿਚ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ। ਯੋਗ ਦੀਆਂ ਕਲਾਸਾਂ ਲਗਦੀਆਂ ਹਨ। ਮਹਿਫਲਾਂ ਜੰਮਦੀਆਂ ਹਨ। ਅਖਾੜੇ ਭਰਦੇ ਹਨ। ਗਾਉਣ-ਵਜਾਉਣ ਹੁੰਦਾ ਹੈ। ਤਾਸ਼ ਚੱਲਦੀ ਹੈ। ਸਿਆਸੀ ਤਕਰੀਰਾਂ ਅਤੇ ਬਹਿਸ-ਮੁਬਾਹਿਸੇ ਹੁੰਦੇ ਹਨ। ਖੁੰਡ ਚਰਚਾ ਹੁੰਦੀ ਹੈ। ਸਾਥ ਦੇਣ ਲਈ ਪਰਿਵਾਰ ਵੀ ਆਉਂਦੇ ਜਾਂਦੇ ਰਹਿੰਦੇ ਹਨ।'

ਅਗਰ ਅੰਦੋਲਨ ਸ਼ਬਦ ਭੁੱਲ ਜਾਈਏ ਅਤੇ ਜਨਾਬ ਜੀ ਦੇ ਉਪਰੋਕਤ ਵਚਨਾਂ ਨੂੰ ਮਨ ਵਿਚ ਵਸਾ ਲਈਏ ਤਾਂ ਸਮਝੋ ਬਹੁਤ ਵੱਡਾ 'ਮੇਲਾ' ਲੱਗਾ ਹੋਇਆ ਹੈ।

ਜਨਾਬ ਗਰੇਵਾਲ ਕਿਸਾਨਾਂ ਵਲੋਂ ਇੰਝ ਧਮਕੀ ਵੀ ਦਿੰਦੇ ਹਨ, 'ਜੇ ਕਿਸਾਨ ਇਹ ਫੈਸਲਾ ਕਰ ਲੈਣ ਕਿ ਕੇਵਲ ਆਪਣੀਆਂ ਅਤੇ ਆਪਣੇ ਸੰਗੀ-ਸਾਥੀਆਂ/ਭਾਈਚਾਰੇ ਦੀਆਂ ਲੋੜਾਂ ਜੋਗਾ ਹੀ ਭੋਜਨ ਪੈਦਾ ਕਰਨਾ ਹੈ, ਤਾਂ ਮੁਲਕ ਨੂੰ ਬੜੀ ਨਾਜ਼ੁਕ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।'

ਜਨਾਬ ਗਰੇਵਾਲ ਭੁੱਲ ਜਾਂਦੇ ਹਨ ਕਿ ਕਿਸਾਨੀ ਵੀ ਹੋਰ ਕੰਮਾਂ ਅਤੇ ਕਿੱਤਿਆਂ ਵਾਂਗ ਹੀ ਹੈ ਜੋ ਮਨੁੱਖ ਕਰਦਾ ਹੈ। ਹਰ ਕੰਮ ਅਤੇ ਕਿੱਤੇ ਦਾ ਆਸ਼ਾ ਜੀਵਨ ਨਿਰਬਾਹ ਅਤੇ ਲਾਭ ਕਮਾਉਣਾ ਹੁੰਦਾ ਹੈ। ਨਾ ਦਰਜੀ ਆਪਣੇ ਜੋਗੇ ਕੱਪੜੇ ਸਿਊਂ ਕੇ ਨਿਰਵਾਹ ਕਰ ਸਕਦਾ ਹੈ ਅਤੇ ਨਾ ਨਾਈ ਆਪਣੇ ਤੇ ਆਪਣੇ ਟੱਬਰ ਦੇ ਵਾਲ ਕੱਟ ਕੇ ਰੋਟੀ ਖਾ ਸਕਦਾ ਹੈ। ਫਿਰ ਕਿਸਾਨ ਕਿਵੇਂ ਕਰ ਸਕੇਗਾ? ਕੋਈ ਹਰ ਰੋਜ਼ ਰੋਟੀ ਲਈ ਕਮਾਈ ਕਰਦਾ ਹੈ ਅਤੇ ਕਿਸੇ ਕੋਲ 2-4 ਮਹੀਨੇ ਜੋਗਾ ਜਮਾਂ ਹੁੰਦਾ ਹੈ। ਜਿਨ੍ਹਾਂ ਦਾ ਸਾਲਾਂਬੱਧੀ ਮਿਹਨਤ ਕਰਨ ਤੋਂ ਬਿਨਾਂ ਸਰ ਸਕਦਾ ਹੈ, ਉਹ ਜਾਂ ਧਨ ਕੁਬੇਰ ਹੋਣਗੇ ਜਾਂ ਚੋਰ-ਠੱਗ ਵਗੈਰਾ। ਗੁਜ਼ਾਰਾ ਉਨ੍ਹਾਂ ਦਾ ਵੀ ਆਪਣੇ ਕੰਮ ਤੋਂ ਬਿਨਾਂ ਨਹੀਂ ਹੁੰਦਾ ਕਿਉਂਕਿ ਧਨ ਜਿਨਾਂ ਮਰਜ਼ੀ ਹੋਵੇ ਭੁੱਖ ਹੋਰ ਵਧੀ ਜਾਂਦੀ ਹੈ। ਜਨਾਬ ਗਰੇਵਾਲ ਇਹ ਗੱਲ ਕਿਸਾਨਾਂ ਦੇ ਦਿਲ ਨੂੰ ਬਹਿਲਾਉਣ ਲਈ ਲਿਖ ਰਹੇ ਹਨ। ਮੰਨ ਲਓ ਕਿ ਅਗਰ ਕਿਸਾਨ ਔਖੇ ਹੋ ਕੇ ਵਾਧੂ ਅੰਨ ਪੈਦਾ ਕਰਨਾ ਬੰਦ ਵੀ ਕਰ ਦੇਣ ਤਾਂ ਜਨਾਬ ਗਰੇਵਾਲ ਦੱਸਣ ਇਹ ਕਿਰਦਾਰ ਕਿਸੇ 'ਵਲੀ ਕੰਧਾਰੀ' ਨਾਲ ਮੇਲ ਤਾਂ ਨਹੀਂ ਖਾ ਜਾਵੇਗਾ?

ਜਨਾਬ ਗਰੇਵਾਲ ਦੀ ਇੱਕ ਹੋਰ ਫੜ੍ਹ ਪੜ੍ਹੋ, 'ਇਹ ਵੀ ਸਮਝਣਾ ਪਵੇਗਾ ਕਿ ਕਿਸਾਨ ਕੇਵਲ ਅਨਾਜ ਹੀ ਪੈਦਾ ਨਹੀਂ ਕਰਦੇ, ਆਪਸੀ ਮਿਲਵਰਤਣ, ਸਹਿਯੋਗ ਅਤੇ ਦਇਆ ਉਪਰ ਆਧਾਰਤ ਸਮਾਜਕ ਰਿਸ਼ਤਿਆਂ ਦਾ ਨਿਰਮਾਣ ਵੀ ਕਰਦੇ ਹਨ। ਕਿਸਾਨੀ ਸੰਘਰਸ਼ ਨੇ ਤਾਂ ਆਜ਼ਾਦੀ, ਬਰਾਬਰੀ, ਸਬਰ ਸੰਤੋਖ ਅਤੇ ਦਇਆ ਉਪਰ ਆਧਾਰਤ ਸਮਾਜਕ ਨਿਰਮਾਣ ਦੇ ਕਾਰਜ ਨੂੰ ਹੋਰ ਵੀ ਬਲਸ਼ਾਲੀ ਬਣਾ ਦਿੱਤਾ ਹੈ।'

ਪਤਾ ਨਹੀਂ ਜਨਾਬ ਗਰੇਵਾਲ ਕਿਹੜੇ ਕਿਸਾਨ ਦੀ ਗੱਲ ਕਰਦੇ ਹਨ? ਸਾਰੇ ਸੰਸਾਰ ਦੇ, ਸਾਰੇ ਭਾਰਤ ਦੇ, ਸਿਰਫ ਪੰਜਾਬ ਦੇ, ਵੱਡੇ ਕਿਸਾਨ ਦੀ, ਮੱਧ ਵਰਗੀ ਦੀ, ਛੋਟੇ ਕਿਸਾਨ ਦੀ ਜਾਂ ਸਿਰਫ ਸਿੱਖ ਕਿਸਾਨਾਂ ਦੀ? ਪਿੰਡਾਂ ਵਿਚ ਛੋਟੇ ਕਿਸਾਨ ਅਤੇ ਖੇਤ ਮਜ਼ਦੂਰਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ। ਅਗਰ ਕਿਸਾਨ ਉਪਰੋਕਤ ਸਭ ਪਰਉਪਕਾਰ ਕਰਦੇ ਹੋਣ ਤਾਂ ਪਿੰਡ ਕਦ ਦੇ ਸਵਰਗ ਬਣ ਗਏ ਹੁੰਦੇ। ਗਲੀਆਂ, ਨਾਲੀਆਂ ਉਪਰ ਰੈਂਪ ਬਣਾ ਕੇ ਕਬਜ਼ੇ, ਆਪਣਾ ਗੰਦਾ ਪਾਣੀ ਗੁਆਂਢੀ ਵੱਲ ਕੱਢ ਕੇ ਗਲੀਆਂ ਵਿਚ ਛੱਪੜ, ਛੱਪੜਾਂ ਉਪਰ ਕਬਜ਼ੇ, ਸੜਕਾਂ ਦਾ ਇੱਕ ਡੇਢ ਕਰਮ ਹਿੱਸਾ ਵਾਹ ਕੇ ਖੇਤਾਂ ਵਿਚ ਰਲਾ ਲੈਣਾ ਜਿਸ ਨਾਲ ਬਹੁਤੀਆਂ ਪੇਂਡੂ ਸੜਕਾਂ ਤੋਂ ਦੋ ਟਰੈਕਟਰ ਬਰਾਬਰ ਮੁਸ਼ਕਲ ਨਾਲ ਲੰਘਦੇ ਹਨ। ਹੋਰ ਵੀ ਬਹੁਤ ਮੁਸ਼ਕਲਾਂ ਹਨ ਅਤੇ ਕਈ ਚੰਗੀਆਂ ਪਿਰਤਾਂ ਵੀ ਹਨ।

ਹਾਂ ਜਨਾਬ ਗਰੇਵਾਲ ਨੇ ਤੀਸਰਾ ਵਿਕਲਪ ਜਾਂ ਹੱਲ ਦੱਸਣ ਦਾ ਵਾਅਦਾ ਲੇਖ ਦੇ ਸ਼ੁਰੂ ਵਿਚ ਕੀਤਾ ਸੀ ਪਰ ਲੇਖ ਦੇ ਅੰਤ ਤੱਕ ਇਸ ਦਾ ਕਿਤੇ ਖੁਲਾਸਾ ਨਹੀਂ ਕੀਤਾ। ਵਿਚ ਵਿਚਾਲੇ ਇੱਕ ਥਾਂ ਇੰਝ ਸੈਨਤ ਮਾਰੀ ਹੈ, 'ਸਰਕਾਰ, ਮੱਧ ਵਰਗੀ ਵਪਾਰ ਅਤੇ ਕਿਸਾਨੀ ਭਾਈਚਾਰੇ ਦੇ ਆਪਸੀ ਸਹਿਯੋਗ ਉਪਰ ਟਿਕਿਆ ਕੋਈ ਹੋਰ ਤੀਸਰਾ ਵਿਕਲਪ ਵੀ ਵਿਚਾਰਿਆ ਜਾ ਸਕਦਾ ਹੈ। ਇਸ ਬਾਰੇ ਗੱਲ ਕਰਨ ਦੀ ਲੋੜ ਹੈ।'

ਪੱਟਿਆ ਪਹਾੜ ਅਤੇ ਨਿਕਲਿਆ ਚੂਹਾ ਵਾਲੀ ਗੱਲ ਹੈ। ਬੱਸ ਤੀਸਰਾ ਵਿਕਲਪ ਵਿਚਾਰਿਆ ਜਾ ਸਕਦਾ ਹੈ ਅਤੇ ਵਿਚਾਰਿਆ ਜਾਣਾ ਚਾਹੀਦਾ ਹੈ, ਦੱਸ ਕੇ ਕੰਮ ਖਤਮ ਕਰ ਦਿੱਤਾ ਹੈ। ਇਸ ਕਥਿਤ ਵਿਕਲਪ ਵਿਚ ਸਰਕਾਰ ਅਤੇ ਲੋਕਾਂ ਦੀ ਹਿੱਸੇਦਾਰੀ ਦੀ ਕਹਾਣੀ ਪਾਈ ਹੈ। ਲੋਕਾਂ ਵਿਚ ਉਨ੍ਹਾਂ ਨੇ ਛੋਟੇ ਵਪਾਰੀ ਅਤੇ ਕਿਸਾਨਾਂ ਨੂੰ ਰੱਖਿਆ ਹੈ। ਅਗਰ ਅੱਜ ਕੋਈ ਛੋਟਾ ਵਪਾਰੀ ਅਜਿਹੇ ਕਿਸੇ ਕਾਰੋਬਾਰ ਵਿਚ ਹਿੱਸੇਦਾਰ ਬਣ ਜਾਵੇ ਅਤੇ ਕੱਲ ਨੂੰ ਕਾਮਯਾਬ ਹੋ ਕੇ ਵੱਡਾ ਵਪਾਰੀ ਬਣ ਜਾਵੇ ਤਾਂ ਕੀ ਉਸ ਨੂੰ ਕੱਢ ਦਿੱਤਾ ਜਾਵੇਗਾ? ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਤਿੰਨ ਨਵੇਂ ਕਾਨੂੰਨ ਕਿਹੜਾ ਛੋਟੇ ਵਪਾਰੀ ਅਤੇ ਕਿਸਾਨਾਂ ਦੀ ਅਜਿਹੀ ਸਾਂਝੀਦਾਰੀ ਵਾਲਾ ਧੰਦਾ ਰੋਕਦੇ ਹਨ? ਹਰ ਕੋਈ ਇਹ ਵਪਾਰ ਕਰ ਸਕਦਾ ਹੈ।

ਜਨਾਬ ਗਰੇਵਾਲ ਜਾਣਦੇ ਹਨ ਕਿ 'ਕਿੱਤਾ ਹਿੱਸੇਦਾਰੀ' ਵਾਲੇ ਸਰਕਾਰੀ ਸਰਪ੍ਰਸਤੀ ਹੇਠ ਚੱਲਣ ਵਾਲੇ ਅਦਾਰਿਆਂ ਨੂੰ ਸਹਿਕਾਰੀ ਕਹਿੰਦੇ ਹਨ। ਪੰਜਾਬ ਵਿਚ ਕਈ ਪਿੰਡਾਂ ਵਿਚ ਐਸੇ ਅਦਾਰੇ ਹਨ। ਕਈ ਮੁਨਾਫੇ ਵਿਚ ਹਨ ਅਤੇ ਕਈ ਘਾਟੇ ਵਿਚ। ਕਈ ਰਾਜਨੀਤੀ ਅਤੇ ਧੜੇਬਾਜ਼ੀ ਦਾ ਵੀ ਸ਼ਿਕਾਰ ਹਨ। ਹਾਂ ਇਨ੍ਹਾਂ ਦਾ ਵਿਸਥਾਰ ਵੀ ਹੋ ਸਕਦਾ ਹੈ ਪਰ ਨਵੇਂ ਢਾਂਚੇ ਲਈ ਪੂੰਜੀ ਨਿਵੇਸ਼ ਅਤੇ ਹਾਣ, ਲਾਭ ਦਾ ਰਿਸਕ ਕੌਣ ਲਵੇਗਾ?

ਸਰਕਾਰੀ ਹਿੱਸੇਦਾਰੀ ਨਾਲ ਵੀ ਸੰਸਾਰ ਦੇ ਕਈ ਦੇਸ਼ਾਂ ਵਿਚ ਕਈ ਕੰਮ ਚੱਲ ਰਹੇ ਹਨ ਜਿਨ੍ਹਾਂ ਨੂੰ 'ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ' (ਪੀ. ਪੀ. ਪੀ. ਜਾਂ ਟ੍ਰਿਪਲ ਪੀ) ਆਖਦੇ ਹਨ। ਪੀ. ਪੀ. ਪੀ. ਦਾ ਵੀ ਵਿਰੋਧ ਹੁੰਦਾ ਹੈ ਕਿਉਂਕਿ ਕੈਪੀਟਲ ਰਿਸਕ ਹੋਣ ਕਾਰਨ ਕਾਰਪੋਰੇਸ਼ਨਾਂ ਆਪਣਾ ਕੰਟਰੋਲ ਮੰਗਦੀਆਂ ਅਤੇ ਮਨਾ ਕੇ ਹੀ ਹਿੱਸੇਦਾਰ ਬਣਦੀਆਂ ਹਨ।

ਨੁਕਤਾ ਸਿੱਧ ਕਰਨ ਲਈ ਟੋਟਕਾ ਵਰਤ ਲੈਂਦੇ ਹਾਂ। ਕਹਿੰਦੇ ਹਨ ਕਿ ਜਦ ਅਫਗਾਨ ਹਮਲਾਵਰ ਸ਼ੇਰਸ਼ਾਹ ਸੂਰੀ ਨੇ ਦਿੱਲੀ ਉੱਤੇ ਕਬਜ਼ਾ ਕਰ ਲਿਆ ਤਾਂ ਅਹਿਲਕਾਰਾਂ ਨੇ ਜਿੱਤ ਦਾ ਜਲੂਸ ਕੱਢਣ ਦੀ ਸਲਾਹ ਦਿੱਤੀ ਜੋ ਪ੍ਰਵਾਨ ਕਰ ਲਈ ਗਈ ਕਿਉਂਕਿ ਅਜਿਹੀ ਰਵਾਇਤ ਸੀ। ਭਾਰਤ ਵਿਚ ਹਾਥੀ ਦੀ ਸੁਆਰੀ ਨੂੰ ਸ਼ਾਹੀ ਮੰਨਿਆਂ ਜਾਂਦਾ ਸੀ ਪਰ ਸੂਰੀ ਚੰਗਾ ਘੋੜਸੁਆਰ ਸੀ। ਜਲੂਸ ਵਿਚ ਸੂਰੀ ਨੂੰ ਹਾਥੀ ਦੀ ਸਵਾਰੀ ਕਰਨ ਲਈ ਮਨਾ ਲਿਆ ਗਿਆ। ਜਦ ਸੂਰੀ ਨੂੰ ਹਾਥੀ 'ਤੇ ਬਿਠਾ ਲਿਆ ਗਿਆ ਤਾਂ ਉਸ ਨੇ ਅਹਿਲਕਾਰਾਂ ਨੂੰ ਕਿਹਾ ਕਿ ਹਾਥੀ ਦੀਆਂ ਵਾਗਾਂ ਉਸ ਨੂੰ ਫੜਾਈਆਂ ਜਾਣ। ਉਨ੍ਹਾਂ ਕਿਹਾ- ਹਜ਼ੂਰ ਹਾਥੀ ਦੀਆਂ ਤਾਂ ਵਾਗਾਂ ਨਹੀਂ ਹੁੰਦੀਆਂ। ਸੂਰੀ ਨੇ ਤੁਰੰਤ ਉਸ ਨੂੰ ਹਾਥੀ ਤੋਂ ਹੇਠ ਉਤਾਰਨ ਦਾ ਹੁਕਮ ਦਿੰਦਿਆਂ ਕਿਹਾ ਕਿ ਉਹ ਐਸੀ ਸੁਆਰੀ ਕਦੇ ਨਹੀਂ ਕਰਦਾ ਜਿਸ ਦੀਆਂ ਵਾਗਾਂ ਉਸ ਦੇ ਹੱਥ ਵਿਚ ਨਾ ਹੋਣ। ਸੰਸਾਰ ਦਾ ਕਾਰਪੋਰੇਟ ਜਗਤ ਸ਼ੇਰਸ਼ਾਹ ਸੂਰੀ ਤੋਂ ਵੀ ਵੱਧ ਚੌਕਸ ਹੈ।

ਪੰਜਾਬ ਵਿਚ ਜਿਸ ਕਿਸਮ ਦਾ ਖਲਜਗਣ ਇਸ ਮੌਕੇ ਪਿਆ ਹੋਇਆ ਹੈ, ਇਸ ਨਾਲ ਕਾਰਪੋਰੇਟ ਜਗਤ ਆਸਾਨੀ ਨਾਲ ਪੰਜਾਬ ਵਿਚ ਕੋਈ ਵੱਡਾ ਨਿਵੇਸ਼ ਕਰਨ ਦਾ ਰਿਸਕ ਨਹੀਂ ਲਵੇਗਾ। ਪੰਜਾਬ ਦਾ ਪਾਣੀ ਮੁੱਕ ਰਿਹਾ ਹੈ ਅਤੇ ਪਾਣੀ ਸਮੇਤ ਵਾਤਾਵਰਨ ਗੰਧਲਾ ਹੋ ਰਿਹਾ ਹੈ। ਵਿਦਵਾਨ ਲੋਕਾਂ ਨੂੰ ਘੁੰਮਣ-ਘੇਰੀਆਂ ਵਿਚ ਉਲਝਾ ਰਹੇ ਹਨ। ਵਿਚਾਰਾਂ ਦੀ ਸਹਿਮਤੀ ਹੋਣੀ ਜ਼ਰੂਰੀ ਨਹੀਂ ਪਰ ਲੋੜ ਵਿਚਾਰਾਂ ਦੇ ਖੁੱਲ੍ਹੇ ਪ੍ਰਵਾਹ ਦੀ ਹੈ। ਕਥਿਤ ਕਿਸਾਨ ਅੰਦੋਲਨ ਨੇ ਜੱਟਵਾਦ ਅਤੇ ਲੱਠਮਾਰ ਸਿਆਸਤ ਨੂੰ ਹਵਾ ਦਿੱਤੀ ਹੈ। ਇਹ ਪੰਜਾਬ ਦੇ ਭਲੇ ਦੇ ਸੰਕੇਤ ਨਹੀਂ ਹਨ। ਲੋਕਤੰਤਰ ਵਿਚ ਸਰਕਾਰਾਂ ਬਦਲਣ ਲਈ ਕੰਮ ਕਰਨ ਦਾ ਪੂਰਾ ਹੱਕ ਹੈ। ਅਗਰ ਕਿਸਾਨ 2024 ਵਿਚ ਮੋਦੀ ਸਰਕਾਰ ਨੂੰ ਹਟਾਉਣ ਵਿਚ ਹਿੱਸੇਦਾਰ ਬਣਨਾ ਚਾਹੁੰਦੇ ਹਨ ਤਾਂ ਇਸ ਵਿਚ ਵੀ ਕੋਈ ਹਰਜ ਨਹੀਂ ਹੈ ਪਰ ਇਹ ਖੇਤੀ ਸੁਧਾਰ ਦਾ ਬਦਲ ਨਹੀਂ ਬਣਨਾ।

ਜਨਾਬ ਗਰੇਵਾਲ ਨੇ ਇਸ ਤਾਜ਼ਾ ਲੇਖ ਵਿਚ ਮੌਜੂਦਾ ਸਰਕਾਰੀ ਨਿਜ਼ਾਮ ਵੀ ਰੱਦ ਕਰ ਦਿੱਤਾ ਹੈ ਜਿਸ ਦਾ ਅੰਦੋਲਕਾਰੀ ਕਿਸਾਨ ਵਿਸਥਾਰ ਚਾਹੁੰਦੇ ਹਨ ਅਤੇ ਸਰਕਾਰ ਵਲੋਂ ਬਣਾਏ ਤਿੰਨ ਖੇਤੀ ਕਾਨੂੰਨ ਵੀ ਨਕਾਰ ਦਿੱਤੇ ਹਨ। ਤੀਜੇ ਬਦਲ ਦੀਆਂ ਸੈਨਤਾਂ ਮਾਰੀਆਂ ਹਨ ਪਰ ਠੋਸ ਕੁਝ ਵੀ ਪੇਸ਼ ਨਹੀਂ ਕੀਤਾ। ਅਗਰ ਜਨਾਬ ਦੀਆਂ ਲਿਖਤਾਂ ਅਤੇ ਟੀ. ਵੀ. ਮੁਲਾਕਾਤਾਂ ਦਾ ਰੀਵਿਊ ਕੀਤਾ ਜਾਵੇ ਤਾਂ ਇਸ ਵਿਚ ਦੋ ਨੁਕਤੇ ਉਭਰ ਕੇ ਸਾਹਮਣੇ ਆਉਂਦੇ ਹਨ। ਪਹਿਲਾ ਹੈ ਨਿਰੀ ਲਿਫਾਫੇਬਾਜ਼ੀ, ਜਿਸ ਦਾ ਜ਼ਿਕਰ ਉਪਰ ਕਰ ਆਏ ਹਾਂ। ਦੂਜਾ ਨੁਕਤਾ ਹੈ ਵਿਚਾਰਾਂ ਦੀ ਤਿਲਕਣਬਾਜ਼ੀ, ਜਿਸ ਨੂੰ ਇਨਕੋਨਸਿਸਟੈਨਸੀ 'ਅਸੰਗਤਾ' ਆਖਦੇ ਹਨ। ਲਓ ਇਸ ਦੀ ਇਕ ਉਦਾਹਰਨ ਉਨ੍ਹਾਂ ਦੀ ਆਪਣੀ ਲਿਖਤ ਵਿਚੋਂ ਦਿੰਦੇ ਹਾਂ।

ਅੱਜ ਉਹ ਖੇਤੀ ਸੁਧਾਰ ਕਾਨੂੰਨਾਂ ਦਾ ਵਿਰੋਧ ਕਰਦੇ ਹਨ ਅਤੇ ਕਿਸਾਨ ਸੰਘਰਸ਼ ਨੂੰ 'ਪੰਜਾਬ ਦੇ ਚੰਗੇ ਭਵਿਖ ਦੀ ਤਲਾਸ਼' ਨਾਲ ਜੋੜਦੇ ਹਨ ਪਰ ਇਸ ਕਥਿਤ ਕਿਸਾਨ ਸੰਘਰਸ਼ ਤੋਂ ਪਹਿਲਾਂ ਉਨ੍ਹਾਂ ਦੀ ਸੋਚ ਵੱਖਰੀ ਨਹੀਂ ਸਗੋਂ 180 ਡਿਗਰੀ ਉਲਟ ਸੀ। ਜ਼ਿਕਰਯੋਗ ਹੈ ਕਿ ਲੇਖਕ ਉਦੋਂ ਇਸ ਨੂੰ ਕਿਸਾਨ ਸੰਘਰਸ਼ ਲਗਾਤਾਰ ਤੱਥ ਬਿਆਨ ਕੇ ਹੁਣ ਤਕ ਆਖੀ ਜਾ ਰਿਹਾ ਹੈ। ਇੱਕ ਇਸ ਵਿਚ ਭਾਰਤ ਦੇ ਕਿਸਾਨਾਂ ਦਾ ਬਹੁਤ ਛੋਟਾ ਹਿੱਸਾ ਸ਼ਾਮਲ ਹੈ ਅਤੇ ਦੂਜਾ ਇਸ ਵਿਚ ਆਪੋ-ਆਪਣੀ ਰੋਟੀ ਸੇਕਣ ਵਾਲੀਆਂ ਕਈ ਧਿਰਾਂ ਸਾਹਮਣੇ ਅਤੇ ਕਈ ਪਰਦੇ ਪਿੱਛੇ ਸ਼ਾਮਲ ਹਨ।

ਅਮਰਜੀਤ ਗਰੇਵਾਲ ਨੇ 15 ਅਪਰੈਲ 2020 ਨੂੰ 'ਪੰਜਾਬ ਵਿਚ ਖੇਤੀਬਾੜੀ ਅਤੇ ਕਿਸਾਨੀ ਦਾ ਸੰਕਟ' ਦੇ ਹੈਡਿੰਗ ਹੇਠ ਲੇਖ ਲਿਖਿਆ ਜੋ ਅਜੇ ਵੀ ਉਨ੍ਹਾਂ ਦੀ ਫੇਸਬੁੱਕ 'ਤੇ ਪਿਆ ਹੈ। ਉਦੋਂ ਕਿਸਾਨ ਅੰਦੋਲਨ ਅਜੇ ਸ਼ੁਰੂ ਨਹੀਂ ਸੀ ਹੋਇਆ ਅਤੇ ਤਿੰਨ ਖੇਤੀ ਕਾਨੂੰਨ ਵੀ ਨਹੀਂ ਸਨ ਬਣੇ। ਇਨ੍ਹਾਂ ਖੇਤੀ ਕਾਨੂੰਨਾਂ ਦਾ ਆਧਾਰ ਜਿਨ੍ਹਾਂ ਤਿੰਨ ਆਰਡੀਨੈਂਸਾਂ ਵਿਚ ਹੈ, ਉਹ ਵੀ ਜਨਾਬ ਗਰੇਵਾਲ ਦੇ ਇਸ ਲੇਖ ਪਿੱਛੋਂ ਜੂਨ 2020 ਵਿਚ ਜਾਰੀ ਕੀਤੇ ਗਏ ਸਨ। ਮੁੱਖ ਰੂਪ ਵਿਚ ਕੇਂਦਰ ਸਰਕਾਰ ਦੇ ਇਹ ਤਿੰਨ ਖੇਤੀ ਕਾਨੂੰਨ 1955 ਵਾਲੇ ਜ਼ਰੂਰੀ ਵਸਤਾਂ ਐਕਟ (ਈਸੈਂਸ਼ੀਅਲ ਕਮਾਡਟੀਜ਼ ਐਕਟ) ਵਿਚ ਸੋਧ ਕਰਦੇ ਹਨ, ਕੰਟਰੈਕਟ ਫਾਰਮਿੰਗ ਦਾ ਫਰੇਮ ਪ੍ਰਦਾਨ ਕਰਦੇ ਹਨ ਅਤੇ ਖੇਤੀ ਉਤਪਾਦ ਵੇਚਣ ਲਈ ਪ੍ਰਚੱਲਤ ਮਾਰਕੀਟ ਕਮੇਟੀਆਂ ਖਤਮ ਕੀਤੇ ਬਿਨਾਂ ਹੋਰ ਬਦਲ ਪ੍ਰਦਾਨ ਕਰਦੇ ਹਨ।

15 ਅਪਰੈਲ 2020 ਦੇ ਲੇਖ ਵਿਚ ਸ. ਗਰੇਵਾਲ ਉਹ ਤਬਦੀਲੀਆਂ ਕਰਨ ਦੀ ਵਕਾਲਤ ਕਰਦੇ ਹਨ ਜੋ ਇਹ ਤਿੰਨ ਖੇਤੀ ਕਾਨੂੰਨ ਲਾਗੂ ਕਰਨ ਦੇ ਮਕਸਦ ਨਾਲ ਬਣਾਏ ਗਏ ਹਨ। ਲਿਖਦੇ ਹਨ, 'ਇਹ ਵੀ ਸਪਸ਼ਟ ਹੈ ਕਿ ਖੇਤੀ ਜਿਣਸਾਂ ਦੇ ਮੰਡੀਕਰਨ ਵਿਚ ਵੱਡੀਆਂ ਇਜਾਰੇਦਾਰੀਆਂ ਖਤਮ ਕੀਤੇ ਬਿਨਾ ਕਿਸਾਨਾਂ ਦਾ ਸ਼ੇਅਰ ਵਧਾਇਆ ਨਹੀਂ ਜਾ ਸਕਦਾ। 'ਈਸੈਂਸ਼ੀਅਲ ਕਮਾਡਟੀਜ਼ ਐਕਟ' ਅਤੇ ਮਾਰਕਿਟ ਕਮੇਟੀਆਂ ਇਸ ਕੰਮ ਵਿਚ ਵੱਡੀਆਂ ਇਜਾਰੇਦਾਰੀਆਂ ਨੂੰ ਬਹੁਤੇ ਵੱਡੇ ਮੁਨਾਫੇ ਕਮਾ ਕੇ ਕਿਸਾਨਾਂ ਦੀ ਆਮਦਨ ਨੂੰ ਸੁੰਗੇੜਨ 'ਚ ਸਹਾਈ ਹੁੰਦੀਆਂ ਹਨ ਪਰ ਸਿਆਸੀ ਪਾਰਟੀਆਂ 'ਚ ਅਜੇ ਇਨ੍ਹਾਂ ਐਕਟਾਂ ਨੂੰ ਸੋਧਣ ਦੀ ਹਿੰਮਤ ਨਹੀਂ ਹੈ। ਜੇ ਸਰਕਾਰਾਂ ਇਹ ਹਿੰਮਤ ਜੁਟਾ ਲੈਣ ਤੇ ਪਰਸੈਸਿੰਗ ਦੀ ਫੀਸ ਨਿਰਧਾਰਿਤ ਹੋ ਜਾਵੇ, ਤਾਂ ਈ-ਨੈਮ (ਇਲੈਕਟਰਾਨਿਕ ਨੈਸ਼ਨਲ ਐਗਰੀਕਲਚਲ ਮਾਰਕਿਟ) ਦੀਆਂ ਸਹੂਲਤਾਂ ਰਾਹੀਂ ਕਿਸਾਨ ਆਪਣੀ ਜਿਣਸ ਦਾ ਬਣਦਾ ਮੁੱਲ ਪ੍ਰਾਪਤ ਕਰ ਸਕਦੇ ਹਨ ਪਰ ਅਜਿਹਾ ਕਰਨ ਲਈ ਈ-ਨੈਮ ਦੀ ਸਮਰੱਥਾ ਜੋ ਅਜੇ ਤੱਕ ਦੋ ਪ੍ਰਤੀਸ਼ਤ ਹੀ ਹੈ, ਵਿਚ ਵੱਡੇ ਪੱਧਰ ਤੇ ਵਾਧਾ ਕਰਨ ਦੀ ਲੋੜ ਪਵੇਗੀ।'

ਉਪਰੋਕਤ ਵਕਾਲਤ ਦੇ ਵਿਸ਼ੇਸ਼ਣ ਦੀ ਲੋੜ ਨਹੀਂ ਹੈ ਸਗੋਂ ਇੰਝ ਜਾਪਦਾ ਹੈ ਕਿ ਜਾਂ ਤਾਂ ਉਨ੍ਹਾਂ ਨੂੰ ਮੋਦੀ ਸਰਕਾਰ ਦੇ ਸੰਭਾਵੀ 3 ਆਰਡੀਨੈਂਸਾਂ ਜੋ ਪਿੱਛੋਂ ਕਾਨੂੰਨ ਬਣੇ, ਦੀ ਪੂਰੀ ਸੂਹ ਸੀ ਜਾਂ ਉਹ ਉਨ੍ਹਾਂ ਲੋਕਾਂ ਵਿਚੋਂ ਸਨ ਜਿਨ੍ਹਾਂ ਤੋਂ ਮੋਦੀ ਸਰਕਾਰ ਨੇ ਇਨ੍ਹਾਂ ਕਾਨੂੰਨਾਂ ਵਾਸਤੇ ਸਲਾਹ ਲਈ ਹੋ ਸਕਦੀ ਹੈ।

ਅਗਰ ਜਨਾਬ ਗਰੇਵਾਲ ਨੇ ਇਨ੍ਹਾਂ ਸੋਧਾਂ ਜਾਂ ਖੇਤੀ ਸੁਧਾਰ ਬਾਰੇ ਵਿਚਾਰ ਬਦਲ ਲਏ ਹਨ ਤਾਂ ਵੀ ਕੋਈ ਹਰਜ ਨਹੀਂ ਹੈ ਪਰ ਅਗਰ ਬਦਲ ਲਏ ਹਨ ਤਾਂ ਇਸ ਗੱਲ ਨੂੰ ਤਸਲੀਮ ਵੀ ਕਰ ਲੈਣਾ ਚਾਹੀਦਾ ਹੈ ਅਤੇ ਇਸ ਦੇ ਕਾਰਨ ਵੀ ਦੱਸਣੇ ਚਾਹੀਦੇ ਹਨ। ਜਨਤਕ ਖੇਤਰ ਵਿਚ ਲੋਕਾਂ ਨੂੰ ਸਮੇਂ ਸਮੇਂ ਆਪਾ-ਵਿਰੋਧੀ ਲਿਫਾਫੇਬਾਜ਼ੀਆਂ ਨਾਲ ਮੂਰਖ ਬਣਾਉਣਾ ਦਿਆਨਤਦਾਰੀ ਨਹੀਂ ਹੈ।

ਖੇਤੀ ਸੁਧਾਰਾਂ ਅਤੇ ਖੇਤੀ ਆਰਥਿਕਤਾ ਵਰਗੇ ਸੂਖਮ ਵਿਸ਼ੇ 'ਤੇ ਸੰਜੀਦਾ ਵਿਚਾਰ ਪੇਸ਼ ਕਰਨ ਦੀ ਥਾਂ ਜਨਾਬ ਗਰੇਵਾਲ ਨੇ ਆਪਣਾ ਇਹ ਲੇਖ ਮਨੋਰੰਜਨ ਕਰਨ ਦੇ ਪੱਖ ਤੋਂ ਲਿਖਿਆ ਜਾਪਦਾ ਹੈ। ਇਸ ਨੂੰ ਕਰਾਰਾ ਕਰਨ ਲਈ ਬਹੁਤਾਤੀ ਸ਼ਬਦੀ ਤੜਕੇ ਲਗਾਏ ਗਏ ਹਨ। ਜਾਂ ਤਾਂ ਜਨਾਬ ਗਰੇਵਾਲ ਇਹ ਨਹੀਂ ਜਾਣਦੇ ਕਿ ਉਹ ਇਸ ਵਿਸ਼ੇ ਦੇ ਮਾਮਲੇ ਵਿਚ ਕਿੱਥੇ ਖੜ੍ਹੇ ਹਨ ਅਤੇ ਜਾਂ ਇਹ ਪੂਰੀ ਤਰ੍ਹਾਂ ਜਾਣਦੇ ਹਨ ਕਿ ਉਹ ਕਿਤੇ ਵੀ ਨਹੀਂ ਖੜ੍ਹੇ। ਮੰਤਵ ਸਿਰਫ ਸਸਤੀ ਭੱਲ ਖੱਟਣਾ ਹੈ।

ਲੇਖ ਕਾਫੀ ਲੰਮਾ ਹੋ ਗਿਆ ਹੈ ਪਰ ਉਦਾਹਰਨ ਲਈ ਇੱਕ ਟਿੱਪਣੀ ਕਰਨੀ ਬਣਦੀ ਹੈ। ਇੱਕੋ ਸਮੇਂ ਕਈ ਬੇੜੀਆਂ ਵਿਚ ਪੈਰ ਰੱਖਣੇ ਅਤੇ ਬਿਨਾਂ ਸਿਰ ਪੈਰ ਲੱਫੇਦਾਰ ਗੱਲਾਂ ਕਰਨੀਆਂ ਜਨਾਬ ਗਰੇਵਾਲ ਦੀ ਆਦਤ ਹੈ। ਪਿਛਲੇ ਦਿਨੀਂ ਪੰਜਾਬ ਟੀ. ਵੀ. ਦੇ ਪ੍ਰਸਿਧ ਹੋਸਟ ਹਰਜਿੰਦਰ ਸਿੰਘ ਰੰਧਾਵਾ ਨਾਲ ਜਨਾਬ ਦੀ ਗੱਲਬਾਤ ਸੁਣਨ ਦਾ ਮੌਕਾ ਮਿਲਿਆ। ਇਸ ਇੰਟਰਵਿਊ ਵਿਚ ਵਿਦਵਾਨ ਚਿੰਤਕ ਨੇ ਆਖਿਆ ਹੈ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਛੱਡ ਕੇ 3-4 ਗੁਣਾ ਕੀਤੀ ਜਾ ਸਕਦੀ ਹੈ ਪਰ ਅਜਿਹਾ ਕਰਨ ਦਾ ਕੋਈ ਠੋਸ ਤਰੀਕਾ ਨਹੀਂ ਦੱਸਿਆ। ਬੱਸ ਅੱਧਾ ਘੰਟਾ ਗੱਲਾਂ ਘੁੰਮਾ-ਫਿਰਾ ਕੇ ਫੋਕੀਆਂ ਹੀ ਮਾਰੀਆਂ। ਅੰਗਰੇਜ਼ੀ ਵਿਚ ਕਈ ਲੋਕ ਅਜਿਹਾ ਕਰਨ ਨੂੰ 'ਬੀਟਿੰਗ ਅਰਾਊਂਡ ਦਾ ਬੁੱਸ਼' ਵੀ ਆਖਦੇ ਹਨ। ਪੰਜਾਬੀ ਵਿਚ ਇਸ ਨੂੰ 'ਧੂੜ ਵਿਚ ਟੱਟੂ ਭਜਾਉਣਾ' ਆਖਿਆ ਜਾਂਦਾ ਹੈ।

ਇਸ ਇੰਟਰਵਿਊ ਵਿਚ ਜਨਾਬ ਗਰੇਵਾਲ ਬਹੁਤ ਜ਼ੋਰ ਦੇ ਕੇ ਆਖਦੇ ਹਨ ਕਿ ਪੰਜਾਬ ਨੂੰ ਆਪਣਾ ਏਜੰਡਾ ਬਦਲਣਾ ਪੈਣਾ ਹੈ। ਇੰਟਰਵਿਊ ਸੁਣਨ ਵਾਲੇ ਨੂੰ ਆਸ ਬੱਝ ਜਾਂਦੀ ਹੈ ਕਿ ਮਾਹਰ ਸੱਜਣ ਹੁਣ ਕੋਈ ਖਾਸ ਏਜੰਡਾ ਦੱਸਣ ਵਾਲੇ ਹਨ ਜਿਸ ਨੂੰ ਅਪਣਾ ਕਰ ਕੇ ਪੰਜਾਬ ਤੇਜ਼ੀ ਨਾਲ ਤਰੱਕੀ ਦੇ ਰਾਹ ਪੈ ਸਕਦਾ ਹੈ ਪਰ ਨਿਰਾਸ਼ਾ ਹੁੰਦੀ ਹੈ ਜਦ ਉਹ ਵਾਰ ਵਾਰ ਏਜੰਡਾ ਬਦਲਣ ਦੀ ਰਟ ਤਾਂ ਲਗਾਈ ਰੱਖਦੇ ਹਨ ਪਰ ਬਦਲਣਾ ਕੀ ਹੈ ਅਤੇ ਬਦਲ ਕੇ ਅਪਨਾਉਣਾ ਕੀ ਹੈ? ਇਸ ਦਾ ਖੁਲਾਸਾ ਨਹੀਂ ਕਰਦੇ। ਸਾਰੀ ਇੰਟਰਵਿਊ ਸੁਣ ਕੇ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਕੋਲ 'ਏਜੰਡਾ ਬਦਲਣਾ ਪੈਣਾ' ਆਖਣ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ। ਬੱਸ 'ਏਜੰਡਾ ਬਦਲਣਾ ਪੈਣਾ' ਦਾ ਖਾਲੀ ਫੱਟਾ ਦਿਖਾ ਕੇ ਉਹ ਟੀ. ਵੀ. ਦੇ ਸਾਧਾਰਨ ਦਰਸ਼ਕਾਂ ਨੂੰ ਗਧੀਗੇੜ ਵਿਚ ਪਾਈ ਰੱਖਦੇ ਹਨ। ਸ਼ੁਰੂ ਵਿਚ ਉਹ ਆਖਦੇ ਹਨ ਕਿ ਦੱਖਣੀ ਕੋਰੀਆ ਗਰੀਬ ਸੀ ਅਤੇ ਪਿਛਲੇ 50 ਸਾਲਾਂ ਵਿਚ ਕੋਰੀਆ ਬਹੁਤ ਅੱਗੇ ਨਿਕਲ ਗਿਆ ਪਰ ਪੰਜਾਬ ਹੋਰ ਪਿੱਛੇ ਚਲਾ ਗਿਆ। ਆਸ ਬੱਝ ਗਈ ਕਿ ਉਹ ਦੱਖਣੀ ਕੋਰੀਆ ਦੀ ਕਾਮਯਾਬੀ ਦਾ ਰਾਜ਼ ਪੰਜਾਬੀਆਂ ਨੂੰ ਦੱਸਣਗੇ ਪਰ ਉਹ ਮੁੜ ਇਸ ਗੱਲ ਵੱਲ ਵਾਪਸ ਨਾ ਆਏ। ਆਸ ਹੋਸਟ ਰੰਧਾਵਾ ਨੂੰ ਵੀ ਸੀ ਅਤੇ ਉਹ ਕੋਰੀਆ ਦੀ ਸਫਲਤਾ ਦਾ ਰਾਜ਼ ਜਾਣਨ ਲਈ ਗਰੇਵਾਲ ਨੂੰ ਘੇਰ ਕੇ ਵਾਪਸ ਇਸ ਵੱਲ ਮੋੜ ਲਿਆਏ ਪਰ ਗਰੇਵਾਲ ਸਾਹਿਬ ਬਿਨਾਂ ਕੁਝ ਦੱਸੇ ਸ਼ੈਤਾਨੀ ਨਾਲ ਝਕਾਨੀ ਦੇ ਕੇ ਫਿਰ ਕਿਸੇ ਹੋਰ ਪਾਸੇ ਨਿਕਲ ਗਏ। ਸ਼ਾਇਦ ਉਹ ਜਾਣਦੇ ਸਨ ਕਿ ਦੱਖਣੀ ਕੋਰੀਆ ਦੀ ਸਫਲਤਾ ਦਾ ਵੱਡਾ ਰਾਜ਼ ਖੁੱਲ੍ਹੀ ਆਰਥਕਤਾ, ਵਿਦੇਸ਼ੀ ਨਿਵੇਸ਼ ਅਤੇ ਪਸਰ ਰਿਹਾ ਵਿਦੇਸ਼ ਵਪਾਰ ਹੈ। ਅਮਰੀਕਾ ਅਤੇ ਜਾਪਾਨ ਸਮੇਤ ਹੋਰ ਪੱਛਮੀ ਦੇਸ਼ਾਂ ਨੇ ਦੱਖਣੀ ਕੋਰੀਆ ਵਿਚ ਨਿਵੇਸ਼ ਵੀ ਕੀਤਾ ਅਤੇ ਖੁੱਲ੍ਹਾ ਤਕਨੀਕੀ ਸਹਿਯੋਗ ਵੀ ਕੀਤਾ ਜਿਸ ਦੇ ਰਾਜਸੀ ਅਤੇ ਰਣਨੀਤਕ ਕਾਰਨ ਵੀ ਹਨ। ਅਗਰ ਉਹ ਖੁੱਲ੍ਹੀ ਆਰਥਕਤਾ ਅਤੇ ਵਿਦੇਸ਼ੀ ਨਿਵੇਸ਼ ਦਾ ਜ਼ਿਕਰ ਕਰ ਬੈਠਦੇ ਤਾਂ ਸਸਤੀ ਭੱਲ ਨਹੀਂ ਸੀ ਖੱਟੀ ਜਾਣੀ।

ਇਹ ਇੰਟਰਵਿਊ ਵੀ ਗਰੇਵਾਲ ਸਾਹਿਬ ਦੀ ਫੇਸਬੁੱਕ 'ਤੇ ਪਈ ਹੈ ਅਤੇ ਇਸ ਕਿਸਮ ਦੀਆਂ ਹੋਰ ਵੀ ਬਹੁਤ ਹਨ ਜਿਨ੍ਹਾਂ ਵਿਚ ਜ਼ਮੀਨੀ ਹਕੀਕਤਾਂ ਨਾਲ ਇੱਕਸੁਰਤਾ, ਵਿਚਾਰਾਂ ਦੇ ਵਹਾ ਅਤੇ ਸਪਸ਼ਟਤਾ ਦੀ ਘਾਟ ਹੈ।

ਜਨਾਬ ਗਰੇਵਾਲ ਠੀਕ ਉਸੇ ਕਿਸਮ ਦਾ ਤਮਾਸ਼ਾ ਕਰਦੇ ਹਨ ਜਿਸ ਕਿਸਮ ਦਾ ਤਮਾਸ਼ਾ ਕੋਈ ਸਪੇਰਾ ਸੜਕ ਕਿਨਾਰੇ ਬੈਠ ਕੇ ਬੀਨ ਦੀਆਂ ਹਰਕਤਾਂ ਉੱਤੇ ਖੜੱਪੇ ਸੱਪ ਤੋਂ ਫਰਾਟੇ ਮਰਵਾ ਕੇ ਦਰਸ਼ਕਾਂ ਨੂੰ ਮੰਤਰ-ਮੁਗਧ ਕਰਦਾ ਹੈ। ਦਰਸ਼ਕ ਇਹ ਭੁੱਲ ਹੀ ਜਾਂਦੇ ਹਨ ਕਿ ਫਰਾਟੇ ਮਾਰ ਰਹੇ ਖੜੱਪੇ ਸੱਪ ਦਾ ਜ਼ਹਿਰ ਤਾਂ ਕੱਢਿਆ ਹੋਇਆ ਹੈ ਅਤੇ ਫਰਾਟੇ ਫੋਕੇ ਹੀ ਹਨ।

ਜਨਾਬ ਗਰੇਵਾਲ ਦੀ ਇਸ ਮੁਹਾਰਤ ਨੂੰ ਸਲਾਮ ਕਰਨਾ ਬਣਦਾ ਹੈ। ਉਹ ਪਾਣੀ ਵਿਚ ਮਧਾਣੀ ਪਾ ਕੇ ਪਾਠਕਾਂ, ਸਰੋਤਿਆਂ ਅਤੇ ਦਰਸ਼ਕਾਂ ਵਿਚ ਚੋਖਾ ਮੱਖਣ ਨਿਕਲਣ ਦੀ ਵੱਡੀ ਆਸ ਜਗਾਉਣ ਦੀ ਕਲਾ ਬਾਖੂਬ ਜਾਣਦੇ ਹਨ।



# ਗੁਰਸ਼ਰਨ ਸਿੰਘ ਦੇ ਐਕਸ਼ਨ ਗੀਤ

ਕਲਾ ਪਰਿਕਰਮਾ

ਭਾਅ ਜੀ ਗੁਰਸ਼ਰਨ ਸਿੰਘ ਨਾਟ ਕਲਾ ਤੇ ਸਾਹਿਤ ਕਲਾ ਦੇ ਫਿਕਰਾਂ ਨੂੰ ਹਮੇਸ਼ਾ ਆਪਣੀ ਡਾਇਰੀ ਰਾਹੀਂ ਬਿਆਨ ਕਰਦੇ ਸਨ। ਇਕ ਜਗ੍ਹਾ ਉਨ੍ਹਾਂ ਲਿਖਿਆ ਕਿ ਸਾਹਿਤ ਦਾ ਲੋਕ ਪੱਖੀ ਲਹਿਰ ਨਾਲ ਜੁੜਿਆ ਹੋਣਾ ਬਹੁਤ ਜ਼ਰੂਰੀ ਹੈ। ਲੋਕਾਂ ਤੋਂ ਟੁੱਟ ਕੇ ਲੇਖਕ ਨਹੀਂ ਲਿਖ ਸਕਦਾ। ਜਦੋਂ ਵੀ ਲੋਕ ਪੱਖੀ ਲਹਿਰਾਂ ਕਮਜ਼ੋਰ ਹੁੰਦੀਆਂ ਹਨ ਤਾਂ ਉਸ ਦੇ ਨੇੜੇ-ਤੇੜੇ ਰਹਿੰਦੇ ਕਲਾਕਾਰ ਵੀ ਥਿੜਕ ਜਾਂਦੇ ਹਨ। ਚੰਗਾ ਸਾਹਿਤ ਉਹ ਹੈ ਜੋ ਜ਼ਿੰਦਗੀ ਦੀ ਤਰਜਮਾਨੀ ਕਰੇ।

ਪੰਜਾਬੀ ਰੰਗਮੰਚ 'ਤੇ ਨਾਟਕੀ ਐਕਸ਼ਨ ਗੀਤਾਂ ਦਾ ਵੀ ਖੂਬਸੂਰਤ ਤੇ ਜੋਸ਼ੀਲਾ ਇਤਿਹਾਸ ਹੈ। ਐਕਸ਼ਨ ਗੀਤ ਦੀ ਵਿਧਾ ਨੂੰ ਭਾਅ ਜੀ




ਗੁਰਸ਼ਰਨ ਸਿੰਘ ਨੇ ਹੀ ਜਨਮ ਦਿੱਤਾ। ਭਾਅ ਜੀ ਗੁਰਸ਼ਰਨ ਸਿੰਘ ਸਟੇਜ ਉਪਰ ਨਾਟਕੀ ਐਕਸ਼ਨ ਨੂੰ ਬਹੁਤ ਤਰਜੀਹ ਦਿੰਦੇ ਸਨ। ਭਾਅ ਜੀ ਪਿੰਡ ਜਾਂ ਸ਼ਹਿਰ ਵਿਚ ਜਿੱਥੇ ਵੀ

**ਕੇਵਲ ਧਾਲੀਵਾਲ**
ਫੋਨ: +91-98142-99422

ਨਾਟਕ ਕਰਦੇ, ਉੱਥੇ ਉਨ੍ਹਾਂ ਦੀ ਟੀਮ ਦੇ ਗਾਇਕ ਪਰਮਜੀਤ ਸਿੰਘ ਸਟੇਜ 'ਤੇ ਖੜ੍ਹ ਕੇ ਹਾਰਮੋਨੀਅਮ ਵਜਾ ਕੇ ਗੀਤ ਵੀ ਬੋਲਦੇ। ਉਦੋਂ ਪ੍ਰਿਥੀਪਾਲ ਰੰਧਾਵਾ ਦੇ ਕਤਲ ਤੋਂ ਬਾਅਦ ਗੀਤ 'ਜੇ ਨਾ ਫੜੇ ਪ੍ਰਿਥੀ ਦੇ ਕਾਤਲ, ਇੱਟ ਨਾਲ ਇੱਟ ਖੜ੍ਹਕਾ ਦਿਆਂਗੇ', 'ਪ੍ਰਿਥੀ ਵੀਰਾ ਲੀਹ ਤੇਰੀ 'ਤੇ', 'ਜਾਗਿਆ ਬੰਦਾ ਕਦੇ ਨਾ ਮਰਦਾ, ਜਾਗਿਆ ਕਿਰਤੀ ਕਦੇ ਨਾ ਹਰਦਾ', 'ਫੇਰ ਦਮਾਮਾ ਯੁੱਧ ਦਾ ਵੱਜਿਆ', 'ਉੱਠ ਕਿਰਤੀਆ ਉੱਠ ਵੇ', 'ਛੱਟਾ ਚਾਨਣਾ ਦਾ', 'ਅਜੇ ਨਾ ਆਈ ਮੰਜ਼ਿਲ ਤੇਰੀ', 'ਹਰ ਨਾਅਰਾ ਲਲਕਾਰ ਬਣੇਗਾ, ਹਰ ਬਾਗੀ ਜਗਤਾਰ ਬਣੇਗਾ', 'ਸਿਦਕ ਸਾਡੇ ਨੇ ਕਦੇ ਮਰਨਾ ਨਹੀਂ, ਸੱਚ ਦੇ ਸੰਗਰਾਮ ਨੇ ਹਰਨਾ ਨਹੀਂ', 'ਅਸੀਂ ਗੱਲ ਸਮੇਂ ਦੀ ਕਹਿੰਦੇ ਹਾਂ, ਕਹਿੰਦੇ ਹਾਂ ਦੇ ਕੇ ਹੋਕਾ ਵੇ', 'ਇਸ ਯੁੱਗ ਲਈ ਸੀਸ ਜੋ ਆਪਣਾ ਤਲੀ ਧਰੇਗਾ', 'ਅੱਗੇ ਵਧਦੇ ਜਾਵਾਂਗੇ' ਗਾਏ ਜਾਂਦੇ ਸਨ ਪਰ ਭਾਅ ਜੀ ਨੇ ਮਹਿਸੂਸ ਕੀਤਾ ਕਿ ਸਟੇਜ ਉਪਰ ਖੜ੍ਹ ਕੇ ਗੀਤ ਸੁਣਾਉਣ ਨਾਲ ਦਰਸ਼ਕਾਂ ਵਿਚ ਏਨਾ ਪ੍ਰਭਾਵ ਨਹੀਂ ਜਾਂਦਾ, ਇਸ ਲਈ ਇਨ੍ਹਾਂ ਗੀਤਾਂ ਨੂੰ ਐਕਸ਼ਨ ਦੇ ਨਾਲ ਪੇਸ਼ ਕੀਤਾ ਜਾਵੇ। ਉਦੋਂ ਭਾਅ ਜੀ ਦੀ ਟੀਮ ਨਾਲ ਲੇਖਕ, ਸਤਵਿੰਦਰ ਸੋਨੀ, ਦਲੀਪ ਭਨੋਟ ਤੇ ਮੋਹਨਜੀਤ ਹੁੰਦੇ ਸਨ। ਭਾਅ ਜੀ ਨੇ ਕਲਾਕਾਰਾਂ ਨੂੰ ਰੂਸੀ ਇਨਕਲਾਬ ਦੀਆਂ ਕੁਝ ਤਸਵੀਰਾਂ ਦਿਖਾਈਆਂ ਤੇ ਉਨ੍ਹਾਂ ਵਰਗੇ ਜੋਸ਼ੀਲੇ ਐਕਸ਼ਨ ਅਤੇ ਹਾਵ-ਭਾਵ ਗੀਤਾਂ ਨਾਲ ਐਕਸ਼ਨ ਕਰਦਿਆਂ ਪੇਸ਼ ਕਰਨ ਲਈ ਕਿਹਾ। ਇਹ ਗੀਤ ਉਦੋਂ 'ਛੱਟਾ ਚਾਨਣਾਂ ਦਾ ਦੇਈ ਜਾਣਾ' (ਸੁਰਿੰਦਰ ਗਿੱਲ), 'ਕੱਖਾਂ ਦੀਏ ਕੁਲੀਏ ਮੀਨਾਰ ਬਣ ਜਾਈਂ' (ਪਾਸ਼), 'ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ' (ਸੰਤ ਰਾਮ ਉਦਾਸੀ) ਅਤੇ 'ਉੱਠ ਕਿਰਤੀਆ ਉੱਠ ਵੇ ਉੱਠਣ ਦਾ ਵੇਲਾ' (ਉਦਾਸੀ) ਅਤੇ 'ਭਟਕ ਨਾ ਜਾਏਂ ਸਾਥੀਓ ਕਦਮ ਯੇ ਇਨਕਲਾਬ ਕੇ' ਹੁੰਦੇ ਸਨ। ਇਨ੍ਹਾਂ ਐਕਸ਼ਨ ਗੀਤਾਂ ਨੇ ਦਰਸ਼ਕਾਂ ਉੱਤੇ ਏਨਾ ਪ੍ਰਭਾਵ ਸਿਰਜਿਆ ਕਿ ਫਿਰ ਹਰ ਪ੍ਰੋਗਰਾਮ ਉੱਤੇ ਨਾਟਕਾਂ ਦੇ ਨਾਲ ਨਾਲ ਐਕਸ਼ਨ ਗੀਤਾਂ ਦੀ ਪੇਸ਼ਕਾਰੀ ਵੀ ਹੋਣ ਲੱਗ ਪਈ।

ਫਿਰ ਭਾਅ ਜੀ ਨੇ ਜਗਮੋਹਨ ਜੋਸ਼ੀ ਦੇ ਇਨਕਲਾਬੀ ਗੀਤਾਂ ਨੂੰ 1983-84 ਵਿਚ ਕਲਾਕਾਰਾਂ ਨਾਲ ਤਿਆਰ ਕੀਤਾ ਜਿਨ੍ਹਾਂ ਵਿਚ 'ਐ ਲਾਲ ਫਰੇਰੇ ਤੇਰੀ ਕਸਮ', 'ਇਸ ਖੂਨ ਕਾ ਬਦਲਾ ਹਮ ਲੇਂਗੇ', 'ਯੇ ਹਮਾਰਾ ਹੈ ਹਿੰਦੋਸਤਾਨ ਛੀਨ ਲੋ', 'ਦਿੱਲੀ ਦੂਰ ਨਹੀਂ ਹੈ ਯਾਰੋ, ਦਿੱਲੀ ਕੇ ਅਸਲੀ ਹਕਦਾਰੋ', 'ਹਮ ਜੰਗ-ਏ-ਅਵਾਮੀ ਸੇ ਕੋਹਰਾਮ ਮਚਾ ਦੇਂਗੇ', 'ਹਮੇਂ ਮਨਜ਼ੂਰ ਨਹੀਂ ਨਜਮੇਂ ਗੁਲਿਸਤਾਨ ਬਦਲੋ, ਦਮ ਘੁਟਾ ਜਾਤਾ ਹੈ, ਕਾਨੂੰਨ-ਏ-ਸ਼ਬਿਸਤਾਂ ਬਦਲੋ', 'ਸਿਤਮਗਰੋ ਹਿਸਾਬ ਦੋ, ਉਲਟ ਹਰ ਨਕਾਬ ਦੋ', 'ਮਿਲੀ ਨਾ ਹਮਕੋ



ਕਭੀ ਰੌਸ਼ਨੀ ਤੋ ਕਿਆ ਹੋਗਾ, ਜੋ ਜ਼ੁਲਮਤੋਂ ਮੇਂ ਪਲੀ ਜ਼ਿੰਦਗੀ ਤੋ ਕਿਆ ਹੋਗਾ'। ਇਨ੍ਹਾਂ ਗੀਤਾਂ ਦੀਆਂ ਧੁਨਾਂ ਤੇ ਗਾਇਕੀ ਇੰਦਰਜੀਤ ਗੋਗੋਆਣੀ ਨੇ ਤਿਆਰ ਕੀਤੀ ਸੀ ਅਤੇ ਐਕਸ਼ਨ ਕਰਨ ਵਾਲੇ ਕਲਾਕਾਰ ਸਨ: ਲੇਖਕ, ਸਤਵਿੰਦਰ ਸੋਨੀ, ਰੇਨੂੰ ਸਿੰਘ, ਸੁਖਦੇਵ ਪ੍ਰੀਤ, ਜਸਵੰਤ ਜੱਸ, ਨਰਿੰਦਰ ਸਾਂਘੀ, ਹਰਦੀਪ ਗਿੱਲ ਤੇ ਗੁਲਸ਼ਨ ਸ਼ਰਮਾ। ਉਦੋਂ ਪੰਜਾਬ ਦੇ ਹਾਲਾਤ ਵਿਚ ਹਿੰਦੂ ਸਿੱਖ ਏਕਤਾ ਦਾ ਸੁਨੇਹਾ ਬਹੁਤ ਮਹੱਤਵਪੂਰਨ ਸੀ, ਭਾਅ ਜੀ ਵੱਲੋਂ ਪੇਸ਼ ਕੀਤੇ ਜਾਂਦੇ ਨਾਟ ਗੀਤ ਵੀ ਉਨ੍ਹਾਂ ਦੇ ਵਿਚਾਰਾਂ ਦੀ ਤਰਜਮਾਨੀ ਕਰਦੇ ਸਨ। ਲੇਖਕ ਨੂੰ ਸਿਰਫ ਸਮਕਾਲੀ ਸਾਹਿਤਕ ਲਿਖਤਾਂ ਨਾਲ ਹੀ ਨਹੀਂ ਸਗੋਂ ਸਮਾਜਕ, ਸਿਆਸੀ, ਧਾਰਮਿਕ, ਵਿਦਿਅਕ ਆਦਿ ਸਾਰੇ ਪ੍ਰਬੰਧਾਂ ਨੂੰ ਜੋੜ ਕੇ ਹੀ ਸਮਾਜ ਨੂੰ ਦੇਖਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਸਮਾਜ ਦੀ ਸਮਝ ਜ਼ਰੂਰੀ ਹੈ।

ਭਾਅ ਜੀ ਨੇ ਫਿਰ ਐਕਸ਼ਨ ਗੀਤ 'ਅਸੀਂ ਨਹੀਂ ਮੰਨਦੇ ਉਸ ਰੱਬ ਨੂੰ ਜੋ ਦੇਵੇ ਅੱਗਾਂ ਲਾ' (ਰਾਜਬੀਰ), 'ਇਹ ਬਾਦਬਾਂ ਹਟਾ ਲਵੋ, ਤੂਫਾਨ ਜ਼ੋਰ ਫੜ ਰਿਹਾ' (ਮੱਖਣ ਕੁਹਾੜ), 'ਮਸ਼ਾਲਾਂ ਬਾਲ ਕੇ ਚਲਣਾ, ਜਦੋਂ ਤੱਕ ਰਾਤ ਬਾਕੀ ਹੈ' (ਮਹਿੰਦਰ ਸਾਥੀ), 'ਸ਼ਹਿਰ-ਸ਼ਹਿਰ ਢੰਡੋਰਾ ਮੇਰਾ, ਪਿੰਡ-ਪਿੰਡ ਨੂੰ ਹੋਕਾ, ਸਾਂਝਾਂ ਦੀ ਕੰਧ ਨੂੰ ਸੰਨ ਲੱਗੀ, ਜਾਗ-ਜਾਗ ਓ ਲੋਕਾ' (ਸੁਰਿੰਦਰ ਗਿੱਲ), 'ਇਹ ਕੇਹੀ ਰੁੱਤ ਆਈ ਵੇ ਲਾਲੋ', 'ਤਰਾਨਾ ਹੋਰ ਗਾਉ ਦੋਸਤੋ, ਕਿ ਰੰਜ ਮਰ ਜਾਏ' (ਸ਼ਿਵ ਨਾਥ), 'ਆਉ ਫਿਰ ਦੁਹਰਾਈਏ ਮੋਹਿ, ਜੂਝਣ ਕਾ ਚਾਉ ਹੈ' (ਜੈਦੇਵ ਦਿਲਬਰ), 'ਏਸ ਯੁੱਗ ਲਈ ਸੀਸ ਜੋ ਆਪਣਾ ਤਲੀ ਧਰੇਗਾ, ਏਸ ਯੁੱਗ ਦਾ ਉਹੀਓ ਯਾਰੋ ਨਾਇਕ ਬਣੇਗਾ', 'ਜ਼ੰਦਾਂ ਕੀ ਸਲਾਖੇਂ ਟੂਟੇਂਗੀ, ਕਫਲੋ ਕੋ ਪ੍ਰੇਸ਼ਾਨ ਦੇਖੇਂਗੇ' (ਫੈਜ਼), 'ਲਹਿਰਾਂ ਬਣ ਉਠੋ, ਭੁੱਖਾਂ ਦੇ ਲਤਾੜਿਓ' (ਯੂਜੀਨ ਪੋਤੀਓ) ਦੀ ਪੇਸ਼ਕਾਰੀ ਕਰਵਾਈ।

ਭਾਅ ਜੀ ਦੀ ਟੀਮ ਵੱਲੋਂ ਪੇਸ਼ ਕੀਤੇ ਜਾਂਦੇ ਇਨ੍ਹਾਂ 'ਐਕਸ਼ਨ ਗੀਤਾਂ ਨੇ ਪੰਜਾਬ ਅੰਦਰ ਇਕ ਨਵੀਂ ਵਿਧਾ ਨੂੰ ਜਨਮ ਦਿੱਤਾ। ਇਹ ਐਕਸ਼ਨ ਗੀਤ ਹਾਰਮੋਨੀਅਮ, ਢੋਲਕ ਅਤੇ ਨਗਾਰੇ ਦੀ ਤਾਲ ਨਾਲ ਪੇਸ਼ ਕੀਤੇ ਜਾਂਦੇ ਸਨ। ਕਲਾਕਾਰ ਇਕੋ ਜਿਹੇ ਕੁੜਤੇ ਪਜਾਮੇ ਪਾਉਂਦੇ, ਕਮਰ 'ਤੇ ਲਾਲ ਕੱਪੜਾ ਬੰਨ੍ਹਦੇ, ਹੱਥਾਂ ਵਿਚ ਕਈ ਵਾਰੀ ਲਾਲ ਝੰਡੇ ਲੈ ਕੇ ਤੁਰਦੇ ਤੇ ਕਈ ਗੀਤਾਂ ਵਿਚ ਲੋਹੇ ਦੀਆਂ ਭਾਰੀਆਂ ਜ਼ੰਜੀਰਾਂ ਦਾ ਵੀ ਇਸਤੇਮਾਲ ਹੁੰਦਾ ਸੀ। ਭਾਅ ਜੀ ਨੇ ਇਹ ਐਕਸ਼ਨ ਗੀਤ ਪਹਿਲਾਂ 1980-81 ਵਿਚ ਅਲੱਗ ਤਰ੍ਹਾਂ ਤਿਆਰ ਕਰਵਾਏ, ਫੇਰ 1983-84 ਵਿਚ ਇਨਕਲਾਬੀ ਅਤੇ ਪੰਜਾਬ ਸਮੱਸਿਆ ਨਾਲ ਜੁੜੇ ਗੀਤ ਤਿਆਰ ਕਰਵਾਏ ਤੇ ਫੇਰ 1986-87 ਵਿਚ ਹੋਰ ਲੋਕ ਪੱਖੀ ਐਕਸ਼ਨ ਗੀਤ ਵੀ ਤਿਆਰ ਕਰਵਾਏ।

ਭਾਅ ਜੀ ਆਪ ਵੀ ਬਹੁਤ ਵਾਰ ਐਕਸ਼ਨ ਕਰਦੇ ਹੋਏ ਝੰਡਾ ਚੁੱਕ ਕੇ ਕਲਾਕਾਰਾਂ ਦੇ ਨਾਲ-ਨਾਲ ਸਟੇਜ 'ਤੇ ਇਕ-ਦੋ ਚੱਕਰ ਲਾ ਦੇਂਦੇ। ਉਸ ਵੇਲੇ ਦਰਸ਼ਕਾਂ ਵਿਚ ਹੋਰ ਵੀ ਉਤਸ਼ਾਹ ਤੇ ਜੋਸ਼ ਭਰ ਜਾਂਦਾ ਸੀ। ਦਰਸ਼ਕ ਵੀ ਤਾੜੀਆਂ ਮਾਰਦੇ ਹੋਏ ਐਕਸ਼ਨ ਗੀਤਾਂ ਦੇ ਨਾਲ-ਨਾਲ ਤਾਲ ਮਿਲਾਉਂਦੇ ਸਨ। ਇਹ ਐਕਸ਼ਨ ਗੀਤ ਪੰਜਾਬ ਦੇ ਪਿੰਡਾਂ ਦੀਆਂ ਸਟੇਜਾਂ, ਸ਼ਹਿਰਾਂ ਦੀਆਂ ਸਟੇਜਾਂ, ਨੁੱਕੜ ਨਾਟਕਾਂ, ਗਲੀਆਂ, ਬਾਜ਼ਾਰਾਂ, ਦਿੱਲੀ, ਯੂ.ਪੀ., ਬਿਹਾਰ, ਮੁੰਬਈ, ਗੁਜਰਾਤ, ਮੱਧ ਪ੍ਰਦੇਸ਼, ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਖੇ ਵੀ ਭਾਅ ਜੀ ਆਪਣੀ ਨਾਟਕ ਟੀਮ ਨਾਲ ਪੇਸ਼ ਕਰਦੇ ਰਹੇ। ਇਨ੍ਹਾਂ ਗੀਤਾਂ ਨੂੰ ਭਾਅ ਜੀ ਨੇ ਲੱਚਰ ਗੀਤਾਂ ਦੇ ਬਦਲ ਵਜੋਂ ਵੀ ਪੇਸ਼ ਕੀਤਾ ਤੇ ਕਈ ਆਡੀਓ ਕੈਸਟਾਂ ਇਨ੍ਹਾਂ ਗੀਤਾਂ ਦੀਆਂ ਤਿਆਰ ਕਰਵਾ ਕੇ ਦਰਸ਼ਕਾਂ ਵਿਚ ਲੈ ਕੇ ਗਏ। ਹੌਲੀ ਹੌਲੀ 1990 ਤੋਂ ਬਾਅਦ ਪੰਜਾਬ ਦੀਆਂ ਬਹੁਤ ਸਾਰੀਆਂ ਲੋਕ ਪੱਖੀ ਰੰਗਮੰਚ ਕਰਨ ਵਾਲੀਆਂ ਟੀਮਾਂ ਵੀ ਐਕਸ਼ਨ ਗੀਤ ਪੇਸ਼ ਕਰਨ ਲੱਗੀਆਂ, ਪਰ ਬਾਕੀ ਟੀਮਾਂ ਨੇ ਗੀਤਾਂ ਦੀ ਨਾਟਕੀ ਕੋਰੀਓਗ੍ਰਾਫੀ ਕਰਕੇ ਪੇਸ਼ ਕੀਤਾ। ਇਸ ਕੋਰੀਓਗ੍ਰਾਫੀ ਵਿਧਾ ਨੂੰ ਪੰਜਾਬ ਦੀਆਂ ਸਟੇਜਾਂ ਉੱਤੇ ਮਾਸਟਰ ਤਰਲੋਚਨ ਨੇ ਗੁਰਦਾਸ ਮਾਨ ਦੇ ਗੀਤ 'ਮੈਂ ਧਰਤੀ ਪੰਜਾਬ ਦੀ ਲੋਕੋ ਵਸਦੀ ਉਜੜ ਗਈ' ਰਾਹੀਂ ਸੈਂਕੜੇ ਵਾਰ ਪੇਸ਼ ਕੀਤਾ। ਭਾਅ ਜੀ ਦੀ ਟੀਮ ਵਿਚ ਜਿੱਥੇ ਕਲਾਕਾਰ ਆਪ ਗਾਉਂਦੇ ਤੇ ਸਾਜ਼ ਵਜਾਉਂਦੇ ਸਨ, ਹੁਣ ਬਾਕੀ ਟੀਮਾਂ ਵਾਲੇ ਰਿਕਾਰਡਡ ਕੈਸੇਟ, ਸੀ.ਡੀ. ਰਾਹੀਂ ਕੋਰੀਓਗ੍ਰਾਫੀ ਪੇਸ਼ ਕਰਦੇ ਤੇ ਕਲਾਕਾਰ ਸਿਰਫ ਮੂੰਹ ਹੀ ਹਿਲਾਉਂਦੇ ਅਤੇ ਨਾਟਕੀ ਦ੍ਰਿਸ਼ ਵਾਂਗੂੰ ਗੀਤ ਉਪਰ ਐਕਸ਼ਨ ਕਰਦੇ। ਕੋਰੀਓਗ੍ਰਾਫੀ ਦੀ ਇਸ ਨਾਟਕੀ ਪਰੰਪਰਾ ਨੂੰ ਹਾਲੇ ਵੀ ਪੰਜਾਬ ਵਿਚ ਬਹੁਤ ਸਾਰੀਆਂ ਟੀਮਾਂ ਪੇਸ਼ ਕਰਦੀਆਂ ਹਨ। ਖ਼ਾਸ ਤੌਰ ਉੱਤੇ 'ਪੰਜਾਬ ਲੋਕ ਸੱਭਿਆਚਾਰਕ ਮੰਚ' ਅਤੇ 'ਗਦਰੀ ਬਾਬਿਆਂ ਦੇ ਮੇਲੇ ਉੱਤੇ।'

ਕਈ ਵਾਰ ਇਤਿਹਾਸ ਬਣਦਾ ਏ ਤੇ ਕਦੀ ਬਣਾਇਆ ਵੀ ਜਾਂਦਾ ਏ, ਕੁਝ ਕਲਮਾਂ ਵਾਲਿਆਂ ਨੇ ਸਿਰਫ ਇਤਿਹਾਸ ਸਿਰਜਿਆ ਹੀ ਨਹੀਂ ਸਗੋਂ ਇਤਿਹਾਸ ਦੀ ਬਾਂਹ ਫੜ ਕੇ ਉਹਦੇ ਨਾਲ-ਨਾਲ ਤੁਰਦੇ ਹੋਏ ਸਮਕਾਲ ਦੇ ਰੂ-ਬ-ਰੂ ਵੀ ਕੀਤਾ ਹੈ। ਸ਼ਾਇਦ ਇਹ ਉਹੀ ਇਤਿਹਾਸਕ ਦਿਹਾੜਾ ਸੀ, ਜਦੋਂ ਗ਼ਦਰੀ ਬਾਬਿਆਂ ਦੇ ਮੇਲੇ ਲਈ 1995 ਵਿਚ ਮੈਂ ਜਲੰਧਰ ਦੇਸ਼ ਭਗਤ ਹਾਲ ਵਿਚ ਥੀਏਟਰ ਵਰਕਸ਼ਾਪ ਲਾਈ ਤੇ ਮੇਰੇ ਨਾਲ-ਨਾਲ ਇਕ ਕਲਮ ਤੁਰੀ ਫਿਰਦੀ ਸੀ, ਉਹ ਕਲਮ ਗੁਰਸ਼ਰਨ ਸਿੰਘ ਦੇ ਸਮਾਜਿਕ ਸਰੋਕਾਰਾਂ ਦੇ ਫਿਕਰਾਂ ਦੀ ਬਾਂਹ ਫੜਨ ਵਾਲੀ ਕਲਮ ਸੀ ਤੇ ਉਸ ਕਲਮ ਦਾ ਨਾਮ ਸੀ ਅਮੋਲਕ। ਹਾਲਾਂਕਿ ਇਸ ਕਲਮ ਦੀ ਜੁਰਅਤ ਅਤੇ ਦਲੇਰੀ ਦੇ ਕਈ ਅੰਦਾਜ਼ ਲੋਕਾਂ ਨੇ ਵੇਖੇ ਵੀ ਨੇ ਤੇ ਮਾਣੇ ਵੀ, ਪਰ ਇਸ ਕਲਮ ਨੇ ਜੋ ਗ਼ਦਰੀ ਬਾਬਿਆਂ ਦੇ ਮੇਲੇ ਲਈ ਝੰਡੇ ਦੇ ਗੀਤਾਂ ਦੀ ਸਿਰਜਣਾ ਕੀਤੀ ਹੈ, ਮੈਂ ਉਨ੍ਹਾਂ ਸਿਰਜਣਾਂ ਦੇ ਪਲਾਂ ਦਾ ਗਵਾਹ ਹਾਂ। ਝੰਡੇ ਦਾ ਗੀਤ ਮੇਲੇ ਵਾਲੇ ਦਿਨ ਇਕ ਨਵੰਬਰ ਨੂੰ ਹਮੇਸ਼ਾ ਝੰਡੇ ਦੇ ਲਾਗੇ ਖਲੋ ਕੇ ਗਾਇਆ ਜਾਂਦਾ ਸੀ ਪਰ ਇਕ ਨਵੰਬਰ 1995 ਨੂੰ ਪਹਿਲੀ ਵਾਰ ਮੇਰੀ ਨਿਰਦੇਸ਼ਨਾ ਹੇਠ ਅਮੋਲਕ ਸਿੰਘ ਦੀ ਕਲਮ ਦੇ ਸਿਰਜੇ ਬੋਲਾਂ ਨੂੰ ਐਕਸ਼ਨ ਮਿਲਿਆ, ਬੱਸ ਉਸ ਦਿਨ ਤੋਂ ਅਮੋਲਕ ਸਿੰਘ ਦੇ ਲਿਖੇ 'ਝੰਡੇ ਦੇ ਗੀਤ' ਨੂੰ ਦੇਖਣ ਲਈ ਦਰਸ਼ਕ ਇਕ ਰਾਤ ਪਹਿਲਾਂ ਹੀ ਜਲੰਧਰ ਪਹੁੰਚਣੇ ਸ਼ੁਰੂ ਹੋ ਜਾਂਦੇ।

ਗੁਰਸ਼ਰਨ ਭਾਅ ਜੀ ਵੱਲੋਂ ਸ਼ੁਰੂ ਕੀਤੀ ਇਹ ਨਿਵੇਕਲੀ ਐਕਸ਼ਨ ਗੀਤ ਸ਼ੈਲੀ ਹੁਣ ਗ਼ਦਰੀ ਬਾਬਿਆਂ ਦੇ ਮੇਲੇ ਦਾ ਵਿਸ਼ੇਸ਼ ਹਿੱਸਾ ਬਣ ਚੁੱਕੀ ਹੈ। ਪਹਿਲੀ ਨਵੰਬਰ ਨੂੰ ਦਿਨ ਵੇਲੇ ਦੇ ਪ੍ਰੋਗਰਾਮ ਦੀ ਜੇਕਰ ਸਫਲਤਾ ਨੂੰ ਵੇਖਣਾ ਹੋਵੇ ਤਾਂ ਝੰਡੇ ਦਾ ਗੀਤ ਵੇਖਣਾ ਜ਼ਰੂਰੀ ਹੈ। ਇਕ ਗੀਤ ਦੇ ਅੰਦਰ ਹੀ ਅਮੋਲਕ ਪੰਜਾਬੀ ਸੰਗੀਤ ਦੀਆਂ, ਲੋਕ ਧੁਨਾਂ ਨੂੰ ਲੋਕਾਂ ਦੇ ਬੋਲਾਂ 'ਚ ਪਰੋਅ ਕੇ, ਦਰਸ਼ਕਾਂ ਦੇ ਡੌਲੇ ਫਰਕਣ ਲਾ ਦਿੰਦਾ। ਪੰਜਾਬ ਦੇ ਲੋਕ ਜਦੋਂ ਪੰਜਾਬੀ ਨਾਟਕ ਤੇ ਰੰਗਮੰਚ ਦਾ ਇਤਿਹਾਸ ਪੜ੍ਹਨਗੇ ਤਾਂ ਉਸ ਵੇਲੇ ਗੁਰਸ਼ਰਨ ਭਾਅ ਜੀ ਵੱਲੋਂ ਤੋਰੇ ਸਮਾਜਿਕ ਸਰੋਕਾਰਾਂ ਦੇ ਇਨ੍ਹਾਂ ਨਾਟਕੀ ਐਕਸ਼ਨ ਗੀਤਾਂ ਦੀ ਚਰਚਾ ਵੀ ਨਾਲ-ਨਾਲ ਤੁਰੇਗੀ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਅਕਤੂਬਰ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-505



*ਸੋਹਣੀ ਜਿਹੀ ਫਰਾਕ ਤੂੰ ਪਾ ਕੇ ਸਿਰ 'ਤੇ ਫੁੱਲ ਸਜਾਇਆ।*
*ਨਾਲੇ ਬਾਹਲੇ ਲਾਡ ਨਾਲ ਸੀ ਲਾਡੋ ਆਖ ਬੁਲਾਇਆ।*
*ਮੈਨੂੰ ਆਖੇਂ ਫੋਨ ਨੀ ਲੈਣਾ ਤੇ ਘੂਰ ਘੂਰ ਕੇ ਤੱਕੇਂ,*
*ਹਾਏ ਮੰਮਾ ਕਿਉਂ ਖੋਹ ਕੇ ਮੈਥੋਂ ਵੀਰੇ ਤਾਈਂ ਫੜਾਇਆ।*

### ਕੈਪਸ਼ਨ ਮੁਕਾਬਲਾ-503



ਲੋਕੀਂ ਕਹਿੰਦੇ, ਜੋ ਹੁੰਦਾ ਹੈ ਰੱਬ ਹੀ ਕਰਦਾ।
ਪਰ ਬੰਦੇ ਦੇ ਹੱਥੋਂ ਹੀ ਕਿਉਂ ਬੰਦਾ ਮਰਦਾ।
ਕਾਸ਼! ਕੋਈ ਰੱਬ ਕੋਲ
ਮੇਰੀ ਅਰਦਾਸ ਪੁਚਾ ਦੇ।
ਉਸ ਨੂੰ ਕਹੋ ਬੰਦਿਆਂ ਨੂੰ
ਇਨਸਾਨ ਬਣਾ ਦੇ।
*-ਗੁਰਦੇਵ ਸਿੰਘ ਢਪਾਲੀ, ਬਠਿੰਡਾ।*
*ਫੋਨ: 91-94176-49275*

---

ਬੜੀ ਅਜੀਬੋ ਗਰੀਬ ਹੈ ਦੁਨੀਆਂ
ਤਰ੍ਹਾਂ ਤਰ੍ਹਾਂ ਦੇ ਰੰਗ ਦਿਖਾਵੇ।
ਰੰਗ ਤੇ ਸ਼ਕਲਾਂ ਅੱਡੋ ਅੱਡੀ
ਪਰ ਇਹ ਆਦਮ ਜਾਤ ਕਹਾਵੇ।
ਜੋ ਵੀ ਸਿੱਖਦਾ ਵੱਡਿਆਂ ਕੋਲੋਂ
ਬਚਪਨ ਬੱਸ ਓਹੋ ਅਪਨਾਵੇ
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਗੁੜ੍ਹਤੀ ਧਰਮ ਦੀ ਲੈ ਅਣਭੋਲ
ਹੱਥ ਜੋੜ ਦੇਖੋ ਬੈਠਾ ਹੈ ਅਡੋਲ।
ਅੱਲ੍ਹਾ ਨੂੰ ਜਾਪੇ ਕਰੇ ਅਰਦਾਸ
ਅਮਨ ਸ਼ਾਂਤੀ ਹੈ ਜੱਗ ਦੇ ਰਾਸ।
*-ਸੇਵਾ ਸਿੰਘ ਨੂਰਪੁਰੀ*

---

ਕੋਰੀ ਸਲੇਟ ਵਾਂਗ ਹੁੰਦੇ ਬੱਚੇ
ਜੋ ਉਕਰੋਗੇ, ਉਹੀ ਬਣਨੀ ਤਸਵੀਰ।
ਧਰਮਾਂ ਨਾਲੋਂ ਇਨਸਾਨੀਅਤ ਸਿਖਾਓ
ਸਾਂਝਾਂ ਤੇ ਸਮਾਜ ਸੇਵਾ ਦੇ ਬਣਨ ਸਫੀਰ।
ਬਾਬਾ ਕਹਿ ਗਿਆ ਮੁੱਦਤਾਂ ਹੋਈਆਂ
ਨਾ ਕੋ ਹਿੰਦੂ, ਨਾ ਕੋ ਮੁਸਲਮਾਨ,
ਹੱਸ-ਖੇਡ ਕੇ ਲੰਘਾਉਣ ਜੀਵਨ
ਕਿਰਤ-ਕਮਾਈ ਵੰਡ ਕੇ ਖਾਣ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਜੇ ਜੰਮਦੇ ਹੀ ਹੱਥ ਜੋੜਾ ਦਿੱਤੇ
ਸਾਰੀ ਉਮਰ ਹੀ ਰਹੂ ਜੀ ਹਜੂਰੀਆ
ਸਿਖਾਓ ਤਣੇ ਹੋਏ ਮੁੱਕੇ ਦਾ ਨਾਂ
ਇਹੀ ਹੱਲ ਸੁੱਖ ਪ੍ਰਾਪਤੀ ਦਾ।
ਕੱਚੇ ਕੋਠੇ ਨੂੰ ਜੇ ਲਿੱਪੀਏ ਨਾ
ਉਹ ਢਹਿੰਦਾ ਢਹਿੰਦਾ ਢਹਿ ਹੀ ਜਾਂਦਾ
ਚਿੱਕੜ 'ਚ ਫਸਿਆ ਗੱਡਾ
ਦੱਸੋ ਕਿੰਜ ਨਿਕਲਣਾ ਸੀ
ਜੇ ਪੂਰਾ ਤਾਣ ਨਾ ਲਾਇਆ ਜਾਂਦੈ।
*-ਦਰਸ਼ਨਪਾਲ ਦੋਸਾਂਝ*

---

ਇਹ ਬੱਚਾ ਦੂਸਰਿਆਂ ਲਈ
ਦਿਲ ਤੋਂ ਦੁਆ ਕਰਦਾ ਹੈ
ਆਸ਼ੀਰਵਾਦ ਦੀ ਬਰਖਾ ਕਰਦੇ ਰਹੋ
ਗੁਨਾਹਾਂ ਦੀ ਮੁਆਫੀ ਅਤੇ
ਦੁੱਖਾਂ ਨੂੰ ਦੂਰ ਕਰਦੇ ਰਹੋ।
*-ਬੱਲਾ ਲਬਾਣਾ*
*ਫੋਨ: 848-235-8344*

# ਆਪਟੀਕਲ ਫਾਈਬਰ ਤਕਨਾਲੋਜੀ ਤੇ ਨਰਿੰਦਰ ਸਿੰਘ ਕਪਾਨੀ

***ਡਾਕਟਰ ਨਰਿੰਦਰ ਸਿੰਘ ਕਪਾਨੀ ਭਾਰਤੀ-ਅਮਰੀਕੀ ਭੌਤਿਕ ਵਿਗਿਆਨੀ ਸਨ ਜੋ ਆਪਣੇ ਆਪਟੀਕਲ ਫਾਈਬਰ (ਪ੍ਰਕਾਸ਼ੀ ਰੇਸ਼ੇ) ਦੇ ਖੋਜ ਕਾਰਜਾਂ ਕਰਕੇ ਵਿਸ਼ਵ ਪੱਧਰ 'ਤੇ ਪ੍ਰਸਿੱਧ ਹੋਏ। ਸ਼ਬਦ ਫਾਈਬਰ ਆਪਟਿਕਸ ਪਹਿਲੀ ਵਾਰ ਉਨ੍ਹਾਂ ਨੇ ਹੀ ਖੋਜਿਆ ਸੀ। ਇਸੇ ਕਰਕੇ ਉਨ੍ਹਾਂ ਨੂੰ ਫਾਈਬਰ ਆਪਟਿਕਸ ਦਾ ਪਿਤਾਮਾ ਕਿਹਾ ਜਾਂਦਾ ਹੈ। ਵੱਕਾਰੀ ਵਿਸ਼ਵ ਸੰਸਥਾ 'ਫੌਰਚਿਊਨ' ਨੇ ਉਨ੍ਹਾਂ ਨੂੰ ਵਿਸ਼ਵ ਦੇ ਸੱਤ ਵੱਡੇ ਬਿਜ਼ਨਸਮੈਨਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਅਤੇ 1999 ਵਿਚ ਉਨ੍ਹਾਂ ਨੂੰ 'ਸਦੀ ਦੇ ਪ੍ਰਸਿੱਧ ਕਾਰੋਬਾਰੀ' ਦੇ ਖਿਤਾਬ ਨਾਲ ਨਿਵਾਜਿਆ ਗਿਆ।***



*ਨਰਿੰਦਰ ਸਿੰਘ ਕਪਾਨੀ*

**ਡਾ. ਸਤਬੀਰ ਸਿੰਘ**
**ਫੋਨ: +91-98880-29401**

ਡਾਕਟਰ ਨਰਿੰਦਰ ਸਿੰਘ ਕਪਾਨੀ ਮਹਾਨ ਭਾਰਤੀ-ਅਮਰੀਕੀ ਭੌਤਿਕ ਵਿਗਿਆਨੀ ਸਨ ਜੋ ਆਪਣੇ ਆਪਟੀਕਲ ਫਾਈਬਰ (ਪ੍ਰਕਾਸ਼ੀ ਰੇਸ਼ੇ) ਦੇ ਖੋਜ ਕਾਰਜਾਂ ਕਰਕੇ ਵਿਸ਼ਵ ਪੱਧਰ 'ਤੇ ਪ੍ਰਸਿੱਧ ਹੋਏ। ਸ਼ਬਦ ਫਾਈਬਰ ਆਪਟਿਕਸ ਪਹਿਲੀ ਵਾਰ ਉਨ੍ਹਾਂ ਨੇ ਹੀ ਖੋਜਿਆ ਸੀ। ਇਸੇ ਕਰਕੇ ਉਨ੍ਹਾਂ ਨੂੰ ਫਾਈਬਰ ਆਪਟਿਕਸ ਦਾ ਪਿਤਾਮਾ ਕਿਹਾ ਜਾਂਦਾ ਹੈ। 'ਫੌਰਚਿਊਨ' ਨਾਮਕ ਵੱਕਾਰੀ ਵਿਸ਼ਵ ਸੰਸਥਾ ਨੇ ਉਨ੍ਹਾਂ ਨੂੰ ਵਿਸ਼ਵ ਦੇ ਸੱਤ ਵੱਡੇ ਬਿਜ਼ਨਸਮੈਨਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਅਤੇ 1999 ਵਿਚ ਉਨ੍ਹਾਂ ਨੂੰ 'ਸਦੀ ਦੇ ਪ੍ਰਸਿੱਧ ਕਾਰੋਬਾਰੀ' ਦੇ ਖਿਤਾਬ ਨਾਲ ਨਿਵਾਜਿਆ ਗਿਆ।

ਨਰਿੰਦਰ ਸਿੰਘ ਕਪਾਨੀ ਦਾ ਜਨਮ ਅਕਤੂਬਰ 1926 ਨੂੰ ਪੰਜਾਬ ਦੇ ਮੋਗਾ ਸ਼ਹਿਰ ਵਿਚ ਹੋਇਆ। ਸਕੂਲੀ ਵਿੱਦਿਆ ਉਨ੍ਹਾਂ ਨੇ ਦੇਹਰਾਦੂਨ (ਉੱਤਰਾਖੰਡ) ਵਿਚੋਂ ਹਾਸਲ ਕਰਨ ਉਪਰੰਤ ਗਰੈਜੂਏਸ਼ਨ ਆਗਰਾ ਯੂਨੀਵਰਸਿਟੀ ਤੋਂ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੂੰ ਭਾਰਤੀ ਆਰਡੀਨੈਂਸ ਫੈਕਟਰੀ ਸੇਵਾਵਾਂ ਵਿਚ ਅਫਸਰ ਵਜੋਂ ਨੌਕਰੀ ਮਿਲ ਗਈ। ਇੱਥੇ ਰਹਿ ਕੇ ਉਨ੍ਹਾਂ ਨੇ ਭੌਤਿਕ ਵਿਗਿਆਨ ਦੇ ਕਈ ਵਿਸ਼ਿਆਂ ਜਿਵੇਂ ਲੇਜ਼ਰ, ਆਪਟੀਕਲ ਫਾਈਬਰ ਆਦਿ ਬਾਰੇ ਕੰਮ ਕਰਨਾ ਸ਼ੁਰੂ ਕੀਤਾ। 1952 ਵਿਚ ਉਨ੍ਹਾਂ ਨੂੰ ਲੰਡਨ ਯੂਨੀਵਰਸਿਟੀ ਦੇ ਇੰਪੀਰੀਅਲ ਸਾਇੰਸ ਕਾਲਜ ਵਿਚ ਭੌਤਿਕ ਵਿਗਿਆਨ ਦੇ ਵਿਸ਼ੇ ਵਿਚ ਪੀ.ਐਚ.ਡੀ. ਕਰਨ ਲਈ ਦਾਖਲਾ ਮਿਲ ਗਿਆ। 1955 ਵਿਚ ਉਨ੍ਹਾਂ ਨੂੰ ਸਫਲਤਾਪੂਰਵਕ ਖੋਜ ਕਾਰਜ ਸਮਾਪਤ ਕਰਨ ਉਪਰੰਤ ਪੀ.ਐਚ.ਡੀ. ਦੀ ਡਿਗਰੀ ਦਿੱਤੀ ਗਈ। ਇੰਪੀਰੀਅਲ ਸਾਇੰਸ ਕਾਲਜ, ਲੰਡਨ ਵਿਚ ਕਪਾਨੀ ਨੇ ਇੱਕ ਹੋਰ ਖੋਜਕਾਰ ਹੈਰੋਲਡ ਹੌਪਕਿਨਜ਼ ਨਾਲ ਮਿਲ ਕੇ ਪ੍ਰਕਾਸ਼ੀ ਰੇਸ਼ਿਆਂ (ਆਪਟੀਕਲ ਫਾਈਬਰ) 'ਤੇ ਕੰਮ ਸ਼ੁਰੂ ਕੀਤਾ। ਉਨ੍ਹਾਂ ਨੇ ਪਹਿਲੀ ਵਾਰ ਪ੍ਰਕਾਸ਼ੀ ਰੇਸ਼ਿਆਂ ਦੇ ਬੰਡਲ ਨੂੰ ਵਰਤੋਂ ਵਿਚ ਲਿਆ ਕੇ ਸੰਚਾਰ ਪ੍ਰਬੰਧਾਂ ਰਾਹੀਂ ਚਿੱਤਰਾਂ ਤੇ ਫੋਟੋਆਂ ਦਾ ਟਰਾਂਸਮਿਸ਼ਨ ਕੀਤਾ। ਇਹ ਚਿੱਤਰ ਬਹੁਤ ਹੀ ਉੱਚ ਪੱਧਰ ਦੀ ਗੁਣਵੱਤਾ ਵਾਲੇ ਸਨ। ਦੋਵਾਂ ਵਿਗਿਆਨੀਆਂ ਨੇ ਅਜਿਹੀ ਤਕਨੀਕ ਦਾ ਇਸਤੇਮਾਲ ਕੀਤਾ ਜੋ ਪਹਿਲਾਂ ਕਦੇ ਨਹੀਂ ਵਰਤੀ ਗਈ ਸੀ ਜਿਸ ਰਾਹੀਂ ਵਧੀਆ ਕਿਸਮ ਦੇ ਇਮੇਜ ਦੂਰ ਤੱਕ ਭੇਜੇ ਜਾ ਸਕਦੇ ਸਨ। ਦੂਰਸੰਚਾਰ ਪ੍ਰਣਾਲੀ ਵਿਚ ਇਹੀ ਤਕਨੀਕ 21ਵੀਂ ਸਦੀ ਦੀ ਅਤਿ ਆਧੁਨਿਕ ਇੰਟਰਨੈੱਟ ਤਕਨਾਲੋਜੀ, ਭਾਵ 'ਫਾਈਬਰ ਟੂ ਦਿ ਹੋਮ' ਵਿਚ ਵਰਤੀ ਜਾ ਰਹੀ ਹੈ। ਅਜਿਹੇ ਗਲਾਸ ਜਾਂ ਪਲਾਸਟਿਕ ਪ੍ਰਕਾਸ਼ੀ ਰੇਸ਼ਿਆਂ ਰਾਹੀਂ ਪੂਰੀ ਦੁਨੀਆ ਵਿਚ ਲੋਕਾਂ ਨੂੰ 100 ਮੈਗਾਬਾਈਟਸ/ਸੈਕਿੰਡ ਤੋਂ ਲੈ ਕੇ 1 ਗਿਗਾਬਾਈਟਸ/ਸੈਕਿੰਡ ਤੱਕ ਇੰਟਰਨੈੱਟ ਡਾਟਾ ਦੀ ਸਪੀਡ ਮਿਲ ਰਹੀ ਹੈ।

1960 ਵਿਚ ਕਪਾਨੀ ਨੇ ਅਮਰੀਕੀ ਰਸਾਲੇ 'ਸਾਇੰਟਿਫਿਕ ਅਮੈਰਿਕਨ' ਵਿਚ ਖੋਜ ਪੱਤਰ ਲਿਖਿਆ ਤੇ ਪਹਿਲੀ ਵਾਰ ਸ਼ਬਦ 'ਫਾਈਬਰ ਆਪਟਿਕਸ' ਦਾ ਇਸਤੇਮਾਲ ਕੀਤਾ। ਫਾਈਬਰ ਆਪਟਿਕਸ ਨੂੰ ਪਹਿਲਾਂ ਆਪਟੀਕਲ ਕਲੈਡਿੰਗ ਦਾ ਨਾਮ ਡੱਚ ਵਿਗਿਆਨੀ ਬਰਾਮ ਵੈਨਹੀਲ ਨੇ ਦਿੱਤਾ ਸੀ। ਉਪਰੰਤ ਕਪਾਨੀ ਹੋਰਾਂ ਨੇ ਫਾਈਬਰ ਆਪਟਿਕਸ ਦੇ ਨਵੇਂ ਵਿਸ਼ੇ 'ਤੇ ਮਹੱਤਵਪੂਰਨ ਕਿਤਾਬ ਲਿਖੀ ਜੋ ਬਾਅਦ ਵਿਚ ਪੂਰੇ ਵਿਸ਼ਵ ਦੇ ਵਿਗਿਆਨੀਆਂ ਲਈ ਪ੍ਰਕਾਸ਼ੀ ਰੇਸ਼ਿਆਂ ਦੀ ਖੋਜ ਦੇ ਮਾਮਲੇ ਵਿਚ ਰੀੜ੍ਹ ਦੀ ਹੱਡੀ ਸਾਬਤ ਹੋਈ। 1960 ਵਿਚ ਉਨ੍ਹਾਂ ਨੇ 'ਆਪਟਿਕਸ ਟੈਕਨੋਲੋਜੀ' ਨਾਮਕ ਕੰਪਨੀ ਖੋਲ੍ਹੀ ਜਿਸ ਦੇ ਉਹ 12 ਸਾਲ ਚੇਅਰਪਰਸਨ ਅਤੇ ਡਾਇਰੈਕਟਰ ਰਿਸਰਚ ਰਹੇ। 1967 ਵਿਚ ਇਹ ਕੰਪਨੀ ਜਨਤਕ ਕਰ ਦਿੱਤੀ ਗਈ। 1973 ਵਿਚ ਉਨ੍ਹਾਂ ਨੇ ਕੈਪਟਰੌਨ ਕੰਪਨੀ ਖੋਲ੍ਹੀ ਜਿਸ ਦੇ ਉਹ 1990 ਤੱਕ ਮੁਖੀ ਤੇ ਸੀ.ਈ.ਓ.ਰਹੇ। 1990 ਵਿਚ ਉਨ੍ਹਾਂ ਨੇ 2 ਆਪਟਰਾਨਿਕਸ ਨਾਮਕ ਤਕਨੀਕੀ ਕੰਪਨੀ ਖੋਲ੍ਹੀ। ਉਨ੍ਹਾਂ ਨੇ ਅਲੱਗ-ਅਲੱਗ ਕੰਪਨੀਆਂ ਦੇ ਬੋਰਡ ਆਫ ਕੰਟਰੋਲ ਮੈਂਬਰ ਵਜੋਂ ਵੀ ਯੋਗਦਾਨ ਪਾਇਆ। ਕਪਾਨੀ ਦੀ ਖੋਜ ਦੇ ਮੁੱਖ ਵਿਸ਼ਿਆਂ ਵਿਚ ਫਾਈਬਰ ਆਪਟਿਕਸ 'ਤੇ ਆਧਾਰਤ ਸੰਚਾਰ ਪ੍ਰਬੰਧ, ਲੇਜ਼ਰ ਸੰਚਾਰ ਪ੍ਰਣਾਲੀ, ਬਾਇਓ ਮੈਡੀਕਲ, ਸੂਰਜੀ ਊਰਜਾ, ਪ੍ਰਦੂਸ਼ਣ ਕੰਟਰੋਲ ਆਦਿ ਪ੍ਰਮੁੱਖ ਸਨ। ਉਨ੍ਹਾਂ ਦੀਆਂ 100 ਦੇ ਕਰੀਬ ਖੋਜਾਂ ਪੇਟੈਂਟ ਹਨ ਅਤੇ ਉਹ ਅਮਰੀਕਾ ਦੀ ਰਾਸ਼ਟਰੀ ਖੋਜ ਕੌਂਸਲ ਦੇ ਮੈਂਬਰ ਰਹੇ। ਇਸ ਤੋਂ ਇਲਾਵਾ ਉਹ ਕਈ ਪ੍ਰਮੁੱਖ ਖੋਜ ਸੰਸਥਾਵਾਂ ਦੇ ਸੀਨੀਅਰ ਫੈਲੋ ਮੈਂਬਰ ਵੀ ਰਹੇ ਜਿਨ੍ਹਾਂ ਵਿਚ ਰਾਇਲ ਇੰਜੀਨਅਰਿੰਗ ਅਕੈਡਮੀ, ਆਪਟੀਕਲ ਸੁਸਾਇਟੀ ਆਫ ਅਮਰੀਕਾ ਅਤੇ ਦੀ ਫੈਲੋਸ਼ਿਪ ਵੀ ਮਿਲੀ। ਨਰਿੰਦਰ ਕਪਾਨੀ ਨਵੀਨਤਾ ਦੀਆਂ ਪ੍ਰਕਿਰਿਆਵਾਂ, ਤਕਨਾਲੋਜੀ ਅਤੇ ਤਕਨੀਕ ਰੂਪਾਂਤਰਨ ਦੇ ਪ੍ਰਬੰਧਨ ਵਿਚ ਵਿਸ਼ੇਸ਼ ਮਾਹਿਰ ਸਨ। ਆਪਟੀਕਲ ਫਾਈਬਰ ਵਾਲੇ ਇੰਟਰਨੈੱਟ ਤੋਂ ਬਿਨਾ ਲੇਜ਼ਰ ਸਰਜਰੀ ਅਤੇ ਉੱਚਤਮ ਸਪੀਡ ਵਾਲੀਆਂ ਸੰਚਾਰ ਸੇਵਾਵਾਂ ਵੀ ਕਪਾਨੀ ਦੀ ਹੀ ਦੇਣ ਹਨ। ਵਿਸ਼ਵ ਪ੍ਰਸਿੱਧ 'ਨੇਚਰ' ਰਸਾਲੇ ਵਿਚ ਉਨ੍ਹਾਂ ਦੇ ਫਾਈਬਰ ਆਪਟਿਕਸ ਬਾਰੇ ਛਪੇ ਲੇਖ ਨੇ ਪ੍ਰਕਾਸ਼ੀ ਰੇਸ਼ਿਆਂ ਨੂੰ ਐਂਡੋਸਕੋਪ ਤੇ ਲੇਜ਼ਰ ਪਰੋਬਾਂ ਵਿਚ ਵਰਤਣ ਦੀ ਵਿਧੀ ਬਾਰੇ ਵਿਸਤਾਰਪੂਰਬਕ ਜਾਣਕਾਰੀ ਦਿੱਤੀ ਜੋ ਬਾਅਦ ਵਿਚ ਸਿਹਤ ਵਿਗਿਆਨ ਲਈ ਬਹੁਤ ਮਹੱਤਵਪੂਰਨ ਸਾਬਤ ਹੋਈ। 1955 ਵਿਚ ਅਮਰੀਕੀ ਰਸਾਲੇ 'ਆਪਟਿਕਾ ਐਕਟਾ' ਵਿਚ ਉਨ੍ਹਾਂ ਦਾ ਯੁੱਗ ਪਲਟਾਊ ਖੋਜ ਪੱਤਰ ਛਪਿਆ।

ਦੇਹਰਾਦੂਨ ਸਕੂਲ ਵਿਚ ਪੜ੍ਹਾਉਂਦੇ ਅਧਿਆਪਕ ਨੇ ਕਲਾਸ ਵਿਚ ਦੱਸਿਆ ਕਿ ਪ੍ਰਕਾਸ਼ ਹਮੇਸ਼ਾ ਸਿੱਧੀ ਲਕੀਰ ਵਿਚ ਹੀ ਚਲਦਾ ਹੈ। ਪੜ੍ਹਦਿਆਂ ਨਰਿੰਦਰ ਸਿੰਘ ਕਪਾਨੀ ਨੇ ਆਪਣੇ ਅਧਿਆਪਕ ਦੀ ਇਸ ਗੱਲ ਨੂੰ ਚੁਣੌਤੀ ਵਜੋਂ ਕਬੂਲ ਕੀਤਾ ਅਤੇ ਸਾਰੀ ਉਮਰ ਪ੍ਰਕਾਸ਼ ਬਾਰੇ ਹੀ ਖੋਜ ਕੀਤੀ।

1954 ਵਿਚ ਵਿਸ਼ਵ ਪ੍ਰਸਿੱਧ ਨੇਚਰ ਰਸਾਲੇ ਨੇ ਕਪਾਨੀ ਦੀ ਫਾਈਬਰ ਆਪਟਿਕਸ ਬਾਰੇ ਖੋਜ ਛਾਪੀ। 1955 ਵਿਚ ਉਨ੍ਹਾਂ ਨੂੰ ਪੀ.ਐਚ.ਡੀ. ਦੀ ਡਿਗਰੀ ਮਿਲੀ। ਇਸ ਵੱਡੀ ਖੋਜ ਬਦਲੇ ਉਨ੍ਹਾਂ ਨੂੰ ਅਮਰੀਕਾ ਦੀ ਰੋਸ਼ੈਸਟਰ ਯੂਨੀਵਰਸਿਟੀ ਵਿਚ ਨੌਕਰੀ ਮਿਲ ਗਈ। ਇਸ ਤੋਂ ਇਲਾਵਾ ਉਹ ਕੈਲੀਫੋਰਨੀਆ ਯੂਨੀਵਰਸਿਟੀ ਬਰਕਲੇ ਵਿਚ ਵੀ ਪ੍ਰੋਫੈਸਰ ਰਹੇ। ਸਟੈਨਫਰਡ ਯੂਨੀਵਰਸਿਟੀ ਵਿਚ ਉਹ ਭੌਤਿਕ ਵਿਗਿਆਨ ਦੇ ਵਿਜ਼ਿਟਿੰਗ ਪ੍ਰੋਫੈਸਰ ਦੇ ਅਹੁਦੇ 'ਤੇ ਤਾਇਨਾਤ ਰਹੇ। ਇਸ ਤੋਂ ਇਲਾਵਾ ਉਹ ਬਿਜਲਾਣੂ ਇੰਜੀਨਅਰਿੰਗ ਵਿਭਾਗ ਦੇ ਬੋਰਡ ਆਫ ਕੰਟਰੋਲ ਵਿਚ ਸ਼ਾਮਲ ਰਹੇ। ਪ੍ਰੋ. ਕਪਾਨੀ ਪਰਉਪਕਾਰੀ, ਉੱਦਮੀ ਇਨਸਾਨ ਅਤੇ ਸਫਲ ਕਾਰੋਬਾਰੀ ਸਨ। ਵਿਸ਼ਵ ਪੱਧਰ 'ਤੇ ਉਨ੍ਹਾਂ ਨੂੰ ਖੋਜ ਕਾਰਜਾਂ ਸਦਕਾ ਬਹੁਤ ਸਾਰੇ ਮਾਣ-ਸਨਮਾਨ ਪ੍ਰਾਪਤ ਹੋਏ।

ਵਿਸ਼ਵ ਪੱਧਰ 'ਤੇ ਵੱਡੇ ਵਿਗਿਆਨੀ ਬਣਨ ਤੋਂ ਬਾਅਦ ਡਾ. ਨਰਿੰਦਰ ਸਿੰਘ ਕਪਾਨੀ ਨੇ ਮਹਿਸੂਸ ਕੀਤਾ ਕਿ ਉਹ ਆਪਣੇ ਮਹਾਨ ਸਿੱਖ ਵਿਰਸੇ ਤੋਂ ਦੂਰ ਜਾ ਰਹੇ ਹਨ, ਉਨ੍ਹਾਂ ਨੂੰ ਆਪਣੇ ਪਿਛੋਕੜ ਵੱਲ ਵੀ ਦੇਖਣਾ ਚਾਹੀਦਾ ਹੈ। ਸਿੱਖ ਕਲਾ ਦੀ ਸੰਭਾਵਨਾ ਅਜੇ ਤੱਕ ਅਣਛੋਹੀ ਪਈ ਹੈ। ਇਸ ਨੂੰ ਵੀ ਅੱਗੇ ਵਧਾਉਣਾ ਚਾਹੀਦਾ ਹੈ। 1967 ਵਿਚ ਉਨ੍ਹਾਂ ਨੇ ਅਮਰੀਕਾ ਵਿਚ ਸਿੱਖ ਸੰਸਥਾ (ਫਾਊਂਡੇਸ਼ਨ) ਦਾ ਨੀਂਹ ਪੱਥਰ ਰੱਖਿਆ।





*ਆਪਟੀਕਲ ਫਾਈਬਰ ਦੀ ਝਲਕ ਅਤੇ (ਸੱਜੇ) ਕੰਮ 'ਚ ਮਗਨ ਨਰਿੰਦਰ ਸਿੰਘ ਕਪਾਨੀ।*

ਡਾ. ਕਪਾਨੀ ਸਿੱਖਿਆ ਅਤੇ ਕਲਾ ਦੇ ਮਾਹਿਰ ਸਨ। ਉਹ ਤਕਰੀਬਨ 50 ਸਾਲ ਸਿੱਖ ਸੰਸਥਾ ਦੇ ਚੇਅਰਮੈਨ ਰਹੇ। ਕਈ ਕੌਮਾਂਤਰੀ ਸੰਸਥਾਵਾਂ ਨਾਲ ਜੁੜ ਕੇ ਇਸ ਸੰਸਥਾ ਨੇ ਮਨੁੱਖਤਾ ਦੇ ਭਲੇ ਲਈ ਬਹੁਤ ਕੁਝ ਕੀਤਾ ਹੈ। ਇਸ ਸੰਸਥਾ ਨੇ ਕਈ ਪੇਪਰ, ਖੋਜ ਪੱਤਰ ਵੀ ਪ੍ਰਕਾਸ਼ਿਤ ਕਰਵਾਏ, ਲੋਕਾਂ ਤੱਕ ਸਿੱਖਿਆ ਪਹੁੰਚਾਈ ਅਤੇ ਕਲਾਕ੍ਰਿਤਾਂ ਵੀ ਮੁਹੱਈਆ ਕਰਵਾਈਆਂ। 1988 ਵਿਚ ਪ੍ਰੋ. ਕਪਾਨੀ ਨੇ ਕੈਲੀਫੋਰਨੀਆ ਯੂਨੀਵਰਸਿਟੀ ਸੈਂਟਾ ਬਾਰਬਰਾ ਵਿਚ ਸਿੱਖ ਅਧਿਐਨ ਬਾਰੇ ਚੇਅਰ ਸਥਾਪਤ ਕੀਤੀ। 1999 ਵਿਚ ਉਨ੍ਹਾਂ ਨੇ ਸਾਂ ਫਰਾਂਸਿਸਕੋ ਵਿਚ ਏਸ਼ੀਆ ਆਰਟ ਮਿਊਜ਼ੀਅਮ ਲਈ 5 ਲੱਖ ਡਾਲਰ ਦੀ ਸਹਾਇਤਾ ਵੀ ਦਿੱਤੀ। 1999 ਵਿਚ ਹੀ ਉਨ੍ਹਾਂ ਨੇ ਕੈਲੀਫੋਰਨੀਆ ਯੂਨੀਵਰਸਿਟੀ, ਸਾਂਤਾ ਕਰੂਜ਼ ਵਿਚ ਆਪਟੋ-ਇਲੈਕਟ੍ਰਾਨਿਕਸ ਦੀ ਚੇਅਰ ਸਥਾਪਿਤ ਕੀਤੀ। ਉਹ ਇਸ ਯੂਨੀਵਰਸਿਟੀ ਦੇ ਟਰੱਸਟੀ ਵੀ ਰਹੇ। ਇਸ ਤੋਂ ਇਲਾਵਾ ਉਹ ਕੈਲੀਫੋਰਨੀਆ ਦੇ ਮੈਨਲੋ ਸਕੂਲ, ਮੈਨਲੋ ਪਾਰਕ ਦੇ ਟਰੱਸਟੀ ਵੀ ਰਹੇ। ਕਪਾਨੀ ਕਲਾ ਪ੍ਰੇਮੀ ਸਨ। ਸਿੱਖ ਚਿੱਤਰਕਲਾ ਵਿਚ ਉਨ੍ਹਾਂ ਦੀ ਖਾਸ ਰੁਚੀ ਸੀ। ਮਾਰਚ 1999 ਵਿਚ ਲੰਡਨ ਦੇ ਵਿਕਟੋਰੀਆ ਤੇ ਅਲਰਬਟ ਮਿਊਜ਼ੀਅਮ ਦੀ ਸ਼ੁਰੂਆਤ ਵੇਲੇ ਉਨ੍ਹਾਂ ਨੇ ਕਰਜ਼ੇ ਲੈ ਕੇ ਬਹੁਤ ਹੀ ਦੁਰਲੱਭ ਪੇਂਟਿੰਗਜ਼ ਅਤੇ ਹੋਰ ਚੀਜ਼ਾਂ ਸਿੱਖ ਕਲਾ ਪ੍ਰਦਰਸ਼ਨੀ ਵਿਚ ਭੇਟ ਕੀਤੀਆਂ। 'ਪੰਜਾਬ ਦੀ ਸ਼ਾਨ' ਸਿੱਖ ਕਲਾ ਤੇ ਸਾਹਿਤ ਬਾਰੇ ਇਹੀ ਪ੍ਰਦਰਸ਼ਨੀ ਮਾਰਚ 2000 ਵਿਚ ਟੋਰਾਂਟੋ ਦੇ ਰਾਇਲ ਓਂਟਾਰੀਓ ਮਿਊਜ਼ੀਅਮ ਵਿਚ ਲਗਾਈ ਗਈ। ਸਾਰਾ ਖਰਚਾ ਕਪਾਨੀ ਨੇ ਕੀਤਾ।

ਵਿਗਿਆਨਕ ਖੋਜਾਂ, ਸਿੱਖ ਕਲਾ ਅਤੇ ਸਾਹਿਤ ਬਾਰੇ ਵੱਡੇ ਯੋਗਦਾਨ ਕਰਕੇ ਉਨ੍ਹਾਂ ਨੂੰ ਕਾਫੀ ਐਵਾਰਡ ਮਿਲੇ। ਭਾਰਤ ਸਰਕਾਰ ਵੱਲੋਂ 2004 ਵਿਚ ਉਨ੍ਹਾਂ ਨੂੰ ਪਰਵਾਸੀ ਭਾਰਤੀ ਸਨਮਾਨ ਦਿੱਤਾ ਗਿਆ; ਅਮਰੀਕਨ ਪੈਨ ਏਸ਼ੀਆ ਕਾਮਰਸ ਚੈਂਬਰ ਐਵਾਰਡ 1998, ਉੱਤਮਤਾ ਐਵਾਰਡ 2000 ਵਿਚ ਅਮਰੀਕਾ ਵਿਚ ਮਿਲਿਆ, ਫੌਰਚਿਊਨ ਨਾਇਕ ਐਵਾਰਡ 1999 ਵਿਚ ਮਿਲਿਆ ਅਤੇ ਫੀਏਟ ਲਕਸ ਐਵਾਰਡ 2008 ਵਿਚ (ਸਾਂਤਾ ਕਰੂਜ਼ ਫਾਊਂਡੇਸ਼ਨ ਵੱਲੋਂ ਦਿੱਤਾ ਗਿਆ)।

**ਡਾ. ਕਪਾਨੀ ਵੱਲੋਂ ਕੀਤੇ ਗਏ ਹੋਰ ਸ਼ਾਨਦਾਰ ਕੰਮ:** ਆਪਣੇ ਮਾਤਾ ਸ੍ਰੀਮਤੀ ਕੁੰਦਨ ਕੌਰ ਕਪਾਨੀ ਦੀ ਯਾਦ ਵਿਚ ਉਨ੍ਹਾਂ ਨੇ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਸਿੱਖ ਸਟੱਡੀ ਚੇਅਰ ਦੀ ਤਿਆਰੀ ਲਈ ਕਾਫੀ ਫੰਡਿੰਗ ਕੀਤੀ। ਡਾ. ਕਪਾਨੀ ਵੱਲੋਂ ਸਥਾਪਿਤ ਕੀਤੀ ਗਈ ਸਿੱਖ ਕਲਾ ਤੇ ਸਾਹਿਤ ਫਾਊਂਡੇਸ਼ਨ ਨੇ ਹੁਣ ਤੱਕ ਸਿੱਖ ਸਿਧਾਂਤਾਂ ਬਾਰੇ 300ਦੇ ਕਰੀਬ ਕਿਤਾਬਾਂ, ਖੋਜਕਾਰਾਂ ਵੱਲੋਂ 55 ਕਿਤਾਬਾਂ ਅਤੇ ਬੱਚਿਆਂ ਦੀ ਲਾਇਬਰੇਰੀ ਲਈ 20 ਦੇ ਕਰੀਬ ਕਿਤਾਬਾਂ ਵੀ ਛਪਵਾਈਆਂ ਹਨ।

ਯੂਨੈਸਕੋ ਦੀ ਮਦਦ ਨਾਲ ਡਾ. ਕਪਾਨੀ ਦੁਆਰਾ ਸਥਾਪਿਤ ਇਸ ਸਿੱਖ ਫਾਊਂਡੇਸ਼ਨ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਸ੍ਰੀ ਹਰਗੋਬਿੰਦਪੁਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਤਿਆਰ ਕਰਵਾਈ ਮਸਜਿਦ 'ਗੁਰੂ ਕੀ ਮਸੀਤ' ਵੀ ਦੁਬਾਰਾ ਸੋਹਣੇ ਤਰੀਕੇ ਨਾਲ ਤਿਆਰ ਕਰਵਾਈ ਹੈ। ਇਸੇ ਸਿੱਖ ਸੰਸਥਾ ਨੇ ਅਮਰੀਕਾ ਦੀ ਸਟੈਨਫਰਡ ਯੂਨੀਵਰਸਿਟੀ ਵਿਚ ਪੰਜਾਬੀ ਭਾਸ਼ਾ ਸਟੱਡੀ ਪ੍ਰੋਗਰਾਮ ਦਾ ਸੰਚਾਲਨ ਵੀ ਕੀਤਾ ਹੈ। ਇੱਕ ਸਿੱਖ ਹਾਈ ਸਕੂਲ ਵੀ ਖੋਲ੍ਹਿਆ ਜਾ ਰਿਹਾ ਹੈ। ਅਮਰੀਕਾ ਤੇ ਹੋਰ ਮੁਲਕਾਂ ਵਿਚ ਸਿੱਖ ਭਾਈਚਾਰੇ ਦੀ ਹਾਲਤ ਕਿਵੇਂ ਹੈ, ਬਾਰੇ ਵੀ ਇਸ ਸਿੱਖ ਸੰਸਥਾ ਨੇ ਕਾਫੀ ਸੋਹਣੇ ਢੰਗ ਨਾਲ ਪੂਰੇ ਵਿਸ਼ਵ ਵਿਚ ਪ੍ਰਚਾਰ ਕੀਤਾ ਹੈ। ਪਿੱਛੇ ਜਿਹੇ ਹੀ ਇਸ ਸੰਸਥਾ ਨੇ ਟੋਰਾਂਟੋ ਵਿਚ ਹੋਰਨਾਂ ਸਿੱਖ ਸੰਸਥਾਵਾਂ ਨਾਲ ਮਿਲ ਕੇ ਸਿੱਖ ਫਿਲਮ ਉਤਸਵ ਦਾ ਆਗਾਜ਼ ਵੀ ਕੀਤਾ ਹੈ।

ਲੰਡਨ ਵਿਚ ਹੀ ਕਪਾਨੀ ਦਾ ਵਿਆਹ ਸਤਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੇ ਬੱਚੇ ਅਮਰੀਕਾ ਵਿਚ ਵਧੀਆ ਨੌਕਰੀਆਂ ਕਰ ਰਹੇ ਹਨ। 4 ਦਸੰਬਰ 2020 ਨੂੰ ਵਿਸ਼ਵ ਦਾ ਇਹ ਮਹਾਨ ਸਿੱਖ ਵਿਗਿਆਨੀ ਚਲਾਣਾ ਕਰ ਗਿਆ। ਉਨ੍ਹਾਂ ਨੂੰ ਅਤੇ ਉਨ੍ਹਾਂ ਵੱਲੋਂ ਕੀਤੇ ਲੋਕ ਭਲਾਈ ਦੇ ਕੰਮਾਂ ਨੂੰ ਸਾਰੀ ਦੁਨੀਆ ਸਦਾ ਯਾਦ ਰੱਖੇਗੀ। ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਨ੍ਹਾਂ ਦੀ ਯਾਦ ਵਿਚ ਆਧੁਨਿਕ ਵਿਗਿਆਨਕ ਸੰਸਥਾ ਦੀ ਸਥਾਪਨਾ ਕਰੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨਰਿੰਦਰ ਸਿੰਘ ਕਪਾਨੀ ਨੂੰ ਯਾਦ ਰੱਖ ਸਕਣ।

# ਬਲਦੀ 'ਤੇ ਤੇਲ ਪਾਉਣ ਵਾਲੇ ਲੇਖਕ

**ਸੰਪਾਦਕ ਜੀ,**

ਖਬਰਨਾਮਾ ਦੇ ਤਾਜੇ ਅੰਕ ਵਿਚ ਇੱਕ ਲੇਖ ਹੈ, ਜਿਸ ਵਿਚ ਆਪ ਨੇ ਕੁਝ ਐਸੇ ਵਿਦਵਾਨਾਂ ਦਾ ਜ਼ਿਕਰ ਕੀਤਾ ਹੈ, ਜੋ ਬਿਨਾ ਸੋਚੇ ਸਮਝੇ ਕਿਸੇ ਵੀ ਅੰਦੋਲਨ ਵਿਚ 'ਬਲਦੀ 'ਤੇ ਤੇਲ' ਪਾਇਆ ਕਰਦੇ ਹਨ। ਇਸ ਵਿਚ ਮਸ਼ਹੂਰ ਮਰਹੂਮ ਲੇਖਕ ਜਸਵੰਤ ਸਿੰਘ ਕੰਵਲ ਹੁਰਾਂ ਦਾ ਵੀ ਜ਼ਿਕਰ ਹੈ, ਜੋ ਪੰਜਾਬ ਵਿਖੇ ਦਹਿਸ਼ਤਗਰਦੀ ਵੇਲੇ 'ਬੱਲੇ ਉਏ ਮੁੰਡਿਓ ਬੱਲੇ ਉਏ ਸ਼ੇਰੋ' ਨਾਲ ਗੁਮਰਾਹ ਕੀਤੇ ਗਏ ਨੌਜਵਾਨਾਂ ਦਾ ਹੌਸਲਾ ਵਧਾਇਆ ਕਰਦੇ ਸਨ। ਮੇਰੇ ਮਨ ਵਿਚ ਸਾਹਿਤਕਾਰਾਂ ਲਈ ਇੱਕ ਵਿਸ਼ੇਸ਼ ਸਨਮਾਨਯੋਗ ਥਾਂ ਹਮੇਸ਼ਾ ਰਹੀ ਹੈ, ਪਰ ਕੰਵਲ ਹੁਰਾਂ ਦੀ 'ਪੂੰਨਿਆਂ ਦਾ ਚਾਨਣ' ਪੜ੍ਹਦਿਆਂ ਮੇਰੀ ਇਹ ਧਾਰਨਾ ਬੁਰੀ ਤਰ੍ਹਾਂ ਜਖ਼ਮੀ ਹੋਈ ਹੈ। ਮੈਨੂੰ ਤਾਂ ਇਹ ਵੀ ਲੱਗਿਆ ਕਿ ਸ਼ਾਇਦ ਜਿਵੇਂ ਕੁਲਦੀਪ ਬਰਾੜ ਦੀ 'ਸਾਕਾ ਨੀਲਾ ਤਾਰਾ' ਬਾਰੇ ਪੁਸਤਕ ਵਿਚ ਮਨਚਾਹੀ ਤਬਦੀਲੀ ਕਰਦਿਆਂ ਦਹਿਸ਼ਤਗਰਦੀ ਦੇ ਮੁਖੀ ਦੇ ਪੱਖ ਵਿਚ ਲਿਖ ਛਾਪ ਦੇਣ ਬਾਰੇ ਸੁਣਿਆ ਸੀ, ਕਿਸੇ ਕੰਵਲ ਹੁਰਾਂ ਦੀ ਇਸ ਪੁਸਤਕ ਨਾਲ ਛੇੜ ਛਾੜ ਕੀਤੀ ਹੋਵੇ। ਕਿਉਂਕਿ ਮੇਰੀ ਨਜ਼ਰ ਵਿਚ ਇੱਕ ਉੱਚ ਕੋਟੀ ਦਾ ਲੇਖਕ ਨਫਰਤ ਨਾਲ ਭਰੇ ਅਤੇ ਇਹੋ ਜਿਹੇ ਪੱਖਪਾਤੀ ਵਿਚਾਰ ਨਹੀਂ ਲਿਖ ਸਕਦਾ। 'ਪੂੰਨਿਆਂ ਦਾ ਚਾਨਣ' ਦੇ ਸਫਾ 53 ਅਤੇ 111 ਉੱਤੇ ਉਹ ਲਿਖਦੇ ਹਨ, "ਇੰਦਰਾ ਦੀ ਹੈਂਕੜ ਨੇ ਸ੍ਰੀ ਅਕਾਲ ਤਖਤ ਅਮਰੀਕੀ ਟੈਂਕਾਂ ਨਾਲ ਆ ਢਾਹਿਆ।" ਇੱਕ ਸੂਝਵਾਨ ਲੇਖਕ ਨੂੰ ਦਰਬਾਰ ਸਾਹਿਬ ਨੂੰ ਜੰਗੇ ਮੈਦਾਨ ਬਣਾਈਂ ਬੈਠੇ ਲੋਕ ਨਹੀਂ ਦਿਖੇ? ਸਫਾ 176 'ਤੇ ਇਹ ਅੰਮ੍ਰਿਤਾ ਪ੍ਰੀਤਮ ਨਾਲ ਖਫਾ ਹਨ ਕਿ ਉਸ ਨੇ ਦਿੱਲੀ ਕਤਲੇਆਮ ਬਾਰੇ ਮੂੰਹ ਕਿਉਂ ਸਿਉਂ ਲਿਆ, ਜਦਕਿ ਵੰਡ ਦੇ ਦੁਖਾਂਤ 'ਤੇ ਵਾਰਸ ਸ਼ਾਹ ਨੂੰ ਆਵਾਜ਼ਾਂ ਮਾਰੀਆਂ।

ਤਾਂ ਜਨਾਬ ਅੰਮ੍ਰਿਤਾ ਪ੍ਰੀਤਮ ਜਾਣਦੀ ਸੀ ਕਿ ਇਹ ਕਤਲੇਆਮ ਪੰਜਾਬ ਵਿਚ ਕੀਤੀ ਗਈ ਬੁਰਛਾਗਰਦੀ ਦਾ ਨਤੀਜਾ ਸੀ, ਜਿਸ ਬੁਰਛਾਗਰਦੀ ਬਾਰੇ ਕੰਵਲ ਸਾਹਿਬ ਨੇ ਵੀ ਮੂੰਹ ਸਿਉਂ ਲਿਆ ਸੀ। ਫਿਰ ਇਹ ਅੰਮ੍ਰਿਤਾ ਦੀ ਸਿਗਰਟਨੋਸ਼ੀ ਅਤੇ ਸਾਹਿਰ ਨਾਲ ਲਗਾਓ ਬਾਰੇ ਵੀ ਲਿਖਦੇ ਹਨ। ਤਾਂ ਜਨਾਬ ਆਪ ਇਹ ਦਾਰੂ ਪੀਂਦੇ ਰਹੇ ਅਤੇ ਡਾ. ਗਿੱਲ ਨਾਲ ਇਸ਼ਕ ਲੜਾਉਂਦੇ ਰਹੇ। ਸਿਗਰਟ ਤਾਂ ਦਾਰੂ ਨਾਲੋਂ ਬਹੁਤ ਹਲਕਾ ਨਸ਼ਾ ਹੈ ਅਤੇ ਤੰਬਾਕੂ ਬਾਰੇ ਕੱਟੜ ਸਿੱਖੀ ਦਾ ਰਵੱਈਆ ਇੱਕ ਵਿਚਾਰਸ਼ੀਲ ਵਿਦਵਾਨ ਲਈ ਤਰਕ ਦੀ ਕਸੌਟੀ 'ਤੇ ਖਰਾ ਨਹੀਂ ਉਤਰਦਾ। ਇੱਕ ਹੋਰ ਜਗ੍ਹਾਂ ਵੀ ਇਨ੍ਹਾਂ ਨਹਿਰੂ ਬਾਰੇ ਬੜੇ ਘਟੀਆ ਲਫਜ਼ ਵਰਤੇ ਸਨ। ਉਂਜ ਇਸ ਪੁਸਤਕ ਵਿਚ ਇਨ੍ਹਾਂ ਕੁਝ ਯਥਾਰਥਕ ਤਜਰਬੇ ਵੀ ਸਾਂਝੇ ਕੀਤੇ ਹਨ। ਮਸਲਨ 'ਜੱਟ ਤੇ ਝੋਟਾ ਪਿਛਲੇ ਜਨਮ 'ਚ ਮਤਰਏ ਭਰਾ ਸਨ।' ਜਾਂ 'ਪੰਜਾਬੀ ਕਦੇ ਅਕਲ ਅਤੇ ਜ਼ੋਰ ਦਾ ਸਹੀ ਜੋੜ ਨਹੀਂ ਬਣਾ ਸਕਿਆ' ਜਾਂ ਫੇਰ 'ਬਾਰਾਂ ਕੋਹ ਦਾ ਗੇੜਾ ਲਾ ਕੇ ਹੀ ਜੱਟ ਨੂੰ ਅਕਲ ਆਉਂਦੀ ਹੈ।' ਕਈ ਜਗ੍ਹਾ ਇਨ੍ਹਾਂ ਬੜੀਆਂ ਸਿਆਣੀਆਂ ਗੱਲਾਂ ਵੀ ਲਿਖੀਆਂ ਹਨ, ਜਿਵੇਂ 'ਜਿੱਥੇ ਸਮਝ ਦੀ ਸੀਮਾ ਮੁੱਕਦੀ ਹੈ, ਉੱਥੋਂ ਜਨੂੰਨ ਦੀ ਸੀਮਾ ਅਰੰਭ ਹੁੰਦੀ ਹੈ।' ਇੱਕ ਹੋਰ 'ਅਧਿਆਤਮਵਾਦ ਇੱਕ ਕਲਪਿਤ ਵਿਸ਼ਵਾਸ ਹੈ, ਜਿਸ ਦਾ ਕੋਈ ਠੋਸ ਵਜੂਦ ਨਹੀਂ।' ਅੱਜ ਵੀ ਐਸੇ ਬੁੱਧੀਜੀਵੀਆਂ ਦੀ ਕਮੀ ਨਹੀਂ, ਜੋ ਹਕੀਕਤਾਂ ਤੋਂ ਮੂੰਹ ਮੋੜ 'ਲਾਅਲਾ ਲਾਅਲਾ' ਕਰਨ ਦੀ ਅੰਨ੍ਹੀ ਦੌੜ ਵਿਚ ਸ਼ਾਮਲ ਹੋ ਜਾਂਦੇ ਹਨ। ਕਿਉਂ? ਇਹ ਤਾਂ ਉਹੀ ਬੇਹਤਰ ਜਾਣਦੇ ਹੋਣਗੇ।

***-ਹਰਜੀਤ ਦਿਓਲ, ਬਰੈਂਪਟਨ***

ਇਤਿਹਾਸ

# ਪੰਜਾਬ ਦੀ ਦਰਦਨਾਇਕ ਵੰਡ ਦੇ ਮੋਹਰੇ ਤੇ ਤੱਥ

***ਸਰੀ, ਕੈਨੇਡਾ ਵਸਦਾ ਬਹੁਰੰਗੀ ਤੇ ਬਹੁਪੱਖੀ ਪੰਜਾਬੀ ਲੇਖਕ ਸੰਤੋਖ ਸਿੰਘ ਮੰਡੇਰ ਆਪਣੀ ਨਿਵੇਕਲੀ ਸ਼ੈਲੀ ਵਿਚ ਖੇਡਾਂ-ਖਿਡਾਰੀਆਂ, ਸਫਰਨਾਮੇ ਤੇ ਇਤਿਹਾਸ ਦੇ ਜੀਵਨ ਦੀਆਂ ਪਰਤਾਂ ਫਰੋਲਦਿਆਂ ਅਸਲ ਦੀ ਤਲਾਸ਼ ਵਿਚ ਰਹਿੰਦਾ ਹੈ। ਆਪਣੇ ਪਹਿਲੇ ਲੇਖ (ਪੰਜਾਬ ਟਾਈਮਜ਼ ਦੇ ਅੰਕ 16 ਅਤੇ 17 ਵਿਚ ਛਪੇ) ਵਿਚ ਲੇਖਕ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ 'ਦੇਸ ਪੰਜਾਬ' ਵਿਚ ਸਿੱਖ ਰਾਜ ਦੇ ਢਾਂਚੇ ਬਾਰੇ ਨਿਵੇਕਲੀ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਸੀ। ਹਥਲੇ ਲੇਖ ਵਿਚ ਉਨ੍ਹਾਂ 1947 ਦੀ ਦੇਸ਼ ਵੰਡ ਯਾਨਿ ਭਾਰਤ-ਪਾਕਿਸਤਾਨ ਬਟਵਾਰੇ ਦੇ ਸੰਦਰਭ ਵਿਚ ਪੰਜਾਬ ਦੀ ਦਰਦਨਾਇਕ ਵੰਡ ਲਈ ਉਘੜੀਆਂ ਪ੍ਰਸਥਿਤੀਆਂ, ਉਸ ਦੇ ਮੋਹਰੇ ਤੇ ਤੱਥਾਂ ਦਾ ਵਿਖਿਆਨ ਕੀਤਾ ਹੈ। ਪੇਸ਼ ਹੈ, ਲੇਖ ਦੀ ਪਹਿਲੀ ਕਿਸ਼ਤ।***



**ਸੰਤੋਖ ਸਿੰਘ ਮੰਡੇਰ, ਕੈਨੇਡਾ**
**ਵ੍ਹੱਟਸਐਪ: 1-604-505-7000**

ਭਾਰਤ ਵਿਚ ਅੰਗਰੇਜ਼ ਸਾਮਰਾਜ ਦੇ ਆਖਰੀ ਵਾਇਸਰਾਏ, ਲੂਇਸ ਫਰਾਂਸਿਸ ਐਲਬਰਟ ਵਿਕਟਰ ਨਿਕੋਲਸ, ਅਰਲ ਮਾਊਂਟਬੈਟਨ ਆਫ ਬਰਮਾ ਤੇ ਗਵਰਨਰ ਜਨਰਲ ਭਾਰਤ ਲਾਰਡ ਮਾਊਂਟਬੈਟਨ ਦੀ ਪ੍ਰਧਾਨਗੀ ਵਿਚ 11 ਮਈ 1947 ਨੂੰ ਪੰਜਾਬ ਦੀ ਵੰਡ ਬਾਰੇ ਇਕ ਬੈਠਕ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿਚ ਹੋਈ, ਜਿਸ ਵਿਚ ਭਾਰਤੀ ਕਾਂਗਰਸ ਪਾਰਟੀ ਦੇ ਆਗੂ ਤੇ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਪੰਜਾਬ ਸੂਬੇ ਦੇ ਆਖਰੀ ਗਵਰਨਰ 'ਸਰ ਈਵਾਨ ਮਰਦਿਥ ਜੈਨਕਿਨਜ਼' ਹਾਜ਼ਰ ਸਨ। ਇਸ ਬੈਠਕ ਵਿਚ ਭਾਰਤ ਦੇ ਵਾਇਸਰਾਏ ਤੇ ਗਵਰਨਰ ਜਨਰਲ ਨੇ ਕਿਹਾ ਕਿ ਬਰਤਾਨਵੀ ਹਕੂਮਤ ਨੂੰ ਕੰਮ-ਕਾਜ ਦੇ ਮਕਸਦ ਨਾਲ ਪੰਜਾਬ ਵਿਚ ਕਾਲਪਨਿਕ ਮੁਸਲਿਮ ਤੇ ਗੈਰ-ਮੁਸਲਿਮ ਜਿਲਿਆਂ ਦੇ ਆਧਾਰ 'ਤੇ ਵੰਡ ਕਰਨ ਦੀ ਲੋੜ ਹੈ। ਇਸ ਨਾਲ ਭਾਰਤ ਦੀ ਵੰਡ ਲਈ ਨਾਮਜ਼ਦ ਹੱਦਬੰਦੀ ਕਮਿਸ਼ਨ ਵਲੋਂ ਭਵਿੱਖ ਵਿਚ ਕੀਤੇ ਜਾਣ ਵਾਲੇ ਕੰਮ ਉੱਪਰ ਇਸ ਦਾ ਅਸਰ ਨਹੀਂ ਪਵੇਗਾ। ਪੰਡਿਤ ਨਹਿਰੂ ਨੇ ਮੰਨਿਆ ਕਿ ਜਾਇਦਾਦਾਂ ਦੀ ਮਲਕੀਅਤ ਵਾਲਾ ਅਸੂਲ, ਜਿਸ ਉਪਰ ਸਾਰੇ ਸਿੱਖ ਜੋਰ ਦੇ ਰਹੇ ਹਨ, ਨੂੰ ਇਲਾਕੇ ਸਪੁਰਦ ਕੀਤੇ ਜਾਣ ਦਾ ਵਾਜਬ ਆਧਾਰ ਨਹੀਂ ਬਣਾਇਆ ਜਾ ਸਕਦਾ। ਪੱਛਮੀ ਪੰਜਾਬ ਵਿਚ ਅੰਗਰੇਜ਼ ਸਾਮਰਾਜ ਸਮੇਂ ਸਿੱਖਾਂ ਕੋਲ ਜਮੀਨ ਜਾਇਦਾਦ ਦੀ ਮਾਲਕੀ ਹੋਰ ਕੌਮਾਂ ਦੇ ਮੁਕਾਬਲੇ ਸਭ ਨਾਲੋਂ ਵੱਧ ਸੀ। ਜੇ ਘਰੇਲੂ ਜਮੀਨ ਜਾਇਦਾਦ ਦੇ ਆਧਾਰ 'ਤੇ ਮੁਲਕ ਦੀ ਵੰਡ ਹੁੰਦੀ ਤਾਂ ਹੁਣ ਦਾ ਅੱਧਾ ਪਾਕਿਸਤਾਨ ਭਾਰਤੀ ਪੰਜਾਬ ਦਾ ਹਿੱਸਾ ਬਣਦਾ ਸੀ। ਉਜਾੜ ਪਏ ਪੱਛਮੀ ਪੰਜਾਬ ਵਿਚ ਸਾਂਦਲ ਬਾਰ, ਗੰਜੀ ਬਾਰ, ਕਰਾਨਾ ਬਾਰ, ਨੀਲੀ ਬਾਰ, ਗੋਦਲ ਬਾਰ ਤੇ ਰਚਨਾ ਦੁਆਬ ਬਾਰ ਦੇ ਨਾਲ ਨਾਲ ਲਾਇਲਪੁਰ ਸ਼ਹਿਰ ਨੂੰ ਵਸਾਇਆ ਹੀ ਅੰਗਰੇਜ਼ਾਂ ਦੇ ਨਹਿਰੀ ਪਾਣੀ ਅਤੇ ਜੱਟ ਸਿੱਖਾਂ ਦੀ ਸਖਤ ਤੇ ਬੇਖੌਫ ਮਿਹਨਤ ਨੇ ਸੀ। ਪੰਡਿਤ ਨਹਿਰੂ ਨੇ ਸਿਰਫ ਇੰਨਾ ਕਿਹਾ ਸੀ, "ਕੁਝ ਮੁਸਲਿਮ ਬਹੁਲਤਾ ਵਾਲੇ ਇਲਾਕਿਆਂ ਵਿਚ ਸਿੱਖਾਂ ਦੇ ਧਾਰਮਿਕ ਅਸਥਾਨ ਜਰੂਰ ਮੌਜੂਦ ਹਨ, ਇਸ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।"

ਭਾਰਤੀ ਮਹਾਂਦੀਪ ਵਿਚ ਨਵੇਂ ਬਣਨ ਵਾਲੇ ਦੇਸ਼ ਪਾਕਿਸਤਾਨ ਨੂੰ ਅੰਗਰੇਜ਼ ਸਰਕਾਰ ਨੇ ਪ੍ਰਵਾਨ ਕਰਨ ਦਾ ਪੱਕਾ ਮਨ ਬਣਾ ਲਿਆ ਸੀ। ਭਾਰਤੀ ਉਪ-ਮਹਾਂਦੀਪ ਵਿਚ ਨਵੇਂ ਪਾਕਿਸਤਾਨ ਦੇਸ਼ ਦੇ ਜਨਮਦਾਤਾ ਕਾਇਦੇ ਆਜ਼ਮ-ਮੁਹੰਮਦ ਅਲੀ ਜਿਨਾਹ ਦੇ ਇਰਾਦੇ ਬਹੁਤ ਮਜਬੂਤ ਤੇ ਪੱਕੇ ਸਨ ਅਤੇ ਸਾਰੀ ਮੁਸਲਿਮ ਕੌਮ ਉਨ੍ਹਾਂ ਨਾਲ ਅਡੋਲ 'ਖੰਭੇ ਵਾਂਗ' ਖੜ੍ਹੀ ਸੀ। ਸਾਰੇ ਭਾਰਤ ਵਿਚ ਮੁਸਲਿਮ ਭਾਈਚਾਰੇ ਲਈ ਉਨ੍ਹਾਂ ਦਾ ਆਖਿਆ ਤੇ ਲਿਖਿਆ ਹੁਕਮ ਰੱਬ ਦਾ ਬੋਲ ਸੀ। ਸਿੱਖਾਂ ਵਿਚ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਕੋਈ ਵੀ ਪਾਏਦਾਰ ਸਿੱਖ ਇਸ ਬਹਾਦਰ ਤੇ ਨਿਡਰ ਕੌਮ ਦਾ ਨੇਤਾ ਨਾ ਬਣ ਸਕਿਆ, ਜਿਸ ਕਾਰਨ ਸੰਸਾਰ ਦੀ ਇਹ ਧਰਮੀ ਤੇ ਕਰਮੀ ਕੌਮ ਖੇਰੂੰ ਖੇਰੂੰ ਹੋ ਗਈ, ਤੇ ਅੱਜ ਤੱਕ ਰੁਲ ਰਹੀ ਹੈ।

ਪੰਜਾਬ ਦੇ ਗਵਰਨਰ ਸਰ ਜੈਨਕਿਨਜ਼-ਜੀ. ਸੀ. ਆਈ. ਈ., ਕੇ. ਸੀ. ਐਸ. ਆਈ. (ਭਾਰਤੀ ਅੰਗਰੇਜ਼ ਸਰਕਾਰ ਦੇ ਬਹੁਤ ਮਸ਼ਹੂਰ ਤੇ ਸਤਿਕਾਰਤ ਤਮਗੇ/ਮੈਡਲ) ਦਾ ਖਿਆਲ ਸੀ ਕਿ ਪੱਛਮੀ ਪੰਜਾਬ ਵਿਚ ਸਿੱਖਾਂ ਦੇ ਕਈ ਧਾਰਮਿਕ ਅਸਥਾਨ ਨਨਕਾਣਾ ਸਾਹਿਬ, ਸੱਚਾ ਸੌਦਾ, ਕਰਤਾਰਪੁਰ ਸਾਹਿਬ, ਪੰਜਾ ਸਾਹਿਬ ਅਤੇ ਪਿੰਡਾਂ ਕਸਬਿਆਂ ਵਿਚ ਸੈਂਕੜੇ ਇਤਿਹਾਸਕ ਸ਼ਾਨਦਾਰ, ਧਾਰਮਿਕ ਸਥਾਨ ਗੁਰਦੁਆਰੇ ਵੀ ਹਨ, ਜਿਨ੍ਹਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ; ਪਰ ਸਿੱਖਾਂ ਦਾ ਅਸਲੀ ਪਵਿੱਤਰ ਅਸਥਾਨ ਪੂਰਬੀ ਪੰਜਾਬ ਦੇ ਸ਼ਹਿਰ ਅੰਮ੍ਰਿਤਸਰ ਵਿਚ ਹੀ ਹੈ, ਜੋ ਹਰ ਹਾਲ ਵਿਚ ਸਿੱਖਾਂ ਨੂੰ ਮਿਲਣਾ ਹੀ ਚਾਹੀਦਾ ਹੈ। ਅੰਗਰੇਜ਼ ਗਵਰਨਰ ਸਾਹਿਬ ਭਵਿੱਖ ਵਿਚ ਪੰਜਾਬ ਦੇ ਦੋ ਜਿਲਿਆਂ-ਲਾਹੌਰ ਤੇ ਗੁਰਦਾਸਪੁਰ ਨੂੰ ਹੱਦਬੰਦੀ ਕਮਿਸ਼ਨ ਵਲੋਂ ਦੋ ਟੁਕੜਿਆਂ ਵਿਚ ਵੰਡਿਆ ਵੀ ਵੇਖ ਰਿਹਾ ਸੀ। ਇਸ ਦੌਰਾਨ ਪੰਜਾਬ ਦੀ ਵੰਡ ਦੇ ਢੰਗ ਤਰੀਕੇ ਬਾਰੇ ਗੱਲਬਾਤ ਸ਼ੁਰੂ ਹੋ ਗਈ।

'ਕਿਆਸੀ ਵੰਡ' ਦਾ ਮਕਸਦ ਇਹ ਪਤਾ ਕਰਨ ਲਈ, ਕਾਰਵਾਈ ਢਾਂਚਾ ਕਾਇਮ ਕਰਨਾ ਸੀ ਕਿ ਆਮ ਜਨਤਾ ਦੇ ਉਲਟ ਸੰਵਿਧਾਨਕ ਅਸੈਂਬਲੀ ਵਿਚ ਚੁਣੇ ਗਏ ਪੰਜਾਬੀਆਂ ਦੇ ਨੁਮਇੰਦੇ ਕੀ ਸੋਚਦੇ ਹਨ। ਪੰਜਾਬ ਸੂਬੇ ਦੇ 29 ਜਿਲਿਆਂ-ਅੰਬਾਲਾ, ਰੋਹਤਕ, ਹਿਸਾਰ, ਗੁੜਗਾਉਂ, ਕਰਨਾਲ (ਅੰਬਾਲਾ ਡਿਵੀਜਨ); ਜਲੰਧਰ, ਕਾਂਗੜਾ, ਸ਼ਿਮਲਾ, ਹੁਸ਼ਿਆਰਪੁਰ, ਲੁਧਿਆਣਾ, ਫਿਰੋਜ਼ਪੁਰ (ਜਲੰਧਰ ਡਿਵੀਜਨ); ਲਾਹੌਰ, ਗੁਜਰਾਂਵਾਲਾ, ਸਿਆਲਕੋਟ, ਸ਼ੇਖੂਪੁਰਾ, ਅੰਮ੍ਰਿਤਸਰ, ਗੁਰਦਾਸਪੁਰ (ਲਾਹੌਰ ਡਿਵੀਜਨ); ਰਾਵਲਪਿੰਡੀ, ਗੁਜਰਾਤ, ਜੇਹਲਮ, ਸ਼ਾਹਪੁਰ, ਅਟਕ, ਮੀਆਂਵਾਲੀ (ਰਾਵਲਪਿੰਡੀ ਡਿਵੀਜਨ); ਮੁਲਤਾਨ, ਮਿੰਟਗੁਮਰੀ, ਝੰਗ, ਲਾਇਲਪੁਰ, ਮੁਜੱਫਰਗੜ੍ਹ, ਡੇਰਾ ਗਾਜੀਖਾਨ (ਮੁਲਤਾਨ ਡਿਵੀਜਨ) ਅਤੇ 5 ਕਮਿਸ਼ਨਰੀਆਂ-ਅੰਬਾਲਾ, ਜਲੰਧਰ, ਲਾਹੌਰ, ਰਾਵਲਪਿੰਡੀ, ਮੁਲਤਾਨ ਨੂੰ ਕਾਲਪਨਿਕ ਤੌਰ 'ਤੇ ਮੁਸਲਿਮ ਤੇ ਗੈਰ-ਮੁਸਲਿਮ ਬਹੁਗਿਣਤੀ ਵਾਲੇ ਸੂਬਿਆਂ ਵਿਚ ਵੰਡਣ ਲਈ, ਜਿਲੇ ਨੇ ਇਕਾਈ ਦਾ ਕੰਮ ਕਰਨਾ ਸੀ।

ਇਨ੍ਹਾਂ ਖਿਆਲਾਂ ਨੂੰ 13 ਮਈ 1947 ਦੇ ਵਾਇਸਰਾਏ ਦੇ ਉਸ ਭਾਸ਼ਣ ਦੇ ਖਰੜੇ ਵਿਚ ਹੋਰ ਵਿਕਸਿਤ ਕੀਤਾ ਗਿਆ, ਜਿਸ ਵਿਚ ਹਿੰਦੋਸਤਾਨੀਆਂ ਨੂੰ ਹਿੰਦੋਸਤਾਨ ਦੇ ਦੋ ਸੂਬਿਆਂ-ਪੰਜਾਬ ਤੇ ਬੰਗਾਲ ਦੀ ਵੰਡ ਦੇ ਫੈਸਲੇ ਬਾਰੇ ਦੱਸਿਆ ਜਾਣਾ ਸੀ। ਮੁਸਲਿਮ ਲੀਗ ਦੇ ਆਗੂ ਮੁਹੰਮਦ ਅਲੀ ਜਿਨਾਹ ਨੇ ਖਰੜੇ ਵਿਚਲੇ ਬਿਆਨ ਉਪਰ ਟਿੱਪਣੀ ਕਰਦਿਆਂ ਐਲਾਨ ਕੀਤਾ ਕਿ 'ਅਖਲ ਭਾਰਤੀ ਮੁਸਲਿਮ ਲੀਗ' ਨੇ ਪੱਕੇ ਤੌਰ 'ਤੇ ਫੈਸਲਾ ਕੀਤਾ ਹੈ ਕਿ ਉਹ ਕੈਬਨਿਟ ਮਿਸ਼ਨ ਯੋਜਨਾ ਨੂੰ ਕਿਸੇ ਵੀ ਰੂਪ ਵਿਚ ਮਨਜ਼ੂਰ ਨਹੀਂ ਕਰੇਗੀ। ਜਨਾਬ ਜਿਨਾਹ ਨੇ ਦੁਹਰਾਇਆ ਕਿ ਪੰਜਾਬ ਤੇ ਬੰਗਾਲ ਦੀ ਵੰਡ ਉਸ ਨੂੰ ਬਿਲਕੁਲ ਮਨਜ਼ੂਰ ਨਹੀਂ ਹੈ, ਪਰ ਨਵੇਂ ਮੁਸਲਿਮ ਮੁਲਕ ਅਤੇ ਘੱਟ-ਗਿਣਤੀਆਂ, ਖਾਸਕਰ 'ਸਿੱਖਾਂ' ਦੇ ਦੇਸ਼ ਪਾਕਿਸਤਾਨ ਲਈ ਉਸ ਦੇ ਠੋਸ ਇਰਾਦੇ ਅਤੇ ਮਜਬੂਤ ਨਿਸ਼ਾਨੇ ਸਨ। 17 ਮਈ 1947 ਵਾਲੇ ਬਿਆਨ ਦੇ ਸੋਧੇ ਖਰੜੇ ਵਿਚ ਇਕ ਅੰਤਿਕਾ ਜੋੜੀ ਗਈ, ਜਿਸ ਵਿਚ ਪੰਜਾਬ ਨੂੰ 1941 ਦੀ ਮਰਦਮ ਸੁਮਾਰੀ ਦੇ ਆਧਾਰ 'ਤੇ 17 ਮੁਸਲਿਮ ਬਹੁਗਿਣਤੀ ਵਾਲੇ ਅਤੇ 12 ਹਿੰਦੂ-ਸਿੱਖ ਬਹੁ-ਗਿਣਤੀ ਵਾਲੇ ਜਿਲਿਆਂ ਵਿਚ ਵੰਡਣ ਦੀ ਕਲਪਨਾ ਕੀਤੀ ਗਈ ਸੀ। ਲਾਹੌਰ ਦੇ ਮਸ਼ਹੂਰ 'ਐਚੀਸੰਨ ਕਾਲਜ' ਦਾ ਪੜ੍ਹਿਆ, ਲੈਫਟੀਨੈਂਟ ਕਰਨਲ, ਸਰ ਮਲਿਕ ਖਿਜਰ ਹਯਾਤ ਟਿਵਾਣਾ ਇਸ ਸਮੇਂ ਸੰਯੁਕਤ ਅੰਗਰੇਜ਼ੀ ਪੰਜਾਬ ਦੇ ਮੁੱਖ ਮੰਤਰੀ ਸਨ। ਅੰਗਰੇਜ਼ ਸਾਮਰਾਜ ਵਿਚ ਪੰਜਾਬ ਦੇ ਲੋਕਾਂ ਦੀ ਮੁੱਖ ਬੋਲੀ ਬਾਬੇ ਨਾਨਕ ਵਾਲੀ 'ਗੁਰਮੁਖੀ' ਸੀ, ਪਰ ਸਕੂਲਾਂ ਵਿਚ ਹਰ ਕੌਮ ਦੇ ਬੱਚਿਆਂ ਨੂੰ 'ਉਰਦੂ' ਵਿਚ ਹੀ ਸਾਰੀ ਪੜ੍ਹਾਈ ਕਰਵਾਈ ਜਾਂਦੀ ਸੀ। 'ਸਤਿ ਸ੍ਰੀ ਅਕਾਲ', 'ਨਮਸਤੇ' ਅਤੇ 'ਅਸਲਾਮਾਲੇਕਮ' ਪੰਜਾਬੀਆਂ ਵਿਚ ਆਮ ਪ੍ਰਚਲਤ ਸਨ।



*ਮਹਾਰਾਜਾ ਯਾਦਵਿੰਦਰ ਸਿੰਘ*



*ਲਿਆਕਤ ਅਲੀ ਖਾਨ*

ਲਾਰਡ ਮਾਊਂਟਬੈਟਨ ਨੇ 15-16 ਮਈ 1947 ਨੂੰ ਦਿੱਲੀ ਵਿਖੇ ਹੋਈ ਇਕ ਬੈਠਕ ਵਿਚ ਮੁਸਲਿਮ ਲੀਗ ਦੇ ਆਗੂ ਮੁਹੰਮਦ ਅਲੀ ਜਿਨਾਹ ਨੂੰ ਰਾਜ਼ੀ ਕਰ ਲਿਆ ਸੀ ਕਿ ਉਹ ਪਟਿਆਲੇ ਦੇ ਸਿੱਖ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਮਿਲ ਕੇ ਪਤਾ ਕਰੇ ਕਿ ਕੀ ਮੁਸਲਮਾਨ ਅਤੇ ਸਿੱਖ ਕਿਸ ਤਰਕੀਬ ਉਪਰ ਰਜ਼ਾਮੰਦ ਹੋ ਕੇ ਪੰਜਾਬ ਨੂੰ ਇੱਕਠਾ ਰੱਖ ਸਕਦੇ ਹਨ, ਜਾਂ ਨਹੀਂ? ਮੁਹੰਮਦ ਅਲੀ ਜਿਨਾਹ ਨੇ ਮਹਾਰਾਜਾ ਪਟਿਆਲਾ ਨੂੰ ਭਰੋਸਾ ਦਿਵਾਇਆ ਕਿ ਨਵੇਂ ਬਣਨ ਵਾਲੇ ਮੁਲਕ ਪਾਕਿਸਤਾਨ ਵਿਚ ਘੱਟ-ਗਿਣਤੀਆਂ ਦੀ ਪੂਰੀ ਹਿਫਾਜ਼ਤ ਕੀਤੀ ਜਾਵੇਗੀ, ਭਾਵੇਂ ਉਹ ਕੋਈ ਠੋਸ ਤਜਵੀਜ਼ ਜਾਂ ਢੰਗ ਤਰੀਕਾ ਹਾਲੀ ਨਹੀਂ ਸੁਝਾਵੇਗਾ। ਜਿਥੋਂ ਤਕ ਨਵੇਂ ਹਿੰਦੋਸਤਾਨ ਨਾਲ ਅੰਤਰਰਾਸ਼ਟਰੀ ਸਰਹੱਦ ਦਾ ਸਵਾਲ ਸੀ, ਮਹਾਰਾਜਾ ਪਟਿਆਲਾ ਨੇ ਸਿੱਖਾਂ ਦੀ ਮੰਗ ਨੂੰ ਦੁਹਰਾਇਆ ਕਿ ਇਹ ਚਨਾਬ ਦਰਿਆ ਤੱਕ ਹੋਵੇ, ਜਦੋਂ ਕਿ ਜਨਾਬ ਜਿਨਾਹ ਚਾਹੁੰਦਾ ਸੀ ਕਿ ਇਹ ਹੱਦ ਦਰਿਆ ਸਤਲੁਜ ਤੱਕ ਬਣੇ। ਆਮ ਪੰਜਾਬ ਦੇ ਲੋਕਾਂ ਨੂੰ ਲਗਦਾ ਸੀ ਕਿ ਅਜਿਹੀ ਸਰਹੱਦ ਲਈ ਦਰਿਆ ਰਾਵੀ ਨੂੰ ਸਾਂਝੇ ਸਮਝੌਤੇ ਵਾਂਗ ਮਨਜ਼ੂਰ ਕਰ ਲਿਆ ਜਾਵੇਗਾ।



***ਲਾਰਡ ਮਾਊਂਟਬੈਟਨ (ਐਨ ਵਿਚਾਲੇ) ਨਾਲ ਮੁਸਲਿਮ ਲੀਗ ਲੀਡਰ ਮੁਹੰਮਦ ਅਲੀ ਜਿਨਾਹ (ਐਨ ਸੱਜੇ) ਅਤੇ ਕਾਂਗਰਸ ਪਾਰਟੀ ਦੇ ਆਗੂ ਪੰਡਿਤ ਨਹਿਰੂ (ਐਨ ਖੱਬੇ)***

ਅੰਗਰੇਜ਼ ਸਰਕਾਰ ਦੇ ਵਾਇਸਰਾਏ ਸਾਹਿਬ ਦੇ ਮੁੱਖ ਸਕੱਤਰ, ਸਰ ਐਰਿਕ ਮੀਵਿਲ ਨੇ 20 ਮਈ 1947 ਦੀ ਇਕ ਤਾਰ ਵਿਚ ਵਾਇਸਰਾਏ ਹਿੰਦੋਸਤਾਨ ਲਾਰਡ ਮਾਊਂਟਬੈਟਨ ਨੂੰ ਜਨਾਬ ਜਿਨਾਹ ਤੇ ਮਹਾਰਾਜਾ ਪਟਿਆਲਾ ਦਰਮਿਆਨ ਮਿਲਣੀ ਬਾਰੇ ਦੱਸਿਆ ਅਤੇ ਮਹਾਰਾਜਾ ਪਟਿਆਲਾ ਦੇ ਹਵਾਲੇ ਨਾਲ ਲਿਖਿਆ ਕਿ ਉਸ ਯਾਨਿ ਮਹਾਰਾਜਾ ਪਟਿਆਲਾ ਨੇ ਲੰਬੀ ਗੱਲਬਾਤ ਕੀਤੀ ਤੇ ਜਨਾਬ ਜਿਨਾਹ ਨੂੰ ਹਿੰਦੋਸਤਾਨ ਦੀ ਵੰਡ ਦੇ ਤਬਾਹਕੁੰਨ ਨਤੀਜਿਆਂ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ; ਪਰ ਉਸ ਨੇ ਵੇਖਿਆ ਕਿ ਜਨਾਬ ਜਿਨਾਹ ਇਸ ਬਾਰੇ ਜ਼ਿੱਦੀ ਤੇ ਦ੍ਰਿੜ ਸੀ।

ਉਸੇ ਤਾਰ ਵਿਚ ਸਕੱਤਰ ਮੀਵਿਲ ਨੇ ਲਿਖਿਆ ਕਿ ਸਿੱਖ ਆਗੂ ਪੰਜਾਬ ਦੀ ਵੰਡ ਨੂੰ ਜਰੂਰੀ ਸਮਝਦੇ ਹਨ ਤੇ ਸੂਬੇ ਦੀ ਕਿਸੇ ਤਰ੍ਹਾਂ ਦੀ ਅਜਿਹੀ ਵੰਡ ਦਾ ਸਿੱਖਾਂ ਵਲੋਂ ਸਖਤ ਵਿਰੋਧ ਹੋਵੇਗਾ, ਜਿਹੜੀ ਉਨ੍ਹਾਂ ਦੀ ਜਮੀਨ ਜਾਇਦਾਦ, ਉਨ੍ਹਾਂ ਦੇ ਅਤੀ ਪਵਿੱਤਰ ਧਾਰਮਿਕ ਸਥਾਨਾਂ ਸਬੰਧੀ ਉਨ੍ਹਾਂ ਦੇ ਹੱਕਾਂ ਦੀ ਪ੍ਰਵਾਹ ਨਾ ਕਰਦੀ ਹੋਵੇ ਅਤੇ ਸਿੱਖ ਭਾਈਚਾਰੇ ਦੇ ਵੱਡੇ ਹਿੱਸੇ ਨੂੰ ਆਪਣਾ ਦੇਸ਼ ਮੁਹੱਈਆ ਨਹੀਂ ਕਰਾਉਂਦੀ। ਜੇ ਪੰਜਾਬ ਦੀ ਵੰਡ ਕੌਮੀ ਜਾਇਦਾਦ ਵਿਚ ਵੱਖ ਵੱਖ ਭਾਈਚਾਰਿਆਂ ਦੇ ਤੁਲਨਾਤਮਕ ਹਿੱਸੇ, ਸੂਬੇ ਦੀ ਖੁਸ਼ਹਾਲੀ ਵਿਚ ਪਾਏ ਉਨ੍ਹਾਂ ਦੇ ਤੁਲਨਾਤਮਕ ਯੋਗਦਾਨ ਅਤੇ ਵੰਡੀਆਂ ਗਈਆਂ ਇਕਾਈਆਂ ਨੂੰ ਸਵੈ-ਨਿਰਭਰ ਬਣਾਉਣ ਦੀ ਖਾਹਿਸ਼ ਵਰਗੇ ਸਾਰੇ ਦੂਸਰੇ ਪੱਖਾਂ ਨੂੰ ਨਜ਼ਰ ਅੰਦਾਜ਼ ਕਰਕੇ ਮਹਿਜ ਆਬਾਦੀ ਦੇ ਆਧਾਰ 'ਤੇ ਕੀਤੀ ਜਾਂਦੀ ਹੈ ਤਾਂ ਇਹ ਸਿੱਖਾਂ ਅਤੇ ਹਿੰਦੂਆਂ ਨਾਲ ਬੇਹੱਦ ਜ਼ਿਆਦਤੀ ਹੋਵੇਗੀ।

ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਵੀ ਮਹਿਸੂਸ ਕਰਦਾ ਸੀ ਕਿ ਸਰਕਾਰੀ ਅਧਿਕਾਰੀਆਂ, ਖਾਸ ਕਰਕੇ ਪੁਲਿਸ ਨੇ ਮੁਸਲਿਮ ਪੱਖੀ ਨੀਤੀ ਅਪਨਾਈ ਹੋਈ ਹੈ। ਮਹਾਰਾਜਾ ਨੇ ਬੇਨਤੀ ਕੀਤੀ ਕਿ ਜੇ ਹਕੂਮਤ ਵੰਡੇ ਗਏ ਹਿੰਦੋਸਤਾਨ ਨੂੰ ਸੌਂਪੀ ਜਾਂਦੀ ਹੈ, ਤਾਂ ਸ਼ਾਹੀ ਬਰਤਾਨਵੀ ਸਰਕਾਰ ਅਤੇ ਵਾਇਸਰਾਏ ਸਾਹਿਬ ਪੰਜਾਬ ਦੀ ਵੰਡ ਉਸ ਬੁਨਿਆਦ 'ਤੇ ਕਰਨ ਦਾ ਇੰਤਜ਼ਾਮ ਕਰਨ, ਜੋ ਸਿੱਖਾਂ ਦੀਆਂ ਕੁਰਬਾਨੀਆਂ, ਦੂਜੀ ਸੰਸਾਰ ਜੰਗਾਂ ਵਿਚ ਸਿੱਖਾਂ ਦਾ ਯੋਗਦਾਨ ਅਤੇ ਪੰਜਾਬ ਸੂਬੇ ਨੂੰ ਜਰਖੇਜ ਬਣਾਉਣ ਲਈ ਕੀਤੀ ਸਖਤ ਮਿਹਨਤ ਨੂੰ ਧਿਆਨ ਵਿਚ ਰੱਖ ਕੇ ਉਚਿਤ ਤੇ ਨਿਆਂਕਾਰੀ ਹੋਵੇ।

**ਸਿੱਖਾਂ ਨੂੰ ਜਨਾਬ ਜਿਨਾਹ ਦੀ ਪੇਸ਼ਕਸ਼:** ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਨੇ ਸਿੱਖਾਂ ਨੂੰ ਬੜੀਆਂ ਉਦਾਰ ਤੇ ਠੋਸ ਸ਼ਰਤਾਂ ਪੇਸ਼ ਕੀਤੀਆਂ ਸਨ ਤਾਂ ਕਿ ਜੇ ਹਿੰਦੋਸਤਾਨ ਦੀ ਵੰਡ ਹੋਵੇ ਤਾਂ ਉਹ ਪੰਜਾਬ ਵੰਡਣ ਦੀ ਮੰਗ ਨਾ ਕਰਨ। ਇਸ ਦਾਅਵੇ ਦੀ ਭਰਪੂਰ ਤਸਦੀਕ ਪਟਿਆਲਾ ਰਿਆਸਤ ਦੇ ਸਵਰਗਵਾਸੀ ਮਹਾਰਾਜਾ ਯਾਦਵਿੰਦਰ ਸਿੰਘ ਬਹਾਦਰ ਵਲੋਂ 19 ਜੁਲਾਈ 1959 ਦੇ ਅਖਬਾਰ ਟ੍ਰਿਬਿਊਨ ਵਿਚ ਲਿਖੇ ਇਕ ਲੇਖ ਤੋਂ ਸਾਫ ਜਾਹਰ ਹੈ, "ਮੈਨੂੰ ਯਾਦ ਹੈ, ਜਨਾਬ ਜਿਨਹਾ ਵਲੋਂ ਸਿੱਖ ਦੇਸ਼ ਬਣਾਉਣ ਦੀ ਪੇਸ਼ਕਸ਼ ਕੀਤੀ ਗਈ ਹੈ। ਜਦੋਂ ਇਹ ਗੱਲਬਾਤ ਹੋਈ, ਉਸ ਵਕਤ ਲਾਰਡ ਮਾਊਂਟਬੈਟਨ, ਨਵਾਬਜ਼ਾਦਾ ਲਿਆਕਤ ਅਲੀ ਖਾਨ ਅਤੇ ਉਸ ਦੀ ਪਤਨੀ ਬੇਗਮ ਰੈਨਾ ਲਿਆਕਤ ਅਲੀ ਖਾਨ ਵੀ ਉਥੇ ਮੌਜੂਦ ਸਨ।"

**ਇਸ ਮੁਲਾਕਾਤ ਵਿਚੋਂ ਕੁਝ ਅੰਸ਼ ਇਸ ਤਰ੍ਹਾਂ ਹਨ:** "ਅਸੀਂ ਇਕ ਇਕ ਜਾਮ ਪੀਤਾ ਤੇ ਖਾਣ ਚਲੇ ਗਏ। ਗੱਲਬਾਤ ਸ਼ੁਰੂ ਹੋਈ ਤੇ ਜਿਨਾਹ ਸਾਹਿਬ ਨੇ ਸਭ ਕੁਝ ਦੇਣ ਦੀ ਪੇਸ਼ਕਸ਼ ਕੀਤੀ, ਬਸ਼ਰਤੇ ਮੈਂ ਉਸ ਦੀ ਤਰਕੀਬ ਮੰਨ ਲਵਾਂ। ਇਸ ਦੇ ਦੋ ਪਹਿਲੂ ਸਨ-ਇਕ ਰਾਜਸਥਾਨ ਬਾਰੇ ਅਤੇ ਦੂਜਾ ਪੰਜਾਬ ਵਿਚ ਦੱਖਣ ਦੇ ਇੱਕ-ਦੋ ਜਿਲਿਆਂ ਨੂੰ ਛੱਡ ਕੇ ਆਜ਼ਾਦ ਸਿੱਖ ਸੂਬੇ ਬਾਰੇ ਸੀ। ਸਿੱਖਾਂ ਦੇ ਪੰਥਕ ਲੀਡਰ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਦੂਜੇ ਸਿੱਖ ਆਗੂਆਂ ਨਾਲ ਮੇਰੀਆਂ ਲੰਬੀਆਂ ਗੱਲਾਂਬਾਤਾਂ ਹੋਈਆਂ ਸਨ। ਸਿੱਖਾਂ ਦੇ ਸਿਰ 'ਤੇ ਹੋਏ ਸਾਰੇ ਭਾਅ-ਤੋਲ ਦਾ ਮੈਨੂੰ ਪਤਾ ਸੀ, ਕਿਉਂਕਿ ਅਸਲ 'ਚ ਮੇਰਾ ਕਈ ਤਰ੍ਹਾਂ ਨਾਲ ਉਨ੍ਹਾਂ ਨਾਲ ਵੱਡਾ ਸੰਬੰਧ ਸੀ। ਮੈਂ ਜਨਾਬ ਜਿਨਾਹ ਨੂੰ ਕਿਹਾ ਕਿ ਉਸ ਦੀਆਂ ਦੋਵੇਂ ਪੇਸ਼ਕਸ਼ਾਂ ਵਿਚੋਂ ਕੋਈ ਵੀ ਮੈਨੂੰ ਮਨਜ਼ੂਰ ਨਹੀਂ ਤੇ ਉਸ ਬਹੁਤ ਕੁਝ ਕਿਹਾ, ਜੋ ਮੇਰੇ ਮਨ ਵਿਚ ਸੀ। ਨਵਾਬਜ਼ਾਦਾ ਜਨਾਬ ਲਿਆਕਤ ਅਲੀ ਖਾਨ ਅਤੇ ਬੇਗਮ ਰੈਨਾ ਲਿਆਕਤ ਅਲੀ ਖਾਨ ਮੇਰੇ ਨਾਲ ਬੇਹੱਦ ਦੋਸਤਾਨਾ ਸਨ ਤੇ ਸਾਰੀਆਂ ਹੱਦਾਂ ਪਾਰ ਕਰਕੇ ਮੁਸਲਿਮ ਲੀਗ ਦੀ ਤਰਫੋਂ ਉਹ ਸਭ ਕੁਝ ਦੇਣ ਲਈ ਤਿਆਰ ਸਨ, ਜੋ ਸੰਭਵ ਸੀ।"

ਕਾਇਦੇ ਮਿਲਤ-ਨਵਾਬਜ਼ਾਦਾ ਲਿਆਕਤ ਅਲੀ ਖਾਨ, ਪਾਕਿਸਤਾਨ ਦੇ ਸਾਬਕਾ ਪਹਿਲੇ ਪ੍ਰਧਾਨ ਮੰਤਰੀ ਦਾ ਜਨਮ ਕਰਨਾਲ (ਹੁਣ ਹਰਿਆਣਾ ਪ੍ਰਾਂਤ) ਵਿਖੇ ਪਹਿਲੀ ਅਕਤੂਬਰ 1896 ਨੂੰ ਬਹੁਤ ਰਈਸ ਮੁਸਲਿਮ ਘਰਾਣੇ ਵਿਚ ਹੋਇਆ ਸੀ ਅਤੇ ਉਹ ਸਿੱਖਾਂ ਦੇ ਬਹੁਤ ਵੱਡੇ ਹਮਦਰਦ ਸਨ। ਬਦਕਿਸਮਤੀ ਨਾਲ ਪਾਕਿਸਤਾਨ ਬਣਨ ਉਪਰੰਤ ਕੁਝ ਹੀ ਸਾਲਾਂ ਮਗਰੋਂ 16 ਅਕਤੂਬਰ 1951 ਨੂੰ ਰਾਵਲਪਿੰਡੀ ਵਿਖੇ ਉਨ੍ਹਾਂ ਦਾ ਕਤਲ ਹੋ ਗਿਆ ਸੀ।

ਮਹਾਰਾਜਾ ਯਾਦਵਿੰਦਰ ਸਿੰਘ ਅੱਗੇ ਵਰਣਨ ਕਰਦੇ ਹਨ, "ਮੈਂ ਨਵੇਂ ਮੁਲਕ ਪਾਕਿਸਤਾਨ ਵਿਚ 'ਆਜ਼ਾਦ ਸਿੱਖ ਦੇਸ਼ ਪੰਜਾਬ' ਦਾ ਮੁਖੀ ਹੋਣਾ ਸੀ, ਜਿਵੇਂ ਹੁਣ ਪਟਿਆਲੇ ਦਾ ਹਾਂ। ਸਿੱਖਾਂ ਦੀ ਆਪਣੀ ਫੌਜ ਹੋਣੀ ਸੀ, ਆਪਣਾ ਸਿੱਕਾ ਹੋਣਾ ਸੀ, ਆਪਣਾ ਝੰਡਾ ਹੋਣਾ ਸੀ, ਆਪਣਾ ਆਜ਼ਾਦ ਦੇਸ਼ ਹੋਣਾ ਸੀ, ਵਗੈਰਾ, ਵਗੈਰਾ। ਇਹ ਸਭ ਗੱਲਾਂ ਬੇਹੱਦ ਦਿਲ-ਖਿੱਚਵੀਆਂ ਸਨ, ਪਰ ਮੈਂ ਉਨ੍ਹਾਂ ਨੂੰ ਅਮਲ 'ਚ ਲਿਆਉਣ ਯੋਗ ਨਾ ਸਮਝਦਿਆਂ ਮੰਨਣ ਤੋਂ ਇਨਕਾਰੀ ਸਾਂ, ਤੇ ਨਾ ਮੈਂ ਅਜਿਹੇ ਮਿਜਾਜ਼ ਵਿਚ ਸਾਂ ਕਿ ਆਪਣੇ ਦ੍ਰਿੜ ਇਰਾਦੇ ਬਦਲ ਸਕਦਾ ਸੀ। ਇਹ ਗੱਲਬਾਤ ਅੱਧੀ ਰਾਤ ਤੋਂ ਬਾਅਦ ਤਕ ਚਲਦੀ ਰਹੀ, ਪਰ ਮਹਾਰਾਜੇ ਨੇ ਕਿਤੇ ਵੀ ਪੈਰ ਨਾ ਲਾਏ ਅਤੇ ਨਾ ਹੀ ਕੋਈ ਪੱਲੂ ਫੜਾਇਆ ਸੀ। ਲਾਰਡ ਮਾਊਂਟਬੈਟਨ ਨੇ ਸਭ ਕੁਝ ਬੜੇ ਧੀਰਜ ਨਾਲ ਸੁਣਿਆ ਅਤੇ ਕਿਤੇ ਕਿਤੇ ਹੀ ਗੱਲਬਾਤ ਵਿਚ ਹਿੱਸਾ ਲਿਆ ਸੀ। ਇਸ ਗੱਲਬਾਤ ਦੇ ਅਖੀਰ ਵਿਚ ਉਨ੍ਹਾਂ ਕਿਹਾ ਕਿ ਸ਼ਾਇਦ ਮੈਂ ਤੇ ਜਿਨਾਹ ਫਿਰ ਇਕ ਵਾਰ ਦੁਬਾਰਾ ਮਿਲ ਸਕਦੇ ਹਾਂ।"

ਮਹਾਰਾਜਾ ਪਟਿਆਲਾ ਫਿਰ ਵਰਣਨ ਕਰਦੇ ਹਨ, "ਜਨਾਬ ਜਿਨਾਹ ਨੇ ਔਰੰਗਜ਼ੇਬ ਰੋਡ, ਨਵੀਂ ਦਿੱਲੀ ਵਿਖੇ ਆਪਣੀ ਰਿਹਾਇਸ਼ ਉਪਰ ਉਸ ਨੂੰ ਆਪਣੇ ਨਾਲ ਚਾਹ ਪੀਣ ਦਾ ਸੱਦਾ ਦਿੱਤਾ।" ਮਹਾਰਾਜਾ ਪਟਿਆਲਾ ਲਿਖਦਾ ਹੈ, "ਉਸ ਦਾ ਬੜੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ ਸੀ। ਬੇਗਮ ਫਾਤਿਮਾ ਜਿਨਾਹ ਵੀ ਉਥੇ ਮੌਜੂਦ ਸਨ ਅਤੇ ਬਾਅਦ ਵਿਚ ਲਿਆਕਤ ਅਲੀ ਖਾਨ ਵੀ ਆ ਗਿਆ ਸੀ। ਉਨ੍ਹਾਂ ਸਭ ਨੇ ਮੁੜ ਉਹੀ ਮੁੱਦਿਆਂ ਬਾਰੇ ਗੱਲਾਂ ਕੀਤੀਆਂ, ਜਿਨ੍ਹਾਂ ਬਾਰੇ ਦੋ ਦਿਨ ਪਹਿਲਾਂ ਕੀਤੀਆਂ ਗਈਆਂ ਸਨ, ਪਰ ਕੋਈ ਹੱਲ ਸਾਹਮਣੇ ਨਹੀਂ ਆਇਆ।" ਪਟਿਆਲਾ ਰਿਆਸਤ ਦਾ ਸਾਬਕਾ ਪ੍ਰਧਾਨ ਮੰਤਰੀ, ਸਰਦਾਰ ਹਰਦਿੱਤ ਸਿੰਘ ਮਲਿਕ ਵੀ ਮੇਰੇ ਨਾਲ ਮੁਸਲਿਮ ਲੀਗ ਅਤੇ ਸਿੱਖ ਆਗੂਆਂ ਦੀਆਂ ਮੁਲਕ ਦੀ ਵੰਡ ਬਾਰੇ ਬੈਠਕਾਂ ਵਿਚ ਸਦਾ ਹੀ ਸ਼ਾਮਲ ਹੁੰਦਾ ਸੀ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਅਤੇ 'ਪੰਜਾਬ ਵੰਡ' ਦੇ ਉਘੇ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨਾਰੰਗ ਦੇ ਦਿੱਲੀ ਮਿਲਣੀਆਂ ਬਾਰੇ ਕੁਝ ਅੰਸ਼:

ਮੁਹੰਮਦ ਅਲੀ ਜਿਨਾਹ ਅਤੇ ਲਿਆਕਤ ਅਲੀ ਖਾਨ ਨਾਲ ਗੱਲਬਾਤ ਕਰਨ ਲਈ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਤੇ ਪ੍ਰਧਾਨ ਮੰਤਰੀ ਪਟਿਆਲਾ ਰਿਆਸਤ ਹਰਦਿਤ ਸਿੰਘ ਮਲਿਕ, ਜੋ ਸਿੱਖ ਆਗੂਆਂ ਦੇ ਨਾਲ ਦਿੱਲੀ ਗਏ ਸਨ, ਦਾ ਮੰਨਣਾ ਹੈ ਕਿ ਉਸ ਵਕਤ ਤੱਕ ਪਾਕਿਸਤਾਨ ਬਣਨਾ ਮਨਜ਼ੂਰ ਨਹੀਂ ਕੀਤਾ ਗਿਆ ਸੀ। ਜਨਾਬ ਜਿਨਾਹ ਸਿੱਖਾਂ ਨੂੰ ਆਪਣੇ ਵੱਲ ਕਰਨ ਲਈ ਬੇਹੱਦ ਕਾਹਲਾ ਸੀ ਤੇ ਉਸ ਨੇ ਪਟਿਆਲਾ ਦੇ ਮਹਾਰਾਜਾ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬ ਦੀ ਦਰਦਨਾਇਕ ਵੰਡ ਦੇ ਮੋਹਰੇ ਤੇ ਤੱਥ

*(ਪਿਛਲੇ ਸਫੇ ਦੀ ਬਾਕੀ)*

ਸਾਹਿਬ ਨੂੰ ਮਿਲਣੀ ਲਈ ਸੁਨੇਹਾ ਭੇਜਿਆ। ਕੁਝ ਕੁ ਅੜਚਣਾਂ ਦੇ ਬਾਅਦ ਆਖਰ ਇਹ ਬੈਠਕ ਨੰਬਰ 4, ਭਗਵਾਨ ਦਾਸ ਰੋਡ ਨਵੀਂ ਦਿੱਲੀ ਵਿਖੇ ਹਰਦਿਤ ਸਿੰਘ ਮਲਿਕ ਦੇ ਭਰਾ ਸ. ਤੇਜਾ ਸਿੰਘ ਮਲਿਕ ਦੇ ਘਰ ਵਿਖੇ ਹੋਣੀ ਨਿਯਤ ਹੋਈ ਸੀ।

ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਦੇ ਨੰਬਰ 4, ਭਗਵਾਨ ਦਾਸ ਰੋਡ ਉਪਰ ਸਥਿਤ 2.8 ਏਕੜ ਵਾਲਾ ਇਹ ਘਰ ਸੰਨ 2015 ਵਿਚ 304 ਕਰੋੜ (ਭਾਰਤੀ ਰੁਪਏ) ਵਿਚ ਵਿਕਿਆ ਅਤੇ ਹੁਣ ਸੰਨ 2021 ਵਿਚ 430 ਕਰੋੜ ਰੁਪਏ ਵਿਚ ਵਿਕਣ ਲਈ ਲੱਗਾ ਹੋਇਆ ਹੈ। ਇਸ ਸ਼ਾਨਦਾਰ ਘਰ ਵਿਚ ਪੰਜਾਬ ਦੇ ਭਵਿੱਖ ਦੀ ਰੂਪ ਰੇਖਾ ਬਾਰੇ ਇਸ ਇਤਿਹਾਸਕ ਬੈਠਕ ਵਿਚ ਮੁਹੰਮਦ ਅਲੀ ਜਿਨਾਹ, ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ, ਹਰਦਿਤ ਸਿੰਘ ਮਲਿਕ, ਸਿੱਖ ਧਾਰਮਿਕ ਆਗੂ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਸ਼ਾਮਲ ਸਨ। ਸ. ਹਰਦਿਤ ਸਿੰਘ ਮਲਿਕ, ਵਲੈਤ ਦਾ ਪੜ੍ਹਿਆ-ਲਿਖਿਆ, ਦੇਸ਼ਾਂ-ਵਿਦੇਸ਼ਾਂ ਵਿਚ ਘੁੰਮਿਆ-ਫਿਰਿਆ ਇਕ ਸਿੱਖ 'ਨੋਬਲ ਸਰਦਾਰ' ਸੀ, ਜੋ ਸਿੱਖਾਂ ਦਾ ਮੁੱਖ ਬੁਲਾਰਾ ਸੀ। ਸ. ਹਰਦਿਤ ਸਿੰਘ ਮਲਿਕ ਦਾ ਜਨਮ 23 ਨਵੰਬਰ 1894 ਨੂੰ ਪੋਠੋਹਾਰ ਦੇ ਸ਼ਹਿਰ ਰਾਵਲਪਿੰਡੀ ਵਿਖੇ ਧਨਾਢ ਸਿੱਖ ਪਰਿਵਾਰ ਸਰਦਾਰ ਬਹਾਦਰ ਮੋਹਨ ਸਿੰਘ ਬਲਦ ਰਈਸ ਖਜਾਨ ਸਿੰਘ ਦੇ ਘਰ ਵਿਖੇ ਹੋਇਆ ਸੀ। ਸ. ਮਲਿਕ ਦੀ ਵਧੇਰੇ ਪੜ੍ਹਾਈ ਇੰਗਲੈਂਡ ਵਿਚ ਹੋਈ ਅਤੇ ਉਹ ਬ੍ਰਿਟਿਸ਼ ਹਵਾਈ ਸੈਨਾ ਵਿਚ ਪਹਿਲੇ ਸਿੱਖ ਸਨ, ਜੋ 'ਲੜਾਕੂ ਹਵਾਈ ਜਹਾਜ਼' ਦੇ ਚਾਲਕ ਸਨ। ਪਹਿਲੀ ਆਲਮੀ ਸੰਸਾਰ ਜੰਗ ਦੇ ਉਹ ਮੁੱਖ ਨਾਇਕ ਸਨ। ਕ੍ਰਿਕਟ ਤੇ ਗੌਲਫ ਖੇਡਣ ਦਾ ਵੀ ਸਰਦਾਰ ਪੂਰਾ ਸ਼ੌਕੀਨ ਸੀ।



ਮਾਸਟਰ ਤਾਰਾ ਸਿੰਘ



ਗਿਆਨੀ ਕਰਤਾਰ ਸਿੰਘ

ਸੰਨ 1919 ਵਿਚ ਆਲਮੀ ਜੰਗ ਤੋਂ ਵਾਪਿਸ ਆਉਂਦੇ ਸਾਰ ਉਨ੍ਹਾਂ ਦੀ ਸ਼ਾਦੀ ਪ੍ਰਕਾਸ਼ ਕੌਰ ਨਾਲ ਕਰ ਦਿੱਤੀ ਗਈ, ਜੋ ਲਾਹੌਰ ਦੇ ਨਾਮੀ ਤੇ ਧਨਾਢ ਵਕੀਲ ਭਗਤੀਸ਼ਵਰ ਦਾਸ ਦੀ ਧੀ ਸੀ। ਹਰਦਿਤ ਸਿੰਘ ਮਲਿਕ ਦੇ 3 ਬੱਚੇ-ਦੋ ਧੀਆਂ ਹਰਸਿਮਰਨ ਤੇ ਵੀਨਾ/ਰਗਾਵਨ ਅਤੇ ਇਕ ਪੁੱਤਰ ਹਰਮਲਾ ਸਿੰਘ ਮਲਿਕ ਹੋਏ। ਬ੍ਰਿਟਿਸ਼ ਸਾਮਰਾਜ, ਪਟਿਆਲਾ ਸਿੱਖ ਰਿਆਸਤ ਅਤੇ ਭਾਰਤ ਸਰਕਾਰ ਨਾਲ ਉਨ੍ਹਾਂ ਦੇਸ਼ਾਂ-ਵਿਦੇਸ਼ਾਂ ਵਿਚ ਬਹੁਤ ਪ੍ਰਮੁੱਖ ਉਚੇ ਸਰਕਾਰੀ ਅਹੁਦਿਆਂ ਉਪਰ ਕੰਮ ਕੀਤਾ। 91 ਸਾਲ ਦੀ ਉਮਰ ਵਿਚ 31 ਅਕਤੂਬਰ 1985 ਨੂੰ ਉਹ ਦਿੱਲੀ ਵਿਖੇ ਪੂਰੇ ਹੋ ਗਏ ਸਨ। ਅਪਰੈਲ 1944 ਤੋਂ ਅਗਸਤ 1947 ਤੱਕ ਉਹ ਅੰਗਰੇਜ਼ ਸਰਕਾਰ ਵੇਲੇ ਭਾਰਤ ਦੀ ਆਜ਼ਾਦ ਤਾਕਤਵਰ 'ਸਿੱਖ ਰਿਆਸਤ ਪਟਿਆਲਾ' ਦੇ ਪ੍ਰਧਾਨ ਮੰਤਰੀ ਜਾਂ ਮੁੱਖ ਦੀਵਾਨ ਰਹੇ ਸਨ। ਆਜ਼ਾਦ ਭਾਰਤ ਦੀ ਸਰਕਾਰ ਵਲੋਂ ਕੈਨੇਡਾ ਦੀ ਰਾਜਧਾਨੀ ਓਟਾਵਾ ਵਿਖੇ ਉਹ ਭਾਰਤ ਦੇ ਪਹਿਲੇ 'ਸਿੱਖ ਸਰਦਾਰ ਭਾਰਤ ਦੇ ਹਾਈ ਕਮਿਸ਼ਨਰ' ਸਨ।

ਕਾਇਦੇ ਆਜ਼ਮ ਜਿਨਾਹ ਨੇ ਗੱਲ ਸ਼ੁਰੂ ਕੀਤੀ, "ਉਹ ਪਾਕਿਸਤਾਨ ਦੇ ਹੱਕ ਵਿਚ ਸਿੱਖਾਂ ਦੇ ਹੁੰਗਾਰੇ ਲਈ ਬੜਾ ਕਾਹਲਾ ਹੈ ਅਤੇ ਉਨ੍ਹਾਂ ਨੂੰ ਉਹ ਸਭ ਕੁਝ ਦੇਣ ਲਈ ਤਿਆਰ ਹੈ, ਜੋ ਉਹ ਚਾਹੁੰਦੇ ਹਨ।" ਸੰਸਾਰ ਪੱਧਰ ਉਪਰ ਬਣਨ ਵਾਲੇ ਨਵੇਂ ਮੁਸਲਿਮ 'ਪਾਕਿਸਤਾਨ ਮੁਲਕ' ਦਾ ਜਨਮਦਾਤਾ ਕਾਇਦੇ ਆਜ਼ਮ (ਅਰਬੀ ਭਾਸ਼ਾ ਦਾ ਸ਼ਬਦ ਹੈ, ਅਰਥ-ਮਹਾਨ ਨੇਤਾ) ਮੁਹੰਮਦ ਅਲੀ ਜਿਨਾਹ ਪੇਸ਼ੇ ਪੱਖੋਂ ਇਕ ਵਕੀਲ ਸੀ, ਜਿਸ ਦਾ ਜਨਮ 25 ਦਸੰਬਰ 1876 ਨੂੰ ਸਿੰਧ ਸੂਬੇ ਦੀ ਨਾਮੀ ਅੰਤਰਰਾਸ਼ਟਰੀ ਬੰਦਰਗਾਹ ਵਾਲੇ ਸ਼ਹਿਰ ਕਰਾਚੀ ਵਿਖੇ ਧਨਾਢ 'ਖੋਜਾ ਬਰਾਦਰੀ' ਦੇ ਵਪਾਰੀ ਜਿਨਾਹ ਭਾਈ ਪੂੰਜਾ ਦੇ ਘਰ ਹੋਇਆ ਸੀ। ਇਹ ਜਿਨਾਹ ਪਰਿਵਾਰ ਇਕ ਸਦੀ ਪਹਿਲਾਂ ਬੰਬਈ ਵਿਚ ਹਿੰਦੂਆਂ ਤੋਂ ਮੁਸਲਮਾਨ ਬਣੇ ਸਨ। ਸੰਨ 1906 ਵਿਚ ਬੰਗਾਲ ਦੀ ਰਾਜਧਾਨੀ ਕਲਕੱਤਾ ਵਿਖੇ 'ਇੰਡੀਅਨ ਨੈਸ਼ਨਲ ਕਾਂਗਰਸ' ਦੀ ਇਕ ਸਭਾ ਵਿਚ ਨੌਜਵਾਨ ਜਨਾਬ ਜਿਨਾਹ ਸ਼ਾਮਲ ਹੋ ਕੇ ਭਾਰਤੀ ਰਾਜਨੀਤੀ ਵਿਚ ਪ੍ਰਵੇਸ਼ ਕਰ ਗਏ ਸਨ। ਸਮਾਂ ਪਾ ਕੇ 30 ਦਸੰਬਰ 1906 ਨੂੰ ਢਾਕਾ ਵਿਖੇ ਨਵਾਬ ਖਵਾਜਾ ਸਲੀਮਉਲਾ ਦੀ ਪ੍ਰਧਾਨਗੀ ਹੇਠ ਮੁਹੰਮਦ ਅਲੀ ਜਿਨਾਹ ਨੇ 'ਇੰਡੀਅਨ ਨੈਸ਼ਨਲ ਕਾਂਗਰਸ' ਨਾਲੋਂ ਵੱਖ ਹੋ ਕੇ ਨਵੀਂ ਮੁਸਲਿਮ ਕੌਮੀ ਪਾਰਟੀ 'ਆਲ ਇੰਡੀਆ ਮੁਸਲਿਮ ਲੀਗ' ਨਿਰੋਲ ਮੁਸਲਮਾਨ ਪਾਰਟੀ ਬਣਾ ਲਈ, ਜਿਸ ਨੇ 23 ਮਾਰਚ 1940 ਨੂੰ ਲਾਹੌਰ ਵਿਖੇ ਇਕ ਮਤਾ ਪਾਸ ਕਰਕੇ ਭਾਰਤੀ ਅੰਗਰੇਜ਼ ਸਰਕਾਰ ਤੋਂ ਵੱਖਰੇ ਮੁਸਲਿਮ ਬਹੁ-ਗਿਣਤੀ ਵਾਲੇ ਮੁਲਕ 'ਪਾਕਿਸਤਾਨ' ਦੀ ਮੰਗ ਰੱਖੀ। ਆਲ ਇੰਡੀਆ ਕਾਂਗਰਸ ਦੇ ਨੇਤਾ ਅਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ, ਭਾਰਤ ਦੀ ਆਜ਼ਾਦੀ ਦੇ ਸ਼ਾਂਤਮਈ ਅੰਦੋਲਨਕਾਰੀ ਨੇਤਾ, ਮੋਹਨ ਦਾਸ ਕਰਮ ਚੰਦ ਗਾਂਧੀ, ਜੋ 'ਮਹਾਤਮਾ ਗਾਂਧੀ' ਦੇ ਨਾਂ ਨਾਲ ਮਸ਼ਹੂਰ ਹੋਏ ਅਤੇ ਸਾਰੀ ਅੰਗਰੇਜ਼ ਭਾਰਤੀ ਸਰਕਾਰ, ਭਾਰਤੀ ਉਪ ਮਹਾਂਦੀਪ ਨੂੰ ਇਕੱਠਾ ਰੱਖਣਾ ਚਾਹੁੰਦੇ ਸਨ, ਪਰ ਇਕੱਲਾ ਮੁਸਲਿਮ ਨੇਤਾ ਮੁਹੰਮਦ ਅਲੀ ਜਿਨਾਹ ਫਾਨੇ ਵਾਂਗ ਅੜਿਆ ਰਿਹਾ ਅਤੇ ਇਕ ਵੱਖਰਾ ਆਜ਼ਾਦ ਮੁਸਲਿਮ ਮੁਲਕ 'ਪਾਕਿਸਤਾਨ' ਲੈ ਗਿਆ। 15 ਅਗਸਤ 1947 ਨੂੰ 200 ਸਾਲਾਂ ਦੇ 'ਈਸਟ ਇੰਡੀਆ ਕੰਪਨੀ' ਤੇ ਫਿਰ 100 ਸਾਲ 'ਅੰਗਰੇਜ਼ ਬ੍ਰਿਟਿਸ਼ ਸਾਮਰਾਜ' ਦਾ ਭਾਰਤ ਵਿਚ ਅੰਤ ਹੋ ਗਿਆ, ਜਿਸ ਨਾਲ ਭਾਰਤੀ ਉਪ ਮਹਾਂਦੀਪ ਵਿਚ ਦੋ ਨਵੇਂ ਆਜ਼ਾਦ ਮੁਲਕ-ਭਾਰਤ ਤੇ ਪਾਕਿਸਤਾਨ ਹੋਂਦ ਵਿਚ ਆਏ। ਭਾਰਤ ਦੇ ਪੂਰਬ ਵਿਚ ਪੰਜਾਬ ਤੇ ਪੱਛਮ ਵਿਚ ਬੰਗਾਲ ਵੰਡੇ ਗਏ। ਲੱਖਾਂ ਸਿੱਖ, ਹਿੰਦੂ ਤੇ ਮੁਸਲਮਾਨ ਘਰੋਂ ਬੇਘਰ ਹੋਏ, ਹਜ਼ਾਰਾਂ ਪਰਿਵਾਰਾਂ ਦਾ ਕਤਲੇਆਮ ਹੋਇਆ, ਲੁੱਟਾਂ ਹੋਈਆਂ, ਜਵਾਨ ਔਰਤਾਂ ਦੀ ਪੱਤ ਲੁੱਟੀ ਗਈ। ਦੁਨੀਆਂ ਵਿਚ ਇਹ ਇਨਸਾਨੀਅਤ ਦਾ ਸਦੀਆਂ ਤੋਂ ਇਕੱਠੇ ਰਹਿ ਰਹੇ ਆਪਣਿਆਂ ਦਾ ਆਪਣੇ ਹੀ ਲੋਕਾਂ ਵਲੋਂ ਸਭ ਤੋਂ ਵੱਡਾ ਕਤਲੇਆਮ, ਬਰਬਾਦੀ, ਲੁੱਟਾਂ ਤੇ ਜ਼ੁਲਮ ਸੀ। ਨਵੇਂ ਆਜ਼ਾਦ ਭਾਰਤੀ ਪੰਜਾਬ ਦੇ ਸਕੂਲਾਂ ਵਿਚ ਬੱਚਿਆਂ ਨੂੰ ਪੜ੍ਹਾਉਣ ਦਾ ਸਾਰਾ ਸਿਲੇਬਸ 'ਹਿੰਦੀ' ਭਾਸ਼ਾ ਵਿਚ ਸ਼ੁਰੂ ਹੋ ਗਿਆ, ਜੋ ਪਹਿਲਾਂ ਉਰਦੂ ਭਾਸ਼ਾ ਵਿਚ ਹੁੰਦਾ ਸੀ। ਉਰਦੂ ਭਾਸ਼ਾ ਨੂੰ ਨਵੇਂ ਮੁਲਕ ਪਾਕਿਸਤਾਨ ਵਿਚ ਹੀ ਬੰਦ ਕਰ ਦਿੱਤਾ। ਸਕੂਲਾਂ ਵਿਚ ਸਵੇਰ ਸਮੇਂ ਛੋਟੇ ਬੱਚਿਆਂ ਵਲੋਂ ਸਕੂਲ ਅਧਿਆਪਕਾਂ ਨੂੰ ਸਤਿ ਸ੍ਰੀ ਅਕਾਲ, ਨਮਸਤੇ ਤੇ ਅਸਲਾਮਾਲੇਕਮ ਦੀ ਜਗਾ 'ਜੈ ਹਿੰਦ' ਕਹਿਣ ਦੀ ਨਵੀਂ ਪਿਰਤ ਜਬਰਨ ਪਾਈ ਗਈ। ਹਿੰਦੂ ਬਹੁ-ਗਿਣਤੀ ਨਵੇਂ ਆਜ਼ਾਦ ਮੁਲਕ 'ਹਿੰਦੋਸਤਾਨ' ਵਿਚ ਸਿੱਖ ਰਾਜਨੀਤਿਕ ਆਗੂ, ਧਾਰਮਿਕ ਨੇਤਾ ਤੇ ਪੰਥਕ ਲੀਡਰ ਇਕੱਠੇ ਹੀ ਨਹੀਂ ਹੋਏ, ਸਗੋਂ ਡੱਡੂਆਂ ਵਾਂਗ ਛਾਲਾਂ ਮਾਰਦੇ ਰਹੇ ਅਤੇ ਜਿਸ ਕਾਰਨ ਹੁਣ ਤੱਕ ਧੱਕੇ ਖਾ ਰਹੇ ਹਨ।

ਹਰਦਿਤ ਸਿੰਘ ਮਲਿਕ ਨੇ ਕਿਹਾ, "ਜਨਾਬ ਜਿਨਾਹ ਸਾਹਿਬ, ਤੁਸੀਂ ਬਹੁਤ ਦਰਿਆ ਦਿਲ ਹੋ, ਪਰ ਅਸੀਂ ਜਾਣਨਾ ਚਾਹੁੰਦੇ ਹਾਂ ਕਿ ਸਹੀ ਅਰਥਾਂ ਵਿਚ ਸਾਡੀ ਪਾਕਿਸਤਾਨ ਅੰਦਰ ਹੈਸੀਅਤ ਕੀ ਹੋਵੇਗੀ? ਸਰਕਾਰ ਤੁਹਾਡੀ ਬਣੇਗੀ, ਵਿਧਾਨ ਸਭਾ ਤੁਹਾਡੀ ਹੋਵੇਗੀ, ਫੌਜਾਂ ਤੁਹਾਡੀਆਂ ਹੋਣਗੀਆਂ, ਇਨ੍ਹਾਂ ਸਾਰਿਆਂ ਸਰਕਾਰੀ ਵਿਭਾਗਾਂ ਵਿਚ ਸਿੱਖਾਂ ਦਾ ਕੀ ਹਿੱਸਾ ਹੋਵੇਗਾ?" ਜਨਾਬ ਜਿਨਾਹ ਦਾ ਉਤਰ ਸੀ, "ਜਨਾਬ ਮਲਿਕ ਜੀ, ਜੋ ਕੁਝ 1924 ਵਿਚ ਮਿਸਰ ਦੇਸ਼ ਦੀ ਆਜ਼ਾਦੀ ਸਮੇਂ ਹੋਇਆ, ਕੀ ਤੁਸੀਂ ਉਸ ਤੋ ਵਾਕਿਫ ਹੋ? ਮੈਂ ਵੀ ਸਿੱਖਾਂ ਨਾਲ ਉਹੀ ਸਲੂਕ ਕਰਾਂਗਾ, ਜੋ ਮਿਸਰ ਦੀ ਆਜ਼ਾਦੀ ਸਮੇਂ ਮੁਸਲਿਮ ਆਗੂ ਸਾਦ ਜਗਲੋਲ ਪਾਸ਼ਾ ਇਬਨ ਇਬਰਾਹਿਮ ਨੇ 'ਕੋਪਟਕਾਂ' (ਇਸਾਈ ਘੱਟ-ਗਿਣਤੀ) ਨਾਲ ਕੀਤਾ ਸੀ।"

ਮਿਸਰ ਦੇ ਘੱਟ-ਗਿਣਤੀ 'ਕੋਪਟਕਾਂ' ਨੇ ਆਜ਼ਾਦ ਮੁਲਕ ਮਿਸਰ ਵਿਚ, ਬਹੁ-ਗਿਣਤੀ ਮੁਸਲਮਾਨਾਂ ਨਾਲ ਰਹਿਣ ਲਈ, ਮੁਸਲਿਮ ਆਗੂ ਜਨਾਬ ਜਗਲੋਲ ਪਾਸ਼ਾ ਤੋਂ ਕੁਝ ਮੰਗਾਂ ਮੰਗੀਆਂ। ਜਨਾਬ ਪਾਸ਼ਾ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਵਾਪਿਸ ਜਾਣ, ਇਕ ਵਾਰ ਫਿਰ ਸੋਚਣ ਅਤੇ ਕਾਗਜ਼ ਉਪਰ ਆਪਣੀਆਂ ਸਾਰੀਆਂ ਮੰਗਾਂ ਲਿਖ ਕੇ ਲੈ ਆਉਣ। ਅਲੈਗਜ਼ੈਂਡਰੀਆ ਦੇ ਇਸਾਈ 'ਧਾਰਮਿਕ ਪੋਪ' ਦੀ ਨਸੀਹਤ ਅਨੁਸਾਰ 'ਕੋਪਟਕ ਇਸਾਈ ਭਾਈਚਾਰੇ' ਨੇ ਇਸੇ ਤਰ੍ਹਾਂ ਹੀ ਕੀਤਾ। ਮੁਸਲਿਮ ਆਗੂ ਜਨਾਬ ਜਗਲੋਲ ਪਾਸ਼ਾ ਨੇ ਉਨ੍ਹਾਂ ਦੇ ਹੱਥੋਂ ਉਹ ਕਾਗਜ਼ ਲਿਆ ਅਤੇ ਬਿਨਾ ਪੜ੍ਹਿਆਂ ਉਸ ਉਪਰ ਲਿਖ ਦਿਤਾ, "ਮੈਨੂੰ ਮਨਜ਼ੂਰ ਹੈ।" ਜਨਾਬ ਜਿਨਾਹ ਨੇ ਕਿਹਾ, "ਮੈਂ ਸਿੱਖਾਂ ਨਾਲ ਵੀ ਇਹੋ ਹੀ ਕਰਾਂਗਾ।"

ਹਰਦਿਤ ਸਿੰਘ ਮਲਿਕ ਦਾ ਕਹਿਣਾ ਹੈ, "ਇਸ ਨੇ ਸਾਨੂੰ ਸਭ ਨੂੰ ਮੁਸ਼ਕਿਲ ਵਿਚ ਪਾ ਦਿੱਤਾ। ਸਾਡਾ ਪੱਕਾ ਇਰਾਦਾ ਸੀ ਕਿ ਅਸੀਂ ਕਿਸੇ ਵੀ ਹਾਲਾਤ ਵਿਚ ਪਾਕਿਸਤਾਨ ਨੂੰ ਮਨਜ਼ੂਰ ਨਹੀਂ ਕਰਾਂਗੇ, ਪਰ ਇਹ ਮੁਸਲਿਮ ਆਗੂ ਤਾਂ ਸਾਨੂੰ ਅੱਖਾਂ ਬੰਦ ਕਰਕੇ ਸਭ ਕੁਝ ਦੇ ਰਿਹਾ ਹੈ।" ਸ. ਮਲਿਕ ਨੇ ਫਿਰ ਸਵਾਲ ਕੀਤਾ, "ਜਿਨਾਹ ਸਾਹਿਬ, ਤੁਸੀਂ ਤਾਂ ਬਹੁਤ ਦਰਿਆਦਿਲੀ ਨਾਲ ਪੇਸ਼ ਆ ਰਹੇ ਹੋ, ਪਰ ਰੱਬ ਨਾ ਕਰੇ ਜੇ ਇਹ ਇਕਰਾਰ ਨੂੰ ਨਿਭਾਉਣ ਸਮੇਂ ਤੁਸੀਂ ਇਸ ਦੁਨੀਆਂ ਵਿਚ ਨਾ ਰਹੇ, ਤਾਂ...?"

ਮੁਹੰਮਦ ਅਲੀ ਜਿਨਾਹ ਦਾ ਜਵਾਬ ਹੈਰਾਨ ਕਰਨ ਵਾਲਾ ਸੀ। ਉਨ੍ਹਾਂ ਨੇ ਕਿਹਾ, "ਮੇਰੇ ਦੋਸਤ ਸਰਦਾਰ ਸਾਹਿਬ, ਪਾਕਿਸਤਾਨ ਮੁਲਕ ਵਿਚ 'ਮੇਰਾ ਹਰ ਸ਼ਬਦ ਰੱਬ ਦਾ ਸ਼ਬਦ ਹੋਵੇਗਾ' ਕੋਈ ਵੀ ਸਰਕਾਰੀ ਅਧਿਕਾਰੀ ਜਾਂ ਮੁਸਲਿਮ ਆਗੂ ਇਸ ਤੋਂ ਪਿਛੇ ਨਹੀਂ ਹਟੇਗਾ।"

ਸ. ਮਲਿਕ ਕਹਿੰਦੇ, "ਇਸ ਤੋਂ ਬਾਅਦ ਕਹਿਣ ਲਈ ਤੇ ਵਿਚਾਰਨ ਨੂੰ ਕੁਝ ਨਹੀਂ ਬਚਿਆ ਸੀ ਤੇ ਮਿਲਣੀ ਖਤਮ ਹੋ ਗਈ।"

ਪੰਜਬੀ ਕਹਾਵਤ ਹੈ, 'ਖਾਣ ਪੀਣ ਨੂੰ ਬਾਂਦਰੀ, ਡੰਡੇ ਖਾਣ ਨੂੰ ਰਿੱਛ।' ਸਿੱਖ ਕੌਮ ਨਾਲ ਵੀ ਬਿਲਕੁਲ ਇਹੋ ਹੋਇਆ।

*(ਬਾਕੀ ਅਗਲੇ ਅੰਕ ਵਿਚ)*

*ਹਰਦਿਤ ਸਿੰਘ ਮਲਿਕ ਨੇ ਕਿਹਾ, "ਜਨਾਬ ਜਿਨਾਹ ਸਾਹਿਬ, ਤੁਸੀਂ ਬਹੁਤ ਦਰਿਆ ਦਿਲ ਹੋ, ਪਰ ਅਸੀਂ ਜਾਣਨਾ ਚਾਹੁੰਦੇ ਹਾਂ ਕਿ ਸਹੀ ਅਰਥਾਂ ਵਿਚ ਸਾਡੀ ਪਾਕਿਸਤਾਨ ਅੰਦਰ ਹੈਸੀਅਤ ਕੀ ਹੋਵੇਗੀ? ਸਰਕਾਰ ਤੁਹਾਡੀ ਬਣੇਗੀ, ਵਿਧਾਨ ਸਭਾ ਤੁਹਾਡੀ ਹੋਵੇਗੀ, ਫੌਜਾਂ ਤੁਹਾਡੀਆਂ ਹੋਣਗੀਆਂ, ਇਨ੍ਹਾਂ ਸਾਰਿਆਂ ਸਰਕਾਰੀ ਵਿਭਾਗਾਂ ਵਿਚ ਸਿੱਖਾਂ ਦਾ ਕੀ ਹਿੱਸਾ ਹੋਵੇਗਾ?" ਜਨਾਬ ਜਿਨਾਹ ਦਾ ਉਤਰ ਸੀ, "ਜਨਾਬ ਮਲਿਕ ਜੀ, ਜੋ ਕੁਝ 1924 ਵਿਚ ਮਿਸਰ ਦੇਸ਼ ਦੀ ਆਜ਼ਾਦੀ ਸਮੇਂ ਹੋਇਆ, ਕੀ ਤੁਸੀਂ ਉਸ ਤੋ ਵਾਕਿਫ ਹੋ? ਮੈਂ ਵੀ ਸਿੱਖਾਂ ਨਾਲ ਉਹੀ ਸਲੂਕ ਕਰਾਂਗਾ, ਜੋ ਮਿਸਰ ਦੀ ਆਜ਼ਾਦੀ ਸਮੇਂ ਮੁਸਲਿਮ ਆਗੂ ਸਾਦ ਜਗਲੋਲ ਪਾਸ਼ਾ ਇਬਨ ਇਬਰਾਹਿਮ ਨੇ 'ਕੋਪਟਕਾਂ' (ਇਸਾਈ ਘੱਟ-ਗਿਣਤੀ) ਨਾਲ ਕੀਤਾ ਸੀ।"...ਹਰਦਿਤ ਸਿੰਘ ਮਲਿਕ ਦਾ ਕਹਿਣਾ ਹੈ, "ਇਸ ਨੇ ਸਾਨੂੰ ਸਭ ਨੂੰ ਮੁਸ਼ਕਿਲ ਵਿਚ ਪਾ ਦਿੱਤਾ। ਸਾਡਾ ਪੱਕਾ ਇਰਾਦਾ ਸੀ ਕਿ ਅਸੀਂ ਕਿਸੇ ਵੀ ਹਾਲਾਤ ਵਿਚ ਪਾਕਿਸਤਾਨ ਨੂੰ ਮਨਜ਼ੂਰ ਨਹੀਂ ਕਰਾਂਗੇ, ਪਰ ਇਹ ਮੁਸਲਿਮ ਆਗੂ ਤਾਂ ਸਾਨੂੰ ਅੱਖਾਂ ਬੰਦ ਕਰਕੇ ਸਭ ਕੁਝ ਦੇ ਰਿਹਾ ਹੈ।"*



ਹਰਦਿੱਤ ਸਿੰਘ ਮਲਿਕ

## ਭਾਣੇ ਵਾਲਾ ਦੁਸਹਿਰਾ

ਕਿੱਸਾ ਸੁਣਾਵਾਂ ਲੋਕੋ, ਅੰਮ੍ਰਿਤਸਰ ਸ਼ਹਿਰ ਦਾ
ਦੇਖਦੇ ਦੁਸਹਿਰਾ ਸੀ, ਬੀਤ ਗਏ ਕਹਿਰ ਦਾ
ਮੇਲਾ ਮੁੱਕਣ 'ਤੇ ਸੀ, ਅੰਤ ਵਾਲਾ ਸੀਨ ਸੀ
ਖੁਸ਼ੀ ਵਾਲਾ ਮੌਕਾ ਸੀ, ਭਾਣਾ ਗਮਗੀਨ ਸੀ।

ਉੱਚੇ ਥਾਂ ਹੋ ਦੇਖਦੇ ਸੀ, ਲਾਈਨਾਂ 'ਤੇ ਜਾ ਖੜ੍ਹੇ
ਰਾਵਣ, ਕੁੰਭਕਰਨ ਦੇ ਪੁਤਲੇ, ਲੰਕਾ ਕਿਵੇਂ ਸੜੇ?
ਬੱਸ ਅੱਗ ਲੱਗੀ ਪੁਤਲੇ, ਭੱਜਦੜ ਮੱਚ ਗਈ
ਗੱਡੀ ਆਉਂਦੀ ਸੀ ਪਈ, ਸਭ ਉੱਤੇ ਚੜ੍ਹ ਗਈ।



ਲਾਸ਼ਾਂ ਚੁਫੇਰੇ ਵਿਛੀਆਂ, ਹਾਹਾਕਾਰ ਮੱਚ ਗਈ
ਜਿਗਰ ਦੇ ਟੋਟੇ ਬਿਖਰੇ, ਚੂੜੀ ਕਿਤੇ ਭੱਜ ਗਈ
ਕਈ ਅੱਧ ਮਰੇ ਹੋ ਗਏ, ਲੱਤ ਬਾਂਹ ਕੱਟੀ ਗਈ
ਬੱਸ ਅੱਖ ਦੇ ਫੋਰ ਵਿਚ, ਇੰਜ ਮੇਸੀ ਫੱਟੀ ਗਈ।

ਚਾਰੇ ਪਾਸੇ ਕੁਰਲਾਹਟ, ਕੁਝ ਨਹੀਂ ਸੀ ਸੁੱਝਦਾ
ਪਤਾ ਆਪਣਿਆਂ ਦਾ, ਹਰ ਕੋਈ ਸੀ ਪੁੱਛਦਾ
ਕਰੁਣਾਮਈ ਦ੍ਰਿਸ਼ ਦੇਖ, ਹੋਸ਼ ਸਭ ਦੇ ਗੁੰਮਦੇ
ਲੱਭਦੇ ਪਿਆਰਿਆਂ ਨੂੰ, ਬੌਰਿਆਂ ਵਾਂਗੂ ਘੁੰਮਦੇ।

ਜ਼ਿੰਮੇਵਾਰ ਕੌਣ ਇਸ ਲਈ, ਹਰੇਕ ਫਿਰੇ ਬਚਦਾ
ਪ੍ਰਬੰਧਕ ਕਮੇਟੀਆਂ ਨੇ, ਪ੍ਰਸ਼ਾਸਨ ਦਿਸੇ ਭੱਜਦਾ
ਨਕਾਮੀ ਦੋਹਾਂ ਦੀ ਹੈ, ਸੁਰੱਖਿਆ ਦਿੱਤੀ ਵਿਸਾਰ
ਪ੍ਰਬੰਧਾਂ ਦੀ ਘਾਟ ਨੇ, ਅਣਭੋਲਾਂ ਨੂੰ ਦਿੱਤਾ ਮਾਰ।

ਸਮਾਜਿਕ ਤੇ ਧਾਰਮਿਕ, ਮੇਲੇ ਤਾਂ ਲੱਗਦੇ ਰਹਿਣ
ਪ੍ਰਬੰਧ ਕਰਨ ਸਰਕਾਰਾਂ, ਕਿਸੇ ਘਰ ਨਾ ਪੈਣ ਵੈਣ
ਖੁਸ਼ੀ ਸਾਂਝੀ ਵੰਡਣ ਸਾਰੇ, ਜ਼ਿੰਮੇਵਾਰੀ ਹਾਕਿਮ ਲੈਣ
ਹਮਦਰਦੀ ਸ਼ਰਧਾਂਜਲੀ, ਦੁੱਖੜੇ ਜੋ ਪਰਿਵਾਰ ਸਹਿਣ।

*-ਸੇਵਾ ਸਿੰਘ ਨੂਰਪੁਰੀ*

## ਗੁਰਬਾਣੀ ਗਿਆਨ

# ਜਨੁ ਨਾਨਕ ਹਰਿ ਕਾ ਦਾਸੁ ਹੈ

ਰਾਗ ਬਿਲਾਵਲੁ ਮਹਲਾ ੫ ਘਰੁ ੫ ਚਉਪਦੇ
ਮ੍ਰਿਤ ਮੰਡਲ ਜਗੁ ਸਾਜਿਆ
ਜਿਉ ਬਾਲੂ ਘਰ ਬਾਰ॥
ਬਿਨਸਤ ਬਾਰ ਨ ਲਾਗਈ
ਜਿਉਂ ਕਾਗਦ ਬੂੰਦਾਰ॥
ਸੁਨਿ ਮੇਰੀ ਮਨਸਾ ਮਨੈ ਮਾਹਿ
ਸਤਿ ਦੇਖੁ ਬੀਚਾਰਿ॥
ਸਿਧ ਸਾਧਿਕ ਗਿਰਹੀ ਜੋਗੀ
ਤਜਿ ਗਏ ਘਰ ਬਾਰ॥ ਰਹਾਉ॥
ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
ਦ੍ਰਿਸਟਿਮਾਨ ਸਭੁ ਬਿਨਸੀਐ
ਕਿਆ ਲਗਹਿ ਗਵਾਰ॥
ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥
ਇਕਿ ਚਾਲੇ ਇਕਿ ਚਾਲਸਹਿ
ਸਭ ਅਪਨੀ ਵਾਰ॥
ਜਿਨ ਪੂਰਾ ਸਤਿਗੁਰੁ ਸੇਵਿਆ
ਸੇ ਅਸਥਿਰੁ ਹਰਿ ਦੁਆਰ॥
ਜਨੁ ਨਾਨਕ ਹਰਿ ਕਾ ਦਾਸੁ ਹੈ
ਰਾਖੁ ਪੈਜ ਮੁਰਾਰਿ॥

ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਵਿਚ ਆਖਦੇ ਹਨ, ਹੇ ਮੇਰੇ ਮਨ! ਉਸ ਪਰਮਾਤਮਾ ਨੇ ਇਹ ਸੰਸਾਰ ਐਸਾ ਬਣਾਇਆ ਹੈ ਕਿ ਇਸ ਉਤੇ ਮੌਤ ਦਾ ਰਾਜ ਹੈ, ਇਹ ਸੰਸਾਰ ਏਵੇਂ ਹੈ, ਜਿਵੇਂ ਰੇਤ ਦੇ ਬਣੇ ਹੋਏ ਘਰ ਹੋਣ; ਹੇ ਮਨ! ਜਿਵੇਂ ਮੀਂਹ ਦੀਆਂ ਕਣੀਆਂ ਨਾਲ ਕਾਗਜ਼ ਪਲ ਵਿਚ ਹੀ ਗਲ ਜਾਂਦੇ ਹਨ, ਇਵੇਂ ਹੀ ਇਨ੍ਹਾਂ ਘਰਾਂ ਦੇ ਨਾਸ ਹੁੰਦਿਆਂ ਚਿਰ ਨਹੀਂ ਲਗਦਾ,

ਸੁਨਿ ਮੇਰੀ ਮਨਸਾ ਮਨੈ ਮਾਹਿ
ਸਤਿ ਦੇਖੁ ਬੀਚਾਰਿ॥
ਸਿਧ ਸਾਧਿਕ ਗਿਰਹੀ ਜੋਗੀ
ਤਜਿ ਗਏ ਘਰ ਬਾਰ॥ ਰਹਾਉ॥

ਇਸ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਗੁਰਦੇਵ ਪਿਤਾ ਜੀ ਆਖਦੇ ਨੇ, ਹੇ ਮੇਰੇ ਚੰਚਲ ਮਨ ਦੇ ਫੁਰਨੇ, ਹੇ ਮੇਰੇ ਭਟਕਦੇ ਹੋਏ ਮਨ! ਜ਼ਰਾ ਧਿਆਨ ਨਾਲ ਸੁਣ ਅਤੇ ਵਿਚਾਰ ਕਰਕੇ ਵੇਖ ਲੈ, ਇਹ ਹੀ ਸੱਚ ਹੈ ਕਿ ਸਿੱਧ, ਸਾਧਿਕ, ਜੋਗੀ, ਗਿਰਹੀ ਗ੍ਰਹਿਸਥੀ-ਸਾਰੇ ਹੀ ਮੌਤ ਦਾ ਵਕਤ ਆਉਣ 'ਤੇ ਆਪਣਾ ਸਭ ਕੁਝ ਇਥੇ ਹੀ ਛੱਡ ਕੇ ਇੱਥੋਂ ਤੁਰੇ ਜਾ ਰਹੇ ਹਨ,

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
ਦ੍ਰਿਸਟਿਮਾਨ ਸਭੁ ਬਿਨਸੀਐ
ਕਿਆ ਲਗਹਿ ਗਵਾਰ॥

ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਸਾਨੂੰ ਦ੍ਰਿਸ਼ਟਾਂਤ ਦੇ ਕੇ ਸਮਝਾਉਂਦਿਆਂ ਆਖਦੇ ਹਨ, ਹੇ ਮੇਰੇ ਭਟਕਦੇ ਹੋਏ ਪਾਗਲ ਮਨ! ਇਹ ਜਗਤ ਤਾਂ ਇਉਂ ਹੈ, ਜਿਵੇਂ ਰਾਤ ਸੁੱਤੇ ਪਏ ਜੀਵ ਨੂੰ ਸੁਪਨਾ ਆਉਂਦਾ ਹੈ, ਪਰ ਉਹ ਸੱਚ ਨਹੀਂ ਹੁੰਦਾ; ਹੇ ਮੂਰਖ ਮਨ! ਜੋ ਕੁਝ ਵੀ ਦਿਖਾਈ ਦੇ ਰਿਹਾ ਹੈ, ਇਹ ਸਭ ਨਾਸਵੰਤ ਹੈ, ਤੂੰ ਇਸ ਨਾਲ ਮੋਹ ਨਾ ਬਣਾ,

ਕਹਾ ਸੁ ਭਾਈ ਮੀਤ ਹੈ
ਦੇਖੁ ਨੈਨ ਪਸਾਰਿ॥
ਇਕਿ ਚਾਲੇ ਇਕਿ ਚਾਲਸਹਿ
ਸਭ ਅਪਨੀ ਵਾਰ॥

ਇਨ੍ਹਾਂ ਪੰਕਤੀਆਂ ਵਿਚ ਗੁਰਦੇਵ ਪਿਤਾ ਜੀ ਬਖਸ਼ਿਸ਼ ਕਰਦੇ ਆਖ ਰਹੇ ਹਨ, ਹੇ ਮੂਰਖ ਮਨ! ਜ਼ਰਾ ਸੋਚ ਅਤੇ ਅੱਖਾਂ ਖੋਲ੍ਹ ਕੇ ਚੰਗੀ ਤਰ੍ਹਾਂ ਦੇਖ, ਤੇਰੇ ਉਹ ਆਪਣੇ ਭਰਾ ਅਤੇ ਪਿਆਰੇ ਮਿੱਤਰ ਕਿੱਥੇ ਗਏ ਹਨ! ਆਪਣੀ ਆਪਣੀ ਵਾਰੀ ਸਿਰ ਕਈ ਇੱਥੋਂ ਜਾ ਚੁਕੇ ਹਨ ਅਤੇ ਕਈ ਚਲੇ ਜਾਣਗੇ, ਸਾਰੇ ਹੀ ਜੀਵ ਆਪੋ ਆਪਣੀ ਵਾਰੀ ਨਾਲ ਤੁਰੇ ਜਾ ਰਹੇ ਹਨ, ਇਥੋਂ ਸਭ ਨੇ ਜਾਣਾ ਹੈ,

ਜਿਨ ਪੂਰਾ ਸਤਿਗੁਰੁ ਸੇਵਿਆ
ਸੇ ਅਸਥਿਰੁ ਹਰਿ ਦੁਆਰ॥
ਜਨੁ ਨਾਨਕ ਹਰਿ ਕਾ ਦਾਸੁ ਹੈ
ਰਾਖੁ ਪੈਜ ਮੁਰਾਰਿ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਆਖ ਰਹੇ ਹਨ, ਹੇ ਭਾਈ ਇਸ ਜਗਤ ਵਿਚ ਜਿਨ੍ਹਾਂ ਮਨੁੱਖਾਂ ਨੇ ਪੂਰੇ ਸਤਿਗੁਰੂ ਦਾ ਕਹਿਣਾ ਮੰਨਿਆ ਹੈ, ਆਸਰਾ ਲਿਆ ਹੈ, ਉਹ ਇਸ ਝੂਠੇ ਜਗਤ ਵਿਚ ਮੋਹ ਪਾਉਣ ਦੀ ਥਾਂ ਉਸ ਮਿਹਰਬਾਨ ਪ੍ਰਭੂ ਦੇ ਦਰ 'ਤੇ ਉਸ ਮਾਲਕ ਦੇ ਚਰਨਾਂ ਵਿਚ ਜੁੜੇ ਰਹਿੰਦੇ ਹਨ। ਇਹ ਦਾਸ ਨਾਨਕ ਤਾਂ ਪ੍ਰਭੂ ਦਾ ਸੇਵਕ ਹੈ ਅਤੇ ਅਰਦਾਸ ਕਰਦਾ ਹੈ, ਪ੍ਰਭੂ ਮੇਰੀ ਪੈਜ ਰੱਖੋ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਵਿੱਥਾਂ-ਵਿਰਲਾਂ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਨਸੀਹਤ ਕੀਤੀ ਸੀ ਕਿ ਬੰਦੇ ਨੂੰ ਹਰਕਤ ਵਿਚ ਰਹਿਣਾ ਚਾਹੀਦਾ ਹੈ, ਕਿਉਂਕਿ ਹਰਕਤ ਵਿਚੋਂ ਹੀ ਹਮਜੋਲਤਾ, ਹਮਰਾਜ਼ਤਾ, ਹੱਸਮੁੱਖਤਾ ਅਤੇ ਹੈਰਾਨੀਜਨਕ ਹਾਸਲਾਂ ਨੇ ਮਨੁੱਖੀ ਮਨ ਦੀ ਦਸਤਕ ਬਣਨਾ ਹੁੰਦਾ। ਇਹ ਦਸਤਕ, ਜਿਸ ਨੇ ਸਾਹਾਂ ਨੂੰ ਸਦੀਵਤਾ ਅਤੇ ਸੰਗੀਤਕਤਾ ਬਖਸ਼ਣੀ ਏ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਹੈ ਕਿ ਕੋਈ ਵੀ ਜ਼ਿੰਦਗੀ ਕਦੇ ਵੀ ਸੰਪੂਰਨ ਨਹੀਂ ਹੁੰਦੀ। ਜ਼ਿੰਦਗੀ ਵਿਚ ਕਸ਼ਟਾਂ, ਕਠਿਨਾਈਆਂ ਅਤੇ ਵਿਰਲਾਂ ਨੇ ਤਾਂ ਜਰੂਰ ਆਉਣਾ। ਇਨ੍ਹਾਂ ਦੀ ਭਰਪਾਈ ਕਰਨਾ, ਮਨੁੱਖ ਦਾ ਕੰਮ। ਇਸ ਨੂੰ ਪਿੱਠ ਦਿਖਾਉਣ ਵਾਲੇ ਕਦੇ ਵੀ ਗੈਰਤਮੰਦ ਨਹੀਂ ਹੁੰਦੇ। ਨਾਬਰੀ ਵਿਚੋਂ ਹੀ ਜ਼ਿੰਦਗੀ ਦੀ ਨਿਸ਼ਾਨਦੇਹੀ ਹੁੰਦੀ।... ਤਰੇੜਾਂ ਨੂੰ ਆਪਣੀਆਂ ਤਮੰਨਾਵਾਂ, ਤਰਜ਼ੀਹਾਂ, ਤਾਂਘਾਂ, ਤਪੱਸਿਆ ਜਾਂ ਤੀਖਣਤਾ 'ਤੇ ਕਦੇ ਭਾਰੂ ਨਾ ਹੋਣ ਦਿਓ, ਕਿਉਂਕਿ ਜੇ ਤਮੰਨਾ ਹੀ ਖਤਮ ਹੋ ਗਈ ਤਾਂ ਤੁਹਾਡੇ ਪੱਲੇ ਵਿਚ ਸਿਰਫ ਵਿਰਲਾਂ ਹੀ ਵਿਰਲਾਂ ਰਹਿ ਜਾਣੀਆਂ। ਉਹ ਆਖਦੇ ਹਨ, "ਕਈ ਵਾਰ ਸਾਵੀਂ-ਪੱਧਰੀ ਜਾਪਦੀ ਜ਼ਿੰਦਗੀ ਵਿਚ ਪਏ ਹੋਏ ਅਦਿੱਖ ਖੱਡੇ, ਨਿਵਾਣ, ਉਚਾਣ ਜਾਂ ਖਾਈਆਂ ਦੀ ਭਰਪਾਈ ਵੀ ਜਰੂਰੀ; ਕਿਉਂਕਿ ਕਿਸੇ ਨੇ ਨਹੀਂ ਸਾਡੀਆਂ ਤਰਜ਼ੀਹਾਂ ਨੂੰ ਤਸ਼ਬੀਹਾਂ ਦੇਣੀਆਂ।... ਇਲਾਜ ਤੋਂ ਪਹਿਲਾਂ ਅਲਾਮਤ ਨੂੰ ਜਾਣਨਾ ਅਤੇ ਕਾਰਨਾਂ ਨੂੰ ਸਮਝਣਾ ਬਹੁਤ ਅਹਿਮ।"**

ਜ਼ਿੰਦਗੀ ਰੂਪੀ ਮਹਿਲ ਦੀਆਂ ਨੀਂਹਾਂ, ਕੰਧਾਂ, ਦਰਵਾਜ਼ੇ, ਰੌਸ਼ਨਦਾਨ, ਖਿੜਕੀਆਂ, ਛੱਤਾਂ ਸਮੇਤ ਇਸ ਦੀ ਸਮੁੱਚਤਾ ਵਿਚ ਬਹੁਤ ਕੁਝ ਅਜਿਹਾ ਹੁੰਦਾ, ਜਿਸ ਨੇ ਇਸ ਦੀ ਦਿੱਖ, ਮਜ਼ਬੂਤੀ, ਸੁਹੱਪਣ ਅਤੇ ਸਥਿਰਤਾ ਨੂੰ ਆਪਣੇ ਵਿਚ ਸਮੋਇਆ ਹੁੰਦਾ।

ਕੋਈ ਵੀ ਜ਼ਿੰਦਗੀ ਕਦੇ ਵੀ ਸੰਪੂਰਨ ਨਹੀਂ ਹੁੰਦੀ। ਇਸ ਵਿਚ ਹੁੰਦੀਆਂ ਨੇ ਕੁਝ ਤਰੇੜਾਂ, ਵਿਰਲਾਂ, ਝਰੋਖੇ, ਤਾਕੀਆਂ, ਝੀਤਾਂ ਅਤੇ ਛੇਕ। ਕਦੇ ਕਦਾਈ ਇਹ ਵਿਰਲਾਂ 'ਵਾ ਦੇ ਆਉਣ-ਜਾਣ ਅਤੇ ਅੰਦਰਲੀ ਗੰਦਗੀ ਨੂੰ ਬਾਹਰ ਨਿਕਲਣ ਦਾ ਰਾਹ ਹੁੰਦੀਆਂ; ਪਰ ਕਈ ਵਾਰ ਇਹ ਜ਼ਿੰਦਗੀ ਦੀ ਮਜ਼ਬੂਤੀ ਨੂੰ ਖੋਰਦੀਆਂ, ਹੋਂਦ ਨੂੰ ਜ਼ਰਜਰੀ ਕਰਦੀਆਂ ਅਤੇ ਇਸ ਦੀਆਂ ਨੀਂਹਾਂ ਨੂੰ ਖੋਖਲਾ ਕਰਨ ਵਿਚ ਕੋਈ ਕਸਰ ਨਹੀਂ ਛੱਡਦੀਆਂ।

ਜ਼ਿੰਦਗੀ ਦੀਆਂ ਅਜਿਹੀਆਂ ਵਿਰਲਾਂ ਨੂੰ ਪਛਾਣਨਾ ਅਤੇ ਇਨ੍ਹਾਂ ਦੀ ਭਰਪਾਈ ਬਹੁਤ ਜ਼ਰੂਰੀ। ਵਿਰਲਾਂ ਹੀ ਸਬੰਧਾਂ ਦੀ ਕੱਚੀ ਤੰਦ ਨੂੰ ਤੋੜਦੀਆਂ। ਕਦੇ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਪਲੀਤ ਕਰਦੀਆਂ ਅਤੇ ਮੋਹ-ਭਿੱਜੀ ਸਾਂਝ ਨੂੰ ਤਾਰ-ਤਾਰ ਕਰਦੀਆਂ। ਜਿਊਣਾ ਮੁਹਾਲ ਕਰਦੀਆਂ ਅਤੇ ਇਸ ਦੀ ਤਲੀ ਤੇ ਅਣਸੁਖਾਂਵੀਆਂ ਅਤੇ ਅਣਸੁਣੀਆਂ ਘਟਨਾਵਾਂ ਦਾ ਚਿੱਤਰਪੱਟ ਖੁੱਣਦੀਆਂ।

ਜ਼ਿੰਦਗੀ ਦੀਆਂ ਇਨ੍ਹਾਂ ਤਰੇੜਾਂ, ਵਿਰਲਾਂ ਜਾਂ ਸੁਰਾਖਾਂ ਨੂੰ ਭਰਨ ਤੋਂ ਪਹਿਲਾਂ ਇਨ੍ਹਾਂ ਦੀ ਪਛਾਣ ਕਰਨੀ ਅਤਿ ਜ਼ਰੂਰੀ। ਇਲਾਜ ਤੋਂ ਪਹਿਲਾਂ ਅਲਾਮਤ ਨੂੰ ਜਾਣਨਾ ਅਤੇ ਕਾਰਨਾਂ ਨੂੰ ਸਮਝਣਾ ਬਹੁਤ ਅਹਿਮ।

ਕਈ ਵਾਰ ਸਾਵੀਂ-ਪੱਧਰੀ ਜਾਪਦੀ ਜ਼ਿੰਦਗੀ ਵਿਚ ਪਏ ਹੋਏ ਅਦਿੱਖ ਖੱਡੇ, ਨਿਵਾਣ, ਉਚਾਣ ਜਾਂ ਖਾਈਆਂ ਦੀ ਭਰਪਾਈ ਵੀ ਜਰੂਰੀ। ਇਨ੍ਹਾਂ ਦੀ ਭਰਪਾਈ ਅਸੀਂ ਆਪਣੇ ਜੀਵਨ-ਸਫਰ ਨੂੰ ਸੁੱਖਨਵਰ ਅਤੇ ਸਹਿਜਮਈ ਬਣਾ ਸਕਦੇ ਹਾਂ। ਜੀਵਨ ਦੀਆਂ ਨਿਆਮਤਾਂ ਦੀ ਅਨੰਦਤਾ ਤੇ ਅਸੀਮਤਾ ਨਾਲ ਅੰਤਰੀਵ ਨੂੰ ਰੰਗ ਕੇ, ਤੁਸੱਵਰੀ ਜ਼ਿੰਦਗੀ ਨੂੰ ਮਾਣ ਸਕਦੇ ਹਾਂ।

ਜ਼ਿੰਦਗੀ ਬਸਰ ਕਰਦਿਆਂ, ਆਰ-ਪਰਿਵਾਰ ਵਿਚ ਰਹਿੰਦਿਆਂ, ਜੀਵਨ-ਸਾਥੀ ਦੀ ਸੰਗਤ ਮਾਣਦਿਆਂ, ਸੰਗੀ-ਸਾਥੀਆਂ ਨਾਲ ਨਿੱਤਾਪ੍ਰਤੀ ਦਾ ਕਾਰ-ਵਿਹਾਰ ਕਰਦਿਆਂ, ਕਾਰੋਬਾਰ ਜਾਂ ਨੌਕਰੀ ਕਰਦਿਆਂ, ਸੂਖਮਤਾ ਨਾਲ ਮਨੁੱਖੀ ਵਿਹਾਰ ਨੂੰ ਘੋਖਣ ਦੀ ਲੋੜ ਹੁੰਦੀ ਹੈ, ਜਿਹੜਾ ਵਿਰਲਾਂ ਦੀ ਨਿਸ਼ਾਨਦੇਹੀ ਕਰਨ ਵਿਚ ਪ੍ਰਮੁੱਖ। ਕਈ ਵਾਰ ਉਹ ਨਹੀਂ ਕਹਿ ਸਕਦੇ, ਜੋ ਸਾਡਾ ਵਰਤੋਂ-ਵਿਹਾਰ, ਬੋਲਚਾਲ, ਸ਼ਬਦ, ਲਹਿਜ਼ਾ ਜਾਂ ਨਜ਼ਰੀਆ ਪ੍ਰਗਟਾਉਂਦਾ।

ਜਦ ਕੋਈ ਖਾਮੋਸ਼ ਹੋ ਜਾਵੇ, ਹੋਠਾਂ 'ਤੇ ਚੁੱਪ ਦਾ ਜੰਦਰਾ ਲੱਗ ਜਾਵੇ, ਕੁਝ ਵੀ ਕਹਿਣ ਤੋਂ ਹਿੱਚਕਚਾਵੇ ਅਤੇ ਗੱਲ ਕਰਨ ਤੋਂ ਤ੍ਰਿਹਣ ਲੱਗ ਪਵੇ ਤਾਂ ਸਮਝੋ ਕਿ ਉਸ ਦੇ ਅੰਦਰ ਗੱਲਾਂ ਦਾ ਖੌਰੂ ਪਾਉਂਦਾ ਸਮੁੰਦਰ ਉਸ ਨੂੰ ਕੁਝ ਵੀ ਕਹਿਣ ਤੋਂ ਵਰਜਦਾ ਹੈ। ਉਸ ਦੇ ਅੰਦਰ ਇਕ ਡਹਿਲ ਹੁੰਦਾ ਕਿ ਪਤਾ ਨਹੀਂ ਮੇਰੀ ਗੱਲ ਦੇ ਕੀ ਅਰਥ ਕੱਢੇ ਜਾਣਗੇ ਅਤੇ ਇਸ ਨੂੰ ਕਿਸ ਸੰਦਰਭ ਵਿਚ ਸਮਝਿਆ ਜਾਵੇਗਾ?

ਜਦ ਕਿਸੇ ਨੂੰ ਕੁਝ ਪੁੱਛਿਆ ਜਾਵੇ ਅਤੇ ਉਹ ਸਭ ਕੁਝ ਜਾਣਦਿਆਂ ਵੀ ਇਹ ਕਹੇ ਕਿ ਪਤਾ ਨਹੀਂ ਤਾਂ ਇਹ ਸਪੱਸ਼ਟ ਹੁੰਦਾ ਕਿ ਇਸ ਪਿੱਛੇ ਕੋਈ ਗਹਿਰੀ ਚਾਲ ਹੈ। ਉਹ ਜਾਣ-ਬੁੱਝ ਕੇ ਕੁਝ ਭੇਤ ਛੁਪਾ ਰਿਹਾ ਹੈ, ਜਿਸ ਦੇ ਖੁੱਲ੍ਹਣ ਨਾਲ ਕੁਝ ਅਜਿਹਾ ਬੇਪਰਦ ਹੋ ਸਕਦਾ, ਜਿਸ ਦਾ ਕੋਈ ਕਿਆਸ ਵੀ ਨਹੀਂ ਕਰ ਸਕਦਾ।

ਜਦ ਅਸਾਡਾ ਆਪਣਾ ਪਿਆਰਾ ਕਹੇ ਕਿ ਮੈਨੂੰ 'ਕੱਲਾ ਛੱਡ ਦੇਵੋ। ਮੈਂ ਕੁਝ ਨਹੀਂ ਬੋਲਣਾ ਚਾਹੁੰਦਾ ਤਾਂ ਇਸ ਦਾ ਮਤਲਬ ਹੈ ਕਿ ਉਸ ਨੂੰ ਤੁਹਾਡੀ ਬਹੁਤ ਜ਼ਰੂਰਤ ਹੈ। ਉਸ ਦੇ ਕੁਝ ਨਾ ਕਹਿਣ ਵਿਚ ਇਕ ਲੋੜ ਛੁਪੀ ਹੁੰਦੀ, ਜਿਸ ਨੂੰ ਤੁਸੀਂ ਹੀ ਪੂਰਾ ਕਰ ਸਕਦੇ ਹੋ। ਉਸ ਨੂੰ ਆਸ ਵੀ ਸਿਰਫ ਆਪਣਿਆਂ ਤੋਂ ਹੀ ਹੁੰਦੀ। ਬਿਗਾਨਿਆਂ 'ਤੇ ਕਾਹਦੀ ਆਸ ਰੱਖੀ ਜਾ ਸਕਦੀ ਕਿ ਉਹ ਜ਼ਰੂਰਤ ਪੂਰੀ ਕਰਨ?

ਮਿੱਤਰ ਪਿਆਰੇ ਨਾਲ ਗੱਲ ਕਰਦਿਆਂ ਅਤੇ ਉਸ ਦਾ ਹੁੰਗਾਰਾ ਭਰਦਿਆਂ ਜਦ ਅਸੀਂ ਉਸ ਨੂੰ ਆਪਣੇ ਵਲੋਂ ਕੁਝ ਕਹਿੰਦੇ ਜਾਂ ਸੁਝਾਅ ਦਿੰਦੇ, ਉਹ ਅਣਮੰਨੇ ਜਿਹੇ ਮਨ ਨਾਲ ਕਹੇ ਕਿ ਚੱਲੋ ਜੋ ਤੁਸੀਂ ਕਹਿੰਦੇ ਹੋ, ਇਹ ਠੀਕ ਹੈ ਤਾਂ ਇਹ ਉਸ ਦੇ ਅੰਦਰ ਬੈਠੇ ਉਸ ਦਰਦ ਦੀ ਚੀਸ ਹੁੰਦੀ, ਜਿਸ ਨੂੰ ਤੁਸੀਂ ਸਮਝਣ ਤੋਂ ਅਵੇਸਲੇ ਅਤੇ ਅਸਮਰੱਥ। ਇਹ ਪੀੜ ਹੀ ਹੁੰਦੀ, ਜੋ ਉਸ ਨੂੰ ਅੰਦਰੋਂ ਅੰਦਰੀ ਖਾਂਦੀ, ਖੋਰਦੀ, ਸਿਵਾ ਸੇਕਦੀ ਅਤੇ ਉਸ ਨੂੰ ਜਿਉਂਦੇ-ਜੀਅ ਕਬਰਾਂ ਵੱਲ ਤੋਰਨ ਦਾ ਕਾਰਨ ਬਣਦੀ। ਅਜਿਹੇ ਵਕਤ ਉਸ ਦੇ ਦਰਦ ਦੀ ਥਾਹ ਪਾਉਣਾ ਅਤੇ ਰਾਹਤ ਬਣਨਾ ਬਹੁਤ ਜਰੂਰੀ।

ਸੱਜਣਾਂ ਨਾਲ ਗੱਲਬਾਤ ਦੌਰਾਨ ਜਦ ਕੋਈ ਇਹ ਕਹਿ ਦੇਵੇ ਕਿ ਇਸ ਨਾਲ ਮੈਨੂੰ ਤਾਂ ਕੋਈ ਫਰਕ ਨਹੀਂ ਪੈਂਦਾ ਤਾਂ ਦਰਅਸਲ ਫਰਕ ਹੀ ਉਸ ਨੂੰ ਪੈਂਦਾ ਹੈ। ਇਸ ਵਿਚ ਕੁਝ ਕੁ ਤਾਂ ਅਜਿਹਾ ਹੋਵੇਗਾ, ਜੋ ਉਸ ਸ਼ਖਸ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦਾ ਹੋਵੇਗਾ। ਜ਼ਿੰਦਗੀ ਪਹਿਲਾਂ ਵਾਲੀ ਨਾ ਰਹਿਣ ਦਾ ਖਦਸ਼ਾ ਹੋਵੇਗਾ ਤਾਂ ਹੀ ਉਹ ਬੇਬੱਸੀ ਤੇ ਲਾਚਾਰੀ ਵਿਚ ਹੀ ਕਹਿੰਦਾ ਹੈ ਕਿ ਮੈਨੂੰ ਕੋਈ ਫਰਕ ਨਹੀਂ ਪੈਂਦਾ।

ਗੱਲਾਂ-ਗੱਲਾਂ ਵਿਚ ਜਦ ਕੋਈ ਗੁੱਝੀ ਗੱਲ ਕਹਿ ਕੇ ਫਿਰ ਇਹ ਕਹੇ ਕਿ ਯਾਰਾ ਇਹ ਤਾਂ ਸਿਰਫ ਮਜ਼ਾਕ ਸੀ ਤਾਂ ਸਮਝਣਾ ਚਾਹੀਦਾ ਹੈ ਕਿ ਇਸ ਵਿਚ ਬਹੁਤ ਵੱਡਾ ਸੱਚ ਛੁਪਿਆ ਹੋਇਆ ਹੈ। ਸੱਚ ਨੂੰ ਮਜ਼ਾਕ ਦਾ ਲਿਬਾਸ ਪਾ ਕੇ ਕੁਝ ਲੋਕ ਲੁਕਾਉਣ ਦੀ ਕੋਸ਼ਿਸ਼ ਕਰਦੇ, ਪਰ ਸਮੇਂ ਨਾਲ ਉਸ ਮਜ਼ਾਕ ਦੀ ਜਦ ਸਮਝ ਪੈਂਦੀ ਏ ਤਾਂ ਸਮਾਂ ਬਹੁਤ ਅੱਗੇ ਲੰਘ ਚੁਕਾ ਹੁੰਦਾ ਅਤੇ ਫਿਰ ਕਈ ਵਾਰ ਪਰਤਣਾ ਬਹੁਤ ਮੁਹਾਲ ਹੋ ਜਾਂਦਾ। ਜਦ ਕੋਈ ਮਜ਼ਾਕ ਸੱਚ ਵੱਲ ਨੂੰ ਤੁਰ ਪਵੇ ਅਤੇ ਸੱਚ, ਮਜ਼ਾਕ ਵੱਲ ਦੀਆਂ ਰਾਹਾਂ ਮੱਲ ਲਵੇ ਤਾਂ ਸਮਝੋ ਜ਼ਿੰਦਗੀ ਨੇ ਅਜਿਹੀਆਂ ਘੁੰਮਣ-ਘੇਰੀਆਂ ਵਿਚ ਉਲਝ ਕੇ ਰਹਿ ਜਾਣਾ, ਜਿਸ ਦਾ ਸਿਰਾ ਕਦੇ ਨਹੀਂ ਥਿਆਉਣਾ।

ਜਦ ਕੋਈ ਸ਼ਖਸ ਬੇਵਜ੍ਹਾ ਹੀ ਹੱਸਣ ਲੱਗ ਪਵੇ ਜਾਂ ਹੋਰਨਾਂ ਨੂੰ ਵੀ ਹਸਾਉਣ ਦੀ ਕੋਸ਼ਿਸ਼ ਕਰੇ ਤਾਂ ਸਮਝਣਾ ਕਿ ਇਹ ਵਿਅਕਤੀ ਅੰਦਰੋਂ ਬਹੁਤ 'ਕੱਲਾ ਉਦਾਸ ਤੇ ਹਤਾਸ਼ ਹੈ। ਕਈ ਵਾਰ ਤਾਂ ਅੰਦਰੋਂ ਰੋਂਦਿਆਂ ਵੀ ਬਾਹਰੋਂ ਹੱਸਣ ਦਾ ਨਾਟਕ ਕਰਨਾ ਪੈਂਦਾ। ਹਾਸਰਸ ਕਲਾਕਾਰਾਂ ਨੂੰ ਅਕਸਰ ਹੀ ਨਿੱਜੀ ਪੀੜਾ ਅਤੇ ਘੋਰ-ਨਿਰਾਸ਼ਾ ਨੂੰ ਛੁਪਾ ਕੇ ਜੱਗ ਨੂੰ ਹਸਾਉਣ ਲਈ ਉਚੇਚ ਕਰਨਾ ਪੈਂਦਾ। ਯਾਦ ਰੱਖਣਾ! ਸਾਰੇ ਹੱਸਣ ਵਾਲੇ ਵਿਅਕਤੀ ਖੁਸ਼ ਨਹੀਂ ਹੁੰਦੇ। ਉਹ ਸਿਰਫ ਬਾਹਰੀ ਹਾਸਿਆਂ ਨਾਲ ਆਪਣੀ ਅੰਦਰਲੀ ਪੀੜ ਨੂੰ ਵਰਚਾਉਣ ਅਤੇ ਇਸ ਤੋਂ ਛੁਟਕਾਰਾ ਪਾਉਣ ਦਾ ਉਪਰਾਲਾ ਕਰਦੇ। ਬਹੁਤੀ ਵਾਰ ਉਹ ਇਸ ਵਿਚ ਕਾਮਯਾਬ ਵੀ ਹੁੰਦੇ।

ਜਦ ਕੋਈ ਕਹੇ ਕਿ ਸੱਜਣਾਂ ਦੇ ਪਰਦੇਸ ਜਾਣ ਤੋਂ ਬਾਅਦ ਰਾਤੀਂ ਮੈਂ ਬੇਫਿਕਰੀ ਦੀ ਨੀਂਦ ਸੁੱਤਾ ਹਾਂ ਤਾਂ ਇਹ ਕੋਰਾ ਝੂਠ। ਕਿਹੜਾ ਏ ਜੋ ਰੂਹ ਦੇ ਵਿਛੋੜੇ 'ਚ ਝੰਬਿਆ ਨਾ ਜਾਵੇ? ਸੱਜਣਾਂ ਦੀ ਗੈਰ-ਮੌਜੂਦਗੀ ਵਿਚ ਤਾਂ ਰਾਤ ਖਾਣ ਨੂੰ ਆਉਂਦੀ। ਕੌਣ ਸੌਂਦਾ ਏ ਅਜਿਹੇ ਵੇਲਿਆਂ 'ਚ? ਇਹ ਤਾਂ ਦੇਖਣ-ਸੁਣਨ ਵਾਲਿਆਂ ਨੂੰ ਧੋਖਾ ਦੇਣ ਲਈ ਖੁਦ ਨਾਲ ਬੋਲਿਆ ਸਭ ਤੋਂ ਵੱਡਾ ਝੂਠ ਹੁੰਦਾ।

ਜਦ ਕੋਈ ਕਹਿਰ ਵਾਪਰ ਜਾਵੇ ਅਤੇ ਵਿਅਕਤੀ ਬਾਹਰੋਂ ਮਜ਼ਬੂਤ ਰਹਿ ਕੇ ਨਾ ਰੋਣ ਦੀ ਕਸਮ ਖਾ ਲਵੇ ਤਾਂ ਦਰਅਸਲ ਉਹ ਅੰਦਰੋਂ ਬਹੁਤ ਰੋਂਦਾ ਹੈ। ਉਹ ਕਿਸੇ ਵੀ ਅਣਿਆਈ ਤੇ ਅਣਸੁਖਾਂਵੀਂ ਘਟਨਾ ਜਾਂ ਤ੍ਰਾਸਦੀ ਤੋਂ ਬਾਅਦ ਇੰਨਾ ਬਿਖਰ ਜਾਂਦਾ ਕਿ ਉਹ ਆਪਣੇ ਅੰਦਰ ਨੂੰ ਸੰਭਾਲ ਹੀ ਨਹੀਂ ਸਕਦਾ। ਭਲਾ! ਟੁੱਟਿਆ ਤੇ ਤਿੜਕਿਆ ਬੰਦਾ ਕਿੰਜ ਰੋਵੇ? ਕਿਸ ਨੂੰ ਦਿਲ ਦਾ ਹਾਲ ਸੁਣਾਵੇ? ਕਿਸ ਦੇ ਗਲ ਲੱਗ ਕੀਰਨੇ ਪਾਵੇ ਅਤੇ ਮਨ ਨੂੰ ਹਲਕਾ ਕਰੇ? ਕਈ ਵਾਰ ਅਜਿਹੇ ਵਿਅਕਤੀ ਦੇ ਗਮਾਂ ਦਾ ਗੋਲਾ ਫੇਹਣ ਲਈ ਉਸ ਨੂੰ ਰੁਆਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਜਾਂਦੀਆਂ। ਅਜਿਹੇ ਵਿਅਕਤੀ ਅੰਦਰੋਂ ਬਹੁਤ ਕਮਜ਼ੋਰ ਹੁੰਦੇ।

ਕੁਝ ਵਿਅਕਤੀ ਹੁੰਦੇ ਜਿਹੜੇ ਝੱਟਪੱਟ ਹੀ ਰੋ ਪੈਂਦੇ। ਕਿਸੇ ਫਿਲਮ ਦੇ ਸੀਨ, ਕਿਤਾਬ ਦੇ ਕਾਂਡ ਜਾਂ ਕਿਸੇ ਦੇ ਦਰਦ ਵਿਚ ਜਲਦੀ ਹੀ ਫਿੱਸਣ ਵਾਲੇ ਵਿਅਕਤੀ ਬਹੁਤ ਹੀ ਕੋਮਲ, ਮਾਸੂਮ ਅਤੇ ਨਾਜ਼ੁਕ ਜਿਹੀ ਤਰਬੀਅਤ ਦੇ ਮਾਲਕ। ਉਹ ਕਿਸੇ ਦਾ ਦੁੱਖ ਨਹੀਂ ਜਰ ਸਕਦੇ। ਤਾਂ ਹੀ ਉਹ ਕਿਸੇ ਦੇ ਦੁੱਖ ਨੂੰ ਆਪਣੇ ਹੰਝੂਆਂ ਵਿਚ ਸਮਾ, ਉਸ ਦੀ ਪੀੜਾ ਵਿਚ ਸ਼ਾਮਲ ਹੋਣ ਦਾ ਯਤਨ ਕਰਦੇ।

ਜ਼ਿੰਦਗੀ ਦੇ ਸਫਰ ਵਿਚ ਜਿਹੜਾ ਮਨੁੱਖ ਘੜੀ ਮੁੜੀ ਨਾਰਾਜ਼ ਹੋਵੇ, ਮੂੰਹ ਫੇਰੀ ਰੱਖੇ ਜਾਂ ਮੱਥੇ 'ਤੇ ਤਿਊੜੀਆਂ ਹੀ ਉਗੀਆਂ ਰਹਿਣ ਤਾਂ ਅਜਿਹਾ ਵਿਅਕਤੀ ਅੰਦਰੋਂ ਬਹੁਤ ਇਕੱਲਾ, ਨਿਰਬਲ ਅਤੇ ਨਿਤਾਣਾ ਮਹਿਸੂਸ ਕਰਦਾ। ਉਹ ਪਿਆਰ ਭਿੱਜੇ ਬੋਲਾਂ ਨੂੰ ਤਰਸਦਾ। ਆਪਣਿਆਂ ਦੀ ਨਿੱਘੀ ਗਲਵੱਕੜੀ ਲੋਚਦਾ। ਉਹ ਕਿਸੇ ਦੀ ਆਗੋਸ਼ ਵਿਚ ਬਹਿ, ਰੂਹ ਦੀ ਪਾਰਦਰਸ਼ਤਾ ਨਾਲ ਹਰੇਕ ਲਈ ਸੁਖਨ ਤੇ ਸਕੂਨ ਦੀ ਅਰਦਾਸ ਕਰਦਾ।

ਜਿਹੜਾ ਗੱਲ ਗੱਲ 'ਤੇ ਖਿੱਝਦਾ, ਟੁੱਟ ਕੇ ਪੈਂਦਾ ਅਤੇ ਰੁਆਂਸੇ ਜਿਹੇ ਮੂੰਹ ਨਾਲ ਆਪਣੀ ਹੋਂਦ ਨੂੰ ਅਣਹੋਂਦ ਬਣਾਉਂਦਾ ਹੈ, ਦਰਅਸਲ ਉਹ ਈਰਖਾ ਵਿਚ ਸੜਿਆ ਅਤੇ ਭੁੱਜਿਆ ਹੁੰਦਾ। ਖੁਦ ਨੂੰ ਖੁਦ ਦੀ ਅੱਗ ਵਿਚ ਸਾੜ ਰਿਹਾ ਹੁੰਦਾ। ਲੋੜ ਹੈ ਕਿ ਈਰਖਾ ਦੀ ਥਾਂ ਕੁਝ ਅਜਿਹਾ ਕਰੀਏ ਕਿ ਈਰਖਾ ਵਿਚੋਂ ਇੱਜਤ ਅਤੇ ਆਪਣੀ ਹੋਂਦ ਨੂੰ ਸਹਿਹੋਂਦ ਦਾ ਹੁਲਾਰ ਮਿਲੇ।

ਜਿਹੜੇ ਲੋਕ ਹਰ ਵੇਲੇ ਕਿਸੇ ਦੀ ਨੁਕਤਾਚੀਨੀ ਕਰਨ, ਨੁਕਸ ਕੱਢਣ ਜਾਂ ਕੁਤਾਹੀਆਂ ਗਿਣਾਉਣ ਤੀਕ ਹੀ ਸੀਮਤ ਹੁੰਦੇ, ਉਹ ਆਪ ਉਪਰ ਉਠਣ ਦੀ ਥਾਂ ਦੂਸਰਿਆਂ ਨੂੰ ਨੀਵਾਂ ਦਿਖਾ, ਖੁਦ ਨੂੰ ਉਪਰ ਸਮਝਣਾ ਲੋਚਦੇ ਨੇ; ਪਰ ਅਜਿਹਾ ਨਹੀਂ ਹੁੰਦਾ। ਦੂਸਰਿਆਂ ਨੂੰ ਹੇਠਾਂ ਸੁੱਟਣ ਦੀ ਥਾਂ, ਖੁਦ ਨੂੰ ਉਪਰ ਉਠਾਉਣ ਦਾ ਤਰਦੱਦ ਕਰੋਗੇ ਤਾਂ ਤੁਹਾਡੀ ਉਚਾਈ ਤੇ ਅਛਾਈ ਦੂਸਰਿਆਂ ਲਈ ਸਬਕ ਹੋਵੇਗੀ।

ਜੀਵਨ ਵਿਚ ਕਿਸੇ ਵੀ ਰਿਸ਼ਤੇ ਨੂੰ ਤੋੜਨ, ਨਾਰਾਜ਼ਗੀ ਉਪਜਾਉਣ, ਨਾਤਾ ਤੋੜਨ ਜਾਂ ਸਦਾ ਲਈ ਖਤਮ ਕਰਨ ਤੋਂ ਪਹਿਲਾਂ ਇਹ ਜਰੂਰ ਸੋਚੋ ਕਿ ਹੁਣ ਤੀਕ ਇਸ ਰਿਸ਼ਤੇ ਨੂੰ ਕਿਉਂ ਨਿਭਾਇਆ? ਕੀ ਇਹ ਬੋਝ ਸੀ? ਕੀ ਇਸ ਨੂੰ ਜਾਣ ਬੁੱਝ ਕੇ ਜੀਵਨ ਦਾ ਖੌਅ ਬਣਾਇਆ? ਇਸ ਦੀ ਰੰਗਤ ਵਿਚ ਪੈਦਾ ਹੋਏ ਫਿੱਕੇਪਣ ਲਈ ਕਿਹੜੇ ਹਾਲਾਤ, ਆਦਤਾਂ ਅਤੇ ਕਾਰਨ ਨੇ? ਮੈਂ ਕਿਵੇਂ ਖੁਦ ਨੂੰ ਬਦਲ ਸਕਦਾ ਹਾਂ? ਇਸ ਰਿਸ਼ਤੇ ਦੀ ਸੁੱਖਨਤਾਈ, ਪਾਕੀਜ਼ਗੀ ਅਤੇ ਪਕਿਆਈ ਨੂੰ ਕਿਵੇਂ ਜੀਵੰਤ ਕਰ ਸਕਦਾਂ?

ਪਰਿਵਾਰਕ ਜੀਵਨ ਵਿਚ ਰਿਸ਼ਤੇ, ਕਦੇ ਟੁੱਟਦੇ ਨੇ ਸਹਿਮ ਨਾਲ, ਕਦੇ ਵਹਿਮ ਨਾਲ ਜਾਂ ਅਹਿਮ ਨਾਲ। ਕਦੇ ਇਹ ਤਿੱੜਕ ਜਾਂਦੇ ਸ਼ਰਮ ਨਾਲ, ਭਰਮ ਨਾਲ ਜਾਂ ਅਧਰਮ ਨਾਲ। ਕਦੇ ਇਹ ਬਿਖਰਦੇ ਨੇ ਬੇਸ਼ਰਮੀ ਨਾਲ, ਕੁਕਰਮੀ ਨਾਲ ਜਾਂ ਹੱਠ-ਧਰਮੀ ਨਾਲ। ਕਦੇ ਇਹ ਜ਼ਰਜ਼ਰੀ ਹੁੰਦੇ ਪੱਜ ਨਾਲ, ਨਿਲੱਜ਼ ਨਾਲ ਜਾਂ ਕੱਜ ਨਾਲ।

ਬਹੁਤ ਕੋਮਲ ਤੇ ਮਲੂਕ ਹੁੰਦੇ ਨੇ ਇਹ ਰਿਸ਼ਤੇ। ਕੁਮਲਾ ਜਾਂਦੇ ਨੇ ਵਗਦੀਆਂ ਲੂਆਂ 'ਚ, ਕਹਿਰ ਭਰੇ ਵਰਤਾਰਿਆਂ 'ਚ, ਅਧਰਮੀ ਅਚਾਰ 'ਚ ਅਤੇ ਕੁਰਹਿਤੀ ਵਿਹਾਰ 'ਚ। ਉਗ ਆਉਂਦੀਆਂ ਨੇ ਤਰੇੜਾਂ ਤੇ ਔੜਾਂ ਜੇਠ-ਹਾੜ ਦੇ ਮਹੀਨੇ ਜਿਹੀਆਂ। ਨੀਂਹਾਂ ਹੋ ਜਾਂਦੀਆਂ ਜ਼ਰਜ਼ਰੀ ਬਰਸਾਤਾਂ ਵਿਚ। ਜਦ ਲੱਗਦੀ ਹੈ ਦੁੱਖਾਂ ਦੀ ਝੜੀ ਤਾਂ ਸਬੰਧਾਂ ਦੀ ਚੋਂਦੀ ਛੱਤ ਹੇਠ ਕਈ ਵਾਰ ਉਮਰ ਹੀ ਬੀਤ ਜਾਂਦੀ। ਪਰ ਬਰਸਾਤ ਤੋਂ ਪਹਿਲਾਂ ਛੱਤ ਦੀ ਲਿੰਬਾਪੋਚੀ ਕਰਨਾ ਜਰੂਰੀ ਹੁੰਦਾ ਤਾਂ ਹੀ ਸਾਡੀਆਂ ਮਾਂਵਾਂ ਕੱਚੇ ਕੋਠਿਆਂ ਨੂੰ ਬਰਸਾਤਾਂ ਤੋਂ ਪਹਿਲਾਂ ਚੰਗੀ ਤਰ੍ਹਾਂ ਲਿੰਬ ਪੋਚ ਲੈਂਦੀਆਂ ਸਨ ਤਾਂ ਕਿ ਇਹ ਨਾ ਚੋਣ; ਪਰ ਸਾਨੂੰ ਤਾਂ ਵੱਡੇ ਮਕਾਨਾਂ ਵਿਚ ਰਹਿੰਦਿਆਂ ਕਿਆਸ ਹੀ ਨਾ ਰਿਹਾ ਤਾਂ ਪੱਕੇ ਮਕਾਨਾਂ 'ਚ ਜਦ ਵਿਰਲਾਂ-ਤਰੇੜਾਂ ਉਗ ਆਉਣ ਤਾਂ ਇਨ੍ਹਾਂ ਦੇ ਡਿੱਗਣ ਨਾਲ ਬਹੁਤ ਨੁਕਸਾਨ ਹੁੰਦਾ। ਕੱਚਾ ਕੋਠਾ ਡਿੱਗਣ 'ਤੇ ਕੁਝ ਨਾ ਕੁਝ ਤਾਂ ਬਚਾਅ ਹੋ ਹੀ ਜਾਂਦਾ। ਲੋੜ ਹੈ ਕਿ ਮਹਿਲ-ਮੁਨਾਰਿਆਂ ਵਿਚ ਰਹਿੰਦੇ ਨਿੱਕੇ ਲੋਕਾਂ ਦੀ ਬੌਣੀ ਸੋਚ, ਸੱਚ ਦੇ ਰੂਬਰੂ ਹੋਵੇ। ਰਿਸ਼ਤਈ ਮਹੱਤਵ ਨੂੰ ਪਛਾਨਣ, ਆਧਾਰ ਮਜ਼ਬੂਤ ਕਰਨ ਅਤੇ ਇਸ ਦੀ ਸਥਿਰਤਾ ਲਈ ਪੱਥਰਾਂ ਜਿਹੇ ਬਣਨ ਤੋਂ ਗੁਰੇਜ ਕਰੇ। ਪੱਥਰਾਂ ਜਿਹੇ ਲੋਕ ਸਿਰਫ ਪੱਥਰਾਂ ਦੀ ਨਗਰੀ 'ਚ ਸੋਂਹਦੇ ਨੇ। ਇਨਸਾਨੀ ਫਿਤਰਤ, ਭਾਵਨਾਵਾਂ ਅਤੇ ਅਹਿਸਾਸਾਂ ਵਿਚ ਪਰੁੱਚੇ ਵਿਅਕਤੀ, ਜੀਵਨ ਦੀ ਕੋਮਲਤਾ ਸਮਝਦੇ। ਇਸ ਦੀ ਨਜ਼ਾਕਤ ਵਿਚੋਂ ਜ਼ਿੰਦਗੀ ਦੇ ਸੱਚੇ ਅਤੇ ਸੂਹੇ ਰੰਗਾਂ ਦੀ ਪਛਾਣ ਕਰਨਾ ਤੇ ਇਸ ਵਿਚ ਰੰਗੇ ਜਾਣਾ ਜਰੂਰੀ ਹੁੰਦਾ।

ਰਿਸ਼ਤੇ ਤਾਂ ਨਿਭਦੇ ਨੇ ਵਿਸ਼ਵਾਸ ਨਾਲ, ਆਸ ਨਾਲ, ਧਰਵਾਸ ਨਾਲ ਅਤੇ ਖੁਲਾਸ ਨਾਲ। ਰਿਸ਼ਤੇ ਜੁੜਦੇ ਨੇ ਮੋਹ ਨਾਲ, ਛੋਹ ਨਾਲ, ਖੋਹ ਨਾਲ ਅਤੇ ਟੋਹ ਨਾਲ। ਸਬੰਧ ਉਸਰਦੇ ਨੇ ਰੂਹ ਦੇ ਹਾਣੀਆਂ ਨਾਲ, ਸੁਚੱਜੀਆਂ ਢਾਣੀਆਂ ਨਾਲ, ਜੀਵਨ ਦੀਆਂ ਰਾਂਗਲੀਆਂ ਕਹਾਣੀਆਂ ਨਾਲ ਅਤੇ ਜ਼ਿੰਦਗੀ ਦੀ ਫੁਲਕਾਰੀ ਕੱਢਦੀਆਂ ਸਵਾਣੀਆਂ ਨਾਲ।

ਜ਼ਿੰਦਗੀ ਦਾ ਸਫਰ, ਪੀੜਾ ਵਿਚ ਬਹੁਤ ਲੰਮੇਰਾ ਪਰ ਹੱਸਦਿਆਂ ਖੇਡਦਿਆਂ ਨਿੱਕਾ ਜਿਹਾ। ਵਿਰਲਾਂ, ਨਘੋਚਾਂ ਜਾਂ ਵਿੱਥਾਂ ਵਿਚ ਸਾਹ-ਸੰਗੀਤਕਤਾ ਨੂੰ ਉਲਝਾ ਕੇ ਇਸ ਨੂੰ ਹੋਰ ਛੁਟੇਰਾ ਨਾ ਕਰੋ। ਆਖਰ ਨੂੰ ਤਾਂ ਕਬਰਾਂ ਦਾ ਹੀ ਸਾਥ ਮਾਣਨਾ, ਪਰ ਇਸ ਤੋਂ ਪਹਿਲਾਂ ਉਨ੍ਹਾਂ ਪਲਾਂ ਦੀ ਸੰਗਤਾ ਜਰੂਰ ਮਾਣੀਏ, ਜਿਨ੍ਹਾਂ ਵਿਚੋਂ ਅਸੀਂ ਜ਼ਿੰਦਗੀ ਦੀ ਸੁੰਦਰਤਾ, ਸੁਹਜਤਾ ਅਤੇ ਸਹਿਜਤਾ ਨੂੰ ਸੰਦਲੀ ਖਾਬਾਂ ਵਿਚ ਦੇਖ ਤੇ ਨਿਹਾਰ ਸਕੀਏ।

**ਲੋੜ ਹੈ ਕਿ ਮਹਿਲ-ਮੁਨਾਰਿਆਂ ਵਿਚ ਰਹਿੰਦੇ ਨਿੱਕੇ ਲੋਕਾਂ ਦੀ ਬੌਣੀ ਸੋਚ, ਸੱਚ ਦੇ ਰੂਬਰੂ ਹੋਵੇ। ਰਿਸ਼ਤਈ ਮਹੱਤਵ ਨੂੰ ਪਛਾਨਣ, ਆਧਾਰ ਮਜ਼ਬੂਤ ਕਰਨ ਅਤੇ ਇਸ ਦੀ ਸਥਿਰਤਾ ਲਈ ਪੱਥਰਾਂ ਜਿਹੇ ਬਣਨ ਤੋਂ ਗੁਰੇਜ ਕਰੇ। ਪੱਥਰਾਂ ਜਿਹੇ ਲੋਕ ਸਿਰਫ ਪੱਥਰਾਂ ਦੀ ਨਗਰੀ 'ਚ ਸੋਂਹਦੇ ਨੇ। ਇਨਸਾਨੀ ਫਿਤਰਤ, ਭਾਵਨਾਵਾਂ ਅਤੇ ਅਹਿਸਾਸਾਂ ਵਿਚ ਪਰੁੱਚੇ ਵਿਅਕਤੀ, ਜੀਵਨ ਦੀ ਕੋਮਲਤਾ ਸਮਝਦੇ। ਇਸ ਦੀ ਨਜ਼ਾਕਤ ਵਿਚੋਂ ਜ਼ਿੰਦਗੀ ਦੇ ਸੱਚੇ ਅਤੇ ਸੂਹੇ ਰੰਗਾਂ ਦੀ ਪਛਾਣ ਕਰਨਾ ਤੇ ਇਸ ਵਿਚ ਰੰਗੇ ਜਾਣਾ ਜਰੂਰੀ ਹੁੰਦਾ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸੋ ਜ਼ਿੰਦਗੀ ਨੂੰ ਜੱਚਣ, ਜਚਾਉਣ ਅਤੇ ਯਾਦਗਾਰੀ ਬਣਾਉਣ ਲਈ ਜਰੂਰੀ ਹੈ ਕਿ ਜੀਵਨ-ਰਾਹ ਤੇ ਬੰਦਿਆਂ ਨੂੰ ਨਾ ਵਰਤੋ। ਸਗੋਂ ਉਨ੍ਹਾਂ ਨੂੰ ਸਮਝੋ। ਇਸ ਸਮਝਦਾਰੀ ਵਿਚੋਂ ਹੀ ਕੁਝ ਕੁ ਸਮਝੌਤੇ ਕਰੋ, ਜਿਸ ਨਾਲ ਜੀਵਨ-ਪੈੜਾਂ ਸੁਗੰਧਤ ਭਰਪੂਰ ਹੋ ਜਾਣ।

ਜ਼ਿੰਦਗੀ ਵਿਚ ਕਸ਼ਟਾਂ, ਕਠਿਨਾਈਆਂ ਅਤੇ ਵਿਰਲਾਂ ਨੇ ਤਾਂ ਜਰੂਰ ਆਉਣਾ। ਇਨ੍ਹਾਂ ਦੀ ਭਰਪਾਈ ਕਰਨਾ, ਮਨੁੱਖ ਦਾ ਕੰਮ। ਇਸ ਨੂੰ ਪਿੱਠ ਦਿਖਾਉਣ ਵਾਲੇ ਕਦੇ ਵੀ ਗੈਰਤਮੰਦ ਨਹੀਂ ਹੁੰਦੇ। ਨਾਬਰੀ ਵਿਚੋਂ ਹੀ ਜ਼ਿੰਦਗੀ ਦੀ ਨਿਸ਼ਾਨਦੇਹੀ ਹੁੰਦੀ।

ਇਹ ਵਿਰਲਾਂ-ਤਰੇੜਾਂ ਹੀ ਹੁੰਦੀਆਂ, ਜੋ ਮਨੁੱਖ ਨੂੰ ਪਰਖਦੀਆਂ। ਉਸ ਦੀ ਤਾਕਤ ਜਾਂ ਕਮਜ਼ੋਰੀ ਦਾ ਅੰਦਾਜ਼ਾ ਹੁੰਦਾ। ਪਰਖੇ ਜਾਂਦੇ ਨੇ ਸਿਰੜ, ਸਿਦਕ ਅਤੇ ਸਾਧਨਾ। ਇਸ ਵਿਚੋਂ ਉਗਦੇ ਨੇ ਉਹ ਸੁਪਨੇ, ਜਿਨ੍ਹਾਂ ਵਿਚ ਜ਼ਿੰਦਗੀ ਨੂੰ ਆਪਣੇ ਹੁਸਨ, ਹਾਸਲ ਅਤੇ ਹੋਂਦ 'ਤੇ ਮਾਣ ਹੁੰਦਾ।

ਤਰੇੜਾਂ ਨੂੰ ਆਪਣੀਆਂ ਤਮੰਨਾਵਾਂ, ਤਰਜ਼ੀਹਾਂ, ਤਾਂਘਾਂ, ਤਪੱਸਿਆ ਜਾਂ ਤੀਖਣਤਾ 'ਤੇ ਕਦੇ ਭਾਰੂ ਨਾ ਹੋਣ ਦਿਓ, ਕਿਉਂਕਿ ਜੇ ਤਮੰਨਾ ਹੀ ਖਤਮ ਹੋ ਗਈ ਤਾਂ ਤੁਹਾਡੇ ਪੱਲੇ ਵਿਚ ਸਿਰਫ ਵਿਰਲਾਂ ਹੀ ਵਿਰਲਾਂ ਰਹਿ ਜਾਣੀਆਂ। ਇਨ੍ਹਾਂ ਕਦੇ ਵੀ ਬੁੱਕ ਬਣ ਕੇ, ਅੰਮ੍ਰਿਤਮਈ ਪਾਣੀ ਪੀਣ ਦਾ ਉਦਮ ਨਹੀਂ ਬਣਨਾ।

ਉਮਰ-ਭਰ ਦੀ ਸਾਰਥਿਕ ਅਤੇ ਸੁਚਿਆਰੇ ਸਬੰਧਾਂ ਲਈ ਜਰੂਰੀ ਹੈ ਕਿ ਜੇ ਇਕ ਚੁੱਪ ਹੈ ਤਾਂ ਦੂਸਰਾ ਹਾਕ ਮਾਰੇ, ਮਿਲਣ ਦਾ ਬਹਾਨਾ ਬਣਾਵੇ, ਕਦੇ ਚਿੱਠੀ ਪਾਵੇ, ਫੋਨ ਕਰੇ, ਈਮੇਲ ਕਰੇ, ਮੈਸੇਜ਼ ਭੇਜੇ ਜਾਂ ਬੰਦ ਦਰਦਵਾਜ਼ੇ 'ਤੇ ਦਸਤਕ ਦੇਵੇ। ਚੁੱਪ ਵਿਚੋਂ ਦਸਤਕ ਦਾ ਹੁੰਗਾਰਾ ਜਦ ਪੈਦਾ ਹੁੰਦਾ ਤਾਂ ਚੁੱਪ ਦੇ ਮੁਖਾਰਬਿੰਦ ਵਿਚੋਂ ਅਨਾਇਤਾਂ ਦੀ ਬਖਸ਼ਿਸ਼ ਹੁੰਦੀ। ਜੇ ਦੋਵੇਂ ਹੀ ਚੁੱਪ ਹੋ ਜਾਣ ਤਾਂ ਕੰਧਾਂ, ਕਮਰਿਆਂ ਅਤੇ ਕੋਠਿਆਂ ਵਿਚੋਂ ਕਿੰਜ ਬੋਲ ਪੈਦਾ ਹੋਵੇਗਾ ਅਤੇ ਕੌਣ ਹੁੰਗਾਰਾ ਭਰੇਗਾ?

ਜ਼ਿੰਦਗੀ ਦੀ ਸੁੱਚਮਤਾ, ਉਚਮਤਾ ਅਤੇ ਸਦਾ-ਬਹਾਰ ਰੰਗੀਨਤਾ ਤੇ ਰਾਂਗਲੇਪਣ ਦੀ ਬਰਕਰਾਰੀ ਲਈ ਜਰੂਰੀ ਹੈ ਕਿ ਸੰਗ-ਸੰਗ ਰਹਿੰਦਿਆਂ, ਜੀਵਨ-ਗੁਰਮੰਤਰ ਯਾਦ ਰੱਖਣਾ ਚਾਹੀਦਾ। ਜਦ ਆਪਣਿਆਂ ਵਿਚ ਹੋਵੇ ਤਕਰਾਰਬਾਜੀ ਤਾਂ ਖੁਦ ਹਾਰ ਹੀ ਜਾਣਾ ਚਾਹੀਦਾ। ਰੁੱਸ ਜਾਵੇ ਸੱਜਣ ਤਾਂ ਆਪ ਚੱਲ ਕੇ ਮਨਾਉਣਾ ਚਾਹੀਦਾ ਅਤੇ ਜੇ ਮਿੱਤਰ-ਪਿਆਰਾ ਭੁੱਖ ਨਾ ਹੋਣ ਦਾ ਬਹਾਨਾ ਕਰੇ ਤਾਂ ਬੁਰਕੀ ਮੂੰਹ ਵਿਚ ਪਾ ਕੇ ਵਰਾਉਣਾ ਚਾਹੀਦਾ।

ਜ਼ਿੰਦਗੀ ਨਿਰੰਤਰਤਾ ਦਾ ਨਾਮ। ਇਸ ਦੀ ਤੋਰ ਕਦੇ ਮੱਠੀ ਤਾਂ ਪੈ ਜਾਵੇ, ਕਦੇ ਥੰਮਦੀ ਨਹੀਂ। ਅਤੇ ਨਾ ਇਸ ਦੇ ਰਾਹ ਵਿਚ ਕੋਈ ਵਿਸ਼ਰਾਮਘਰ ਜਾਂ ਠਹਿਰ ਹੁੰਦੀ। ਜ਼ਿੰਦਗੀ ਕਦੇ ਇੰਤਜ਼ਾਰ ਨਹੀਂ ਕਰਦੀ। ਐਵੇਂ ਵਕਤ ਗਵਾਉਣ ਦਾ ਕੀ ਫਾਇਦਾ? ਸਗੋਂ ਇਸ ਨੂੰ ਸਮਝੀਏ, ਸਮਝਾਈਏ ਤੇ ਇਸ ਦੀ ਸਮਝ ਲਈ ਝੋਲੀ ਫੈਲਾਈਏ ਅਤੇ ਸਮਝਾਂ ਨਾਲ ਖੁਦ ਨੂੰ ਵਰਸੋਈਏ। ਜ਼ਿੰਦਗੀ ਦਾ ਮਿਆਰ, ਆਧਾਰ ਅਤੇ ਦਿੱਸਹਦੇ ਨਿਸ਼ਚਿਤ ਕਰੀਏ। ਕਿਸੇ ਨੇ ਨਹੀਂ ਸਾਡੀਆਂ ਤਰਜ਼ੀਹਾਂ ਨੂੰ ਤਸ਼ਬੀਹਾਂ ਦੇਣੀਆਂ।

ਸਭ ਤੋਂ ਜਰੂਰੀ ਹੁੰਦਾ ਏ ਕਿ ਆਪਣਿਆਂ ਨੂੰ ਅਹਿਸਾਸ ਕਰਾਓ ਕਿ ਉਹ ਤੁਹਾਡੇ ਲਈ ਕਿੰਨੇ ਖਾਸ ਨੇ? ਉਨ੍ਹਾਂ 'ਤੇ ਕਿੰਨਾ ਵਿਸ਼ਵਾਸ ਹੈ? ਤੁਸੀਂ ਉਨ੍ਹਾਂ ਤੋਂ ਕਿੰਨੀ ਆਸ ਰੱਖਦੇ ਹੋ? ਦੱਸੋ ਕਿ ਉਹ, ਤੁਹਾਡੇ ਲਈ ਧਰਵਾਸ ਤੇ ਹੁਲਾਸ ਦਾ ਪੈਗਾਮ ਨੇ। ਇਸ ਅਹਿਸਾਸ ਵਿਚੋਂ ਹੀ ਜ਼ਿੰਦਗੀ ਦੇ ਅਜਿਹੇ ਸਵੇਰੇ ਨੇ ਅੱਖ ਪੁੱਟਣੀ ਏ, ਜਿਸ ਦੀ ਸਾਨੂੰ ਸਾਰਿਆਂ ਨੂੰ ਹੁੰਦੀ ਏ ਉਡੀਕ।


ਫਿਰ ਇਸ ਉਡੀਕ ਨੂੰ ਕਿਉਂ ਲਮਕਾਉਣਾ? ਚੱਲੋ ਪਹਿਲ ਤਾਂ ਕਰੀਏ!

# ਲਾਹੌਰ ਵਿਚ ਚਿਰਾਗਾਂ ਦਾ ਮੇਲਾ ਤੇ ਸ਼ਾਹ ਹੁਸੈਨ

***ਲਹਿੰਦੇ ਪੰਜਾਬ ਦਾ ਲਿਖਾਰੀ ਮੁਦੱਸਰ ਬਸ਼ੀਰ ਬੁਨਿਆਦੀ ਰੂਪ ਵਿਚ ਕਹਾਣੀਆਂ ਲਿਖਦਾ ਹੈ ਪਰ ਉਨ੍ਹਾਂ ਇਤਿਹਾਸ ਬਾਰੇ ਚੋਖੇ ਚੰਗੇ ਲੇਖ ਵੀ ਲਿਖੇ ਹਨ। ਇਸ ਲੇਖ ਵਿਚ ਉਨ੍ਹਾਂ ਲਾਹੌਰ ਦੇ ਚਿਰਾਗਾਂ ਦੇ ਮੇਲੇ ਦੇ ਬਹਾਨੇ ਲਾਹੌਰ ਅਤੇ ਇਸ ਦੀ ਰਹਿਤਲ ਦੀ ਬਾਤ ਪਾਈ ਹੈ।***



ਅੰਗਰੇਜ਼ੀ ਮਹੀਨਾ ਮਾਰਚ ਅਤੇ ਦੇਸੀ ਮਹੀਨਾ ਵਿਸਾਖ ਕਈ ਸਦੀਆਂ ਤੋਂ ਪੰਜਾਬ ਦੀ ਵਾਰ ਵਿਚ ਮੇਲਿਆਂ ਦੇ ਟੋਰੇ ਤੇ ਸਾਂਗੇ ਵਿਚ ਖਾਸ ਮੰਨੇ ਜਾਂਦੇ ਨੇ। ਪਿਛਲੇ 60 ਵਰ੍ਹਿਆਂ ਵਿਚ ਵੀ ਮਾਰਚ ਦਾ ਅਖੀਰਲਾ ਹਫਤਾ ਲਾਹੌਰ ਵਾਸੀਆਂ, ਖਾਸਕਰ ਪੜ੍ਹਿਆਰਾਂ ਲਈ ਬੜਾ ਈ ਖਾਸ ਏ।



ਮਾਰਚ ਦੇ ਏਸ ਹਫਤੇ ਵਿਚ ਬਹਾਰ ਦੀਆਂ ਛੁੱਟੀਆਂ ਦੇ ਨਾਲ 31 ਮਾਰਚ ਨੂੰ ਪੰਜਾਬ ਦੇ ਸਾਰੇ ਸਕੂਲਾਂ ਵਿਚ ਪੜ੍ਹਿਆਰਾਂ ਦੇ ਨਤੀਜੇ ਬੋਲੇ ਜਾਂਦੇ ਸਨ। ਏਸੇ

**ਮੁਦੱਸਰ ਬਸ਼ੀਰ**
**ਈਮੇਲ:** mud_aziz@hotmail.com)

ਈ ਹਫਤੇ ਵਿਚ ਚਿਰਾਗਾਂ ਦੇ ਮੇਲੇ ਦੀ ਧੁੰਮ ਲਾਹੌਰ ਦੇ ਨਾਲ-ਨਾਲ ਪੂਰੇ ਪੰਜਾਬ ਵਿਚ ਮੱਚ ਜਾਂਦੀ ਸੀ। ਚਿਰਾਗਾਂ ਦਾ ਮੇਲਾ ਅਸਲ ਵਿਚ ਪੰਜਾਬ ਦੇ ਬਾਕੀ ਮੇਲਿਆਂ ਦਾ ਮੁੱਢ ਬੰਨ੍ਹਦਾ ਸੀ। ਇਸ ਮਗਰੋਂ ਪੂਰੇ ਪੰਜਾਬ ਵਿਚ ਥਾਉਂ-ਥਾਏਂ ਤੋੜੋ-ਤੋੜ ਮੇਲਿਆਂ ਦੇ ਢੋਲ ਵੱਜਣ ਲੱਗ ਪੈਂਦੇ ਸਨ।

ਲਾਹੌਰ ਦੇ ਢੇਰ ਵਾਸੀਆਂ ਨੇ ਚਿਰਾਗਾਂ ਦੇ ਮੇਲੇ ਬਾਰੇ ਪੁਰਾਣੀ ਰੀਤੀ ਆਪਣੇ ਵੱਡਿਆਂ ਕੋਲੋਂ ਸੁਣੀ ਹੋਈ ਹੈ, ਤੇ ਕਈਆਂ ਆਪਣੀਆਂ ਅੱਖਾਂ ਨਾਲ ਡਿੱਠੀ ਵੀ ਹੋਵਣੀ ਹੈ। ਚਿਰਾਗਾਂ ਦੇ ਮੇਲੇ ਵਿਚ ਹਨੇਰੀ ਜ਼ਰੂਰ ਵਗਦੀ ਹੈ। ਜਿਹੜੀ ਰਾਤ ਚਿਰਾਗੀ ਦੀ ਹੁੰਦੀ ਹੈ, ਉਸ ਰਾਤ ਮੀਂਹ ਵੀ ਵਸਦਾ ਏ। ਚਿਰਾਗੀ ਦੀ ਰਾਤ ਹਰ ਜੀਅ ਆਪੋ-ਆਪਣੇ ਹਿਸਾਬ ਨਾਲ ਮਿੱਟੀ ਦੇ ਦੀਵੇ, ਮੋਮਬੱਤੀਆਂ, ਅਗਰਬੱਤੀਆਂ ਚਿਰਾਗਾਂ ਦੀ ਖਾਸ ਥਾਂ ਉੱਤੇ ਜਗਾਉਂਦਾ ਏ। ਇਸ ਦਾ ਚਾਨਣ ਕਿਸੇ ਵੇਲੇ ਵਿਚ ਦੂਰੋਂ-ਦੂਰੋਂ ਦਿਸਦਾ ਸੀ ਜਦ ਆਲੇ ਦੁਆਲੇ ਇੱਡੇ ਮਕਾਨ ਨਹੀਂ ਸਨ। ਚਾਨਣ ਨੂੰ ਅਜੇ ਤਾਈਂ 'ਮੱਚ ਮੱਚਣਾ' ਆਖਿਆ ਜਾਂਦਾ ਏ। ਇਕ ਪਾਸੇ ਪੂਰੇ ਜ਼ੋਰ ਦੀ ਹਨੇਰੀ ਮੀਂਹ, ਤੇ ਦੂਜੇ ਪਾਸੇ ਖਲਕਤ ਦੇ ਜਗਾਏ ਦੀਵਿਆਂ ਦਾ ਚਾਨਣ। ਹਨੇਰੀ ਦਾ ਜ਼ੋਰ ਕਿੰਨਾ ਵੀ ਹੋਵੇ, ਮੀਂਹ ਭਾਵੇਂ ਭੋਈਂ 'ਤੇ ਗੋਡੇ-ਗੋਡੇ ਭਰ ਦੇਵੇ ਪਰ ਚਿਰਾਗ ਆਪਣੀ ਥਾਏਂ ਜਗਦੇ ਈ ਰਹਿੰਦੇ ਨੇ।

ਲਾਹੌਰ ਦੇ ਵਸਨੀਕ ਦੋ ਚੱਜਾਂ ਨਾਲ ਸ਼ਾਹ ਹੁਸੈਨ ਨੂੰ ਜਾਣਦੇ ਨੇ। ਇਕ ਸ਼ਾਹ ਹੁਸੈਨ ਜਿਨ੍ਹਾਂ ਦਾ ਮਜ਼ਾਰ ਸ਼ਾਲਾਮਾਰ ਬਾਗ ਦੀ ਗੁੱਠ ਵਿਚ ਏ; ਤੇ ਆਪ ਆਪਣੀਆਂ ਕਰਾਮਾਤਾਂ ਪਾਰੋਂ ਮਾਧੋ ਲਾਲ ਹੁਸੈਨ ਦੇ ਨਾਂ ਨਾਲ ਜੱਗ ਜਾਣੇ ਮਾਣੇ ਨੇ ਤੇ ਦੂਜੇ ਸ਼ਾਹ ਹੁਸੈਨ ਜਿਹੜੇ ਆਪਣੀਆਂ ਕਾਫੀਆਂ ਪਾਰੋਂ ਪ੍ਰਸਿੱਧ ਨੇ। ਅਸਲ ਵਿਚ ਇਹ ਦੋਵੇਂ ਇਕੋ ਈ ਜੀਅ ਦੇ ਵੱਖਰੇ ਰੂਪ ਨੇ, ਇਕੋ ਈ ਹੁਸੈਨ, ਲਾਲ ਹੁਸੈਨ ਦੇ ਦੋ ਰੂਪ ਤੇ ਇਨ੍ਹਾਂ ਦੋ ਰੂਪਾਂ ਦਾ ਕਾਰਨ ਉਨ੍ਹਾਂ ਦੀ ਆਪਣੀ ਹਸਤੀ ਨਹੀਂ। ਏਸ ਦਾ ਕਾਰਨ ਲੋਕਾਂ ਦਾ ਵਾਰ ਤੋਂ ਵਾਂਝਿਆਂ ਹੋਣਾ ਏ। ਆਮ ਲੋਕੀਂ ਆਪਣੀ ਥਾਵੇਂ, ਸੂਝਵਾਨ ਤੇ ਇਲਮਦਾਰ ਲੋਕ ਵੀ ਏਸ ਸੱਚ ਨੂੰ ਨਹੀਂ ਜਾਣਦੇ ਸਨ। ਏਸ ਸਾਂਗੇ ਵਿਚ ਇਕ ਲਿਖਤ ਕਨ੍ਹਈਆ ਲਾਲ ਹਿੰਦੀ ਹੋਰਾਂ ਦੀ ਕਿਤਾਬ 'ਤਾਰੀਖ ਲਾਹੌਰ' (ਸਫਾ 241) ਉਤੇ ਏਵੇਂ ਏ:

"ਲਾਲ ਹੁਸੈਨ ਫਕੀਰ, ਅੱਲ੍ਹਾ ਲੋਕ ਬਾਤਸ਼ਾਹ ਅਕਬਰ ਦੇ ਰਾਜ ਵੇਲੇ ਲਾਹੌਰ ਦਾ ਵਾਸੀ ਸੀ। ਜਾਤ ਦਾ ਜੁਲਾਹਾ ਸੀ। ਇਸ ਦੇ ਵੱਡਿਆਂ ਵਿਚ ਕਲਸ ਰਾਏ ਨਾਂ ਦਾ ਹਿੰਦੂ ਹਮਾਯੂੰ ਬਾਤਸ਼ਾਹ ਦੇ ਵੇਲੇ ਮੁਸਲਮਾਨ ਹੋਇਆ। ਉਸ ਦਾ ਪੋਤਾ ਇਹ ਹੁਸੈਨ ਸੀ ਜਿਹੜਾ ਸ਼ੇਖ ਬਹਿਲੋਲ ਕਾਦਰੀ ਦਾ ਮੁਰੀਦ ਹੋਇਆ। ਇਸ ਦੀਆਂ ਕਈ ਕਰਾਮਾਤਾਂ ਮੁਸਲਮਾਨਾਂ ਵਿਚ ਪ੍ਰਸਿੱਧ ਨੇ। ਏਸ ਤੋਂ ਅੱਡ ਸ਼ਾਇਰੀ ਦੀ ਕਿਤਾਬ 'ਹਕੀਕਤ ਅਲਫਕਰ' ਜਿਸ ਦਾ ਲਿਖਾਰੀ ਪੀਰ ਮੁਹੰਮਦ ਨਾਂ ਦਾ ਬੰਦਾ ਸੀ। ਉਹਨੇ ਇਹ ਕਿਤਾਬ ਸ਼ਾਹ ਹੁਸੈਨ ਦੀ ਸ਼ਾਨ ਵਿਚ ਲਿਖੀ ਹੈ ਜਿਸ ਵਿਚ ਉਹਨੇ ਹੁਸੈਨ ਦੀਆਂ ਕਈ ਹਜ਼ਾਰ ਕਰਾਮਾਤਾਂ ਆਪਣੀਆਂ ਅੱਖੀ ਡਿੱਠੀਆਂ ਲਿਖੀਆਂ ਨੇ। ਇਹ ਬਜ਼ੁਰਗ ਲਾਲ ਲੀੜੇ ਪਾਉਂਦਾ ਸੀ। ਉਸ ਤੋਂ ਉਹਦਾ ਨਾਂ ਲਾਲ ਹੁਸੈਨ ਪੈ ਗਿਆ।

ਮਾਧੋ ਬਾਹਮਣਾਂ ਦਾ ਸੋਹਣਾ ਮੁੰਡਾ ਸੀ ਤੇ ਸ਼ਾਹਦਰੇ ਵਿਚ ਰਹਿੰਦਾ ਸੀ। ਇਸ ਨੂੰ ਵੀ ਲਾਲ ਹੁਸੈਨ ਨਾਲ ਚੋਖਾ ਇਸ਼ਕ ਸੀ। ਅਖੀਰ ਉਹ ਵੀ ਮੁਸਲਮਾਨ ਹੋਇਆ ਤੇ ਲਾਲ ਹੁਸੈਨ ਦਾ ਮੁਰੀਦ ਹੋਇਆ। ਲਾਲ ਹੁਸੈਨ 1008 ਹਿਜਰੀ (1599 ਈਸਵੀ) ਵਿਚ ਮੋਇਆ ਅਤੇ ਸ਼ਾਹਦਰੇ ਦੇ ਨੇੜੇ ਦਫਨ ਹੋਇਆ। ਰੱਬ ਦੀ ਕਰਨੀ ਕੁਝ ਐਵੇਂ ਦੀ ਹੋਈ ਕਿ ਕੁਝ ਵਰ੍ਹਿਆਂ ਮਗਰੋਂ ਰਾਵੀ ਦਰਿਆ ਅਗਾਂਹ ਨੂੰ ਵਧਦਾ ਮਕਬਰੇ ਦੇ ਨੇੜੇ ਆ ਗਿਆ। ਮਾਧੋ ਨੇ ਆਪਣੇ ਮੁਰਸ਼ਦ ਦਾ ਸੰਦੂਕ ਉਥੋਂ ਕੱਢਿਆ ਤੇ ਉਸ ਥਾਵੇਂ ਲਿਆ ਦਫਨ ਕੀਤਾ ਜਿੱਥੇ ਅੱਜ ਇਹ ਮਜ਼ਾਰ ਹੈ। ਉਸ ਮਗਰੋਂ ਮਾਧੋ 1052 ਹਿਜਰੀ (1642 ਈਸਵੀ) ਵਿਚ ਮੋਇਆ ਤੇ ਉਸੇ ਥਾਂ ਦਫਨ ਹੋਇਆ।"

ਉਤੇ ਦਿੱਤੇ ਸਾਂਗਿਆਂ ਵਿਚ ਇਕ ਗੱਲ ਸਾਫ ਦਿਸਦੀ ਹੈ ਕਿ ਸ਼ਾਹ ਹੁਸੈਨ ਜਾਤ ਤੋਂ ਜੁਲਾਹਾ ਸੀ। ਵਾਰ ਦੇ ਪੰਨਿਆਂ ਵਿਚ ਸ਼ਾਹ ਹੁਸੈਨ ਤੋਂ ਪਹਿਲਾਂ ਇਕ ਹੋਰ ਜੁਲਾਹੇ ਹੁਸੈਨ ਬਿਨ ਮਨਸੂਰ ਹੱਲਾਜ ਦਾ ਪਾਤਰ ਵੀ ਦਿਸਦਾ ਹੈ ਜਿਹੜਾ ਆਪਣੇ ਵੇਲੇ ਬਾਤਸ਼ਾਹੀ ਵਿਹਾਰ ਦੇ ਸਾਹਮਣੇ ਨਾਬਰ ਬਣ ਖਲੋਤਾ ਸੀ। ਉਨ੍ਹਾਂ ਮਗਰੋਂ ਭਗਤ ਕਬੀਰ ਵੀ ਜੁਲਾਹੇ ਈ ਸਨ। ਉਵੇਂ ਦਾ ਈ ਹੁਸੈਨ ਲਾਹੌਰ ਵਿਚ ਵੀ ਦਿਸਿਆ।

ਇਕ ਕਾਫੀ ਤੱਕੋ ਜਿਹਦੇ ਵਿਚ ਲਾਲ ਹੁਸੈਨ ਦੇ ਦੋਵੇਂ ਪਾਤਰ ਨੇ। ਲਾਲ ਹੁਸੈਨ ਤੇ ਮਾਧੋ ਲਾਲ ਹੁਸੈਨ:

ਅਨੀ ਹਸੈਨੋ ਜੁਲਾਹਾ,
ਨਾ ਓਸ ਮੇਲ ਨਾ ਲਾਹਾ
ਨਾ ਉਹ ਮੰਗਿਆ ਨਾ ਪਰਨਾਇਆ,
ਨਾ ਇਸ ਗੰਢ ਨਾ ਸਾਹਾ
ਅਨੀ ਹਸੈਨੋ ਜੁਲਾਹਾ,
ਨਾ ਓਸ ਮੇਲ ਨਾ ਲਾਹਾ
ਨਾ ਘਰ ਬਾਰੀ ਨਾ ਮੁਸਾਫਿਰ,
ਨਾ ਉਹ ਮੋਮਨ ਨਾ ਉਹ ਕਾਫਰ
ਜੋ ਆਹਾ, ਸੋ ਆਹਾ
ਅਨੀ ਹਸੈਨੋ ਜੁਲਾਹਾ,
ਨਾ ਓਸ ਮੇਲ ਨਾ ਲਾਹਾ

ਧਰਤੀ ਉਤੇ ਹਰ ਵੇਲੇ ਅਤੇ ਹਰ ਬਾਤਸ਼ਾਹੀ ਦੇ ਜਬਰ ਦੇ ਖਿਲਾਫ ਨਾਬਰੀ ਦੀਆਂ ਲਹਿਰਾਂ ਟੁਰਦੀਆਂ ਰਹੀਆਂ। ਕਦੇ ਢੇਰ ਖੁੱਲ੍ਹ ਕੇ ਕਦੇ ਅੰਦਰੇ ਅੰਦਰ ਲੋਕਾਈ ਵਿਚ, ਪਰ ਨਾਬਰੀ ਹਮੇਸ਼ ਜਬਰ ਦੇ ਸਾਹਮਣੇ ਕਿਸੇ ਨਾ ਕਿਸੇ ਸ਼ਕਲ ਵਿਚ ਖਲੋਤੀ ਦਿਸਦੀ ਏ। ਤੇ ਉਹਦਾ ਤੱਤ ਸੱਤ ਏਹੋ ਈ ਹੈ ਕਿ ਵਿਹਾਰ ਵਿਚ ਵਸਦੇ ਹੋਏ ਆਪਣਾ ਆਹਰ ਕੀਤਾ ਜਾਵੇ। ਏਸ ਤੋਂ ਬਾਹਰ ਕੁਝ ਵੀ ਨਹੀਂ। ਬਦਲਾਓ, ਪੁੱਠ ਵਿਹਾਰ ਵਿਚ ਰਹਿੰਦਿਆਂ ਈ ਹੋ ਸਕਦਾ ਹੈ। ਹਿੰਦੋਸਤਾਨ ਤੇ ਖਾਸ ਕਰ ਪੰਜਾਬ ਦੀ ਵਾਰ ਵਿਚ ਏਸ ਨੂੰ 'ਬਾਬੇ ਮਾਰਗ ਰੀਤੀ' ਦਾ ਨਾਂ ਦਿੱਤਾ ਗਿਆ ਏ। ਵਿਹਾਰ ਦੇ ਨਾਲੋ-ਨਾਲ ਟੇਢਿਆਂ ਤੁਰਨਾ। ਏਸੇ ਸਾਂਗੇ ਵਿਚ ਹੇਠਾਂ ਕੁਝ ਕਵਿਤਾ ਬਾਬਿਆਂ ਦੀ ਦਿੱਤੀ ਜਾ ਰਹੀ ਹੈ:

ਫਰੀਦਾ ਮਨ ਮੈਦਾਨ ਕਰ, ਟੋਏ ਟਿੱਬੇ ਲਾਹ
ਅੱਗੇ ਮੂਲ ਨਾ ਆਵਈ,
ਦੋਜਖ ਸੰਦੀ ਭਾਹ (ਬਾਬਾ ਫਰੀਦ)
ਸੋਤੇ ਕੋ ਜਾਗਤ ਕਹੇ, ਜਾਗਤ ਕੋ ਸੋਤਾ
ਜੀਵਤ ਕੋ ਮੋਆ ਕਹੇ,
ਮੋਏ ਨਹੀਂ ਰੋਤਾ (ਗੁਰੂ ਨਾਨਕ)
ਜੋ ਪਰਾਇਆ ਸੋਈ ਆਪਣਾ
ਜੋ ਤਜ ਛਡੰਨ ਤਿਸ ਸਿਉਂ ਮਨ ਰਚਨਾ
(ਗੁਰੂ ਅਰਜਨ)
ਮੈਂ ਤਾਂ ਰਾਂਝਣ ਹਿੱਕ ਥੀਓਵਸੇ,
ਖੇੜਿਆਂ ਨਾਲ ਜੁਦਾਈ
ਬੇਲੇ ਵੈਸਾਂ ਰਾਂਝੂ ਵਾਲੇ,
ਛੋੜ ਬਬਾਨੀ ਸ਼ਾਹੀ
ਬਈ ਹਰ ਕਾਈ ਮਾਂ ਪਿਉ ਜਾਈ,
ਹੀਰ ਇਸ਼ਕ ਦੀ ਜਾਈ
ਸੱਚੂ ਆਖੇ ਸੋਜ਼ ਮਾਹੀ ਦਾ,
ਡੇਂਦਾ ਇਸ਼ਕ ਗਵਾਹੀ (ਸੱਚਲ ਸਰਮਸਤ)

ਸੱਚਲ ਕਿਹੜੇ ਇਸ਼ਕ ਦੀ ਗੱਲ ਕੀਤੀ। ਰਾਂਝਾ ਕਿਹੜੀ ਰਮਜ਼ ਵਿਚ ਵਰਤਿਆ ਗਿਆ ਏ। ਗੁਰੂ ਅਰਜਨ ਕੀ ਛੱਡਣ ਤੇ ਕਿਹੜੀ ਸ਼ੈਅ ਦੇ ਪਾਵਣ ਦੀ ਗੱਲ ਕੀਤੀ। ਬਾਬਾ ਫਰੀਦ ਮਨ ਮੈਦਾਨ ਕਰਨ ਦਾ ਕੀ ਚੱਜ ਦੱਸਿਆ ਹੈ। ਇਹ ਸੱਭੇ ਏਕਤਾ ਦੀ ਗੱਲ ਕਰਦੇ ਨੇ ਤੇ ਬਰਾਬਰੀ ਦੀ ਨੀਂਹ ਉੱਤੇ ਧਰਿਆ ਹਰਿਆ ਭਰਿਆ ਸਮਾਜ। ਬਾਤਸ਼ਾਹੀ ਜ਼ਿੱਦ ਹੈ ਏਕਤਾ ਦੀ।

ਇਕ ਬਾਤਸ਼ਾਹ ਦੇ ਮਹਿਲ ਮਾੜੀਆਂ ਦੀਆਂ ਨੀਹਾਂ ਵਿਚ ਲੱਖਾਂ ਬੰਦਿਆ ਦਾ ਲਹੂ ਹੁੰਦਾ ਏ। ਏਸੇ ਧਰੂ ਦੇ ਲਹੂ ਤੋਂ ਈ ਨਾਬਰੀ ਪੁੰਗਰਦੀ ਹੈ। ਸ਼ਾਹ ਹੁਸੈਨ ਵੀ ਇਕ ਨਿਸ਼ਾਨ ਸੀ ਨਾਬਰੀ ਦਾ, ਅਕਬਰ ਦੇ ਲਾਗੂ ਕੀਤੇ ਜਬਰ ਦੇ ਨਿਜ਼ਾਮ ਦਾ। ਇਕ ਪਾਸੇ ਦੁੱਲਾ ਭੱਟੀ ਖੁੱਲ੍ਹ ਕੇ ਅਕਬਰ ਦੀ ਬਾਤਸ਼ਾਹੀ ਦੇ ਖਿਲਾਫ ਖਲੋਤਾ ਸੀ ਤੇ ਦੂਜੇ ਪਾਸੇ ਲਾਲ ਲੀੜਿਆਂ ਵਿਚ ਮੂੰਹ ਉਤੇ ਕਾਲਖ ਮਲਿਆ ਲਾਲ ਹੁਸੈਨ ਲਾਹੌਰ ਦੀਆਂ ਗਲੀਆਂ ਵਿਚ ਨੱਚਦਾ ਗਾਉਂਦਾ ਪਿਆ ਸੀ। ਉਸ ਦਾ ਗਾਵਣ, ਉਸ ਦੀ ਸ਼ਾਇਰੀ ਖਲਕਤ ਲਈ ਇਕ ਨਿਸ਼ਾਨ ਸੀ, ਜਿਹਦੀ ਸਰਦਲ 'ਬਾਬੇ ਮਾਰਗ ਰੀਤੀ' ਸੀ। ਵਾਰ ਦੇ ਪੰਨਿਆਂ ਵਿਚ ਇਹ ਗੱਲ ਵੀ ਦਿਸਦੀ ਹੈ ਕਿ ਜਦੋਂ ਸ਼ਹਿਰ ਲਾਹੌਰ ਦੇ ਦਿੱਲੀ ਦਰਵਾਜ਼ੇ ਦੇ ਬਾਹਰ ਦੁੱਲੇ ਨੂੰ ਫਾਂਸੀ ਚਾੜ੍ਹਿਆ ਜਾ ਰਿਹਾ ਸੀ ਤੇ ਖਲਕਤ ਬੇਵਸਾਹੀ ਨਾਲ ਸਭ ਕੁਝ ਵਿੰਹਦੀ ਪਈ ਸੀ, ਉਸ ਵੇਲੇ ਲਾਲ ਹੁਸੈਨ ਦੀ ਸ਼ਾਇਰੀ ਦੀ ਕੂਕ ਚਾਰ ਚੁਫੇਰੇ ਸੀ। ਲੋਕਾਂ ਵਿਚ ਖਲੋਤਾ ਅਕਬਰ ਦੀ ਬਾਤਸ਼ਾਹੀ ਦਾ ਮਖੌਲ ਉਡਾਉਂਦਾ ਲਾਲ ਹੁਸੈਨ ਆਪਣੇ ਵੇਲੇ ਦਾ ਚੰਗਾ ਡਾਢਾ ਪੜ੍ਹਿਆ ਲਿਖਿਆ ਤੇ ਜਾਣੂ ਸੀ। ਦਰਬਾਰ ਵਿਚ ਜਿਹੜੀ ਥਾਂ ਚਾਹੁੰਦਾ, ਲੱਭ ਸਕਦੀ ਸੀ। ਉਸ ਦੇ ਨਾਲ ਈ ਪੜ੍ਹਿਆ ਮੁਲਕ ਅਲੀ ਲਾਹੌਰ ਦਾ ਕੋਤਵਾਲ ਸੀ। ਦੁੱਲੇ ਨੂੰ ਫਾਂਸੀ ਚਾੜ੍ਹਦਿਆਂ ਮੁਲਕ ਅਲੀ ਕੋਤਵਾਲ ਤੇ ਹੋਰ ਸਰਕਾਰੀ ਅਹਿਲਕਾਰ ਫਾਂਸੀ ਤੋਂ ਵੱਧ ਸ਼ਾਹ ਹੁਸੈਨ ਦੀ ਸ਼ਾਇਰੀ ਤੋਂ ਚਿੰਤਤ ਸਨ। ਉਹ ਸ਼ਾਹ ਹੁਸੈਨ ਨੂੰ ਜ਼ੰਜੀਰਾਂ ਪਾਉਂਦੇ, ਬੇੜੀਆਂ ਬੰਨ੍ਹਦੇ ਪਰ ਉਹ ਸਾਰੀਆਂ ਜ਼ੰਜੀਰਾਂ ਆਪਣੇ ਆਪ ਖੁਲ੍ਹ ਜਾਂਦੀਆਂ। ਤਲਿਸਮ ਤੇ ਜਾਦੂ ਤੋਂ ਕੁਝ ਪਰਾਂਹ ਹੋ ਕੇ ਜੇ ਉਨ੍ਹਾਂ ਜ਼ੰਜੀਰਾਂ ਦੀਆਂ ਰਮਜ਼ਾਂ ਨੂੰ ਜਾਣੀਏਂ ਤਾਂ ਇਹ ਗੱਲ ਦਿਸਦੀ ਏ ਕਿ ਸ਼ਾਹ ਹੁਸੈਨ ਨੂੰ ਕਿਸੇ ਜ਼ੰਜੀਰ ਵਿਚ ਬੰਨ੍ਹਿਆ ਜਾ ਹੀ ਨਹੀਂ ਸਕਦਾ ਸੀ, ਕਿਉਂਜੁ ਉਹ ਪਹਿਲਾਂ ਹੀ ਜ਼ੰਜੀਰਾਂ ਵਿਚ ਸੀ; ਖਲਕਤ ਦੇ ਨਾਲ ਇਸ਼ਕ, ਬਰਾਬਰੀ ਤੇ ਸਾਂਝ ਦੀਆਂ ਜ਼ੰਜੀਰਾਂ ਵਿਚ:

ਰੱਬਾ ਮੇਰੇ ਹਾਲ ਦਾ ਮਹਿਰਮ ਤੂੰ
ਅੰਦਰ ਤੂੰ ਹੈਂ ਬਾਹਰ ਤੂੰ ਹੈਂ,
ਰੋਮ ਰੋਮ ਵਿਚ ਤੂੰ
ਤੂੰ ਹੈਂ ਤਾਣਾ ਤੂੰ ਹੈਂ ਬਾਣਾ,
ਸਭ ਕੁਝ ਮੇਰਾ ਤੂੰ
ਕਹੇ ਹੁਸੈਨ ਫਕੀਰ ਨਿਮਾਣਾ,
ਮੈਂ ਨਾਹੀਂ ਸਭ ਤੂੰ

ਅਕਬਰ ਵੇਲੇ ਦਾ ਇਹ ਸ਼ਾਇਰ ਸਦੀਆਂ ਤੀਕਰ ਆਮ ਲੋਕਾਂ ਦੇ ਨਾਲ ਗਿਆਨੀ ਧਿਆਨੀ ਲੋਕਾਂ ਦੀਆਂ ਅੱਖੀਆਂ ਤੋਂ ਉਹਲੇ ਰਿਹਾ। ਉਸ ਦੀਆਂ ਕਾਫੀਆਂ ਸਿੰਧ ਤੇ ਇਸ ਦੇ ਨਾਲ ਪੰਜਾਬ ਦੇ ਕੱਵਾਲਾਂ ਦੇ ਸੈਣੀਆਂ ਵਿਚ ਪੀੜ੍ਹੀਓ ਪੀੜ੍ਹੀ ਟੁਰਦੀਆਂ ਰਹੀਆਂ। ਵੀਹਵੀਂ ਸਦੀ ਦੇ ਮੁੱਢਾਂ ਵਿਚ ਕਿਸੇ ਸ਼ੁਕੀਨ ਸਿੰਧੀ ਜੋ ਸਿੰਧ ਦੀਆਂ ਢੇਰ ਥਾਵਾਂ ਫਿਰਿਆ, ਨੇ ਕੱਵਾਲਾਂ, ਗਵੱਈਆਂ ਕੋਲੋਂ ਕਾਫੀਆਂ ਇਕੱਠੀਆਂ ਕਰ ਕੇ ਲਿਖੀਆਂ। ਇਸ ਸ਼ੌਕੀਨ ਦਾ ਨਾਂ ਅਜੇ ਤਾਈਂ ਸਾਹਮਣੇ ਨਹੀਂ ਆਇਆ। ਉਹਦੀਆਂ ਇਕੱਠੀਆਂ ਕੀਤੀਆਂ ਕਾਫੀਆਂ ਨੂੰ 1940 ਵਿਚ ਡਾਕਟਰ ਮੋਹਨ ਸਿੰਘ ਦੀਵਾਨਾ ਨੇ ਛਾਪਿਆ। ਉਨ੍ਹਾਂ ਮਗਰੋਂ ਪਰਖ ਪੜਚੋਲ ਮਾੜੀ ਮਾੜੀ ਜਿਹੀ ਟੁਰਦੀ ਰਹੀ ਤੇ ਫਿਰ ਅੱਜ ਦੇ ਇਕ ਵੱਡੇ ਸੂਝਵਾਨ ਜਨਾਬ ਮੁਹੰਮਦ ਆਸਿਫ ਖਾਨ ਆਪਣੀ ਖੋਜ, ਪਰਖ ਪੜਚੋਲ ਮਗਰੋਂ ਮਜਲਿਸ ਸ਼ਾਹ ਹੁਸੈਨ ਵੱਲੋਂ ਛਾਪਿਆ। ਉਨ੍ਹਾਂ ਦੇ ਨਾਲ ਸ਼ਾਹ ਹੁਸੈਨ ਦੇ ਕਲਾਮ ਦੀ ਖੋਜ, ਪਰਖ ਤੇ ਸੋਧ ਵਿਚ ਡਾਕਟਰ ਨਜ਼ੀਰ ਅਹਿਮਦ ਦੇ ਯਤਨ ਵੀ ਲੋਕਾਂ ਵੇਖੇ। ਏਵੇਂ ਡੇਢ ਸੌ ਦੇ ਨੇੜੇ ਤੇੜੇ ਕਾਫੀਆਂ ਸਿੰਧੀ ਕੱਵਾਲਾਂ ਦੇ ਕਾਰਨ ਆਮ ਲੋਕਾਂ ਤਕ ਅੱਪੜੀਆਂ। ਉਹ ਲੋਕੀਂ ਜਿਹੜੇ ਏਸ ਗੱਲ ਨੂੰ ਮੰਨਦੇ ਨੇ ਕਿ ਪੰਜਾਬੀ ਬੋਲੀ ਹਰ ਥਾਂ ਨਹੀਂ ਸਮਝੀ ਜਾਂਦੀ, ਸਿੰਧ ਤੋਂ ਪੰਜਾਬੀ ਕਾਫੀਆਂ ਦਾ ਲੱਭਣਾ, ਉਨ੍ਹਾਂ ਲਈ ਇਕ ਸਵਾਲ ਤੇ ਵਿਚਾਰ ਹੈ। ਇਨ੍ਹਾਂ ਕਾਫੀਆਂ ਤੋਂ ਅੱਡ ਖੌਰੇ ਸ਼ਾਹ ਹੁਸੈਨ ਦਾ ਕੇਡਾ ਢੇਰ ਕੰਮ ਹੋਵੇਗਾ ਜਿਹੜਾ ਸੰਭਾਲਿਆ ਨਾ ਗਿਆ ਤੇ ਨਾ ਹੀ ਲਿਖਿਆ ਜਾ ਸਕਿਆ।

ਆਪਣੀ ਇਸ ਚਰਚਾ ਦਾ ਮੁੱਢਾਂ ਮੇਲੇ ਨਾਲ ਬੰਨ੍ਹਿਆ ਹੋਇਆ ਸੀ। ਹੁਣ ਫੇਰ ਪਹਿਲੇ ਵੱਲ ਪਰਤਣੇ ਆਂ। ਜੇ ਇਹ ਗੱਲ ਦੁਹਰਾਈ ਜਾਵੇ ਕਿ ਚਿਰਾਗਾਂ ਦਾ ਇਹ ਮੇਲਾ ਪੂਰੇ ਪੰਜਾਬ ਵਿਚ ਹੋਵਣ ਵਾਲੇ ਮੇਲਿਆਂ ਦੀ ਨੀਂਹ ਉਸਾਰਦਾ ਏ ਤਾਂ ਇਹ ਗੱਲ ਝੂਠੀ ਨਹੀਂ। ਸ਼ਾਹ ਹੁਸੈਨ ਦੇ ਨਾਲ ਜੁੜੇ ਚਿਰਾਗਾਂ ਦੇ ਮੇਲੇ ਦੇ ਨਾਲ-ਨਾਲ ਬਸੰਤ ਦੇ ਮੇਲੇ ਦਾ ਵੇਰਵਾ ਮੌਲਵੀ ਨੂਰ ਅਹਿਮਦ ਚਿਸ਼ਤੀ ਨੇ ਆਪਣੀ ਕਿਤਾਬ 'ਤਹਿਕੀਕਾਤ ਚਿਸ਼ਤੀ' (ਸਫਾ 357) ਉਤੇ ਏਵੇਂ ਕੀਤਾ ਏ:

"ਚਿਰਾਗਾਂ ਦੇ ਮੇਲੇ ਦਾ ਇਹ ਹਾਲ ਹੈ ਕਿ ਕਈ ਮੀਲਾਂ ਤੋਂ ਖਲਕਤ ਇਕੱਠੀ ਹੋ ਕੇ ਜ਼ਿਆਰਤ ਪਾਰੋਂ ਆਉਂਦੀ ਏ, ਤੇ ਸ਼ਾਲਾਮਾਰ ਬਾਗ਼ ਦੀ ਐਡੀ ਖੁਲ੍ਹੀ ਢੇਰ ਥਾਂ ਆਪਣੀ ਥਾਵੇਂ, ਪਰ ਖਲਕਤ ਕਾਰਨ ਪੈਰ ਧਰਨ ਦੀ ਥਾਂ ਨਹੀਂ ਲੱਭਦੀ। ਸੁਬਹਾਨ ਅੱਲ੍ਹਾ ਇਸ ਦਿਹਾੜ ਵੱਖਰਾ ਆਨੰਦ ਹੁੰਦਾ ਏ ਕਿ ਬੂਟੇ ਬੂਟੇ ਹੇਠ ਰਾਗਦਾਰੀ ਹੁੰਦੀ ਏ। ਇਕ ਦਿਨ ਤੇ ਇਕ ਰਾਤ ਜ਼ਿਆਰਤ ਕਰਨ ਵਾਲਿਆਂ ਤੇ ਹਾਜ਼ਰੀ ਦੇਵਣ ਵਾਲਿਆਂ ਦੀ ਗਿਣਤੀ ਏਨੀ ਵਧ ਜਾਂਦੀ ਏ ਕਿ ਬਾਗ ਤੇ ਖਾਨਕਾਹ ਦੀ ਥਾਂ ਤੋਂ ਲਾਹੌਰ ਦੇ ਬੂਹੇ ਤੀਕਰ ਢੇਰ ਖਲਕਤ ਹੁੰਦੀ ਏ ਕਿ ਜਿੱਥੋਂ ਤੀਕਰ ਨਿਗ੍ਹਾ ਜਾਂਦੀ ਏ, ਬੰਦਾ ਈ ਬੰਦਾ ਦਿਸਦਾ ਏ।

ਇਨ੍ਹਾਂ ਦਿਹਾੜਾਂ ਵਿਚ ਕੰਮ ਕਾਰ ਤੋਂ ਅਵਾਜ਼ਾਰ, ਸੱਠ ਸੱਤਰ ਹਜ਼ਾਰ ਬੰਦੇ ਅੰਮ੍ਰਿਤਸਰ ਤੋਂ ਲਾਹੌਰ ਰੇਲ ਗੱਡੀ ਰਾਹੀਂ ਅੱਪੜਦੇ ਨੇ। ਰੇਲ ਤੋਂ ਅੱਡ ਇਕ ਵੱਡੀ ਗਿਣਤੀ ਲੋਕਾਂ ਦੀ ਯੱਕਿਆਂ ਰੇੜ੍ਹੀਆਂ ਉੱਤੇ, ਪੈਦਲ, ਬੱਘੀਆਂ ਉਤੇ ਤੇ ਏਸ ਦੇ ਨਾਲੋ-ਨਾਲ ਊਠਾਂ ਉਤੇ ਬਹਿ ਕੇ ਅੱਪੜਦੀ ਏ। ਹਲਵਾਈਆਂ ਦੀਆਂ ਸਜਾਈਆਂ ਹੱਟਾਂ ਉਤੇ ਕੀ ਵਪਾਰ ਹੁੰਦਾ ਏ, ਇਸ ਦੀ ਤਾਂ ਗੱਲ ਹੀ ਛੱਡ ਦੇਵੋ।

ਇਸ ਦਿਹਾੜੇ ਸਾਰੇ ਜ਼ਿਲ੍ਹੇ ਦੇ ਹਾਕਮ ਤੇ ਪੁਲਿਸ ਦੇ ਅਫਸਰ ਬੰਦੋਬਸਤ ਪਾਰੋਂ ਉਥੇ ਇਕੱਠੇ ਹੁੰਦੇ ਨੇ। ਇਸੇ ਦਿਹਾੜੀ ਇਕ ਹੱਟੀ ਆਬਕਾਰੀ ਦੀ ਉਸਾਰੀ ਜਾਂਦੀ ਏ। ਏਸ ਗੱਲ ਨੂੰ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਸ਼ਰੀਫ ਲੋਕੀਂ ਘੱਟ ਈ ਇਨ੍ਹਾਂ ਥਾਵਾਂ ਉਤੇ ਆਉਂਦੇ ਨੇ ਤੇ ਏਸ ਨਾਲ ਜੋ ਕੁਝ ਹੁੰਦਾ ਹੈ, ਉਹ ਵੀ ਕਮਾਲ ਈ ਹੁੰਦਾ ਏ। ਇਸ ਦਿਹਾੜੀ ਜਿੱਥੋਂ ਤੀਕਰ ਨਿਗ੍ਹਾ ਜਾਂਦੀ ਏ, ਹਰ ਜੀਵ ਸੋਹਣੇ ਲੀੜੇ ਪਾ ਕੇ ਆਉਂਦਾ ਏ। ਏਥੋਂ ਤੀਕਰ ਕਿ ਜਿਸ ਬੰਦੇ ਕੋਲ ਰਾਤ ਨੂੰ ਖਾਵਣ ਦੀ ਰੋਟੀ ਨਹੀਂ ਹੁੰਦੀ, ਉਸ ਦਿਹਾੜੀ

*(ਬਾਕੀ ਸਫਾ 25 'ਤੇ)*





*ਲਾਹੌਰ ਵਿਚ ਮਾਧੋ ਲਾਲ ਹੁਸੈਨ ਦੀ ਮਜ਼ਾਰ ਅਤੇ (ਸੱਜੇ) ਗੀਤ-ਸੰਗੀਤ ਦੀ ਝਾਕੀ।*

# ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਦੇ ਕਬੱਡੀ ਗੀਤ


ਪੰਜਾਬੀ ਖੇਡ ਸਾਹਿਤ 64



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਮਾਨ ਮਰਾੜ੍ਹਾਂ ਵਾਲੇ ਦਾ ਗੀਤ 'ਜਿਥੇ ਗਏ ਪੰਜਾਬੀ ਲੈ ਗਏ ਨਾਲ ਕਬੱਡੀ ਨੂੰ' ਬੇਹੱਦ ਮਕਬੂਲ ਹੋਇਆ, ਜੋ ਲੱਖਾਂ-ਕਰੋੜਾਂ ਲੋਕਾਂ ਨੇ ਸੁਣਿਆ ਤੇ ਵੀਡੀਓ ਤੋਂ ਵੇਖਿਆ। ਇਸ ਗੀਤ ਵਿਚ ਦੀ ਮਾਨ ਨੇ ਕਬੱਡੀ ਨੂੰ ਏਨਾ ਮਾਣ ਬਖਸ਼ਿਆ, ਜਿੰਨਾ ਕਿਸੇ ਵੱਡੇ ਤੋਂ ਵੱਡੇ ਕਬੱਡੀ ਪ੍ਰੋਮੋਟਰ ਨੇ ਵੀ ਨਹੀਂ ਬਖਸ਼ਿਆ ਹੋਣਾ। ਇਹਨੂੰ ਕਹਿੰਦੇ ਹਨ, ਸ਼ਬਦਾਂ ਦੀ ਤਾਕਤ, ਗੀਤ ਦੀ ਧੂਹ ਤੇ ਸਾਹਿਤ ਦੀ ਸਮਰੱਥਾ! ਬਾਬੂ ਸਿੰਘ ਮਾਨ ਨੇ ਕਬੱਡੀ ਦੇ ਦੋ-ਤਿੰਨ ਗੀਤ ਲਿਖ ਕੇ ਹੀ ਪੰਜਾਬੀ ਖੇਡ ਸਾਹਿਤ ਵਿਚ ਆਪਣਾ ਚੋਖਾ ਸੀਰ ਪਾ ਲਿਆ ਹੈ। ਉਸ ਦੇ ਲਿਖੇ ਤੇ ਸੁਖਵਿੰਦਰ ਦੇ ਗਾਏ ਗੀਤ ਦਾ ਮੁਖੜਾ ਹੈ: ਜਿਥੇ ਗਏ ਪੰਜਾਬੀ ਲੈ ਗਏ ਨਾਲ ਕਬੱਡੀ ਨੂੰ, ਜੁਗਾਂ ਜੁਗਾਂ ਤੋਂ ਕਰਨ ਪੰਜਾਬੀ ਪਿਆਰ ਕਬੱਡੀ ਨੂੰ...। ਇਸ ਗੀਤ ਦੀ ਸ਼ਬਦਾਵਲੀ, ਛੰਦਬੰਦੀ, ਤਰਜ਼, ਤਾਲ, ਸੰਗੀਤ ਤੇ ਕਬੱਡੀ ਦੀ ਵੀਡੀਓਗ੍ਰਾਫੀ ਸਰੋਤਿਆਂ ਅੰਦਰ ਕਬੱਡੀ ਦਾ ਭਰਪੂਰ ਜੋਸ਼ ਭਰਨ ਵਾਲੀ ਹੈ। ਜਣੇ-ਖਣੇ ਦਾ ਜੁੱਸਾ ਰੇਡਾਂ ਪਾਉਣ ਤੇ ਜੱਫੇ ਲਾਉਣ ਲਈ ਮਚਲ ਉਠਦੈ। ਪੱਬ ਆਪ-ਮੁਹਾਰੇ ਭੰਗੜੇ ਦੀ ਲੈਅ ਵਿਚ ਥਿਰਕਣ ਲੱਗਦੇ ਹਨ। ਕਬੱਡੀ ਦੇ ਇਸ ਗੀਤ ਨੂੰ ਗਾ ਰਹੇ ਸੁਖਵਿੰਦਰ ਦੇ ਜੁੱਸੇ ਦਾ ਜਲਾਲ ਵੇਖਣ ਵਾਲਾ ਹੈ। ਉਹ ਰੇਡਰ ਵਾਂਗ ਥਾਪੀ ਮਾਰਦਾ ਤੇ ਬਾਂਹ ਖੜ੍ਹੀ ਕਰਦਾ ਹੈ। ਉਹਦੇ ਬੋਲਾਂ ਦੀ ਗੂੰਜ ਧਰਤੀ ਤੋਂ ਅੰਬਰ ਤਕ ਦੀ ਰੇਡ ਪਾਉਂਦੀ ਜਾਪਦੀ ਹੈ। ਜੀਹਨੇ ਇਹ ਗੀਤ ਅਜੇ ਤਕ ਵੀ ਨਹੀਂ ਸੁਣਿਆ, ਜ਼ਰੂਰ ਸੁਣੇ, ਨਹੀਂ ਤਾਂ ਉਹਦੀ ਉਹ ਗੱਲ ਹੋਵੇਗੀ, ਜੀਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਹੀ ਨਹੀਂ।

ਕਦੇ ਮੈਂ ਲਿਖਿਆ ਸੀ: ਪੰਜਾਬੀ ਕਬੱਡੀ ਦੇ ਦੀਵਾਨੇ ਹਨ। ਆਸ਼ਕ ਹਨ, ਮਸਤਾਨੇ ਹਨ। ਪਰਵਾਨਿਆਂ ਵਾਂਗ ਕਬੱਡੀ ਦੀ ਖੇਡ ਵੱਲ ਖਿੱਚੇ ਆਉਂਦੇ ਹਨ। ਬੇਸ਼ੱਕ ਬਿਜਲੀ ਕੜਕਦੀ ਹੋਵੇ, ਝੱਖੜ ਝੁੱਲਦਾ ਹੋਵੇ, ਨਦੀ ਚੜ੍ਹੀ ਹੋਵੇ, ਸ਼ੀਹਾਂ ਨੇ ਪੱਤਣ ਮੱਲੇ ਹੋਣ ਪਰ ਪਤਾ ਲੱਗ ਜਾਵੇ ਸਹੀ ਕਿ ਨਦੀ ਦੇ ਪਰਲੇ ਪਾਰ ਕਬੱਡੀ ਦਾ ਕਾਂਟੇਦਾਰ ਮੈਚ ਹੋ ਰਿਹੈ, ਫੇਰ ਕਿਹੜਾ ਪੰਜਾਬੀ ਹੈ ਜਿਹੜਾ ਵਗਦੀ ਨੈਂ ਨਾ ਠਿੱਲ੍ਹੇ? ਉਹ ਰਾਹ 'ਚ ਪੈਂਦੇ ਸੱਪਾਂ ਸ਼ੀਹਾਂ ਦੀ ਵੀ ਪਰਵਾਹ ਨਹੀਂ ਕਰੇਗਾ, ਭੂਤਾਂ ਪ੍ਰੇਤਾਂ ਤੋਂ ਵੀ ਨਹੀਂ ਡਰੇਗਾ ਤੇ ਟੋਏ-ਟਿੱਬੇ ਟੱਪਦਾ ਕਬੱਡੀ ਦੇ ਪਿੜ ਦੁਆਲੇ ਜਾ ਖੜ੍ਹੇਗਾ। ਜਿਵੇਂ ਹਿੰਦ ਮਹਾਂਦੀਪ ਦੇ ਲੋਕਾਂ ਨੂੰ ਕ੍ਰਿਕਟ ਨੇ ਪੱਟਿਆ, ਜੱਗ ਜਹਾਨ ਦੇ ਗੋਰੇ ਕਾਲਿਆਂ ਨੂੰ ਫੁੱਟਬਾਲ ਨੇ ਕਮਲੇ ਕੀਤਾ, ਉਵੇਂ ਕੁਲ ਦੁਨੀਆ 'ਚ ਵਸਦੇ ਪੰਜਾਬੀਆਂ ਨੂੰ ਕਬੱਡੀ ਚੜ੍ਹੀ ਹੋਈ ਹੈ। ਕਬੱਡੀ ਨੂੰ ਪੱਛਮੀ ਮੁਲਕਾਂ ਵਿਚ ਤਾਂ ਉਹ ਲੈ ਹੀ ਗਏ ਹਨ, ਜਦੋਂ ਕਦੇ ਚੰਦ 'ਤੇ ਗਏ ਤਾਂ ਕਬੱਡੀ ਨੂੰ ਵੀ ਉਥੇ ਲਿਜਾਣਗੇ ਤੇ ਨਾਲ ਹੀ ਜਾਣਗੇ ਕਬੱਡੀ ਦੇ ਕੁਮੈਂਟੇਟਰ ਤੇ ਕਬੱਡੀ ਦੇ ਗੀਤਕਾਰ।

ਕਬੱਡੀ ਪੰਜਾਬੀਆਂ ਲਈ ਸਰੀਰਕ ਕਰਤੱਬਾਂ ਦੀ ਸ਼ਾਇਰੀ ਹੈ। ਇਹਦੇ ਵਿਚ ਦੀ ਉਹ ਬਹੁਤ ਕੁਝ ਵੇਖਦੇ ਹਨ। ਆਪਣਾ ਇਤਿਹਾਸ, ਆਪਣੀ ਬਹਾਦਰੀ, ਸਿਰੜ, ਸਿਦਕ, ਦਮ ਤੇ ਤਾਕਤ। ਪੰਜਾਬ ਦੀ ਧਰਤੀ ਸਦੀਆਂ ਬੱਧੀ ਹਮਲਿਆਂ ਤੇ ਠੱਲ੍ਹਾਂ ਦਾ ਮੈਦਾਨ ਬਣੀ ਰਹੀ। ਪੰਜਾਬੀ ਹਮਲਾਵਰਾਂ ਨੂੰ ਡੱਕਦੇ, ਲੜਦੇ, ਮਰਦੇ ਤੇ ਮਾਰਦੇ। ਹਮਲਾਵਰ ਤਕੜਾ ਹੁੰਦਾ ਤਾਂ ਮਾਰ ਧਾੜ ਕਰ ਕੇ ਆਪਣੇ ਘਰ ਪਰਤ ਜਾਂਦਾ। ਰਾਖੇ ਤਕੜੇ ਹੁੰਦੇ ਤਾਂ ਹਮਲਾਵਰ ਮਾਰਿਆ ਜਾਂਦਾ। ਇਸੇ ਕਰਮ ਨੂੰ ਕਬੱਡੀ ਵਿਚ ਵਾਰ ਵਾਰ ਦੁਹਰਾਇਆ ਜਾਂਦੈ। ਕਬੱਡੀ ਜਾਫੀਆਂ ਤੇ ਧਾਵੀਆਂ ਦੇ ਸੰਘਰਸ਼ ਦੀ ਖੇਡ ਹੈ।

ਜਿਵੇਂ ਢੋਲ ਦਾ ਡੱਗਾ ਨੱਚਣ ਵਾਲਿਆਂ ਦੇ ਪੱਬ ਚੁੱਕ ਦਿੰਦੈ, ਉਵੇਂ ਕਬੱਡੀ ਦੀ ਕੁਮੈਂਟਰੀ ਦਰਸ਼ਕਾਂ ਨੂੰ ਪੱਬਾਂ ਭਾਰ ਕਰੀ ਰੱਖਦੀ ਹੈ। ਜਿਵੇਂ ਸਪੇਰਾ ਬੀਨ ਨਾਲ ਸੱਪ ਨੂੰ ਕੀਲ ਲੈਂਦੈ, ਉਵੇਂ ਕਬੱਡੀ ਦਾ ਬੁਲਾਰਾ ਆਪਣੀ ਲੱਛੇਦਾਰ ਕੁਮੈਂਟਰੀ ਨਾਲ ਦਰਸ਼ਕਾਂ ਨੂੰ ਹਿੱਲਣ ਨਹੀਂ ਦਿੰਦਾ। ਉਹਦੇ ਹੁਲਾਰਵੇਂ, ਬਲਿਹਾਰਵੇਂ ਤੇ ਲਲਕਾਰਵੇਂ ਬੋਲ ਖੇਡ ਖੇਡਣ ਤੇ ਖੇਡ ਵੇਖਣ ਵਾਲਿਆਂ ਦੇ ਦਿਲਾਂ 'ਚ ਤਰੰਗਾਂ ਛੇੜਦੇ ਉਨ੍ਹਾਂ ਦਾ ਮਨ ਪਰਚਾਈ ਰੱਖਦੇ ਹਨ। ਜਿਵੇਂ ਗੀਤ ਤੇ ਸਾਜ਼ ਦਾ ਸਬੰਧ ਹੈ, ਕੁਝ ਉਸੇ ਤਰ੍ਹਾਂ ਦਾ ਰਿਸ਼ਤਾ ਕਬੱਡੀ ਤੇ ਕੁਮੈਂਟਰੀ ਦਾ ਜੁੜ ਗਿਆ ਹੈ। ਕਿਸੇ ਜੁਆਨ ਨੇ ਪੱਛਮੀ ਮੁਲਕਾਂ ਦੇ ਨਜ਼ਾਰੇ ਲੈਣੇ ਹੋਣ, ਉਥੇ ਸੈਟਲ ਹੋਣਾ ਹੋਵੇ ਤਾਂ ਨਸ਼ੇ ਪੱਤੇ ਛੱਡ ਕੇ, ਕਸਰਤਾਂ ਕਰ ਕੇ, ਕਬੱਡੀ ਦਾ ਤਕੜਾ ਖਿਡਾਰੀ ਬਣ ਕੇ ਹਵਾਈ ਜਹਾਜ਼ਾਂ 'ਤੇ ਚੜ੍ਹ ਸਕਦੈ। ਪੱਲਿਓਂ ਪੈਸੇ ਖਰਚਣ ਦੀ ਥਾਂ ਜਿੰਨੀ ਵਧੀਆ ਕਬੱਡੀ ਖੇਡੇਗਾ, ਉਨੇ ਵੱਧ ਡਾਲਰ ਕਮਾ ਸਕਦੈ। 2009 ਵਿਚ ਸੋਨੀ ਸੁਨੇਤ ਨੂੰ ਦੋ ਜੱਫਿਆਂ ਦੇ ਦੋ ਲੱਖ ਰੁਪਏ ਮਿਲੇ ਸਨ। ਹੁਣ ਤਾਂ ਗੱਫੇ ਹੋਰ ਵੀ ਵਧ ਗਏ ਹਨ, ਕੋਈ ਅੰਤ ਹੀ ਨਹੀਂ ਰਿਹਾ। ਇਕ ਜੱਫੇ ਦਾ ਇਕ ਟਰੈਕਟਰ! ਸਟਾਰ ਖਿਡਾਰੀ ਦਾ ਸੀਜ਼ਨ ਪੰਜਾਹ ਸੱਠ ਹਜ਼ਾਰ ਡਾਲਰਾਂ ਨੂੰ ਪੁੱਜ ਗਿਐ। ਲੱਖਾਂ ਨਹੀਂ, ਕਰੋੜਾਂ ਰੁਪਏ ਨੇ ਕਬੱਡੀ ਦੀ ਖੇਡ ਵਿਚ। ਤਦੇ ਤਾਂ ਕੁਮੈਂਟਰੀ ਕਰਦਿਆਂ ਕਹੀਦੈ:

ਖੇਡੋ ਮੁੰਡਿਓ ਖੇਡ ਕਬੱਡੀ
ਖੜ੍ਹਨਾ ਛੱਡ ਦਿਓ ਮੋੜਾਂ 'ਤੇ,
ਵਿਸ਼ਵ ਕੱਪਾਂ ਨੇ ਚਾੜ੍ਹ ਦਿੱਤੀ ਆ
ਕੌਡੀ ਹੁਣ ਕਰੋੜਾਂ 'ਤੇ।



ਬਾਬੂ ਸਿੰਘ ਮਾਨ

'ਜਿਥੇ ਗਏ ਪੰਜਾਬੀ' ਮਾਨ ਨੇ ਪੰਜਾਬ ਸਰਕਾਰ ਵੱਲੋਂ 2010 'ਚ ਕਰਵਾਏ ਕਬੱਡੀ ਵਰਲਡ ਕੱਪ ਦੇ ਫਾਈਨਲ ਮੈਚ ਸਮੇਂ ਪੇਸ਼ ਕੀਤੇ ਜਾਣ ਵਾਲੇ ਸਭਿਆਚਾਰਕ ਸ਼ੋਅ ਲਈ ਲਿਖਿਆ ਸੀ। ਜਦੋਂ ਇਹ ਗੀਤ ਗੁਰੂ ਨਾਨਕ ਸਟੇਡੀਅਮ ਲੁਧਿਆਣੇ ਵਿਚ ਜੁੜੇ ਪੈਂਤੀ ਹਜ਼ਾਰ ਖੇਡ ਪ੍ਰੇਮੀਆਂ ਤੇ ਟੀ. ਵੀ. ਸਕਰੀਨਾਂ ਤੋਂ ਵੇਖ ਰਹੇ ਲੱਖਾਂ-ਕਰੋੜਾਂ ਦਰਸ਼ਕਾਂ ਸਾਹਵੇਂ ਗਾਇਆ ਗਿਆ ਤਾਂ ਕਬੱਡੀ ਮੈਚ ਦੀ ਕੁਮੈਂਟਰੀ ਵਾਲਾ ਮਾਈਕ ਮੇਰੇ ਹੱਥ ਸੀ। ਮੈਂ ਆਪਣੀ ਪੁਸਤਕ 'ਅੱਖੀਂ ਡਿੱਠਾ ਕਬੱਡੀ ਵਰਲਡ ਕੱਪ' ਵਿਚ ਲਿਖਿਆ:

## ਲੁਧਿਆਣੇ 'ਚ ਪਈਆਂ ਕਬੱਡੀ ਦੀਆਂ ਲੁੱਡੀਆਂ

ਲੁਧਿਆਣੇ ਪਹੁੰਚ ਕੇ ਵਰਲਡ ਕੱਪ ਸਿਖਰ 'ਤੇ ਪੁੱਜ ਗਿਆ। 12 ਅਪਰੈਲ 2010 ਨੂੰ ਕੁਲ ਦੁਨੀਆ ਦੇ ਪੰਜਾਬੀਆਂ ਦੀਆਂ ਨਜ਼ਰਾਂ ਗੁਰੂ ਨਾਨਕ ਸਟੇਡੀਅਮ ਲੁਧਿਆਣੇ 'ਤੇ ਸਨ। ਮੁੱਖ ਸਟੇਜ ਫੁੱਲਾਂ ਦੇ ਹਾਰਾਂ ਨਾਲ ਸਜਾਇਆ ਹੋਇਆ ਸੀ ਤੇ ਪਵੇਲੀਅਨ ਉਪਰ ਬਿਜਲੀ ਦੀਆਂ ਰੰਗ-ਬਰੰਗੀਆਂ ਲੜੀਆਂ ਲਟਕਾਈਆਂ ਹੋਈਆਂ ਸਨ। ਸਪੋਰਟਸ ਡਾਇਰੈਕਟਰ ਪਰਗਟ ਸਿੰਘ ਪੱਬਾਂ ਭਾਰ ਹੋਇਆ ਫਿਰਦਾ ਸੀ। ਸਾਡੀ ਕੁਮੈਂਟੇਟਰਾਂ ਦੀ ਟੀਮ 'ਚ ਭਗਵੰਤ ਮਾਨ ਵੀ ਸ਼ਾਮਲ ਸੀ। ਵਿਸ਼ਵ ਕੱਪ ਦੇ ਸਮਾਪਤੀ ਸਮਾਰੋਹ ਦਾ ਸ਼ੋਅ ਨਾਰਥ ਜ਼ੋਨ ਕਲਚਰਲ ਸੈਂਟਰ ਨੇ ਪੇਸ਼ ਕਰਨਾ ਸੀ। ਤਦੇ ਢਾਈ ਸੌ ਕਲਾਕਾਰ ਨੱਚਦੇ-ਮੇਲ੍ਹਦੇ ਮੈਦਾਨ ਵਿਚ ਆਏ। ਉਨ੍ਹਾਂ ਵਿਚ ਬੱਚੇ, ਗੱਭਰੂ, ਮੁਟਿਆਰਾਂ ਤੇ ਬਜ਼ੁਰਗ ਰੰਗ-ਬਰੰਗੀ ਵੇਸਭੂਸ਼ਾ ਵਿਚ ਸਜੇ ਹੋਏ ਸਨ। ਸਾਜ਼ਾਂ ਦਾ ਕੋਈ ਅੰਤ ਨਹੀਂ ਸੀ। ਢੋਲ, ਮਰਦੰਗ, ਚਿਮਟੇ, ਅਲਗੋਜ਼ੇ, ਤੂੰਬੇ, ਕਾਟੋ, ਕਿਰਲੇ ਤੇ ਬੁਘਦੂ ਸਭ ਕੁਝ ਸੀ। ਪਿਛੋਕੜ ਵਿਚ ਪੰਜਾਬੀ ਧੁਨਾਂ ਗੂੰਜ ਰਹੀਆਂ ਸਨ। ਕਲਾਕਾਰ ਮਸਤੀ 'ਚ ਮੇਲ੍ਹ ਰਹੇ ਸਨ। ਫਲੱਡ ਲਾਈਟਾਂ ਤੇ ਰੰਗੀਨ ਲੜੀਆਂ ਨੇ ਮਾਹੌਲ ਸੁਫਨਈ ਬਣਾ ਦਿੱਤਾ ਸੀ। ਸਟੇਡੀਅਮ 'ਚ ਬੈਠੇ ਦਰਸ਼ਕ ਸੁਫਨਿਆਂ ਦੀ ਦੁਨੀਆਂ ਵਿਚ ਗੁਆਚ ਗਏ ਸਨ।

ਚੰਡੀਗੜ੍ਹ ਤੋਂ ਆਈ ਮਮਤਾ ਜੋਸ਼ੀ ਨੇ ਗਾਉਣਾ ਸ਼ੁਰੂ ਕੀਤਾ: ਵੇ ਸੋਨੇ ਦਿਆ ਕੰਗਣਾ ਸੌਦਾ ਇਕੋ ਜਿਹਾ, ਦਿਲ ਦੇਣਾ ਤੇ ਦਿਲ ਮੰਗਣਾ ਸੌਦਾ ਇਕੋ ਜਿਹਾ...। ਪੰਮੀ ਬਾਈ ਦਾ ਗੀਤ: ਨੀ ਮੈਂ ਪਾਣੀ ਭਰੇਨੀ ਆਂ ਪੱਤਣੋਂ, ਭੈੜੇ ਨੈਣ ਨਾ ਰਹਿੰਦੇ ਤੱਕਣੋਂ...ਦਿਲਾਂ ਨੂੰ ਧੂਹਾਂ ਪਾ ਰਿਹਾ ਸੀ। ਸਟੇਡੀਅਮ ਵਿਚ ਰਾਗ-ਰੰਗ ਦੀ ਲੀਲ੍ਹਾ ਦਾ ਕੌਤਕੀ ਨਜ਼ਾਰਾ ਸੀ। ਸਫੈਦ ਕੁੜਤੇ ਚਾਦਰੇ ਤੇ ਟੌਰਿਆ ਵਾਲੇ ਮਲਵਈ ਬਾਬੇ ਗਿੱਧਾ ਪਾਉਂਦੇ ਮਸਤੀ 'ਚ ਝੂੰਮ ਰਹੇ ਸਨ। ਮੁਟਿਆਰਾਂ ਦੀਆਂ ਪੰਜੇਬਾਂ ਛਣਕ ਰਹੀਆਂ ਸਨ ਤੇ ਸਿਤਾਰਿਆਂ ਵਾਲੀਆਂ ਚੁੰਨੀਆਂ ਦੇ ਪੱਲੇ ਲਹਿਰਾਅ ਰਹੇ ਸਨ। ਗੁਰਮੀਤ ਬਾਵਾ ਦੀ ਉੱਚੀ ਲੰਮੀ ਹੇਕ ਉਭਰੀ: ਵੀਰ ਮੇਰਿਆ ਜੁਗਨੀ ਕਹਿੰਦੀ ਆ, ਉਹ ਨਾਮ ਸਾਈਂ ਦਾ ਲੈਂਦੀ ਆ...। ਫਿਰ ਜੁੱਤੀ ਖੱਲ ਦੀ ਮਰੋੜਾ ਨਹੀਂ ਝੱਲਦੀ...ਗੀਤ ਦੀ ਤਰਜ਼ 'ਤੇ ਗੱਭਰੂਆਂ ਨੇ ਭੰਗੜਾ ਤੇ ਮੁਟਿਆਰਾਂ ਨੇ ਗਿੱਧਾ ਪਾਇਆ। ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਧੀ ਡੌਲੀ ਗੁਲੇਰੀਆ, ਜਿਸ ਨੇ ਇੰਡੋ-ਪਾਕਿ ਪੰਜਾਬ ਖੇਡਾਂ ਸਮੇਂ ਪਟਿਆਲੇ 'ਚ ਨੰਦ ਲਾਲ ਨੂਰਪੁਰੀ ਦਾ ਗੀਤ, ਚੰਨ ਵੇ ਕਿ ਸ਼ੌਂਕਣ ਮੇਲੇ ਦੀ ਗਾਇਆ ਸੀ, ਗਾਉਣ ਲੱਗੀ: ਲੱਠੇ ਦੀ ਚਾਦਰ ਉਤੇ ਸਲੇਟੀ ਰੰਗ ਮਾਹੀਆ, ਆ ਬਹੁ ਸਾਹਮਣੇ, ਕੋਲੋਂ ਦੀ ਰੁੱਸ ਕੇ ਨਾ ਲੰਘ ਮਾਹੀਆ...।

ਸਭਿਆਚਾਰਕ ਸਮਾਰੋਹ ਦੇ ਸਿਖਰ 'ਤੇ ਬਾਲੀਵੁੱਡ ਦਾ ਪ੍ਰਸਿੱਧ ਗਾਇਕ ਸੁਖਵਿੰਦਰ, ਹਟ ਕਬੱਡੀ ਕੌਡੀ ਕੌਡੀ...ਕਰਦਾ ਮੈਦਾਨ ਵਿਚ ਆਇਆ। ਉਹਦੇ ਆਲੇ-ਦੁਆਲੇ ਨੌਜੁਆਨ ਭੰਗੜਾ ਪਾਉਣ ਲੱਗੇ। ਉਹਦਾ ਗੱਠਿਆ ਜੁੱਸਾ ਕਾਲੀ ਪੈਂਟ ਤੇ ਕਾਲੀ ਸ਼ਰਟ ਵਿਚੋਂ ਉਡੂੰ-ਉਡੂੰ ਕਰ ਰਿਹਾ ਸੀ। ਉਹਦੀ ਗਰਜਵੀਂ ਆਵਾਜ਼ ਸਟੇਡੀਅਮ ਦੇ ਆਰ-ਪਾਰ ਲਰਜ਼ਣ ਲੱਗੀ:

ਜਿਥੇ ਗਏ ਪੰਜਾਬੀ ਲੈ ਗਏ ਨਾਲ ਕਬੱਡੀ ਨੂੰ,
ਤਾਂਹੀਂ ਰੁਤਬਾ ਮਿਲਿਆ ਅੱਜ ਕਮਾਲ ਕਬੱਡੀ ਨੂੰ,
ਕੁਲ ਪੰਜਾਬੀ ਖੇਡਾਂ ਦੀ ਸਰਦਾਰ ਕਬੱਡੀ ਨੂੰ,
ਜੁਗਾਂ ਜੁਗਾਂ ਤੋਂ...।

ਛੈਲ ਛਬੀਲੇ ਗੱਭਰੂ ਉਡਜੂੰ ਉਡਜੂੰ ਕਰਦੇ ਨੇ,
ਮਿਰਗਾਂ ਜਿਹੇ ਸਰੀਰ ਹੌਂਸਲੇ ਸ਼ੇਰਾਂ ਵਰਗੇ ਨੇ,
ਅੱਜ ਟੀ. ਵੀ. 'ਤੇ ਵੇਖਿਆ ਪਹਿਲੀ ਵਾਰ ਕਬੱਡੀ ਨੂੰ,
ਜੁਗਾਂ ਜੁਗਾਂ ਤੋਂ...।

ਔਹ ਜਾਫੀ ਨੇ ਧਾਵੀ ਨੂੰ ਬਾਹਾਂ ਵਿਚ ਜਕੜ ਲਿਆ,
ਜਿਵੇਂ ਸ਼ੇਰ ਨੇ ਚੁੰਗੀਆਂ ਭਰਦੇ ਮਿਰਗ ਨੂੰ ਪਕੜ ਲਿਆ,
ਵੇਖਣ ਲੋਕੀਂ ਹੋ ਹੋ ਪੱਬਾਂ ਭਾਰ ਕਬੱਡੀ ਨੂੰ,
ਜੁਗਾਂ ਜੁਗਾਂ ਤੋਂ...।

ਜਿਹੜੇ ਪਾਕਿਸਤਾਨੀ ਆਏ ਨੇ ਕੁਝ ਕਰ ਕੇ ਜਾਵਣਗੇ,
ਅਗਲੀ ਵਾਰ ਇਰਾਨੀ ਵੀ ਕੁਝ ਬਣ ਕੇ ਆਵਣਗੇ,
ਉਹ ਵੀ ਨਹੀਂ ਹੁਣ ਸਕਦੇ ਮਨੋਂ ਵਿਸਾਰ ਕਬੱਡੀ ਨੂੰ,
ਜੁਗਾਂ ਜੁਗਾਂ ਤੋਂ...।

ਥਾਪੀ ਮਾਰ ਖਲੋ ਗਿਆ ਜੰਜੂਆ ਖਿੱਚ ਲਕੀਰ ਗਿਆ,
ਲੈ ਨੰਬਰ ਬਾਂਹ ਉੱਚੀ ਕਰ ਕੇ ਔਹ ਸੁਖਬੀਰ ਗਿਆ,
ਸਾਹ ਰੋਕ ਕੇ ਵੇਖ ਰਿਹਾ ਸੰਸਾਰ ਕਬੱਡੀ ਨੂੰ,
ਜੁਗਾਂ ਜੁਗਾਂ ਤੋਂ...।

ਜਦੋਂ ਕਦੇ ਵੀ ਜ਼ਿਕਰ ਕਬੱਡੀ ਦਾ ਫਿਰ ਆਏਗਾ,
ਨਾਮ ਸੁਨਹਿਰੀ ਅੱਖਰਾਂ ਦੇ ਵਿਚ ਲਿਖਿਆ ਜਾਏਗਾ,
ਜੋ ਸੁਖਬੀਰ ਨੇ ਬਖਸ਼ਿਆ ਏ ਸਤਿਕਾਰ ਕਬੱਡੀ ਨੂੰ,
ਜੁਗਾਂ-ਜੁਗਾਂ ਤੋਂ ਕਰਨ ਪੰਜਾਬੀ ਪਿਆਰ ਕਬੱਡੀ ਨੂੰ...।

ਗੀਤ ਮੁੱਕਣ 'ਤੇ ਹਜ਼ਾਰਾਂ ਤਾੜੀਆਂ ਦੀ ਖੜਕਾਰ ਕਿੰਨਾ ਹੀ ਚਿਰ ਗੂੰਜਦੀ ਰਹੀ। ਅਸੀਂ ਮਾਈਕ ਤੋਂ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਨੂੰ ਫਾਈਨਲ ਮੈਚ ਖੇਡਣ ਦਾ ਸੱਦਾ ਦਿੱਤਾ। ਸਟੇਡੀਅਮ ਨੱਕੋ ਨੱਕ ਭਰਿਆ ਹੋਇਆ ਸੀ। ਕੁਝ ਦਰਸ਼ਕਾਂ ਦੇ ਹੱਥਾਂ ਵਿਚ ਤਰੰਗੀਆਂ ਝੰਡੀਆਂ ਫੜੀਆਂ ਹੋਈਆਂ ਸਨ। ਕਈਆਂ ਨੇ ਕਬੱਡੀ ਦੀ ਉਸਤਤ ਵਿਚ ਬੈਨਰ ਲਿਖੇ ਹੋਏ ਸਨ। ਸਾਨੂੰ ਦੱਸਿਆ ਗਿਆ ਕਿ ਪਾਕਿਸਤਾਨ ਦੇ ਪਿੰਡਾਂ ਵਿਚ ਲੋਕਾਂ ਨੇ ਸੱਥਾਂ ਵਿਚ ਟੀ. ਵੀ. ਦੀਆਂ ਵੱਡੀਆਂ ਸਕਰੀਨਾਂ ਲਾ ਕੇ ਵੱਡੀ ਗਿਣਤੀ ਵਿਚ ਮੈਚ ਵੇਖਣ ਦਾ ਪ੍ਰਬੰਧ ਕੀਤਾ ਹੋਇਆ ਸੀ। ਉਨ੍ਹਾਂ ਨੂੰ ਆਪਣੀ ਪਾਕਿਸਤਾਨ ਦੀ ਟੀਮ ਦੇ ਜਿੱਤ ਜਾਣ ਦੀ ਪੂਰੀ ਆਸ ਸੀ।

ਟਾਸ ਭਾਰਤੀ ਟੀਮ ਨੇ ਜਿੱਤਿਆ। ਕੁਮੈਂਟਰੀ ਬੌਕਸ 'ਚੋਂ ਮੈਂ ਤੇ ਮੱਖਣ ਸਿੰਘ ਨੇ ਭਾਰਤ-ਪਾਕਿ ਟੀਮਾਂ ਦੇ ਖਿਡਾਰੀਆਂ ਦੀ ਜਾਣਕਾਰੀ ਦਿੱਤੀ। ਪਹਿਲੀ ਰੇਡ ਪਾਉਣ ਲਈ ਦੁੱਲਾ ਸੁਰਖਪੁਰੀਆ ਪਾੜੇ 'ਤੇ ਆਇਆ ਤਾਂ ਮੈਂ ਆਖਿਆ: ਵੇਖੋ ਦੁੱਲੇ ਨੇ ਟੇਕਿਆ ਧਰਤੀ ਮਾਂ ਨੂੰ ਮੱਥਾ, ਜੋੜੇ ਆ ਹੱਥ ਤੇ ਮੰਗੀ ਆ ਸੂਰਜ ਤੋਂ ਸ਼ਕਤੀ। ਜੁਆਨ ਦਾ ਜੁੱਸਾ ਵੇਖੋ ਤੇ ਵੇਖੋ ਜੁਆਨ ਦੀ ਚੜ੍ਹਤ। ਲਓ ਚੱਲਿਆ ਦੁੱਲਾ ਸ਼ੇਰ ਪਹਿਲੀ ਕਬੱਡੀ ਪਾਉਣ...।

ਅੱਗੋਂ ਪਾਕਿਸਤਾਨ ਦੇ ਜ਼ੋਰਾਵਰ ਜਾਫੀ ਜੰਜੂਏ ਨੇ ਦੁੱਲੇ ਨੂੰ ਜੱਫਾ ਲਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਜੱਫੇ ਵਿਚ ਨਾ ਆਇਆ। ਸਾਰਾ ਸਟੇਡੀਅਮ ਤਾੜੀਆਂ ਨਾਲ ਗੂੰਜ ਉਠਿਆ। ਪਹਿਲਾ ਅੰਕ ਭਾਰਤ ਦੀ ਟੀਮ ਦਾ ਹੋ ਗਿਆ। ਪਾਕਿਸਤਾਨ ਦੀ ਟੀਮ ਵੱਲੋਂ ਪਹਿਲੀ ਰੇਡ ਲਾਇਲਪੁਰੀਏ ਬਾਬਰ ਗੁੱਜਰ ਨੇ ਪਾਈ। ਉਹਦੀ ਚੜ੍ਹਾਈ ਵੀ ਵੇਖਣ ਵਾਲੀ ਸੀ। ਉਸ ਨੂੰ ਸ਼ਾਹਕੋਟੀਏ ਮੰਗੀ ਬੱਗੇ ਨੇ ਬੜੇ ਹੌਸਲੇ ਨਾਲ ਡੱਕਿਆ। ਬਾਬਰ ਦਾ ਪਹਿਲੀ ਰੇਡੇ ਡੱਕਿਆ ਜਾਣਾ ਪਾਕਿਸਤਾਨ ਲਈ ਬਦਸ਼ਗਨੀ ਸੀ। ਪਹਿਲੀਆਂ ਨੌਂ ਰੇਡਾਂ ਵਿਚ ਅੰਕ 8-1 ਹੋ ਜਾਣ ਨਾਲ ਭਾਰਤੀ ਟੀਮ ਦੀਆਂ ਚੜ੍ਹ ਮੱਚੀਆਂ।

ਸਿਤਮ ਦੀ ਗੱਲ ਸੀ ਕਿ ਪਾਕਿਸਤਾਨ ਦੇ ਸੱਤੇ ਧਾਵੀ ਪਹਿਲੀਆਂ ਰੇਡਾਂ ਵਿਚ ਰੋਕ ਲਏ ਗਏ। ਕਬੱਡੀ ਅਜਿਹੀ ਖੇਡ ਹੈ ਕਿ ਧਾਵੀ ਪਹਿਲੀ ਰੇਡ ਰੋਕ ਲਿਆ ਜਾਵੇ ਤਾਂ ਅੱਧਾ ਰਹਿ ਜਾਂਦੈ। ਪਾਕਿਸਤਾਨੀ ਟੀਮ ਦਾ ਕੋਚ ਆਪਣੇ ਖਿਡਾਰੀਆਂ ਨੂੰ ਝਾੜਾਂ ਪਾ ਰਿਹਾ ਸੀ ਪਈ ਧਾਨੂੰ ਚੰਗੇ ਭਲਿਆਂ ਨੂੰ ਹੋ ਕੀ ਗਿਐ? ਅੱਧੇ ਸਮੇਂ ਤਕ ਭਾਰਤੀ ਟੀਮ 26-12 ਅੰਕਾਂ ਦੇ ਫਰਕ ਨਾਲ ਅੱਗੇ ਹੋ ਗਈ। ਆਖਰ ਭਾਰਤੀ ਟੀਮ ਨੇ ਪਹਿਲੇ ਵਰਲਡ ਕੱਪ ਦਾ ਫਾਈਨਲ ਮੈਚ 58-24 ਅੰਕਾਂ ਦੇ ਵੱਡੇ ਫਰਕ ਨਾਲ ਜਿੱਤ ਲਿਆ।

ਮੈਚ ਮੁੱਕਣ ਸਾਰ ਕਬੱਡੀ ਦੇ ਦੀਵਾਨੇ ਮੈਦਾਨ ਵਿਚ ਆ ਗਏ ਤੇ ਉਨ੍ਹਾਂ ਨੇ ਆਪਣੇ ਮਨ-ਭਾਉਂਦੇ ਖਿਡਾਰੀਆਂ ਨੂੰ ਮੋਢਿਆਂ 'ਤੇ ਚੁੱਕ ਲਿਆ। ਵਰਲਡ ਕੱਪ ਦੇ ਬੈੱਸਟ ਧਾਵੀ ਦਾ ਇਨਾਮ ਕੁਲਜੀਤ ਸਿੰਘ ਮਲਸੀਹਾਂ ਨੂੰ ਤੇ ਬੈੱਸਟ ਜਾਫੀ ਦਾ ਮੰਗਤ ਸਿੰਘ ਮੰਗੀ ਨੂੰ ਦਿੱਤਾ ਗਿਆ। ਉਨ੍ਹਾਂ ਨੂੰ ਸਵਰਾਜ ਟਰੈਕਟਰ 855 ਦੀਆਂ ਚਾਬੀਆਂ ਸੌਂਪੀਆਂ ਗਈਆਂ। ਭਾਰਤੀ ਟੀਮ ਨੂੰ ਕਰੋੜ ਰੁਪਏ ਤੇ ਪਾਕਿਸਤਾਨੀ ਟੀਮ ਨੂੰ ਪੰਜਾਹ ਲੱਖ ਦਾ ਇਨਾਮ ਦਿੱਤਾ ਗਿਆ। ਇਹਦੇ ਨਾਲ ਹੀ ਆਤਿਸ਼ਬਾਜ਼ੀ ਸ਼ੁਰੂ ਹੋ ਗਈ ਤੇ ਅਗਲੇ ਕਬੱਡੀ ਵਰਲਡ ਕੱਪ ਉਤੇ ਮਿਲਣ ਦੇ ਇਕਰਾਰ ਨਾਲ ਮੇਲਾ ਵਿਛੜ ਗਿਆ।

---

ਵਿਸ਼ਵ ਕਬੱਡੀ ਕੱਪ-2011 ਲਈ ਮਾਨ ਨੇ ਇਕ ਹੋਰ ਕਬੱਡੀ ਗੀਤ ਲਿਖਿਆ:

ਅੱਜ ਸਾਰੇ ਹੀ ਜਹਾਨ ਦੀਆਂ
ਨਜ਼ਰਾਂ ਨੇ ਲੱਗੀਆਂ ਪੰਜਾਬ ਦੇ ਉੱਤੇ
ਅੱਜ ਆਖਰੀ, ਅੱਜ ਆਖਰੀ ਮੁਕਾਬਲਾ
ਹੋਣਾ ਜੇ ਦੂਸਰੇ ਕਬੱਡੀ ਕੱਪ ਦਾ
ਦੋ ਸੌ ਲੱਖ ਦਾ, ਦੋ ਸੌ ਲੱਖ ਦਾ
ਇਨਾਮ ਕੀਹਨੇ ਜਿੱਤਣਾ ਹੈ
ਇਹਦੇ 'ਤੇ ਧਿਆਨ ਲੱਗਿਆ
ਕੁੱਲ ਦਾ, ਕੁੱਲ ਦਾ
ਵੇਖੋ ਅੱਜ ਕਿਹੜੇ ਦੇਸ਼ ਦਾ ਝੰਡਾ ਝੁੱਲਦਾ...।

ਸਾਰੇ ਜੱਗ ਦੇ, ਸਾਰੇ ਜੱਗ ਦੇ
ਪੰਜਾਬੀ 'ਕੱਠੇ ਹੋ ਕੇ ਆਏ ਨੇ
ਆਏ ਨੇ ਵਿਦੇਸ਼ੋਂ ਚੱਲ ਕੇ
ਸ਼ੇਰਿਆ, ਸ਼ੇਰਿਆ
ਪੰਜਾਬੀਆਂ ਦੀ ਸ਼ਾਨ ਵੱਖਰੀ
ਓ ਬਾਈ ਮੇਰਿਆ...।

ਜਿਵੇਂ ਜੰਗਲੀ ਹਿਰਨ ਭਰੇ ਚੁੰਗੀਆਂ
ਕਬੱਡੀ ਪਾਉਂਦਾ ਉਡਿਆ ਫਿਰੇ
ਧਾਵਾ ਬੋਲਦਾ, ਧਾਵਾ ਬੋਲਦਾ
ਜ਼ਰਾ ਨਾ ਚਿੱਤ ਡੋਲਦਾ
ਬਾਜ ਵਾਂਗੂੰ ਮਾਰੇ ਝਪਟਾਂ
ਅੱਗੋਂ ਹਾਣ ਦੇ, ਅੱਗੋਂ ਹਾਣ ਦੇ
ਮੁੰਡੇ ਨਾ ਹੱਥ ਜੁੜ ਗਏ
ਘੇਰ ਕੇ ਖੜੋ ਗਿਆ ਸਾਹਮਣੇ
ਸੱਜਣਾ, ਸੱਜਣਾ
ਕੁੰਢੀਆਂ ਦੇ ਸਿੰਗ ਫਸ ਗਏ
ਓ ਔਖਾ ਭੱਜਣਾ...।

ਅੱਗੋਂ ਵਾ ਦੇ ਵਰੋਲੇ ਵਾਗੂੰ ਉਡ ਕੇ
ਔਹ ਗੱਭਰੂ ਚੰਬੜ ਗਿਆ
ਧੌਲ ਮਾਰ ਕੇ, ਧੌਲ ਮਾਰ ਕੇ
ਠੋਕਤੀ ਕੈਂਚੀ ਭੱਜਦੇ ਨੂੰ ਜਕੜ ਲਿਆ
ਮੁੰਡਾ ਚੋਟੀ ਦਾ, ਮੁੰਡਾ ਚੋਟੀ ਦਾ ਖਿਡਾਰੀ ਗੱਭਰੂ
ਪਾਲੇ ਕੋਲੋਂ ਢਾ ਲਿਆ ਆਣ ਕੇ
ਬੱਲਿਆ, ਬੱਲਿਆ
ਦੂਹਰੇ ਤੀਹਰੇ ਲਾ-ਤੇ ਜਿੰਦਰੇ
ਓ ਕਿਥੇ ਚੱਲਿਆ...।

(ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ)

**ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ ਨੇ ਲਿਖਿਆ:** ਬਾਬੂ ਸਿੰਘ ਮਾਨ ਮਰਾੜ੍ਹਾਂਵਾਲੇ ਦੀ




ਕੁਮੈਂਟਰੀ ਕਰਦੇ ਹੋਏ ਪ੍ਰਿੰ. ਸਰਵਣ ਸਿੰਘ ਤੇ ਪ੍ਰੋ. ਮੱਖਣ ਸਿੰਘ

*(ਬਾਕੀ ਅਗਲੇ ਸਫੇ 'ਤੇ)*

# ਮਾਨ ਮਰਾੜ੍ਹਾਂ ਵਾਲਾ

*(ਪਿਛਲੇ ਸਫੇ ਦੀ ਬਾਕੀ)*

ਗੀਤਕਾਰੀ ਨੂੰ ਪੰਜਾਬੀਆਂ ਨੇ ਰੱਜ ਕੇ ਮਾਣਿਆ ਹੈ, ਪਰ ਉਸ ਦਾ ਸਾਹਿਤਕ ਅਤੇ ਸਭਿਆਚਾਰਕ ਮੁੱਲ ਅਕਾਦਮਿਕ ਪੱਧਰ 'ਤੇ ਬਹੁਤ ਘੱਟ ਔਗਿਆ ਗਿਆ ਹੈ। ਇਹ ਬੜਾ ਵਿਰੋਧਾਭਾਸ ਹੈ। ਮਰਾੜ੍ਹਾਂਵਾਲੇ ਦੀ ਗੀਤਕਾਰੀ ਨੂੰ ਸਮੂਹ ਪੰਜਾਬੀਆਂ ਨੇ ਅੱਖਾਂ 'ਤੇ ਬਿਠਾਇਆ, ਪਰ ਉਸ ਨੂੰ ਅਕਾਦਮਿਕ ਅਦਾਰਿਆਂ ਵਿਚ ਘੱਟ ਪਰਵਾਨਿਆ ਗਿਆ। ਇਸ ਵਰਤਾਰੇ ਨੂੰ ਸਮਝਣ ਲਈ ਸਾਨੂੰ ਇੱਕ ਪਾਸੇ ਤਾਂ ਪੰਜਾਬੀ ਕਾਵਿ ਚੇਤਨਾ 'ਤੇ ਨਜ਼ਰ ਮਾਰਨੀ ਪਵੇਗੀ, ਦੂਸਰੇ ਪਾਸੇ ਪੰਜਾਬੀ ਸਭਿਆਚਾਰ ਦੇ ਅੰਤਰ ਵਿਰੋਧਾਂ ਨੂੰ ਵੀ ਵਾਚਣਾ ਪਵੇਗਾ। ਆਧੁਨਿਕਤਾ ਦੇ ਪ੍ਰਭਾਵ ਅਧੀਨ ਪੰਜਾਬੀ ਕਵਿਤਾ ਆਮ ਜਨਮਾਨਸ ਨਾਲੋਂ ਟੁੱਟ ਕੇ ਮੱਧਵਰਗੀ ਪੜ੍ਹੇ-ਲਿਖੇ ਲੋਕਾਂ ਦੀ ਪਟੜੀ ਚੜ੍ਹ ਗਈ। ਜਿੱਥੇ ਸਾਡੀ ਮੱਧਕਾਲੀ ਕਵਿਤਾ ਸਰੋਤਿਆਂ ਦੇ ਸੁਣਨ ਵਾਲੀ ਚੀਜ ਸੀ, ਉਥੇ ਤਥਾਕਥਿਤ ਆਧੁਨਿਕ ਕਵਿਤਾ ਪੁਸਤਕਾਂ ਵਿਚ ਬੰਦ ਪਾਠਕਾਂ ਦੇ ਪੜ੍ਹਨ ਵਾਲੀ ਸ਼ੈਅ ਬਣ ਗਈ। ਪੁਰਾਣੀ ਮੱਧਕਾਲੀ ਕਵਿਤਾ ਦੀ ਪਵਿੱਤਰ ਗੁਰਬਾਣੀ ਨੂੰ ਕੀਰਤਨੀਏ ਰਾਗੀ ਗਾਉਂਦੇ ਸਨ, ਇਸੇ ਤਰ੍ਹਾਂ ਵਾਰਕਾਰਾਂ ਦੀਆਂ ਵਾਰਾਂ ਨੂੰ ਢਾਡੀ ਗਾਉਂਦੇ ਸਨ। ਸੂਫੀਆਂ ਦੇ ਕਲਾਮ ਕੱਵਾਲ ਗਾਉਂਦੇ ਸਨ ਅਤੇ ਕਿੱਸਿਆਂ ਨੂੰ ਲੋਕ ਗਾਇਕ ਗਾਉਂਦੇ ਸਨ। ਆਧੁਨਿਕਤਾ ਦੇ ਪ੍ਰਭਾਵ ਅਧੀਨ ਕਵਿਤਾ ਗਾਉਣ ਨਾਲੋਂ ਟੁੱਟ ਗਈ। ਇਸ ਤਰ੍ਹਾਂ ਕਵਿਤਾ ਦੀਆਂ ਦੋ ਧਾਰਾਵਾਂ ਵਿਕਸਿਤ ਹੋਣ ਲੱਗੀਆਂ। ਇੱਕ ਪਾਸੇ ਮੱਧਵਰਗੀ ਪੜ੍ਹਿਆਂ ਲਿਖਿਆਂ ਦੀ ਪੁਸਤਕੀ ਕਵਿਤਾ ਤੇ ਦੂਸਰੇ ਪਾਸੇ ਆਮ ਲੋਕਾਂ ਨੂੰ ਕੁਝ ਦੇਰ ਸਟੇਜੀ ਕਵੀਆਂ ਨੇ ਸਾਂਭੀ ਰੱਖਿਆ ਅਤੇ ਮੁੜ ਗੀਤਕਾਰਾਂ ਨੇ ਉਨ੍ਹਾਂ ਦੀ ਕਾਵਿ ਭੁੱਖ ਨੂੰ ਪੂਰਿਆਂ ਕੀਤਾ। ਖੂਬਸੂਰਤ ਗੀਤ ਲਿਖਣ ਵਾਲੇ ਗੁਰਦੇਵ ਸਿੰਘ ਮਾਨ, ਬਾਬੂ ਸਿੰਘ ਮਾਨ, ਇੰਦਰਜੀਤ ਹਸਨਪੁਰੀ, ਦੇਵ ਥਰੀਕਿਆਂ ਵਾਲੇ, ਜਨਕ ਸ਼ਰਮੀਲਾ ਤੇ ਗੁਰਦਾਸ ਮਾਨ ਵਰਗਿਆਂ ਨੇ ਹੀ ਨੰਦ ਲਾਲ ਨੂਰਪੁਰੀ ਅਤੇ ਫਿਰੋਜ਼ਦੀਨ ਸ਼ਰਫ ਵਰਗਿਆਂ ਦਾ ਵਿਰਸਾ ਸਾਂਭਿਆ ਹੋਇਐ।

ਮਾਨ ਮਰਾੜ੍ਹਾਂਵਾਲਾ ਪੰਜਾਬੀ ਗੀਤਕਾਰੀ ਦੇ ਇਤਿਹਾਸ ਦਾ ਅਹਿਮ ਮੀਲ-ਪੱਥਰ ਹੈ। ਬਾਬੂ ਸਿੰਘ ਉਸ ਦਾ ਜਮਾਂਦਰੂ ਨਾਂ ਹੈ, ਮਾਨ ਉਸ ਦਾ ਗੋਤ ਅਤੇ ਮਰਾੜ੍ਹ ਉਸ ਦਾ ਪਿੰਡ। ਉਸ ਦਾ ਜਨਮ 10 ਅਕਤੂਬਰ 1942 ਨੂੰ ਮਾਤਾ ਆਸ ਕੌਰ ਦੀ ਕੁੱਖੋਂ ਪਿਤਾ ਇੰਦਰ ਸਿੰਘ ਦੇ ਘਰ ਹੋਇਆ। ਉਸ ਸਮੇਂ ਬਾਬੂ ਭਾਵ ਨਹਿਰੀ ਮਹਿਕਮੇ ਦੇ ਓਵਰਸੀਅਰ ਦੀ ਬੜੀ ਚੜ੍ਹਤ ਹੁੰਦੀ ਸੀ, ਸ਼ਾਇਦ ਇਸੇ ਕਰਕੇ ਹੀ ਉਹਦੇ ਬਾਬੇ ਲਾਲ ਸਿੰਘ ਨੇ ਬਾਬੂ ਨਾਂ ਰੱਖਿਆ ਹੋਊ। ਇਹ ਵੀ ਹੋ ਸਕਦੈ ਕਿ ਮਾਲਵੇ ਦੇ ਕਵੀਸ਼ਰ ਬਾਬੂ ਰਜਬ ਅਲੀ ਸਾਹੋਕਿਆਂ ਵਾਲੇ ਦੀ ਕਵੀਸ਼ਰੀ ਦਾ ਪ੍ਰਭਾਵ ਹੋਵੇ। ਉਸ ਨੇ ਪਿੰਡ ਜੰਡ ਸਾਹਿਬ ਦੇ ਸਕੂਲ ਤੋਂ ਪ੍ਰਾਇਮਰੀ ਪਾਸ ਕੀਤੀ ਤੇ ਛੇਵੀਂ ਜਮਾਤ ਤੋਂ ਬਾਲ-ਰਸਾਲਿਆਂ ਵਿਚ ਛਪਣਾ ਸ਼ੁਰੂ ਹੋ ਗਿਆ। ਉਹਦਾ ਪਹਿਲਾ ਗੀਤ 'ਦੁੱਧ ਕਾੜ੍ਹ ਕੇ ਜਾਗ ਨਾ ਲਾਵਾਂ ਤੇਰੀਆਂ ਉਡੀਕਾਂ ਹਾਣੀਆਂ' ਕਰਤਾਰ ਸਿੰਘ ਬਲੱਗਣ ਦੇ ਰਸਾਲੇ 'ਕਵਿਤਾ' ਵਿਚ ਛਪਿਆ। ਉਸ ਨੇ ਬੀ. ਏ. ਬਰਜਿੰਦਰਾ ਕਾਲਜ ਫਰੀਦਕੋਟ ਤੋਂ ਕੀਤੀ। 1963 ਵਿਚ ਉਹਦੀ ਪਹਿਲੀ ਪੁਸਤਕ 'ਗੀਤਾਂ ਦਾ ਵਣਜਾਰਾ' ਛਪੀ। ਪਹਿਲਾ ਗੀਤ ਗੁਰਪਾਲ ਸਿੰਘ ਪਾਲ ਦੀ ਆਵਾਜ਼ ਵਿਚ ਰਿਕਾਰਡ ਹੋਇਆ। ਹਰਚਰਨ ਗਰੇਵਾਲ ਤੇ ਸੁਰਿੰਦਰ ਕੌਰ ਤੋਂ ਲੈ ਕੇ ਸੁਖਵਿੰਦਰ ਸਿੰਘ ਤਕ ਲੱਗਭਗ ਸਾਰੇ ਨਵੇਂ ਪੁਰਾਣੇ ਗਾਇਕਾਂ-ਗਾਇਕਾਵਾਂ ਨੇ ਉਸ ਦੇ ਗੀਤਾਂ ਨੂੰ ਆਵਾਜ਼ ਦਿੱਤੀ। ਹਿੰਦੁਸਤਾਨ ਦੀਆਂ ਪ੍ਰਮੁੱਖ ਹਿੰਦੀ ਫਿਲਮਾਂ ਦੇ ਗਾਇਕ-ਗਾਇਕਾਵਾਂ ਖਾਸ ਕਰਕੇ ਮੁਹੰਮਦ ਰਫੀ ਤੇ ਲਤਾ ਮੰਗੇਸ਼ਕਰ ਨੇ ਵੀ ਉਹਦੇ ਗੀਤ ਗਾਏ। ਪੰਜਾਬੀ ਵਿਚ ਉਸ ਦੇ ਦੋਗਾਣਿਆਂ ਨੂੰ ਸਭ ਤੋਂ ਵੱਧ ਸਦੀਕ-ਰਣਜੀਤ ਜੋੜੀ ਨੇ ਗਾਇਆ।

ਉਸ ਦੇ ਦੋ ਹਜ਼ਾਰ ਤੋਂ ਵੱਧ ਗੀਤਾਂ 'ਚੋਂ ਹਜ਼ਾਰ ਤੋਂ ਵੱਧ ਰਿਕਾਰਡ ਹੋ ਚੁੱਕੇ ਹਨ। ਉਸ ਨੇ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਦੇ ਗੀਤ ਤੇ ਸੰਵਾਦ ਲਿਖੇ ਤੇ ਰਲ-ਮਿਲ ਕੇ ਫਿਲਮਾਂ ਬਣਾਈਆਂ। ਉਹਦੇ ਚੁਟਕਲਿਆਂ ਦਾ ਸੰਗ੍ਰਹਿ 'ਜ਼ਨਾਨਾ ਅਸਵਾਰੀ' ਬੜਾ ਪ੍ਰਸਿੱਧ ਹੋਇਆ। ਉਹਦੀਆਂ ਕੁਝ ਕੁ ਪੁਸਤਕਾਂ ਦੇ ਨਾਂ ਹਨ: ਰੂਪ ਕੁਆਰੀ ਦਾ, ਸੁਰਮਾ ਢਾਈ ਰੱਤੀਆਂ, ਛਣਕਾਟਾ ਪੈਂਦਾ ਗਲੀ-ਗਲੀ, ਹੱਸਦੀ ਨੇ ਫੁੱਲ ਮੰਗਿਆ, ਸੱਜਰੀ ਪੈੜ ਦਾ ਰੇਤਾ, ਮਿੱਤਰਾਂ ਦੇ ਤਿੱਤਰਾਂ ਨੂੰ, ਮਾਨ ਦੇ ਗੀਤ, ਰੇਸ਼ਮਾ ਤੇ ਮੇਰਾ ਲੌਂਗ ਗੁਆਚਾ। ਤੁਰਿਆ-ਤੁਰਿਆ ਜਾਂਦਾ ਉਹ ਗੀਤ ਜੋੜ ਲੈਂਦੈ। ਇਕ ਵਾਰ ਕਪਾਹ ਚੁਗਦੀਆਂ ਚੋਣੀਆਂ ਕੋਲ ਦੀ ਲੰਘ ਰਿਹਾ ਸੀ। ਕਿਸੇ ਨੇ ਕਹਿ ਦਿੱਤਾ, "ਵੇ ਬਾਊ ਸਿਆਂ, ਤੂੰ ਗੀਤ-ਗੂਤ ਜੋੜ ਲੈਨੈਂ। ਜੇ ਸਾਡਾ ਕਪਾਹ ਚੁਗਦੀਆਂ ਦਾ ਗੀਤ ਜੋੜੇਂ ਤਾਂ ਮੰਨੀਏਂ।" ਮਾਨ ਨੇ ਖੜ੍ਹੇ ਖੜੋਤੇ ਗੀਤ ਜੋੜ ਦਿੱਤਾ: ਚਿੱਟੀਆਂ ਕਪਾਹ ਦੀਆਂ ਫੁੱਟੀਆਂ ਨੀ ਪੱਤ ਹਰੇ ਹਰੇ, ਆਖ ਨੀ ਨਣਾਨੇ ਤੇਰੇ ਵੀਰ ਨੂੰ ਕਦੇ ਤਾਂ ਭੈੜਾ ਹੱਸਿਆ ਕਰੇ...।"

ਮਾਨ ਮਹਿਫਿਲੀ ਬੰਦਾ ਹੈ। ਆਵਾਜ਼ ਰਤਾ ਭਾਰੀ, ਪਰ ਬੋਲਾਂ 'ਚ ਮਿਠਾਸ ਹੈ। ਨੇੜਲੇ ਪਿੰਡ ਦਾ ਨਿੰਦਰ ਘੁਗਿਆਣਵੀ ਉਸ ਨੂੰ 'ਸ਼ਹਿਦ ਦਾ ਮੱਘਾ' ਕਹਿੰਦਾ ਹੈ। ਉਹਦੇ ਨਾਲ ਦੂਰ ਨੇੜੇ ਦੀਆਂ ਦੋ ਸਕੀਰੀਆਂ ਜੁ ਰਲਦੀਆਂ ਹੋਈਆਂ। ਪਿਓ ਵੱਲੋਂ ਤਾਇਆ ਤੇ ਮਾਂ ਵੱਲੋਂ ਮਾਮਾ। ਨਿੰਦਰ ਦੇ ਪਿੰਡ ਘੁਗਿਆਣੇ ਤੋਂ ਮਰਾੜ੍ਹ ਅੱਠ ਕਿਲੋਮੀਟਰ ਤੇ ਨਾਨਕੇ ਪਿੰਡ ਸ਼ਰੀਹਵਾਲੇ ਤੋਂ ਚਾਰ ਕੁ ਕਿਲੋਮੀਟਰ 'ਤੇ ਹੈ। ਉਹੀ ਮੈਨੂੰ ਮਾਨ ਨੂੰ ਮਿਲਾਉਣ ਮਰਾੜ੍ਹੀਂ ਲੈ ਕੇ ਗਿਆ। ਇਉਂ ਮੈਂ ਉਹਦਾ ਪਿੰਡ ਵੀ ਵੇਖ ਲਿਆ ਤੇ ਗੱਲਾਂ ਬਾਤਾਂ ਵੀ ਕਰ ਲਈਆਂ। ਉੱਦਣ ਉਥੇ ਉਹਦਾ ਪੁੱਤਰ ਅਮਿਤੋਜ ਮਾਨ, ਸ਼ਾਗਿਰਦ ਹਰਭਜਨ ਮਾਨ ਤੇ ਹੋਰ ਕਲਾਕਾਰ ਰਲ ਮਿਲ ਕੇ 'ਹਾਣੀ' ਫਿਲਮ ਦੀ ਸ਼ੂਟਿੰਗ ਕਰ ਰਹੇ ਸਨ। ਨਿੰਦਰ ਨੇ ਦੱਸਿਆ ਸੀ ਕਿ ਮਾਨ ਸਾਹਿਬ ਪੱਚੀ ਸਾਲ ਦੀ ਉਮਰ ਵਿਚ ਪਿੰਡ ਦੇ ਸਰਪੰਚ ਬਣ ਗਏ ਸਨ ਤੇ ਤੀਹ ਸਾਲ ਸਰਪੰਚੀ ਕੀਤੀ। ਪਿੰਡ ਦੇ ਬੰਦੇ ਝਗੜੇ-ਝੇੜੇ ਲੈ ਕੇ ਆਏ ਰਹਿੰਦੇ, "ਬਈ ਸਰਪੰਚਾ, ਗੀਤ-ਗੂਤ ਫੇਰ ਲਿਖ'ਲੀਂ, ਪਹਿਲਾਂ ਸਾਡਾ ਯੱਭ ਨਬੇੜ... ਰਾਤ ਰੁਲੀਏ ਦੇ ਮੁੰਡੇ ਘੋਨੇ ਨੇ ਜਬਰੂ ਦਾ ਸਿਰ ਪਾੜ'ਤਾ ਡਾਂਗ ਮਾਰ ਕੇ...।" ਇਉਂ ਮਾਨ ਨਾਲੇ ਲੋਕਾਂ ਦੇ ਯੱਭ ਨਬੇੜੀ ਜਾਂਦਾ, ਨਾਲੇ ਗਾਇਕਾਂ ਨੂੰ ਗੀਤਾਂ ਦੇ ਮੁਖੜੇ ਸੁਣਾਈ/ਸਮਝਾਈ ਜਾਂਦਾ।

ਉਸ ਨੂੰ ਜਿਹੋ ਜਿਹਾ ਸੁਣਦੇ ਸਾਂ, ਬੱਸ ਉਹੋ ਜਿਹਾ ਹੀ ਦਿਸਿਆ। ਇਕਹਿਰਾ ਜੁੱਸਾ, ਸਾਂਵਲਾ ਰੰਗ, ਚਿੱਟੇ ਚਮਕਦੇ ਦੰਦ, ਦਾੜ੍ਹੀ ਨੂੰ ਗਿਆਨੀ ਜ਼ੈਲ ਸਿੰਘ ਵਾਂਗ ਕਾਲਾ ਕਲਫ ਤੇ ਪੋਚਵੀਂ ਪੱਗ। ਕੱਦ ਪੌਣੇ ਛੇ ਫੁੱਟ ਤੇ ਭਾਰ ਮਸਾਂ ਸੱਠ ਪੈਂਠ ਕਿੱਲੋ। ਹੁਣ ਉਹ ਅੱਸੀਆਂ ਨੂੰ ਢੁੱਕਿਆ ਹੋਇਐ, ਪਰ ਲੱਗਦਾ ਸੱਠਾਂ ਤੋਂ ਥੱਲੇ ਹੈ। ਮੈਨੂੰ ਉਹਨੂੰ ਮਿਲਣ ਦੇ ਕਈ ਮੌਕੇ ਜੁੜੇ, ਜਿਨ੍ਹਾਂ 'ਚ ਹਰ ਵਾਰ ਉਹਦਾ ਕੋਈ ਨਵਾਂ ਲਤੀਫਾ ਵੀ ਸੁਣਨ ਨੂੰ ਮਿਲਿਆ। ਕਦੇ ਕਵੀਸ਼ਰ ਕਰਨੈਲ ਸਿੰਘ ਪਾਰਸ ਦੇ ਘਰ ਰਾਮੂਵਾਲੇ 'ਕੱਠੇ ਹੋਏ, ਕਦੇ ਕਿਸੇ ਵਿਆਹ ਵਿਚ, ਕਦੇ ਗਾਉਣ ਪਾਣੀ ਦੀ ਮਹਿਫਿਲ ਤੇ ਕਦੇ ਕਿਸੇ ਖੇਡ ਮੇਲੇ ਉਤੇ ਮਿਲੇ। ਅਸ਼ੋਕ ਭੌਰੇ ਦੇ ਮੁੰਡੇ ਦੇ ਵਿਆਹ 'ਚ ਕੱਠੇ ਹੋਏ ਤਾਂ ਲਤੀਫਿਆਂ ਦੀ ਝੜੀ ਹੀ ਲੱਗ ਗਈ:

ਅਖੇ ਗੀਤਕਾਰ ਮਾਨ ਤੇ ਸੰਗੀਤਕਾਰ ਚਰਨਜੀਤ ਆਹੂਜਾ ਛੋਲਿਆਂ ਦੇ ਦਾਣੇ ਚੱਬਣ ਲੱਗੇ। ਦਾਣੇ ਮੁੱਕ ਗਏ ਤਾਂ ਆਹੂਜਾ ਪੁੱਛਣ ਲੱਗਾ, "ਮਾਨ ਸਾਹਿਬ ਹੁਣ ਕੀ ਪ੍ਰੋਗਰਾਮ ਐ?" ਮਾਨ ਸਾਹਿਬ ਨੇ ਸੁਖਨ ਅਲਾਇਆ, "ਪ੍ਰੋਗਰਾਮ ਐ, ਹੁਣ ਹਿਣਕੀਏ!"

ਸਦੀਕ ਦੇ ਮੂੰਹ 'ਤੇ ਦਾਗ ਦੇਖ ਕੇ ਮਾਨ ਨੇ ਪੁੱਛਿਆ, "ਸਦੀਕ, ਆਹ ਤੇਰੇ ਨਾਲ ਕੀ ਹੋਇਆ ਸੀ ਯਾਰ?" ਸਦੀਕ ਨੇ ਕਿਹਾ, "ਮਾਨ ਸਾਹਿਬ ਮੇਰੇ ਮਾਤਾ ਨਿਕਲੀ ਸੀ।" ਮਾਨ ਬੋਲਿਆ, "ਤੇਰੇ ਪਤੰਦਰਾ ਮਾਤਾ ਕਿਥੋਂ ਨਿਕਲ ਆਈ? ਮੁਸਲਮਾਨਾਂ ਦੇ ਤਾਂ ਪੀਰ ਮੌਲਾ ਨਿਕਲਦਾ ਹੁੰਦੈ!"

ਮੁਹੰਮਦ ਸਦੀਕ ਤੇ ਰਣਜੀਤ ਦਾ ਅਖਾੜਾ ਪਿੰਡ ਖੁਣਖੁਣ 'ਚ ਲੱਗਣਾ ਸੀ। ਖੁਣਖੁਣ ਲੱਭਦਿਆਂ ਇਕ ਬਜ਼ੁਰਗ ਨੂੰ ਪੁੱਛਿਆ, "ਬਜ਼ੁਰਗੋ ਅਸੀਂ ਖੁਣਖੁਣ ਜਾਣੈ, ਕਿਧਰ ਐ?" ਬਜ਼ੁਰਗ ਨੂੰ ਕੁਝ ਉੱਚਾ ਸੁਣਦਾ ਸੀ, "ਕਿਥੇ ਜਾਣੈ?" ਮਾਨ ਨੇ ਉੱਚੀ ਦੇਣੇ ਕਿਹਾ, "ਖੁਣਖੁਣ ਜਾਣੈ, ਖੁਣਖੁਣ!" ਬਾਬਾ ਬੋਲਿਆ, "ਛੋਟੀ ਖੁਣਖੁਣ ਜਾਣੈ ਕਿ ਵੱਡੀ ਖੁਣਖੁਣ?" ਮਾਨ ਤੋਂ ਰਹਿ ਨਾ ਹੋਇਆ, "ਕੀ ਗੱਲ, ਬਾਹਲਾ ਚੰਗਾ ਨਾਂ ਐਂ, ਜਿਹੜਾ ਇਕ ਖੁਣਖੁਣ ਨਾਲ ਨੀ ਸਰਿਆ? ਹੁਣ ਤੀਜੀ ਖੁਣਖੁਣ ਵੀ ਬੰਨ੍ਹ ਲਓ!"

27 ਸਤੰਬਰ 2021 ਨੂੰ ਲਿਖਿਆ ਉਹਦਾ ਨਵਾਂ ਗੀਤ:

ਜੱਟ ਵੱਟ 'ਤੇ ਖਲੋਤਾ ਰੋਏ,  
ਸੁੰਡੀ ਪੈ ਗਈ ਨਰਮੇ ਨੂੰ,  
ਭੁੱਬਾਂ ਮਾਰ ਕੇ ਅੱਖਾਂ 'ਚੋਂ ਹੰਝੂ ਚੋਏ,  
ਸੁੰਡੀ ਪੈ ਗਈ ਨਰਮੇ ਨੂੰ...।

ਪੱਕੀ ਸੀ ਫਸਲ ਆ ਕੇ ਪਈ ਕਿਥੋ ਮਾਰ ਐ,  
ਪੂਰੀ ਤਰ੍ਹਾਂ ਝੇੜੀ ਅਜੇ  
ਲੱਗੀ ਨਹੀਓਂ ਪਾਰ ਐ,  
ਆ ਕੇ ਕੰਢੇ ਉਤੇ ਰੱਬ ਨੇ ਡਬੋਏ,  
ਸੁੰਡੀ ਪੈ ਗਈ ਨਰਮੇ ਨੂੰ...।

# ਲਾਹੌਰ ਵਿਚ ਚਿਰਾਗਾਂ ਦਾ ਮੇਲਾ ਤੇ ਸ਼ਾਹ ਹੁਸੈਨ

*(ਸਫਾ 23 ਦੀ ਬਾਕੀ)*

ਉਹ ਵੀ ਨਵਾਬ ਬਣ ਕੇ ਆਉਂਦਾ ਏ। ਹਜ਼ਾਰਾਂ ਰੁਪਈਆਂ ਦੀ ਸ਼ਰਾਬ ਆਪਣੀ ਥਾਵੇਂ ਵਿਕਦੀ ਏ। ਮੇਰਾ ਕਲਮ ਏਸ ਜੋਗਾ ਨਹੀਂ ਕਿ ਉਹ ਏਸ ਮੇਲੇ ਦੀਆਂ ਰੌਣਕਾਂ ਲਿਖ ਸਕੇ। ਹੁਣ ਮੈਂ ਬਸੰਤ ਦੇ ਮੇਲੇ ਦਾ ਅੱਖੀਆਂ ਦੇਖਿਆ ਹਾਲ ਸੁਣਾਵਾਂਗਾ।

ਅੱਜ ਦੂਜੀ ਜਨਵਰੀ ਦੇ ਦਿਹਾੜ ਹਜ਼ੂਰ ਸ਼ਾਹ ਹੁਸੈਨ ਦਾ ਉਰਸ ਅਤੇ ਨਾਲ ਬਸੰਤ ਦਾ ਮੇਲਾ ਹੈ; ਤੇ ਮੈਂ ਫਕੀਰ ਬੰਦਾ ਵੀ ਹਾਜ਼ਰੀ ਦੇਵਣ ਟੁਰ ਗਿਆ। ਮੈਂ ਕੀ ਦੱਸਾਂ ਕਿ ਮੈਂ ਉਥੇ ਕਿਸ ਗਿਣਤੀ ਵਿਚ ਖਲਕਤ ਯੱਕਿਆਂ, ਬੱਘੀਆਂ ਤੇ ਘੋੜੇ ਹਾਥੀਆਂ ਉਤੇ ਤੱਕੀ। ਦਿੱਲੀ ਦਰਵਾਜ਼ੇ ਤੋਂ ਸ਼ਾਲਾਮਾਰ ਬਾਗ ਤੋੜੀ ਐਡੀ ਖਲਕਤ ਸੀ ਕਿ ਤਿਲ ਸੁੱਟਣ ਨੂੰ ਥਾਂ ਭੋਈਂ ਉਤੇ ਨਹੀਂ ਲੱਭਦੀ ਸੀ।"

ਵੰਡ ਤੋਂ ਪਹਿਲਾਂ ਤੇ ਉਸ ਮਗਰੋਂ ਇਕ ਲਿਖਤ ਮਸਊਦ ਨਿਜ਼ਾਮੀ ਦੀ 'ਨਕੂਸ਼' ਲਾਹੌਰ ਨੰਬਰ (ਸਫਾ 763) ਉਤੇ ਏਵੇਂ ਦਿਸਦੀ ਏ:

"ਲਾਹੌਰ ਦੇ ਮੇਲਿਆਂ ਵਿਚ ਸਭ ਤੋਂ ਵੱਡਾ ਮੇਲਾ ਜਿਹੜਾ ਹਰ ਵਰ੍ਹੇ ਮਾਰਚ ਦੇ ਅਖੀਰਲੇ ਹਫਤੇ ਐਤਵਾਰ ਨੂੰ ਮੁਗਲਾਂ ਦੇ ਉਸਾਰੇ ਸ਼ਾਲਾਮਾਰ ਬਾਗ਼ ਵਿਚ ਲੱਗਦਾ ਏ। ਜੇ ਰੋਜ਼ਿਆਂ ਦਾ ਮਹੀਨਾ ਆ ਜਾਵੇ ਤਾਂ ਏਸ ਦੀ ਤਾਰੀਖ ਬਦਲ ਕੇ ਰੋਜ਼ਿਆਂ ਮਗਰੋਂ ਕਰ ਦਿੱਤੀ ਜਾਂਦੀ ਏ। ਬਹਾਰ ਰੁੱਤ ਦਾ ਇਹ ਮੇਲਾ ਆਪਣੀ ਸ਼ਾਨ ਵਿਚ ਅਚਰਜ ਅੜਿੱਠਾ ਮੇਲਾ ਏ। ਹਫਤੇ ਦੀ ਸ਼ਾਮ ਨੂੰ ਦਰਗਾਹ ਮਾਧੋ ਲਾਲ ਹੁਸੈਨ, ਜਿਹੜੀ ਸ਼ਾਲਾਮਾਰ ਬਾਗ਼ ਤੋਂ ਅੱਧੇ ਮੀਲ ਘੱਟ ਪੈਂਡੇ ਉਤੇ ਬਾਗਬਾਨਪੁਰਾ ਵਿਚ ਹੈ (ਜਿਸ ਨੂੰ ਅੱਜ ਵੀ ਬਜ਼ੁਰਗ ਭਗਵਾਨਪੁਰਾ ਵੀ ਆਖਦੇ ਨੇ), ਇਥੇ ਚਿਰਾਗ ਵੱਡੀ ਗਿਣਤੀ ਵਿਚ ਜਗਾ ਕੇ ਆਉਂਦੇ ਨੇ। ਏਸ ਕਾਰਨ ਦਰਗਾਹ ਤੇ ਏਸ ਦੇ ਆਲੇ ਦੁਆਲੇ ਦੀ ਥਾਂ ਚਾਨਣ ਨਾਲ ਭਰ ਜਾਂਦੀ ਏ। ਦਰਸ਼ਕ ਤੇ ਮੇਲੇ ਵਿਚ ਹਾਜ਼ਰੀ ਦੇਵਣ ਵਾਲੇ ਲੋਕੀਂ ਦਰਗਾਹ ਉਤੇ ਵੀ ਬਹਿੰਦੇ ਨੇ ਤੇ ਸ਼ਾਲਾਮਾਰ ਬਾਗ ਵਿਚ ਵੀ। ਭਾਵੇਂ ਚਿਰਾਗ ਦਰਗਾਹ ਮਾਧੋ ਲਾਲ ਹੁਸੈਨ ਉਤੇ ਈ ਜਗਦੇ ਨੇ ਪਰ ਮੇਲਾ ਸ਼ਾਲਾਮਾਰ ਬਾਗ ਵਿਚ ਲੱਗਦਾ ਏ। ਮੇਲੇ ਦੇ ਦਿਨਾਂ ਵਿਚ ਬਾਗ ਦਾ ਦਰਸ ਡਾਢਾ ਸੋਹਣਾ ਤੇ ਨਿਵੇਕਲਾ ਹੁੰਦਾ ਏ। ਏਸ ਦੇ ਹੌਜ਼ ਪਾਣੀ ਨਾਲ ਨੱਕੋ-ਨੱਕ ਭਰ ਜਾਂਦੇ ਨੇ। ਫਵਾਰੇ ਛੁੱਟਦੇ ਨੇ ਤੇ ਜਦੋਂ ਸੰਗਮਰਮਰ ਦੀ ਆਬਸ਼ਾਰ ਉਤੇ ਪਾਣੀ ਢੀਂਦਾ ਤਾਂ ਬੰਦਾ ਕਿਸੇ ਹੋਰ ਜਹਾਨ ਅੱਪੜ ਜਾਂਦਾ ਏ। ਰੁੱਖਾਂ, ਫੁੱਲਾਂ, ਬੂਟਿਆਂ ਤੇ ਲੌਕਾਈ ਦੇ ਲੀੜਿਆਂ ਦੀਆਂ ਲਿਸ਼ਕਾਂ ਕਾਰਨ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਇਹ ਬਾਗ ਪਰਸਤਾਨ ਦੀ ਸ਼ਕਲ ਬਣ ਜਾਂਦਾ ਏ।

ਪਾਕਿਸਤਾਨ ਬਣਨ ਤੋਂ ਪਹਿਲਾਂ ਤੀਕਰ ਇੱਥੇ ਗੁਜਰਾਂਵਾਲਾ, ਸਿਆਲਕੋਟ, ਗੁਜਰਾਤ, ਸ਼ੇਖੂਪੁਰਾ, ਅੰਮ੍ਰਿਤਸਰ, ਜਲੰਧਰ, ਫਿਰੋਜ਼ਪੁਰ ਤੇ ਮੁਲਤਾਨ ਤੋਂ ਢੇਰ ਲੋਕ ਇਹ ਮੇਲਾ ਤੱਕਣ ਆਉਂਦੇ ਸਨ। ਸ਼ਹਿਰੀਆਂ ਤੋਂ ਅੱਡ ਇੱਥੇ ਵੱਡੀ ਗਿਣਤੀ ਪਿੰਡਾਂ ਥਾਵਾਂ ਦੇ ਲੋਕਾਂ ਦੀ ਵੀ ਹਾਜ਼ਰੀ ਦੇਵਣ ਆਉਂਦੀ ਸੀ। ਹਿੰਦੂ, ਮੁਸਲਿਮ ਤੇ ਸਿੱਖ ਪੇਂਡੂਆਂ ਦੀਆਂ ਟੋਲੀਆਂ ਦਿਨੇ ਰਾਤੀਂ ਮੇਲੇ ਵਿਚ ਬੋਲੀਆਂ ਬੋਲਦਿਆਂ ਤੇ ਲੋਕ ਗੀਤ ਗਾਵਣ ਗਾ ਕੇ ਸੁਆਦ ਲੈਂਦੀਆਂ ਤੇ ਏਸ ਦੇ ਨਾਲੋ ਨਾਲ ਦੇਖਣ ਆਲਿਆਂ ਨੂੰ ਵੀ ਆਨੰਦ ਲੱਭਦਾ।

ਅੱਜ ਤੋਂ ਚਾਲੀਹਾ ਵਰ੍ਹੇ ਪਹਿਲਾਂ ਹਫਤੇ ਦੀ ਰਾਤ ਨੂੰ ਜਦੋਂ ਚਿਰਾਗ ਜਗਦੇ ਤੇ ਸ਼ਾਲਾਮਾਰ ਬਾਗ਼ ਵਿਚ ਅਚਰਜ ਬਹਾਰ ਹੁੰਦੀ। ਸ਼ਹਿਰ ਦੇ ਅਮੀਰਾਂ ਤੇ ਰਈਸਾਂ ਦੇ ਉਚੀ ਸ਼ਾਨ ਵਾਲੇ ਤੰਬੂਆਂ ਵਿਚ ਸੰਗੀਤ ਦੀਆਂ ਸੰਗਤਾਂ ਸਜਦੀਆਂ ਜਿਨ੍ਹਾਂ ਵਿਚ ਲਾਹੌਰ ਦੀਆਂ ਪ੍ਰਸਿੱਧ ਗਾਵਣ ਵਾਲੀਆਂ ਦੇ ਮੁਜਰੇ ਹੁੰਦੇ, ਭੰਡਾਂ ਦੀਆਂ ਨਕਲਾਂ ਹੁੰਦੀਆਂ, ਹੀਰ ਰਾਂਝੇ ਦੇ ਸਵਾਂਗ ਭਰ ਜਾਂਦੇ ਤੇ ਰਾਤ ਇਨ੍ਹਾਂ ਮੌਜ ਮਸਤੀਆਂ ਵਿਚ ਹੰਢ ਜਾਂਦੀ। ਬਾਗ ਦੇ ਅੰਦਰ ਹੱਟੀਆਂ ਲੱਗਦੀਆਂ ਜਿੱਥੇ ਹਰ ਸ਼ੈਅ ਮਿਲਦੀ ਸੀ। ਪੇਂਡੂ ਸਾਰੀ ਰਾਤ ਆਪਣੇ ਗਾਉਣ ਗਾਂਵਦੇ ਤੇ ਬੋਲੀਆਂ ਬੋਲਣ ਨਾਲ ਮੇਲੇ ਦੀ ਰੌਣਕ ਵਧਾਂਦੇ। ਅਗਲੇ ਵਰ੍ਹੇ ਕੁਝ ਟੋਲੀਆਂ ਦੀ ਬੋਲੀਆਂ ਮੇਰੇ ਚੇਤੇ ਵੀ ਰਹਿ ਗਈਆਂ। ਤੁਸੀਂ ਉਹ ਸੁਣੋ:

ਖੱਟਣ ਚੱਲਿਆ ਤੇ ਕੀ ਖੱਟ ਲਿਆਂਦਾ,  
ਖੱਟ ਕੇ ਲਿਆਂਦੇ ਪੇੜੇ  
ਤੀਵੀਆਂ ਬਣਾਉਣ ਵਾਲਿਆ,  
ਤੇਰੇ ਵਿਚ ਜੰਨਤਾਂ ਦੇ ਡੇਰੇ

ਗੋਰੀ ਨਹਾ ਕੇ ਛੱਪੜ ਵਿਚੋਂ ਨਿਕਲੀ,  
ਸੁਲਫੇ ਦੀ ਲਾਟ ਵਰਗੀ

ਬੇਰੀਆਂ ਨੂੰ ਬੇਰ ਲੱਗ ਗਏ,  
ਤੈਨੂੰ ਕੁਝ ਨਾ ਲੱਗਾ ਮੁਟਿਆਰੇ

ਕਾਹਨੂੰ ਡਾਹਨੀਏਂ ਗਲੀ ਦੇ ਵਿਚ ਚਰਖਾ,  
ਬਹੁਤਿਆਂ ਦੇ ਖੂਨ ਹੋਵਣਗੇ

ਨਕੂਸ਼ ਲਾਹੌਰ ਨੰਬਰ ਦਾ ਇਹ ਮਜ਼ਮੂਨ 1962 ਤੋਂ ਪਹਿਲਾਂ ਲਿਖਿਆ ਗਿਆ ਸੀ ਤੇ ਨੂਰ ਅਹਿਮਦ ਚਿਸ਼ਤੀ ਦੀ ਲਿਖਤ 1870 ਦੇ ਆਲੇ ਦੁਆਲੇ ਦੀ ਏ। ਜੇ ਇਨ੍ਹਾਂ ਲਿਖਤਾਂ ਵੱਲ ਧਿਆਨ ਪਾਇਆ ਜਾਵੇ ਤਾਂ ਸ਼ਾਹ ਹੁਸੈਨ ਦਾ ਮੇਲਾ ਸੈਂਕੜੇ ਵਰ੍ਹੇ ਪੁਰਾਣਾ ਦਰਾਵੜਾਂ ਦਾ ਮੇਲਾ ਜਾਪਦਾ ਏ ਜਿਸ ਵਿਚ ਹਰ ਧਰਮ, ਜਾਤੀ ਤੇ ਮੇਲ ਦਾ ਬੰਦਾ ਹੁੰਦਾ ਸੀ। ਅੰਗਰੇਜ਼ ਸਰਕਾਰ ਦੇ ਵੇਲੇ ਇਕ ਰੇਲ ਗੱਡੀ ਖਾਸ ਇਨ੍ਹਾਂ ਦਿਹਾੜਾਂ ਵਿਚ ਟੁਰਦੀ ਜਿਹੜੀ ਹਰ ਅੱਧੇ ਘੰਟੇ ਮਗਰੋਂ ਅੰਮ੍ਰਿਤਸਰ ਲਾਹੌਰ ਨੂੰ ਆਂਦੀ ਜਾਂਵਦੀ। ਮੇਲੇ ਵਿਚ ਆਈ ਲੱਖਾਂ ਦੀ ਖਲਕਤ ਨੂੰ ਸਾਂਭਣ ਪਾਰੋਂ ਲਾਹੌਰ ਜੀ.ਟੀ. ਰੋਡ ਅਤੇ ਗੁਲਾਬੀ ਬਾਗ ਨੂੰ ਕੁਝ ਚਿਰ ਲਈ ਪੁਲਿਸ ਚੌਕੀ ਵਿਚ ਬਦਲ ਦਿੱਤਾ ਜਾਂਦਾ। ਅੰਗਰੇਜ਼ਾਂ ਤੋਂ ਅਜੇ ਤਾਈਂ ਏਸ ਬਾਗ ਦੇ ਬੱਸ ਸਟਾਪ ਨੂੰ ਗੁਲਾਬੀ ਚੌਕੀ ਦੇ ਨਾਂ ਤੋਂ ਸੱਦਿਆ ਜਾਂਦਾ ਰਿਹਾ। ਇਹ ਵੱਖਰੀ ਗੱਲ ਹੈ ਕਿ ਲਾਹੌਰ ਦੇ ਵਾਸੀਆਂ ਨੂੰ ਏਸ ਗੱਲ ਦੀ ਕੋਈ ਜਾਣਕਾਰੀ ਨਹੀਂ ਕਿ ਏਸ ਸਟਾਪ ਨੂੰ ਗੁਲਾਬੀ ਚੌਕੀ ਕਿਉਂ ਆਖਿਆ ਜਾਂਦਾ ਸੀ।

ਵੰਡ ਮਗਰੋਂ ਜੋ ਕੁਝ ਏਧਰ ਦੀ ਰਹਿਤਲ ਬਹਿਤਲ ਨਾਲ ਹੋਇਆ, ਉਹ ਸਭ ਦੇ ਸਾਹਮਣੇ ਏ। 1980 ਦੇ ਦਹਾਕੇ ਵਿਚ ਏਸ ਮੇਲੇ ਉਤੇ ਵੀ ਕਈ ਚੱਜਾਂ ਦੀਆਂ ਬਾਧਾਂ ਬੰਨ੍ਹ ਛੱਡੀਆਂ ਗਈਆਂ। ਉਸ ਵੇਲੇ ਦੀ ਫੌਜੀ ਸਰਕਾਰ ਨੂੰ ਹਰ ਉਸ ਥਾਂ ਤੋਂ ਡਰ ਸੀ ਜਿੱਥੇ ਕਿਧਰੇ ਵੀ ਚਾਰ ਜੀਅ ਇਕੱਠੇ ਹੋ ਜਾਂਦੇ ਸਨ, ਫਿਰ ਵੀ ਉਥੇ ਈ 'ਲਾਲ ਕਾਫਰ' ਦੇ ਨਾਂ ਵਾਲੀ ਦੁੱਧ ਵਾਲੀ ਹੱਟੀ ਜਿਉਂਦੀ ਜਾਗਦੀ ਰਹੀ; ਤੇ ਜਦੋਂ ਐਮ.ਆਰ.ਡੀ. ਦੀ ਲਹਿਰ ਟੁਰੀ ਤਾਂ ਉਸ ਦੀਆਂ ਨੀਹਾਂ ਵੀ ਉਥੇ ਈ ਪੱਕੀਆਂ ਹੋਈਆਂ ਤੇ ਉਦੋਂ ਇਹ ਨਾਅਰਾ ਵੱਜਿਆ:

ਮਹਿੰਗਾ ਆਟਾ ਮਹਿੰਗੀ ਦਾਲ, ਮਾਧੋ ਲਾਲ ਮਾਧੋ ਲਾਲ  
ਹੋ ਗਏ ਇਹਨੂੰ ਕਿੰਨੇ ਸਾਲ, ਮਾਧੋ ਲਾਲ ਮਾਧੋ ਲਾਲ

ਸੰਤਾਲੀ ਤੋਂ ਅੱਜ ਦਿਹਾੜ ਤੀਕਰ ਲੈਂਡ ਮਾਫੀਆ ਦਾ ਕੰਮ ਵਧਿਆ ਪਿਆ ਏ ਤੇ ਏਸ ਨਾਲ ਦਹਿਸ਼ਤਗਰਦੀ ਤੇ ਦੂਜੇ ਰੌਲਿਆਂ ਕਾਰਨ ਅਗਲਿਆਂ ਸ਼ਾਲੀਮਾਰ ਬਾਗ਼ ਦੇ ਸਾਹਮਣੇ ਜਿੱਥੇ ਅੰਗੂਰੀ ਬਾਗ਼ ਦੇ ਕੁਝ ਨਿਸ਼ਾਨ ਹੈ ਸਨ, ਉਥੇ ਉਨ੍ਹਾਂ ਅੰਗੂਰੀ ਬਾਗ ਸਕੀਮ ਬਣਾ ਛੱਡੀ। ਇੱਥੇ ਈ ਫਿਰ ਅੰਗੂਰੀ ਸਿਨਮਾ ਵੀ ਬਣਿਆ। ਸ਼ਾਲਾਮਾਰ ਬਾਗ ਤੋਂ ਅਗਾਂਹ ਜੀ.ਟੀ. ਰੋਡ ਉਤੇ ਖੇਤ ਪੈਲੀਆਂ ਹੁੰਦੇ ਸਨ ਜਿਹਨਾਂ ਵਿਚ ਕਦੇ ਕਿਧਰੇ ਅਗਲੇ ਵੇਲਿਆਂ ਦੇ ਬਾਗਾਂ ਤੇ ਹਵੇਲੀਆਂ ਦੇ ਖੰਡਰ ਵੀ ਦਿਸਦੇ ਸਨ। ਖਲਕਤ ਵਸੀ, ਸ਼ਾਮਲਾਟਾਂ ਉਤੇ ਕਬਜ਼ੇ ਹੋਏ। ਚਾਰ ਚੁਫੇਰੇ ਮਕਾਨ ਛੱਤੇ ਗਏ। ਵੱਡੀਆਂ-ਵੱਡੀਆਂ ਹਵੇਲੀਆਂ ਨੇ ਕਟੜਿਆਂ ਦੇ ਰੂਪ ਧਾਰੇ। ਜਿੱਥੇ ਇਕ ਪਰਿਵਾਰ ਵਸਦਾ ਸੀ, ਉਨ੍ਹਾਂ ਮਕਾਨਾਂ ਵਿਚ ਗਲੀਆਂ ਬਣਾ ਕੇ ਪੰਜਾਹ ਪੰਜਾਹ ਘਰ ਉਸਾਰੇ ਗਏ।

ਸ਼ਾਹ ਹੁਸੈਨ ਦੇ ਮੇਲੇ ਕਾਰਨ ਸਾਰਾ ਲਾਹੌਰ ਈ ਜਗ ਜਾਂਦਾ ਸੀ ਤੇ ਵੰਡ ਮਗਰੋਂ ਵੀ ਕਈ ਵਰ੍ਹਿਆਂ ਤੀਕਰ ਮੁਗਲਪੁਰੇ ਚੌਂਕ ਤੋਂ ਸਾਰੇ ਰਾਹ ਬੰਦ ਕਰ ਦਿੱਤੇ ਜਾਂਦੇ ਸਨ। ਚਾਰੇ ਚੁਫੇਰੇ ਮੇਲੇ ਨੂੰ ਆਉਣ ਵਾਲੇ ਲੋਕ ਪੈਦਲ ਟੁਰਦੇ ਸਨ। ਪਿੜ ਵਿਚ ਕਈ ਸੌ ਹੱਟੀਆਂ ਲੱਗਦੀਆਂ ਜਿਨ੍ਹਾਂ ਵਿਚ ਕੁਝ ਹੱਟੀਆਂ ਇੰਝ ਦੀਆਂ ਸਨ ਕਿ ਉਨ੍ਹਾਂ ਦੇ ਹੱਟੀਵਾਨ ਏਸ ਮੇਲੇ ਮਗਰੋਂ ਹੋਰ ਕਿਸੇ ਮੇਲੇ ਵਿਚ ਹੱਟੀ ਨਹੀਂ ਲਾਉਂਦੇ ਸਨ। ਏਥੇ ਥੇਟਰ, ਸਰਕਸ, ਮੌਤ ਦੇ ਖੂਹ, ਪੰਘੂੜੇ ਤੇ ਖਲਕਤ ਦਾ ਮਨ ਪਰਚਾਵਣ ਪਾਰੋਂ ਹੋਰ ਹਜ਼ਾਰਾਂ ਸ਼ੈਆਂ ਦਿਸਦੀਆਂ ਹਨ।

ਸਾਲ 2000 ਮਗਰੋਂ ਮਜ਼ਾਰਾਂ ਉਤੇ ਬੰਬ ਧਮਾਕਿਆਂ ਕਾਰਨ ਮੇਲੇ ਮੁੱਢੋਂ ਈ ਉਜੜ ਗਏ। ਸਰਕਾਰਾਂ ਮਾੜਿਆਂ ਕੋਲੋਂ ਜੀਵਣ ਦੀਆਂ ਸਾਰੀਆਂ ਖੁਸ਼ੀਆਂ ਖੋਹ ਲਈਆਂ। ਹੁਣ ਮੇਲਿਆਂ ਦੀਆਂ ਥਾਵਾਂ ਉਤੇ ਫੈਸਟੀਵਲ ਦਿਸਣ ਲੱਗ ਪਏ। ਵੱਡੇ ਵੱਡੇ ਸ਼ਾਪਿੰਗ ਮਾਲਜ਼ ਵਿਚ ਲੱਗੇ ਮੇਲਿਆਂ ਵਿਚ ਬਸ ਬਰਾਂਡ ਵਿਕਦੇ ਤੇ ਉਥੇ ਜਾਵਣ ਵਾਲੇ ਲੋਕੀਂ ਵੀ ਉਤਲੇ ਮੇਲ ਦੇ ਹੁੰਦੇ ਨੇ।



ਚਿਰਾਗਾਂ ਦੇ ਮੇਲੇ ਵਿਚ ਚੰਡੋਲ ਝੂਟਦੇ ਬੱਚੇ।

ਮਾਇਆ ਮੇਲ ਵਿਹਾਰ ਕਾਰਨ ਮਿੱਟੀ ਦੇ ਭਾਂਡੇ, ਪਠੋਰੇ, ਕਤਲੰਮੇ ਤੇ ਮਿਠਾਈਆਂ ਮੁੱਕਦੀਆਂ ਗਈਆਂ। ਇਨ੍ਹਾਂ ਮੇਲਿਆਂ ਦੀ ਬੱਸ ਮਾੜੀ ਜਿਹੀ ਖਬਰ ਅਖਬਾਰਾਂ ਤੇ ਨਿਊਜ਼ ਚੈਨਲਾਂ ਉਤੇ ਆ ਜਾਂਵਦੀ ਏ। ਚਿਰਾਗਾਂ ਦੇ ਮੇਲੇ ਦਾ ਪਾਸਾਰ ਘਟਦਾ ਘਟਦਾ ਬੱਸ ਦਰਗਾਹ ਦੇ ਅਹਾਤੇ ਤੀਕਰ ਹੀ ਰਹਿ ਗਿਆ ਏ ਪਰ ਅਜੇ ਵੀ ਮਜ਼ਾਰ ਦੇ ਪੱਛਮੀ ਵਿਹੜੇ ਵਿਚ ਚਿਰਾਗ ਜਗਦੇ ਨੇ। ਚਿਰਾਗੀ ਦੀ ਰਾਤ ਵੀ ਓਵੇਂ ਦੀ ਹੀ ਜਿਉਂਦੀ ਜਾਗਦੀ ਚਾਨਣ ਭਰੀ ਏ। ਧਮਾਲ ਪੈਂਦੀ, ਢੋਲ ਵੱਜਦੇ ਤੇ ਕਿਧਰੇ ਕਿਧਰੇ ਕੋਈ ਸਾਧੂ ਫਕੀਰ ਸੰਖ ਵੀ ਵਜਾ ਛੱਡਦਾ ਏ। ਮੈਨੂੰ ਏਹੋ ਈ ਆਸ ਏ ਕਿ ਖਲਕਤ ਜਿਉਂਦੀ ਰਵ੍ਹੇ ਤੇ ਸ਼ਾਹ ਹੁਸੈਨ ਦਾ ਫਲਸਫਾ ਜਿਸ ਨੂੰ ਅਕਬਰ ਤੋਂ ਅੰਗਰੇਜ਼ ਸਰਕਾਰ ਤੇ ਉਨ੍ਹਾਂ ਤੋਂ ਅਗਾਂਹ ਅਜੋਕੀਆਂ ਸਰਕਾਰਾਂ ਕਦੇ ਨਾ ਮੁਕਾ ਸਕੀਆਂ, ਉਨ੍ਹਾਂ ਦੀਆਂ ਕਾਫੀਆਂ ਆਪਣਾ ਰੰਗ ਵਿਖਾਵਦੀਆਂ ਰਹਿਣਗੀਆਂ। 'ਬਾਬੇ ਮਾਰਗ ਰੀਤੀ' ਆਪਣੀਆਂ ਸ਼ਕਲਾਂ ਬਦਲ ਕਦੇ ਦੁੱਲਾ ਭੱਟੀ ਬਣ ਗਿਆ, ਕਦੇ ਰਾਏ ਅਹਿਮਦ ਖਾਨ ਖਰਲ ਤੇ ਕਦੇ ਭਗਤ ਸਿੰਘ ਪਰ ਇਹ ਰੀਤੀ ਟੁਰਦੀ ਰਵ੍ਹੇਗੀ। ਜਿੱਥੇ ਜਿੱਥੇ ਜ਼ੁਲਮ ਜਬਰ ਹੋਵੇਗਾ, ਏਸ ਦਾ ਰੰਗ ਵੀ ਦਿਸੇਗਾ:

ਮੁਸ਼ਕਿਲ ਘਾਤ ਫਕੀਰੀ ਦਾ ਵੋ  
ਪਾਏ ਕੁਠਾਲੀ, ਦੁਰਮਤ ਵਾਲੀ,  
ਕਰਮ ਜਰਾਏ ਸ਼ਰੀਰੀ ਦਾ  
ਛੋੜ ਤਕੱਬਰ, ਪਕੜ ਹਲੀਮੀ,  
ਰਾਹ ਪਕੜ ਵੋ ਸ਼ੀਰੀ ਦਾ  
ਕਹੇ ਹੁਸੈਨ ਫਕੀਰ ਨਿਮਾਣਾ,  
ਦਫਤਰ ਪਾੜਵੇਂ ਮੀਰੀ ਦਾ  
ਮੁਸ਼ਕਿਲ ਘਾਤ ਫਕੀਰੀ ਦਾ...।

# ਚਾਚਾ ਤੇਜਾ ਸਿਹੁੰ

*ਨਾਵਲਕਾਰ-ਕਹਾਣੀਕਾਰ ਅਵਤਾਰ ਸਿੰਘ ਬਿਲਿੰਗ ਨੇ ਇਸ ਲੇਖ ਵਿਚ ਆਪਣੇ ਪਿੰਡ ਦੇ ਬੇਹੱਦ ਸਾਧਾਰਨ ਪਾਤਰ ਤੇਜਾ ਸਿੰਘ ਬਾਰੇ ਬਿਆਨ ਕੀਤਾ ਹੈ। ਇਸ ਵਿਚੋਂ ਪਿੰਡ ਦੇ ਜੀਵਨ ਦੇ ਝਲਕਾਰੇ ਪੈਂਦੇ ਹਨ। ਲਿਖਤ ਅੰਦਰ ਅਜਿਹਾ ਮਾਹੌਲ ਬੱਝਦਾ ਹੈ ਕਿ ਪਾਠਕ ਖੁਦ ਪਿੰਡ ਵਿਚ ਵਿਚਰਦਾ ਮਹਿਸੂਸ ਕਰਨ ਲੱਗਦਾ ਹੈ। ਅਜਿਹੇ ਪਾਤਰ ਅਤੇ ਕਾਮੇ ਹੁਣ ਬੇਸ਼ਕ ਦੁਰਲੱਭ ਹੋ ਗਏ ਹਨ। ਅੱਜ ਕੱਲ੍ਹ ਅਮਰੀਕਾ ਵੱਸਦੇ ਲੇਖਕ ਨੇ ਚਾਚਾ ਤੇਜਾ ਸਿੰਘ ਨੂੰ ਤਿਹੁ ਨਾਲ ਯਾਦ ਕੀਤਾ ਹੈ।*

'ਹੱਟੀਆਂ ਵਾਲੀ ਗਲੀ' ਵਿਚ ਸੀ ਤੇਜੇ ਦਾ ਘਰ। ਸਾਡੇ ਨਾਲ ਪਿੱਠ ਭਿੜਦੀ। ਉਹਦਾ ਛੋਟਾ ਭਰਾ ਮੇਰੇ ਨਾਲ ਪੜ੍ਹਦਾ ਜਿਸ ਤੋਂ ਕਿਤਾਬ ਕਾਪੀ ਲੈਣ ਲਈ ਮੈਂ ਇਕ ਕੋਠਾ ਟੱਪਦਾ, ਉਹਨਾਂ ਦੀ ਪੌੜੀ ਜਾ ਉਤਰਦਾ। "ਵੇ ਬਚ ਕੇ ਮੱਲਾ, ਹੋਰ ਨਾ ਕਿਤੇ ਜਾਹ ਜਾਂਦੀ ਹੋ ਜਾਵੇ।" ਡੰਡਿਆਂ ਵਾਲੀ ਪੌੜੀ ਉਤਰਦੇ ਨੂੰ ਬੋਬੋ ਧੰਨ ਕੌਰ ਚਿਤਾਵਨੀ ਦਿੰਦੀ। 'ਉੱਚੀ ਬੀਹੀ' ਵਿਚ ਸਾਡਾ ਮਕਾਨ ਆਖਰੀ ਸੀ। ਪਿੰਡ ਵਿਚ ਸਭ ਤੋਂ ਉੱਚਾ। ਇਸ ਤੋਂ ਅੱਗੇ ਸਰਦਾਰੇ ਔੜੇ ਦਾ ਖੋਲਾ। ਪਿਛਲੀ ਗਲੀ ਵਿਚੋਂ ਤੇਜੇ ਦੇ ਗਵਾਂਢੀ ਬਖਤੌਰੇ ਮਹਿਰੇ ਨੇ ਜਦੋਂ ਉਹ ਖੋਲਾ ਖਰੀਦ ਕੇ ਇਧਰ ਨੂੰ ਦਰਵਾਜ਼ਾ ਕੱਢ ਲਿਆ ਤਾਂ ਸਾਨੂੰ ਉਧਰ ਜਾਣ ਆਉਣ ਦੀ ਸੌਖ ਹੋ ਗਈ। ਅਸੀਂ ਨਿਆਣੇ ਨਿੱਕੇ 'ਦਾਈਆਂ ਦੁੱਕੜੇ', 'ਲੁੱਕਣ ਮਚਾਈਆਂ' ਖੇਡਦੇ ਬਖਤੌਰੇ ਦੇ ਦੋ-ਗਲੀਏ, ਨੀਵੇਂ ਘਰ ਵਿਚ ਬੇਝਿਜਕ ਜਾ ਲੁਕਦੇ। ਛੂਹਣ ਛੁਹਾਈ ਤੋਂ ਬਚਦੇ, ਦੜਦੜਾਉਂਦੇ ਹੋਏ ਆਰ ਪਾਰ ਲੰਘਦੇ, ਤੇਜੇ ਵੱਲ ਜਾ ਨਿਕਲਦੇ। ਇਕ ਪਾਸੇ ਦਰਜ਼ੀ ਦੀ ਸਿਲਾਈ ਮਸ਼ੀਨ 'ਟਿੱਕ ਟਿੱਕ' ਕਰਦੀ, ਦੂਜੀ ਤਰਫ ਉਸ ਦਾ ਬਾਪੂ ਭਾਗ ਸਿਹੁੰ ਥਥੂਏ ਨਾਲ ਭਾਂਡੇ ਪੱਥਦਾ। ਰੰਗ ਬਿਰੰਗੇ ਪਟੋਲਿਆਂ ਦੇ ਲਾਲਚ ਵੱਸ ਸਾਨੂੰ ਖੇਡ ਭੁੱਲ ਜਾਂਦੀ।

ਗਲੀ ਤੋਂ ਉਪਰ ਵੱਲ ਲੰਮਾ ਖੁੱਲ੍ਹਾ ਵਿਹੜਾ ਵੜਦਿਆਂ ਹੀ ਆਵਾ ਸੀ। ਆਵੇ ਨੇੜੇ ਮਿੱਟੀ ਦੇ ਬਰਤਨ ਚਿਣੇ ਹੋਏ। ਟੁੱਟੇ ਤਿੜਕੇ ਭਾਂਡਿਆਂ ਦੀ ਓਟ ਵਿਚ ਨੀਵੀਂ ਥਾਂ ਲੀਕੜ ਭਗਤ ਦੀ ਗੁਫਾ-ਨੁਮਾ ਕੁਟੀਆ! ਲੀਕੜ ਨੇ ਜਵਾਨੀ ਵੇਲੇ ਸਾਰੀ ਜ਼ਮੀਨ ਭੋਰ ਭੋਰ ਕੇ ਖਾਧੀ। ਹੁਣ



**ਅਵਤਾਰ ਸਿੰਘ ਬਿਲਿੰਗ**
ਵ੍ਹੱਟਸਐਪ: +91-82849-09596

ਘੋਰੀ ਨਗਨ ਸਾਧ ਬਣਿਆ, ਇਹਨਾਂ ਦਾ ਆਸਰਾ ਤੱਕਦਾ ਇਥੇ ਰਹਿੰਦਾ। ਉਹ ਆਪਣੇ ਘੁਰਨੇ ਜਿਹੇ ਵਿਚੋਂ ਹਰ ਆਏ ਗਏ ਵੱਲ ਦੇਖਦਾ। ਹਨੇਰੇ ਵਿਚ ਬੈਠੀ ਬਿੱਲੀ ਵਾਂਗ ਉਸ ਦੀ ਇਕੋ ਅੱਖ ਲਿਸ਼ਕਦੀ। ਕਦੇ ਕਦਾਈਂ ਉਹ ਪਿੱਛੇ ਉੱਚੀ ਜਗ੍ਹਾ ਬਣੀ ਤੇਜੇ ਦੀ ਦੁਕਾਨ ਮੂਹਰੇ ਦੇਹਲੀ ਤੋਂ ਬਾਹਰ ਬੈਠਾ ਹੁੰਦਾ। ਮਨ ਦੀ ਮੌਜ ਵਿਚ 'ਓਮਕਾਰ' ਆਖਦਾ, ਆਪਣੀਆਂ ਜਟਾਂ ਝੰਡਕਦਾ ਤਾਂ ਨਿੰਮ ਦੇ ਬੂਰ ਵਾਂਗ ਜੂੰਆਂ ਝੜਦੀਆਂ। ਸਾਨੂੰ 'ਮੁਤਰ ਮੁਤਰ' ਝਾਕਦਿਆਂ ਨੂੰ ਲੀਕੜ ਘੂਰਕਦਾ: "ਬੱਚਿਓ! ਆਖੋ ਓਅੰਕਾਰ! ਹੋ ਜੂ ਬੇੜਾ ਪਾਰ!" ਤੇ ਜੂੰਆਂ ਚੁਗਣ ਲੱਗਦਾ। ਕਹਿੰਦੇ, ਉਹ 'ਖੂਹੀ ਵਾਲੇ ਰੱਬ' ਦਾ ਚੇਲਾ ਸੀ ਜਿਸ ਨੇ ਕਿਸੇ ਅਵੱਗਿਆ ਤੋਂ ਕੁੱਟੇ ਹੋਏ ਨੇ ਉਸ ਨੂੰ ਬਲੀਆਂ ਦੇ ਬੰਸੇ ਵਾਂਗ ਘੋਰੀ ਬਣਾ ਦਿੱਤਾ; ਜੋ ਨਾ ਕਦੇ ਨਹਾਉਂਦਾ, ਨਾ ਧੋਂਦਾ।

ਵੱਡਾ ਹੋਇਆ ਵੀ ਮੈਂ ਜਦੋਂ ਤੇਜੇ ਦੀ ਹੱਟੀ ਵੜਦਾ, ਮਸ਼ੀਨ ਦੀ 'ਟਿੱਕ ਟਿੱਕ' ਸੁਣਾਈ ਦਿੰਦੀ। ਮਸ਼ੀਨ ਪਿੱਛੇ ਪੱਬਾਂ ਭਾਰ ਬੈਠਾ ਦਰਜ਼ੀ ਮੋਟੀਆਂ ਐਨਕਾਂ ਵਿਚੋਂ ਮੁਸਕਰਾਉਂਦਾ। 'ਫਿਕਸੋ' ਨਾਲ ਚਿੰਬੇੜੀ ਬੋਕ ਦਾਹੜੀ! ਸਦਾ ਚਿਣ ਕੇ ਬੰਨ੍ਹੀਂ ਕਾਲੀ-ਸਲੇਟੀ ਪਗੜੀ! ਪੱਗ ਦੀ ਨੋਕ ਤੋਂ ਉਪਰ ਧਾਗੇ ਸਮੇਤ ਟੰਗੀ ਕੰਧੂਈ ਸੂਈ! ਤੇ ਕੀੜੀ ਵਾਂਗ ਕੰਮ ਲੱਗਿਆ ਤੇਜਾ। ਵਿਚ ਵਿਚਾਲੇ 'ਟਿੱਕ ਟਿੱਕ' ਇਕਦਮ 'ਕੜੱਕ' ਦੇ ਕੇ ਬੰਦ ਹੁੰਦੀ, ਉਹ ਮਸ਼ੀਨ ਨੂੰ ਪਰੇ ਧੱਕਦਾ; ਬਾਰੀਕ ਸੂਈ ਨਾਲ ਕਾਜ ਕਰਦਾ, ਬਟਨ ਲਾਉਂਦਾ ਜਾਂ ਤਰਪਾਈ ਦੇ ਪੁੱਠੇ ਤੋਪੇ ਮਸ਼ੀਨੀ ਸਪੀਡ ਨਾਲ ਭਰਦਾ। ਪੇਂਡੂ ਸ਼ਿਸ਼ਟਾਚਾਰ ਵਜੋਂ ਉਹ ਮੇਰਾ 'ਚਾਚਾ' ਲੱਗਦਾ। ਸਾਰਾ ਪਰਿਵਾਰ ਸਿਰਫ ਪੰਜ ਜੀਆਂ ਦਾ ਸੀ। ਬਿਰਧ ਮਾਂ ਪਿਉ, ਤੇਜਾ, ਭਰਾ ਛੋਟਾ ਅਤੇ ਪੁੱਤਰ। ਸਾਡੀ ਸੋਝੀ ਤੋਂ ਪਹਿਲਾਂ ਉਸ ਦੇ ਦੋ ਵਿਆਹ ਹੋਏ। ਇਕ ਤੋਂ ਬਾਅਦ ਇਕ। ਦੋਵੇਂ ਭੈਣਾਂ ਪਰ ਬਚੀ ਕੋਈ ਵੀ ਨਾ। ਉਸ ਦੀ ਮਾਤਾ ਦੇ ਆਖਣ ਅਨੁਸਾਰ, ਉਹ 'ਮੰਗਲੀਕ' ਸੀ। "ਮੰਗਲੀਕ ਦੀ ਬਿਆਹੀ ਨਾ ਕਦੇ ਬਚ ਰਹੀ।" ਮਾਈ ਧੰਨ ਕੌਰ ਯਕੀਨ ਨਾਲ ਆਖਦੀ, ਹਉਕਾ ਭਰਦੀ। ਮੰਗਲ ਗ੍ਰਹਿ ਦੀ ਸ਼ਾਂਤੀ ਲਈ ਉਹ ਹਰ ਮੰਗਲਵਾਰ ਨੂੰ ਪਤਾਸੇ ਵੰਡਦਾ। ਦਸਵੀਂ ਤਕ ਮੇਰੀ ਆੜੀ ਉਸ ਦੇ ਛੋਟੇ ਭਰਾ ਤਕ ਸੀਮਤ ਸੀ ਪਰ ਮਗਰੋਂ ਮੇਰਾ ਸਾਥ ਚਾਚੇ ਤੇਜੇ ਨਾਲ ਵਧਦਾ ਗਿਆ। ਉਸ ਦੀ ਦੁਕਾਨ ਸਦਾ ਖੁੱਲ੍ਹੀ ਰਹਿੰਦੀ। ਮੂੰਹ ਹਨੇਰੇ ਤੋਂ ਲੋਹੀ ਮਿਸਣ ਤੱਕ ਲਗਾਤਾਰ 'ਟਿੱਕ ਟਿੱਕ'! ਉੱਥੇ ਮੈਂ ਕਦੇ ਵੀ ਜਾ ਬੈਠਦਾ। ਪਿੰਡ ਦੀਆਂ ਸਾਰੀਆਂ ਕਨਸੋਆਂ ਉੱਥੋਂ ਮਿਲਦੀਆਂ। ਹੱਟੀ ਵਿਚ ਹਮੇਸ਼ਾ ਵੱਜਦਾ ਵੱਡਾ ਰੇਡੀਓ ਦੇਸ ਦੁਨੀਆ ਦੀਆਂ ਖਬਰਾਂ ਦਿੰਦਾ। ਉਸ ਕੋਲੋਂ ਲੈ ਕੇ ਮੈਂ ਜਾਨੀ ਚੋਰ, ਰੂਪ ਬਸੰਤ, ਭਾਗਵਤ ਪੁਰਾਣ, ਭਾਗਵਤ ਗੀਤਾ ਅਤੇ ਬ੍ਰਿਜ ਲਾਲ ਸ਼ਾਸਤਰੀ ਦਾ ਪੰਜਾਬੀ ਵਿਚ ਲਿਖਿਆ 'ਹਨੂੰਮਾਨ ਨਾਟਕ' ਪੜ੍ਹਿਆ। ਮਾਤਾ ਧੰਨ ਕੌਰ ਜਿਵੇਂ ਗੀਤਾਂ ਪਖਾਣਿਆਂ, ਹੇਰਿਆਂ ਸਿੱਠਣੀਆਂ ਦਾ ਖਜ਼ਾਨਾ ਸੀ।

ਬਾਰ ਵਿਚੋਂ ਆਇਆ ਇਹ ਟੱਬਰ ਦੇਸੀ ਪਰਜਾਪਤ ਲੋਕਾਂ ਦੇ ਮੁਕਾਬਲੇ ਬੜਾ 'ਸੁੱਚਮ' ਸੀ, ਹੁੱਕਾ ਸਿਗਰਟ ਨੂੰ ਹੱਥ ਨਾ ਲਾਉਂਦਾ। ਘਰ ਦਾ ਹਰ ਜੀਅ ਰੋਟੀ ਖਾਣ ਮਗਰੋਂ ਆਪਣੇ ਬਰਤਨ ਆਪ ਧੋਂਦਾ। ਬਿਰਧ ਮਾਈ ਨੂੰ ਸੁਖਾਲੀ ਰੱਖਣ ਲਈ ਆਪਣੇ ਬਸਤਰਾਂ ਨੂੰ ਵੀ ਹਰ ਕੋਈ ਨਹਾਉਣ ਲੱਗਿਆ ਸਾਬਣ ਨਾਲ ਮਲ-ਘਚੱਲ ਕੇ ਤਾਰ ਉੱਤੇ ਸੁੱਕਣੇ ਪਾਉਣੇ ਨਾ ਭੁੱਲਦਾ। ਬੁੱਢੇ ਮਾਂ ਪਿਉ 'ਵੰਡ' ਤੋਂ ਪਹਿਲੇ ਖੁੱਲ੍ਹਦਿਲੇ ਬਾਰੀਏ ਲੋਕਾਂ ਅਤੇ ਲਹਿੰਦੇ ਪੰਜਾਬ ਵਿਚ ਪਿੱਛੇ ਰਹਿ ਗਈ ਤਹਿਸੀਲ 'ਜੜ੍ਹਾਂ ਵਾਲਾ' ਦੀ ਸੋਨਾ ਉਗਲਦੀ ਜ਼ਮੀਨ ਦੇ ਸੋਹਿਲੇ ਗਾਉਂਦੇ ਨਾ ਥੱਕਦੇ। ਜਿੱਥੇ ਉਹਨਾਂ ਦੇ ਖੁੱਲ੍ਹੇ ਡੁੱਲ੍ਹੇ ਮਕਾਨ ਦੀ ਪੜੋਸੀ ਨਾਲ ਲੱਗਦੀ ਦੀਵਾਰ ਵਿਚ ਸਾਂਝੀ ਖੂਹੀ ਹੁੰਦੀ। "ਕੀ ਪੁੱਛਦੈਂ, ਉਹ ਲੋਕ ਤਾਂ ਬਾਹਲੇ ਰਲਾਉਟੇ ਸੀ, ਅੰਤਾਂ ਦੇ ਸਖੀ ਦਿਲ! ਹੱਥੀਂ ਛਾਵਾਂ ਕਰਨ ਵਾਲੇ। ਮੁਰੱਬਿਆਂ ਦੇ ਮਾਲਕ! ਖੇਤਾਂ ਨੂੰ ਨਹਿਰਾਂ ਦਾ ਪਾਣੀ ਪੈਂਦਾ। ਝੋਟੇ ਦਾ ਸਿਰ ਭੋਇੰ! ਬਈ ਕਾਹਨੂੰ ਕਹਿਨਾਂ। ਬ੍ਰਿਛਾਂ ਵਰਗੀਆਂ ਨਰਮੇ ਦੀਆਂ ਛਟੀਆਂ ਅਰ ਬਾਂਸਾਂ ਵਰਗੇ ਕਮਾਦ। ਲੋਹੜੇ ਦੀ ਫਸਲ ਹੁੰਦੀ। ਉਹ ਸਾਡੇ ਕਿਰਸਾਣ ਹੀ ਤਾਂ ਸਾਨੂੰ ਇਧਰੋਂ ਉਧਰ ਲੈ ਕੇ ਗਏ ਸੀ। ਉਧਰਲੀਆਂ ਜਾਂਗਲੀ ਜ਼ਨਾਨੀਆਂ ਨੇ ਵੀ ਸਾਡੇ ਘਰੇ ਭਾਂਡੇ ਲੈਣ ਘੋੜੀ 'ਤੇ ਆਉਣਾ। ਸਿਰ 'ਤੇ ਪੱਗ ਵਾਂਗੂੰ ਦੁਪੱਟੇ ਦਾ ਮੰਢੇਸ ਮਾਰ ਕੇ, ਤੇੜ ਕਾਲਾ ਤੰਬਾ ਲਾਇਆ ਹੋਣਾ। ਸਰੂ ਵਰਗੀਆਂ ਉੱਚੀਆਂ, ਸਿਉ ਰੰਗੀਆਂ ਭਰ ਜੁਆਨ ਦਲੇਰ ਔਰਤਾਂ! ਜਦ ਘੋੜੀ 'ਤੇ ਸਵਾਰ ਹੁੰਦੀਆਂ ਕਾਲੇ ਤੰਬੇ 'ਚੋਂ ਗੋਰੀਆਂ ਲੰਮੀਆਂ ਗਾਮਚੀਆਂ (ਪਿੰਜਣੀਆਂ) ਕਾਂਸੀ ਦੇ ਛੰਨੇ ਵਾਂਗੂੰ ਲਿਸ਼ਕਦੀਆਂ..." "ਗੱਲਾਂ ਕਰਦਾ ਬਾਬਾ ਭਾਗ ਸਿਹੁੰ ਸਾਹ ਨਾ ਲੈਂਦਾ। "ਲੈ ਦੇਖ ਲੈ, ਹੁਣ ਵੀ ਕਿਵੇਂ ਲਾਲਾਂ ਸਿੱਟਦੈ। ਏਹ ਤਾਂ ਭਾਂਡਿਆਂ ਨੂੰ ਟੁਣਕਾ ਕੇ ਪਸਿੰਦ ਕਰਦੀਆਂ ਜਾਂਗਲੀ ਤੀਮੀਆਂ ਦੇ ਗੋਲ ਗਿੱਟੇ ਅਰ ਗੋਰੀਆਂ ਗਾਮਚੀਆਂ ਈ ਦੇਖਦਾ ਪਰਖਦਾ ਰਿਹੈ, ਬਾਹਲਾ ਬਾਂਕਾ ਜਵਾਨ!" ਠਿੰਗਣੀ ਜਿਹੀ ਮਾਤਾ ਧੰਨ ਕੌਰ ਇਕ ਦਿਨ ਜਾਂਗਲੀਆਂ ਜਿਹੇ ਲੰਮੇ ਲੰਝੇ ਬਜ਼ੁਰਗ ਨੂੰ ਟੁੱਟ ਕੇ ਪੈ ਗਈ ਤਾਂ ਪੈਰਾਂ ਭਾਰ ਬੈਠਾ ਉਹ ਕੱਛੂ ਵਾਂਗੂੰ ਆਪਣੀ ਸਿਰੀ ਗੋਡਿਆਂ ਵਿਚ ਦਿੰਦਾ ਸ਼ਹਿ ਗਿਆ। ਦਰਜ਼ੀ ਸਮੇਤ ਹੁਣ ਇਧਰ ਚੜ੍ਹਦੇ ਪੰਜਾਬ ਵਿਚ ਰਹਿੰਦੇ ਇਹ ਮਾਪੇ ਜਿਵੇਂ ਅੰਦਰਲੇ ਮਨੋਂ ਅਜੇ ਵੀ ਉਧਰ ਬਾਰ ਵਿਚ ਹੀ ਵੱਸਦੇ ਵਿਚਰਦੇ। ਉਹਨਾਂ ਨੇ ਮਿਰਜ਼ੇ ਦਾ ਜੰਡ ਅੱਖੀਂ ਦੇਖਿਆ ਸੀ। "ਓਸ ਜੰਡ ਕੋਲੋਂ ਤਾਂ ਅਸੀਂ ਨਿੱਤ ਕੱਖ ਪੱਠਾ ਢੋਂਹਦੇ ਰਹੇ ਹਾਂ।" ਬੋਬੋ ਦੇ ਪਰੇ ਹੋਈ ਤੋਂ ਭਾਗ ਸਿਹੁੰ ਮੁੜ ਛਿੜ ਪਿਆ। ਮਿਰਜ਼ੇ ਦੇ ਦੋ ਬੋਲ "ਗੋਲ ਗਿੱਟਾ ਗੋਰੀ ਪਿੰਜਣੀ ਕੱਦ ਜਿਉਂ ਸਰੂ ਦੀ ਢਾਲ..." ਸੁਣਾਉਂਦਾ, ਸਾਹਿਬਾਂ ਦੀ ਸਿਫਤ ਕਰਦਾ, ਉਸ ਨੂੰ ਜਾਂਗਲੀ ਔਰਤਾਂ ਵਰਗੀ ਦਰਸਾਉਂਦਾ ਮਸਾਂ ਖੁੱਲ੍ਹਿਆ ਹੀ ਸੀ ਕਿ ਸਾਡੀਆਂ ਗੱਲਾਂ ਸੁੰਘਦੀ ਮਾਤਾ ਮੁੜ ਆ ਧਮਕੀ।


"ਮਖਿਆ, ਹੱਲਿਆਂ ਦੀ ਚਾਚੇ ਤੇਜੇ ਨੂੰ ਤਾਂ ਕੋਈ ਸੋਝੀ ਨ੍ਹੀਂ ਹੋਣੀ?" ਮੈਂ ਝੱਟਪੱਟ ਗੱਲ ਦਾ ਰੁਖ ਬਦਲਣ ਲਈ ਬੋਬੋ ਨੂੰ ਪੁੱਛਿਆ।

"ਲੈ ਹੈਅ ਕਮਲਾ। ਏਹ ਸੁੱਖ ਨਾਲ ਉਦੋਂ ਸੋਹਣਾ ਹੁੰਦੜਹੇਲ ਸੀ, ਜਦ 'ਵੱਢ-ਵਢਾਂਗਾ' ਚੱਲ ਪਿਆ। ਮਾੜੀ ਜਿਹੀ ਸੂਹ ਮਿਲੀ ਤੋਂ ਅਸੀਂ ਤਾਂ ਸਾਊ ਸਭ ਕੁਛ ਛੱਡ ਛੁਡਾ ਕੇ ਕਾਫਲੇ 'ਚ ਆ ਰਲੇ। ਸਾਡੇ ਸਰਦਾਰ ਕੋਲ ਦੋਨਾਲੀ ਬੰਦੂਖ ਤੀ। ਆਪਣਾ ਤੇਜਾ ਸਿਹੁੰ ਉਸ ਵਖਤ ਚੌਥੀ 'ਚ ਉੜਦੂ ਪੜ੍ਹਦਾ ਘਰ ਆ ਕੇ ਗਾਉਂਦਾ:

ਅਲਫ ਬੇ ਪੇ ਤੇ
ਮੁਨਸ਼ੀ ਜੀ ਮੈਂ ਨ੍ਹੀਂ ਪੜ੍ਹਨਾ
ਮੇਰੀ ਸੱਕਰ ਮੋੜ ਦੇ।

ਚੰਗਾ ਸੱਬਰਕੱਤਾ ਸਰੀਰ! ਏਹ ਠੇਲ੍ਹਾ ਜਿਹਾ ਤਾਂ ਭਾਈ ਬਹੁਤੇ ਰਾਹ ਤੁਰਦਾ ਆਇਆ।" ਮਾਤਾ ਨੇ ਮਾਣ ਨਾਲ ਦੱਸਿਆ।

ਬੇਸ਼ੱਕ ਉਹ ਬਚ ਰਹੇ ਸਨ ਪਰ ਬਿੱਖੜੇ ਰਾਹਾਂ ਦੀ ਧੂੜ ਤੇਜੇ ਦੇ ਫੇਫੜਿਆਂ ਵਿਚ ਜੰਮ ਗਈ। ਉਸ ਨੂੰ ਰੋਟੀ ਖਾਂਦੇ ਨੂੰ ਪਸੀਨਾ ਆਉਂਦਾ, ਸਿਆਲ ਵਿਚ ਵੀ ਜੇਠ ਹਾੜ੍ਹ ਵਾਂਗ ਸਮੁੱਚੀ ਨੁਹਾਰ ਮੁੜ੍ਹਕੇ ਨਾਲ ਭਿੱਜ ਜਾਂਦੀ। ਉਸ ਦੀ ਵੱਡੀ ਭੈਣ ਅਤੇ ਭਰਾ ਨੂੰ ਵੀ ਕਹਿੰਦੇ, ਅੰਦਰ ਬੈਠੀ ਉਹ ਰੇਹੀ ਆਖਰੀ ਦਮ ਤਕ ਤੰਗ ਕਰਦੀ ਰਹੀ।



"ਕਾਫਲੇ 'ਚ ਤੁਰਦਿਆਂ ਨੂੰ ਡਰ ਤਾਂ ਨ੍ਹੀਂ ਲੱਗਦਾ ਹੋਣਾ?" ਮੈਂ ਇਕ ਦਿਨ ਜਾਣਨਾ ਚਾਹਿਆ।

"ਨਾ ਪੁੱਛ ਪੁੱਤਰਾ। ਪੱਤਾ ਪੱਤਾ ਬੈਰੀ ਬਣ ਗਿਆ ਸੀ, ਕਾਕਾ। ਰਾਹ 'ਚ ਆਉਂਦੇ ਅਸੀਂ ਹਵਾ ਨਾਲ ਹਿਲਦੀ ਝਾੜੀ ਨੂੰ ਦੇਖ ਕੇ ਦਹਿਲ ਜਾਂਦੇ। ਪੈਰ ਪੈਰ 'ਤੇ ਡਰ ਸੀ ਮੱਲਾ।" ਮਾਈ ਨੇ ਹਉਕਾ ਲਿਆ।

"ਉੱਥੇ ਥੋਡੇ ਚੱਕ ਵਿਖੇ ਰਹਿੰਦਿਆਂ ਨੂੰ ਵੀ ਥੋਨੂੰ ਕੋਈ ਡਰਾਉਂਦਾ ਸੀ?" ਮੈਂ ਜਗਿਆਸਾ ਵੱਸ ਪੁੱਛਿਆ।

"ਨਹੀਂ। ਡਰਾਇਆ ਧਮਕਾਇਆ ਕਿਸੇ ਨੇ ਨਹੀਂ। ਪਿੰਡ 'ਚ ਹਵਾਈਆਂ ਜ਼ਰੂਰ ਉਡਦੀਆਂ। ਬਾਹਰਲੇ ਪਿੰਡਾਂ ਦੇ ਧਾੜਵੀਆਂ ਜਨੂਨੀਆਂ ਦੇ ਆਉਣ ਬਾਰੇ।"

"ਹਵਾ 'ਚ ਵਿਹੁ ਫੈਲ ਗਈ ਤੀ। ਚੰਗੇ ਭਲੇ 'ਕੱਠੇ ਵਸਦਿਆਂ ਨੂੰ ਇਕ ਦੂਏ 'ਤੇ ਹੀ ਬੇਵਿਸਾਹੀ ਹੋ ਗੀ ਤੀ।" ਬਾਬੇ ਨੇ ਦਖਲ ਦਿੱਤਾ।

"ਹੁਣ ਆਪਾਂ ਸਾਰੇ ਜੀਅ ਇਕੋ ਘਰ 'ਚ 'ਕੱਠੇ ਹੱਸਦੇ ਵਸਦੇ ਹਾਂ। ਏਸੇ ਕਰ ਕੇ ਬਈ ਸਾਨੂੰ ਇਕ ਦੂਏ 'ਤੇ ਇਤਬਾਰ ਹੁੰਦਾ। ਜੇ ਭਲਾ ਕਦੇ ਆਪਣਾ ਕੋਈ ਜੀਅ ਸੁਦਾਈ ਹੋ ਜਾਵੇ, ਆਪਾਂ ਨੂੰ ਮਾਰਨ ਨੂੰ ਪਵੇ? ਉਹਦੇ 'ਤੇ ਭਰੋਸਾ ਕੌਣ ਕਰੂ? ਫੇਰ ਨੀਂਦ ਥੋੜ੍ਹੋ ਆਊ? ਬੱਸ, 'ਖਬਰੈ, ਕਮਲੇ ਦੇ ਮਨ 'ਚ ਕਦ ਬਦੀ ਆ ਜਾਵੇ?' ਇਹਨਾਂ ਭੰਨਾਂ ਘਾੜਤਾਂ ਵਿਚ ਆਪਣੇ ਆਸ ਪੜੋਸ ਬਾਰੇ ਵੀ ਸਭੇ ਐਕਣ ਸੋਚਣ ਲੱਗ ਪੇ ਸੀ ਅੱਤਾਰ ਸਿਆਂ।" ਬਾਬਾ ਦੱਸਦਾ ਰਿਹਾ।

"ਪਰ ਥੋਡੇ 'ਤੇ ਹਮਲਾ ਤਾਂ ਕਿਤੇ ਨ੍ਹੀਂ ਹੋਇਆ?"

"ਰਾਹਾਂ 'ਚ ਕਮਾਦਾਂ ਚਰ੍ਹੀਆਂ 'ਚ ਲੁਕੇ ਧਾੜਵੀ ਚੋਰ ਝਾਤੀਆਂ ਜ਼ਰੂਰ ਮਾਰਦੇ। ਕਈ ਥਾਈਂ ਛਵੀਆਂ ਖੰਜਰ ਵੀ ਲਹਿਰਾਉਂਦੇ ਪਰ ਸੂਬੇਦਾਰ ਦੀ ਬੰਦੂਖ ਦੇਖ ਕੇ ਅੰਦਰ ਹੀ ਛਹਿ ਜਾਂਦੇ..।" ਕਾਹਲੀ ਪਈ ਮਾਤਾ ਦੱਸਣ ਲੱਗੀ। 'ਬੱਲੋ ਕੇ ਹੈਡ' ਉੱਤੇ 'ਹੋ-ਹੱਲਾ' ਮੱਚਿਆ ਸੀ ਪਰ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਇਹਨਾਂ ਤੋਂ ਮਗਰੋਂ ਆਉਣ ਵਾਲੇ ਕਾਫਲੇ ਦਾ ਕਾਫੀ ਖੂਨ ਖਰਾਬਾ ਹੋਇਆ ਸੀ। "ਵੇ ਪੁੱਤ, ਉੱਜੜ ਕੇ ਵੱਸਣਾ ਵੀ 'ਕੇਰਾਂ ਮਰ ਕੇ ਜਿਊਣ ਬਰੋਬਰ ਹੁੰਦਾ।"

ਮੈਂ ਚੁੱਪ ਕਰ ਗਿਆ। ਮਾਈ ਦੇ ਮਨ ਨੂੰ ਹੋਰ ਕੁਰੇਦਣਾ ਅੰਗੂਰ ਆਏ ਜ਼ਖਮ ਨੂੰ ਛਿੱਲਣ ਵਾਂਗੂੰ ਜਾਪਿਆ। ਪਹਿਲਾਂ ਦੱਸਣ ਮੁਤਾਬਕ ਕਾਹਲੀ ਨਾਲ ਭੱਜਦਿਆਂ, ਉਸ ਦੀ ਸਾਰੀ 'ਰਣੀ ਚਣੀ' ਉਧਰ ਚੱਕੀ ਹੇਠਾਂ ਦੱਬੀ ਦਬਾਈ ਰਹਿ ਗਈ ਸੀ।

ਤੇਜੇ ਦਾ ਵਿਆਹਿਆ ਵਰਿਆ ਵੱਡਾ ਭਰਾ ਪਹਿਲਾਂ ਤੋਂ ਅਲੱਗ ਰਹਿੰਦਾ, 'ਬਲਾਹੜੇ ਵਾਲੇ ਰੱਬ' ਨੂੰ ਮੰਨਦਾ ਜਦੋਂਕਿ ਬਾਕੀ ਦਾ ਟੱਬਰ ਬ੍ਰਾਹਮਣੀ ਰੀਤਾਂ ਦਾ ਧਾਰਨੀ ਹੁੰਦਾ ਹੋਇਆ ਵੀ ਖੁੱਲ੍ਹ ਖਿਆਲੀਆ ਸੀ। ਵਿਆਹ ਸ਼ਾਦੀ ਮੌਕੇ ਅਖੰਡ ਪਾਠ ਕਰਵਾਉਂਦਾ। ਬਾਬਾ ਭਾਗ ਸਿੰਘ ਨੇ ਕੂਕਿਆਂ ਦਾ ਅੰਮ੍ਰਿਤ ਛਕਿਆ ਸੀ ਪਰ ਸੁਬ੍ਹਾ ਸ਼ਾਮ ਉਹ ਮਾਨੂੰਪੁਰੀਏ ਪੰਡਤ ਦੇਵ ਰਾਜ ਦਾ ਦਿੱਤਾ 'ਗੁਰ ਮੰਤਰ' ਧਿਆਉਂਦਾ। ਦਰਜ਼ੀ ਪਹਿਲਾਂ ਕਾਮਰੇਡਾਂ ਦਾ ਹਾਮ੍ਹੀ ਰਿਹਾ, ਫੇਰ ਰਾਧਾ ਸਵਾਮੀ ਬਣ ਗਿਆ। ਉਸ ਦਾ ਅੰਤਾਂ ਦਾ ਇਮਾਨਦਾਰ, ਸਾਧੂ ਸੁਭਾਅ ਇਕੋ-ਇਕ ਪੁੱਤਰ ਥਾਣੇਦਾਰ ਬਣਿਆ ਵੀ ਸਾਧਾਂ-ਸੰਤਾਂ ਦੀ ਸੰਗਤ ਕਰਦਾ, ਤਿੰਨ ਮੰਜ਼ਲੀ ਕੋਠੀ ਵਿਚ ਸਥਾਪਤ ਠਾਕਰਾਂ ਨੂੰ ਪੂਜਦਾ; ਘਰ ਦੀ ਇਕ ਨੁੱਕਰ ਵਿਚ ਮੰਦਰ ਬਣਾਉਣਾ ਲੋਚਦਾ। ਚਾਚਾ ਤੇਜਾ ਪਿਛਲੀ ਉਮਰ ਵਿਚ ਆਪਣੇ ਪੁੱਤਰ ਦੀਆਂ ਬੇਪਰਵਾਹੀਆਂ ਤੋਂ ਕਦੇ ਕਦਾਈਂ ਅੱਕਿਆ ਹੋਇਆ ਝੂਰਦਾ, ਕਲਪਦਾ; "ਏਹਦੇ ਵੱਸ ਦੀ ਗੱਲ ਨਹੀਂ। ਸਾਧਾਂ ਕੋਲ ਏਹ ਸੁਲਫੇ ਦੇ ਸੂਟੇ ਖਿੱਚਦੈ। ਏਹਦੇ ਏਸ ਜਨਮ ਦੇ ਸੰਸਕਾਰ ਨ੍ਹੀਂ ਖਹਿੜਾ ਛੱਡਦੇ। ਨਿਆਣਾ ਹੁੰਦਾ ਏਹ ਲੀਕੜ ਕਾਣੇ ਕੋਲ ਜੋ ਖੇਲ੍ਹਦਾ ਰਿਹੈ। ਠੂਹ ਦੇ ਕੇ ਉਹਦੀ ਕੋਠੜੀ 'ਚ ਜਾ ਵੜਦਾ। ਉਸ ਘੋਰੀ ਨੇ ਖਬਰ ਨ੍ਹੀਂ ਕਿੰਨੀ ਵਾਰੀ ਏਹਦੇ ਸਿਰ 'ਤੇ ਹੱਥ ਧਰਿਆ ਹੋਊ। ਮਨਹੂਸ ਬੰਦਾ ਤਾਂ ਬੇਸੋਝ ਜਵਾਕ ਦੇ ਇਕੋ ਬਾਰ ਮੱਥੇ ਲੱਗਿਆ ਮਾੜਾ!"

ਪੜ੍ਹਾਈ ਪੂਰੀ ਕਰਨ ਪਿੱਛੋਂ ਬੇਰੁਜ਼ਗਾਰੀ ਹੰਢਾਉਂਦੇ ਸਮੇਂ ਜਦੋਂ ਮੈਨੂੰ ਬਾਪੂ ਨਾਲ ਖੇਤੀ ਕਰਵਾਉਂਦਿਆਂ ਕਦੇ ਵਿਹਲ ਮਿਲਦੀ, ਮੇਰਾ ਟਿਕਾਣਾ ਤੇਜੇ ਦੀ ਹੱਟੀ ਹੁੰਦੀ। ਉੱਥੇ ਚਲਦੀਆਂ ਭੁੱਜੇ ਛੋਲਿਆਂ ਜਿਹੀਆਂ ਸਵਾਦ ਗੱਲਾਂ ਦੇਰ ਰਾਤ ਤਕ ਉੱਠਣ ਨਾ ਦਿੰਦੀਆਂ। ਬਾਅਦ ਵਿਚ ਮੈਂ ਉਸ ਨੂੰ ਸੈਰ ਕਰਨ ਦੀ ਆਦਤ ਪਾ ਦਿੱਤੀ ਤੇ ਗੱਲਾਂ ਕਰਦੇ ਅਸੀਂ ਲੰਮੇ ਨਿਕਲ ਜਾਂਦੇ। ਆਮ ਚੁਗਲੀ-ਪੁਰਾਣ ਤੋਂ ਵਧ ਕੇ ਉਸ ਕੋਲ 'ਲੋਕ ਵੇਦ' ਦੀਆਂ ਬਾਤਾਂ, ਪਖਾਣੇ ਬੇਸ਼ੁਮਾਰ ਸਨ। ਸਭ ਤੋਂ ਵੱਡੀ ਗੱਲ! ਉਹ ਕਦੇ ਵੀ ਕਿਸੇ ਦਾ ਗ਼ੁੱਸਾ ਨਾ ਕਰਦਾ, ਉਮਰ ਵਿਚ ਵੀਹ ਸਾਲ ਵੱਡਾ ਹੋ ਕੇ ਵੀ ਬਰਾਬਰ ਦਾ ਹੋ ਕੇ ਵਿਚਰਦਾ। ਗਊ ਗਰੀਬ ਦਾ ਉਹ ਹਾਮੀ ਸੀ। ਮੂੰਹ ਦਾ ਮਿੱਠਾ! ਕੁੜੀਆਂ ਚਿੜੀਆਂ, ਨਿੱਕੇ ਨਿਆਣਿਆਂ ਨੂੰ 'ਵੀਰ ਭਾਈ' ਆਖ ਬੁਲਾਉਂਦਾ। ਕਦੇ ਕਦਾਈਂ ਕੋਈ ਜਣਾ ਸੱਪ ਦੇ ਸੁੰਘੇ ਦਾ 'ਹੱਥ ਹੌਲਾ' ਕਰਵਾਉਣ ਆ ਜਾਂਦਾ, ਤੇਜਾ ਮੱਥੇ ਵੱਟ ਨਾ ਪਾਉਂਦਾ; ਇਸ ਨੂੰ 'ਮਾੜੀ ਮਿੱਟੀ ਲੱਗਣਾ', 'ਮਿਹਰ ਹੋਣਾ' ਜਾਂ 'ਗਰਲ ਛੂਹਣਾ' ਆਖਦਾ। ਤੁਰੰਤ ਦੰਦਲ ਦਾਤੀ ਚੁੱਕਦਾ, ਆਏ ਸਵਾਲੀ ਦੇ ਸਨਮੁੱਖ ਭੁੰਜੇ ਬੈਠਦਾ, ਜ਼ਬਾਨੀ ਕੰਠ ਕੀਤਾ ਲੰਬਾ ਮੰਤਰ ਛੋਹ ਲੈਂਦਾ:

ਉਸਤਾਦ ਪੀਰ ਲੁਕਮਾਨ ਹਕੀਮ,
ਵਿਦਿਆ ਕੇ ਧਨੀ!
ਸੱਤ ਦਰਵਾਜ਼ੇ ਨੌਂ ਦਵਾਰ,
ਖੜ੍ਹੀ ਰਹਿ ਵਿਸਿਆ ਨਿਰਾਧਾਰ।
ਹਿੱਲੇ ਜੁੱਲੇ ਕਰੇ ਵੈਰਾਗ,
ਗਰਲ ਛੋਡ ਮੁੰਡਿ ਖਾਇ।
ਦੋਹੀ ਗੁੱਗੇ ਬਾਸਕ ਨਾਗ ਕੀ,
ਏਹ ਥਾਂ ਛੋਡ 'ਗਾਹਾਂ ਨਾ ਜਾਇ।...

ਚਾਚਾ ਤੇਜਾ ਪੂਰੀ ਸ਼ਰਧਾ ਨਾਲ ਲੱਗਿਆ ਰਹਿੰਦਾ। ਅਖੀਰ ਵਿਚ

ਚੱਲੇ ਸ਼ਬਦ ਫੁਰੇ ਵਾਚਾ,
ਦੇਖੂੰ ਗੁਰ ਗੋਰਖ ਨਾਥ ਸ਼ਿਵ ਸੰਭੂ ਗੌਰੀ
ਤੇਰੇ ਇਲਮ ਕਾ ਤਮਾਸਾ।

ਆਖਦਾ, ਧਰਤੀ ਨਮਸਕਾਰਦਾ, ਦੰਦਲ ਦਾਤੀ ਇਕ ਤਰਫ ਰੱਖਦਾ। ਸੋਜਸ਼ ਜਾਂ ਛਾਲੇ ਉੱਤੇ ਠੰਢੇ ਪਾਣੀ ਦੀ ਟਕੋਰ ਕਰਦੇ ਰਹਿਣ ਲਈ ਕਹਿੰਦਾ। ਛੋਟੇ ਜਵਾਕਾਂ ਨੂੰ ਪਤਾਸੇ ਵੰਡਣ ਦੀ ਤਾਕੀਦ ਕਰਦਾ।

ਸਿਆਲ ਵਿਚ ਉਹ ਭੱਖੜਾ ਪੀਸ ਕੇ, ਹੋਰ ਕਿੰਨਾ ਨਿੱਕ ਸੁੱਕ ਮਿਲਾ ਕੇ ਪੰਜੀਰੀ ਬਣਾਉਂਦਾ। ਉਹਦੇ ਮਾਤਾ ਪਿਤਾ ਅੱਸੀਆਂ ਤੋਂ ਟੱਪ ਗਏ। ਉਸ ਨੇ ਕਿੱਤੇ ਲੱਗੇ ਛੋਟੇ ਭਰਾ ਅਤੇ ਇਕਲੌਤੇ ਪੁੱਤਰ ਦੇ ਵਿਆਹ ਕੀਤੇ। ਆਪਣੇ ਵਿਆਹ ਵਾਲੀਆਂ ਟੂੰਬਾਂ ਵੰਡ ਕੇ ਅੱਧੋ ਅੱਧ ਦੋਹਾਂ ਦੀਆਂ ਵਹੁਟੀਆਂ ਨੂੰ ਪਾਈਆਂ। ਉਹਨਾਂ ਦਿਨਾਂ ਵਿਚ ਦਿੱਲੀ ਦੇ ਸਿੱਖ ਕਤਲੇਆਮ ਦੌਰਾਨ ਕਿੰਨੀਆਂ ਔਰਤਾਂ ਵਿਧਵਾ ਹੋ ਗਈਆਂ। ਅਮਨ-ਅਮਾਨ ਹੋਣ ਪਿੱਛੋਂ ਅਸੀਂ ਇਕ ਦੋ ਸ਼ੁਭ ਚਿੰਤਕਾਂ ਨੇ ਚਾਚੇ ਦੀ ਰੋਟੀ ਪੱਕਦੀ ਕਰਨ ਦਾ ਮਨ ਬਣਾਇਆ। ਮਾਤਾ ਪਿਤਾ ਭਰਾ ਅਤੇ ਪੁੱਤਰ ਦੀ ਸਲਾਹ ਨਾਲ ਇਹ ਮਨਸ਼ਾ ਦੱਸਦਿਆਂ ਦਿੱਲੀ ਰਹਿੰਦੀ ਉਸ ਦੀ ਮਾਸੀ ਨੂੰ ਚਿੱਠੀ ਪਾ ਦਿੱਤੀ। "ਦੇਖਿਓ ਕਿਤੇ ਕੋਈ ਜਾਤ ਕੁਜਾਤ ਨਾ ਹੋਵੇ।" ਤੀਜੀ ਵਾਰ ਵੀ ਪੁੱਤਰ ਨੂੰ ਆਪਣੀ ਜਾਤ ਵਿਚ ਵਿਆਹੁਣਾ ਲੋਚਦੇ ਪਿਉ ਨੇ ਸੰਸਾ ਜ਼ਾਹਰ ਕੀਤਾ। ਮਾਤਾ ਖੁਸ਼ ਜਾਪਦੀ।

"ਆ ਜੋ ਜਦੋਂ ਮਰਜ਼ੀ। ਬੇਵਾ ਜਨਾਨੀ ਨਾਲ ਲਿਖਾ ਪੜ੍ਹੀ ਕਰ ਕੇ ਅਨੰਦਾਂ ਤੋਂ ਪਹਿਲਾਂ ਦਸ ਹਜ਼ਾਰ ਦੀ ਇਕ ਐਫ. ਡੀ. ਉਹਦੇ ਨਾਂ ਕਰਵਾਉਣੀ ਪਊ।" ਮਾਸੀ ਦਾ ਹਾਂ-ਪੱਖੀ ਹੁੰਗਾਰਾ ਮੁੜਦੀ ਡਾਕ ਰਾਹੀਂ ਪਿੰਡ ਪਹੁੰਚ ਗਿਆ। ਉਸ ਨੇ ਕਿਸੇ ਵਿਧਵਾ ਆਸ਼ਰਮ ਤੋਂ ਪਤਾ ਕਰ ਲਿਆ ਸੀ।

"ਨਾ ਨਾ ਬੀਰ...", ਮਾਈ ਧੰਨ ਕੌਰ ਨੇ ਹੱਥ ਖੜ੍ਹੇ ਕਰ ਦਿੱਤੇ। "... ਏਹ ਸਧਨੇ ਕਸਾਈ ਆਲਾ ਪੁੱਠਾ ਕੰਮ ਆਪਾਂ ਨਹੀਂ ਕਰਨਾ। ਮਖਿਆ, ਅਧੇੜ ਉਮਰੇ ਨੂੰ ਏਸ ਜੰਜਾਲ 'ਚ ਪਾਉਂਦੇ ਚੰਗੇ ਲੱਗਾਂਗੇ?" ਮਾਤਾ ਬੁੜ੍ਹਕਦੀ ਰਹੀ। ਉਸ ਨੂੰ ਬੜਾ ਸਮਝਾਇਆ। ਗੱਠ-ਜੜਾਵਾ ਕਰਦੀ ਸਾਰ ਔਰਤ ਦੀ ਨਲਬੰਦੀ ਕਰਵਾ ਦੇਵਾਂਗੇ। ਮਾਈ ਨੂੰ ਸੋਚਣਾ ਚਾਹੀਦਾ। ਜਦੋਂ ਬਿਰਧ ਮਾਪਿਆਂ ਨੇ ਅੱਖਾਂ ਮੀਟ ਲਈਆਂ, ਭਰਾ ਅਤੇ ਪੁੱਤਰ ਵੀ ਜੇ ਅਲਹਿਦਾ ਹੋ ਗਏ; ਤੇਜੇ ਨੂੰ ਰੋਟੀ ਕੌਣ ਦੇਵੇਗਾ। "ਅਹੁ ਉਪਰਲਾ, ਬੱਚਿਓ! ਜਿਹੜਾ ਪੱਥਰ 'ਚ ਕੀੜੇ ਨੂੰ ਵੀ ਦਿੰਦੈ। ਜੇ ਏਹਦੇ ਕਰਮਾਂ 'ਚ ਔਰਤ ਦਾ ਸੁਖ ਲਿਖਿਆ ਹੁੰਦਾ, ਸ਼ਗਨਾਂ ਨਾਲ ਵਿਆਹੀਆਂ ਦੋਹਾਂ ਬਹੂਆਂ 'ਚੋਂ ਇਕ ਕਿਉਂ ਨਾ ਬਚ ਰਹਿੰਦੀ?" ਕੁੰਟੇ ਹੋਏ ਮੰਗਲ ਗ੍ਰਹਿ ਦੀ ਮੁਹਾਰਨੀ ਪੜ੍ਹਦੀ ਮਾਤਾ ਦਾ ਨੰਨਾ ਕੋਰੀ ਨਾਂਹ ਵਿਚ ਬਦਲ ਗਿਆ।

ਚਾਚਾ ਤੇਜਾ ਸਿਹੁੰ ਨੂੰ ਹੁਣ ਲੋਕ ਸੇਵਾ ਦਾ ਸ਼ੌਕ ਜਾਗਿਆ। ਉਹ 'ਹੱਟੀਆਂ ਵਾਲੀ ਗਲੀ' ਵਿਚ ਕਾਰ ਵੜਦੀ ਕਰੇਗਾ। ਉਸ ਨੇ ਸਾਰੇ ਬਾਸ਼ਿੰਦਿਆਂ ਦਾ ਮਿੰਨਤ ਤਰਲਾ ਕੀਤਾ। ਤੰਗ ਥਾਵਾਂ ਤੋਂ ਬੀਹੀ ਨਾਲ ਲੱਗਦੀਆਂ ਦੀਵਾਰਾਂ ਢਾਹ ਕੇ ਆਪਣੇ ਖਰਚੇ ਉੱਤੇ ਚਾਰ ਚਾਰ ਫੁੱਟ ਪਿੱਛੇ ਹਟਾ ਕੇ ਮੁੜ ਬਣਵਾਈਆਂ। ਹਲਕਾ ਐੱਮ. ਐੱਲ. ਏ. ਨੂੰ ਸੱਦ ਕੇ ਯਾਦਗਾਰੀ ਪੱਥਰ ਜੜ ਦਿੱਤਾ। ਉਹ ਰਸਤਾ ਜਿੱਥੇ ਭੀੜੀ ਥਾਂ ਬਾਹਾਂ ਫੈਲਾਈ ਤੁਰੇ ਜਾਂਦੇ ਬੰਦੇ ਦੀਆਂ ਕੂਹਣੀਆਂ ਕੰਧਾਂ ਨਾਲ ਖਹਿੰਦੀਆਂ, ਹੁਣ ਉੱਥੋਂ ਕਾਰ ਜੀਪ ਖੜਕਦੀ ਹੋਈ ਧੂਰ-ਧੁਰਾਊ ਲੰਘਣ ਲੱਗੀ। 'ਸੱਜਰੇ ਰਾਹ ਬਣਾਉਂਦਾ ਜਾਵੇ..' ਚਾਚੇ ਤੇਜੇ ਬਾਰੇ ਮੇਰਾ ਲਿਖਿਆ ਸੰਖੇਪ ਵੇਰਵਾ ਉਸ ਦੀ ਫੋਟੋ ਸਮੇਤ ਅਖਬਾਰ ਵਿਚ ਛਪਿਆ ਤਾਂ ਉਸ ਤੋਂ ਚਾਅ ਨਾ ਚੁੱਕਿਆ ਜਾਵੇ। ਉਸ ਕਾਲੀ ਚਿੱਟੀ ਕਾਤਰ ਨੂੰ ਉਸ ਨੇ ਸ਼ੀਸ਼ੇ ਵਿਚ ਜੜਵਾ ਕੇ ਦੁਕਾਨ ਦੇ ਕੰਸ ਉੱਤੇ ਸਜਾ ਲਿਆ।

ਸੱਠਵਿਆਂ ਸੱਤਰਵਿਆਂ ਵਾਲੀ ਉਹ ਕੱਚੀ 'ਹੱਟੀ' ਹੁਣ ਪੱਕੀ 'ਦੁਕਾਨ' ਬਣ ਚੁੱਕੀ ਸੀ। ਪਿਛਲੇ ਲਟੈਣਾਂ ਕੜੀਆਂ ਵਾਲੇ ਕੱਚੇ ਮਕਾਨ ਦੀ ਥਾਂ ਵੀ ਤਿੰਨ ਮੰਜ਼ਲੀ ਕੋਠੀ ਉਸਰ ਗਈ ਪਰ ਉਸ ਦਾ ਬਚਪਨ ਅਜੇ ਵੀ ਉਸ ਦੇ ਅੰਗ ਸੰਗ ਰਿਹਾ। ਜਦੋਂ ਨਿਆਣਾ ਹੁੰਦਾ, ਉਹ ਪਸੂ ਚਾਰਦਾ, ਭਾਂਡੇ ਪੱਥਣ ਵਿਚ ਪਿਉ ਦੀ ਮਦਦ ਕਰਦਾ। ਇਕ ਦੋ ਸਾਲ ਜੱਟਾਂ ਨਾਲ ਸਾਂਝੀ ਵੀ ਰਲਿਆ ਅਤੇ ਮਗਰੋਂ ਖਰੜ ਤੋਂ ਆਪਣੇ ਮਾਮੇ ਨੂੰ ਪੱਗ ਰੁਪਈਆ ਦੇ ਕੇ ਦਰਜ਼ੀਪਣਾ ਸਿੱਖ ਲਿਆ। ਸ਼ੁਰੂ ਸ਼ੁਰੂ ਵਿਚ ਪਿੰਡ ਦੇ ਖਾਨਦਾਨੀ ਦਰਜ਼ੀ, ਬਨਾਰਸੀ ਦਾਸ ਨਸੀਬ ਚੰਦ, ਦੋਵੇਂ ਮਹਾਜਨ ਪਿਉ ਪੁੱਤ 'ਘੁਮਾਰਾਂ ਦਾ ਮੁੰਡਾ' ਆਖ ਭੰਡਦੇ, ਉਸ ਦੇ ਪੈਰ ਨਾ ਲੱਗਣ ਦਿੰਦੇ ਪਰ ਸਮੇਂ ਦੇ ਬੀਤਣ ਨਾਲ ਅਤੇ ਜ਼ੁਬਾਨ ਦੀ ਹਲੀਮੀ ਕਾਰਨ ਉਹਦੀ ਗਾਹਕੀ ਦਿਨੋ-ਦਿਨ

*(ਬਾਕੀ ਅਗਲੇ ਸਫੇ 'ਤੇ)*

ਕਹਾਣੀ

# ਉਸ ਨੇ ਨਹੀਂ ਆਉਣਾ

ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

"ਬਾਈ, ਜੀਅ ਤਾਂ ਨਹੀਂ ਕਰਦਾ ਉਸ ਘਰ ਜਾਣ ਨੂੰ, ਦੁਨੀਆਂਦਾਰੀ ਮਾਰਦੀ ਆ। ਜੇ ਕੱਲ੍ਹ ਨੂੰ ਮਰ-ਮਰਾ ਗਈ ਫਿਰ ਵੀ...। ਦੂਜਾ ਮੁੰਡਾ ਬਾਹਰ ਗਿਆ, ਮਤੇ ਕੱਲ੍ਹ ਨੂੰ ਕੰਮ ਪੈ ਜਾਵੇ।" ਸੀਤੋ ਨੇ ਚਾਹ ਵਾਲਾ ਗਲਾਸ ਰੱਖਦਿਆਂ ਆਉਣ ਦੀ ਮਜਬੂਰੀ ਜਾਹਰ ਕੀਤੀ। "ਬਾਈ ਮੈਂ ਤਾਂ ਤੈਨੂੰ ਵੀ ਕਹਿੰਦੀ ਹਾਂ, ਗੁੱਸਾ ਛੱਡ ਮੌਕਾ ਸਾਂਭ। ਪੈਲੀ ਦੇ ਚਾਰ ਸਿਆੜ ਹੱਥ ਕਰ।'" ਸੀਤੋ ਨੇ ਗੁੱਝੀ ਰਮਜ਼ ਵੱਡੇ ਭਰਾ ਨੂੰ ਮਾਰੀ।

"ਗੱਲ ਤਾਂ ਤੇਰੀ ਠੀਕ ਹੈ ਸੀਤੋ, ਇਹਦੇ ਮਰਨ ਮਗਰੋਂ ਮੁੰਡੇ ਨੂੰ ਕਿਸੇ ਤਰ੍ਹਾਂ ਹੱਥ ਹੇਠ ਕਰੀਏ। ਇਉਂ ਕਰ, ਆਪਾਂ ਚਲਦੇ ਹਾਂ, ਬੰਸੋ ਰੋਟੀ ਟੁੱਕ ਸਾਂਭ ਕੇ ਆ ਜਾਊ।" ਪੈਲੀ ਦਾ ਖਿਆਲ ਕਰ ਸੁਖਦੇਵ ਮਨ ਵਿਚ ਗੋਂਦਾਂ ਗੁੰਦਦਾ ਸੀਤੋ ਨਾਲ ਤੁਰ ਪਿਆ।

ਸੀਤੋ ਹੁਣੇ ਹੀ ਪੇਕੇ ਆਈ ਸੀ। ਸਿੱਧੀ ਉਹ ਵੱਡੇ ਭਰਾ ਦੇ ਘਰ ਉਤਰੀ ਸੀ, ਉਥੋਂ ਸਲਾਹ ਬਣਾ ਤੇ ਭਰਾ ਨੂੰ ਲੈ ਇੱਧਰ ਆਈ ਸੀ। ਭਾਵੇਂ ਇਸ ਘਰ ਨਾਲ ਆਉਣ ਜਾਣ ਤਾਂ ਉਸ ਦਾ ਭਰਾ ਦੇ ਮਰਨ ਤੋਂ ਪਹਿਲਾਂ ਹੀ ਖਤਮ ਹੋ ਗਿਆ ਸੀ, ਪਰ ਭਰਜਾਈ ਦਾ ਅੰਤਿਮ ਸਮਾਂ ਵੇਖ ਉਸ ਨੂੰ ਆਉਣਾ ਪਿਆ ਸੀ। ਗੁਰਦੇਵ ਅਤੇ ਸੁਖਦੇਵ ਦੋਨੋਂ ਭਰਾ ਸਨ। ਗੁਰਦੇਵ ਸੀ ਤਾਂ ਭਾਵੇਂ ਛੋਟਾ, ਪਰ ਘਰ ਦੀ ਗਰੀਬੀ ਅਤੇ ਸਾਹ ਦੀ ਬਿਮਾਰੀ ਨੇ ਉਸ ਨੂੰ ਸਮੇਂ ਤੋਂ ਪਹਿਲਾਂ ਹੀ ਬੁੱਢਾ ਕਰ ਦਿੱਤਾ ਸੀ। ਰਹਿੰਦੀ ਕਸਰ ਵੱਡੇ ਭਰਾ ਸੁਖਦੇਵ ਨੇ ਪੈਰ-ਪੈਰ 'ਤੇ ਧੋਖਾ ਕਰ ਪੂਰੀ ਕਰ ਦਿੱਤੀ ਸੀ। ਜ਼ਮੀਨ ਦੀ ਵੰਡ ਵੇਲੇ ਵੀ ਉਸ ਦੇ ਹਿੱਸੇ ਚੱਕਾਂ ਵਾਲੇ ਟਿੱਬੇ ਤੇ ਦੈੜਾਂ ਵਾਲੀ ਕੱਲਰੀ ਜ਼ਮੀਨ ਆਈ ਸੀ। ਘਰ ਦੇ ਹਿੱਸੇ ਦੇ ਤੌਰ 'ਤੇ ਪਸ਼ੂਆਂ ਵਾਲਾ ਵਾੜਾ ਆਇਆ ਸੀ, ਜਿੱਥੇ ਪਸ਼ੂ ਬੰਨ੍ਹਣ ਵਾਲਾ ਢਾਰਾ ਉਸ ਦੀ ਰਿਹਾਇਸ਼ ਬਣਿਆ। ਇੰਨਾ ਸਭ ਹੁੰਦਿਆਂ ਵੀ ਉਸ ਨੇ ਭਰਾ ਜਾਂ ਪੰਚਾਇਤ ਨੂੰ ਕਦੇ ਵੀ ਮਾੜਾ ਨਾ ਬੋਲਿਆ, 'ਚੱਲ ਹੋਊ' ਕਹਿ ਕੇ ਭਾਣਾ ਮੰਨ ਲਿਆ। ਸੁਖਦੇਵ ਇੱਕ ਚਲਦਾ ਪੁਰਜਾ ਸੀ, ਰਿਸ਼ਤੇਦਾਰਾਂ ਤੋਂ ਲੈ ਕੇ ਪਿੰਡ ਦੀ ਪੰਚਾਇਤ ਤੱਕ ਉਸ ਦੀ ਚਲਦੀ ਸੀ। ਹੁਣ ਤਾਂ ਉਹ ਲੋਕਲ ਗੁਰੂ ਘਰ ਦਾ ਪ੍ਰਧਾਨ ਵੀ ਚੁਣਿਆ ਗਿਆ ਸੀ। ਗੁਰਦੇਵ ਮਿੱਟੀ ਨਾਲ ਮਿੱਟੀ ਹੋ ਔਖਾ ਸੌਖਾ ਘਰ ਦਾ ਗੁਜ਼ਾਰਾ ਚਲਾ ਰਿਹਾ ਸੀ। ਉਸ ਦੀ ਘਰ ਵਾਲੀ ਨਸੀਬ ਕੌਰ ਹੱਸਮੁੱਖ ਅਤੇ ਤਕੜੇ ਜਿਗਰੇ ਵਾਲੀ ਔਰਤ ਸੀ। ਉਸ ਨੇ ਗੁਰਦੇਵ ਨੂੰ ਡੋਲਣ ਨਹੀਂ ਸੀ ਦਿੱਤਾ। ਖੁਦ ਬਰਾਬਰ ਉਸ ਨਾਲ ਖੇਤੀ ਦਾ ਕੰਮ ਕਰਾਉਂਦੀ ਸੀ।

ਇੱਕ ਦਿਨ ਰੋਟੀ ਲੈ ਕੇ ਗਈ ਤਾਂ ਗੁਰਦੇਵ ਮਾੜੀ ਫਸਲ ਵੇਖ ਮਨ ਡੁਲਾਈ ਬੈਠਾ ਸੀ, "ਇੱਥੇ ਕੀ ਹੋਣਾ, ਫਸਲ ਦਾ ਤਾਂ ਉਗਾ ਹੀ ਹੈ ਨਹੀਂ। ਕੀ ਬਣੇਗਾ ਸਾਡਾ?" ਉਹ ਸਵੇਰ ਦਾ ਆ ਕੇ ਵੱਟ 'ਤੇ ਬੈਠਾ ਫਸਲ ਉਗਦੀ ਨਾ ਵੇਖ ਚਿੰਤਾ ਵਿਚ ਡੁਬਿਆ ਹੋਇਆ ਸੀ।

"ਓ ਤੂੰ ਰੋਟੀ ਤਾਂ ਖਾ, ਫਿਰ ਵੇਖਦੇ ਹਾਂ ਇਹ ਦੀ ਬਿਮਾਰੀ ਵੀ। ਤੇਰੇ ਨਸੀਬਾਂ ਦਾ ਤੈਨੂੰ ਮਿਲ ਜਾਣਾ, ਜੇ ਨਸੀਬਾਂ 'ਚ ਨਹੀਂ ਤਾਂ ਫਿਰ ਵੇਖੀ ਜਾਊ।" ਨਸੀਬ ਨੇ ਗੱਲ ਹਾਸੇ 'ਚ ਪਾਉਂਦਿਆਂ ਪੋਣੇ ਵਿਚੋਂ ਰੋਟੀ ਖੋਲ੍ਹ ਅੱਗੇ ਰੱਖ ਦਿੱਤੀ।

"ਨਸੀਬਾਂ ਦਾ ਤਾਂ ਪਤਾ ਨਹੀਂ, ਪਰ ਨਸੀਬ ਤਾਂ ਮੇਰੀ ਹੈ।" ਗੁਰਦੇਵ ਨੇ ਹੱਥ ਫੜ ਚੁੰਮਦਿਆਂ ਮਾਣ ਨਾਲ ਕਿਹਾ। ਨਸੀਬ ਦਾ ਅੰਗ-ਅੰਗ ਨਸ਼ਿਆ ਗਿਆ। ਉਸ ਨੂੰ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਸੀ, ਜਿਵੇਂ ਮਹਾਰਾਣੀ ਦਾ ਖਿਤਾਬ ਮਿਲ ਗਿਆ ਹੋਵੇ। ਜ਼ਿੰਦਗੀ ਵਿਚ ਹਾਰ ਮੰਨਣਾ ਤਾਂ ਜਿਵੇਂ ਉਸ ਨੇ ਸਿਖਿਆ ਹੀ ਨਹੀਂ ਸੀ। ਪਿੰਡ ਵਿਚ ਹਰ ਇੱਕ ਦੀ ਖੁਸ਼ੀ ਗਮੀ ਵਿਚ ਸ਼ਾਮਿਲ ਹੋਣ ਦਾ ਤਾਂ ਜਿਵੇਂ ਉਸ ਨੂੰ ਜਨੂੰਨ ਸੀ। ਜਾਤ ਜਾਂ ਧਰਮ ਉਸ ਲਈ ਕੋਈ ਅਰਥ ਨਹੀਂ ਸੀ ਰੱਖਦਾ। ਇਸੇ ਕਰਕੇ ਵਿਹੜੇ ਦੀਆਂ ਔਰਤਾਂ ਵੀ ਨਰਮੇ ਫੁੱਟੀ ਵੇਲੇ ਖੁਸ਼ੀ ਖੁਸ਼ੀ ਉਸ ਨਾਲ ਜਾਂਦੀਆਂ। ਜੇਠਾਣੀ ਬੰਸੋ ਨੂੰ ਇਸੇ ਗੱਲੋਂ ਚਿੜ੍ਹ ਚੜ੍ਹਦੀ ਸੀ ਤੇ ਉਹ ਉਸ ਵਿਰੁੱਧ ਜ਼ਹਿਰ ਉਗਲਦੀ ਰਹਿੰਦੀ ਤੇ ਇੱਥੋਂ ਹੀ ਨਨਾਣ ਸੀਤੋ ਦਾ ਵਿਰੋਧ ਹੋਰ ਤਿੱਖਾ ਹੋ ਜਾਂਦਾ।

ਔਖੀ ਸੌਖੀ ਜ਼ਿੰਦਗੀ ਰਿੜ੍ਹੀ ਜਾਂਦੀ ਸੀ ਪਰ ਇੱਕ ਦਿਨ ਗੁਰਦੇਵ ਰੋਂਦੇ ਕੁਰਲਾਉਂਦੇ ਪਰਿਵਾਰ ਨੂੰ ਛੱਡ, ਸਦਾ ਦੀ ਨੀਂਦ ਸੌਂ ਗਿਆ। ਨਸੀਬੋ ਨੇ 'ਰੱਬ ਦੀ ਰਜ਼ਾ' ਜਾਣ ਸਬਰ ਕਰ ਲਿਆ ਸੀ। ਗੁਰਦੇਵ ਦੀ ਮੌਤ ਬਾਅਦ ਸੁਖਦੇਵ ਹੋਰਾਂ ਹਮਦਰਦੀ ਵਿਖਾਈ ਜਾਂ ਦੁਨੀਆਂਦਾਰੀ, ਸਸਕਾਰ ਤੋਂ ਲੈ ਕੇ ਫੁੱਲ ਚੁਗਣ ਤੱਕ ਘਰ ਪਰਿਵਾਰ ਨੂੰ ਸੰਭਾਲਿਆ ਸੀ। ਰਿਸ਼ਤੇਦਾਰਾਂ ਨੂੰ ਬਿਠਾ ਖੇਤੀ ਦਾ ਕੰਮ ਆਪ ਸੰਭਾਲਣ ਅਤੇ ਨਸੀਬ ਕੌਰ ਨੂੰ ਬਣਦਾ ਠੇਕਾ ਦੇਣ ਦੀ ਗੱਲ ਪੱਕੀ ਕਰ ਲਈ ਸੀ।

ਥੋੜ੍ਹੇ ਚਿਰ ਪਿੱਛੋਂ ਹੀ ਸੁਖਦੇਵ ਨੇ ਆਪਣੇ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ। ਠੇਕੇ ਦੀ ਰਕਮ ਵਿਚ ਵਾਧਾ ਘਾਟਾ ਕਰਨ ਲੱਗਿਆ। ਇਧਰ ਉਧਰ ਦੇ ਲੈਣ-ਦੇਣ ਵਿਖਾ ਠੇਕੇ ਦੀ ਰਕਮ ਖੁਰਦ-ਬੁਰਦ ਕਰਨੀ ਸ਼ੁਰੂ ਕਰ ਦਿੱਤੀ। ਸ਼ਰੀਕਾਂ ਨੇ ਤਾਂ ਇਹ ਵੀ ਦੱਸਿਆ ਸੀ ਕਿ ਉਹ ਗਿਰਦਾਵਰੀ ਆਪਣੇ ਨਾਮ ਕਰਵਾ ਜ਼ਮੀਨ ਦੱਬਣ ਨੂੰ ਫਿਰਦਾ ਸੀ। 'ਤਕੜੇ ਦੇ ਸਭ ਰਿਸ਼ਤੇਦਾਰ' ਅਨੁਸਾਰ ਨਸੀਬ ਦੀ ਕਿਸੇ ਨਾ ਸੁਣੀ, ਸਗੋਂ ਸੀਤੋ ਵੀ ਗੱਲ ਗੱਲ 'ਤੇ ਵੱਡੇ ਭਰਾ ਦਾ ਪੱਖ ਪੂਰਦੀ। ਨਸੀਬੋ ਇਕਲੌਤੇ ਨਿਆਣੇ ਪੁੱਤ ਕਾਰਨ ਕਿਸੇ ਝਗੜੇ 'ਚ ਪੈਣ ਤੋਂ ਡਰਦੀ ਸੀ ਅਤੇ ਜ਼ਮੀਨ ਛੁਡਾ ਖੁਦ ਖੇਤੀ ਕਰਨ ਜਾਂ ਕਿਸੇ ਹੋਰ ਨੂੰ ਠੇਕੇ ਤੇ ਦੇਣ ਦੀ ਸੋਚਦੀ ਸੀ, ਪਰ ਸੁਖਦੇਵ ਕਿਸੇ ਵੀ ਤਰੀਕੇ ਜ਼ਮੀਨ ਛੱਡਣ ਨੂੰ ਤਿਆਰ ਨਹੀਂ ਸੀ।

ਆਖਰ ਪੰਚਾਇਤੀ-ਥਾਣੇ ਹੋ ਜ਼ਮੀਨ ਦਾ ਕਬਜ਼ਾ ਨਸੀਬੋ ਨੇ ਆਪਣੇ ਹੱਥ ਕਰ ਲਿਆ। ਪੁਰਾਣੇ ਸੀਰੀ ਫੱਤੂ ਨੂੰ ਰਲਾ ਖੇਤੀ ਦਾ ਕੰਮ ਖੁਦ ਵੇਖਣ ਲੱਗੀ। ਉਦੋਂ ਤੋਂ ਹੀ ਸੁਖਦੇਵ ਸਮੇਤ ਰਿਸ਼ਤੇਦਾਰ ਉਸ ਦੇ ਦੁਸ਼ਮਣ ਬਣ ਗਏ। ਕਿਸੇ ਅਣਜਾਣੇ ਡਰ ਕਾਰਨ ਨਸੀਬੋ ਨੇ ਜੁਆਨ ਹੁੰਦੇ ਪੁੱਤ ਨੂੰ ਫੜ-ਦੜ ਕਰ ਬਾਹਰ ਭੇਜ ਦਿੱਤਾ ਸੀ। ਥੋੜ੍ਹੀ ਜ਼ਮੀਨ ਕਾਰਨ ਹਾਲਤ ਵੀ ਕੋਈ ਵਧੀਆ ਨਹੀਂ ਸੀ। ਪੁੱਤ ਦੇ ਜਾਣ ਬਾਅਦ ਨਸੀਬੋ ਨੂੰ ਔਖਾ ਤਾਂ ਲੱਗਿਆ, ਪਰ ਫੱਤੂ ਦੇ ਪਰਿਵਾਰ ਕਾਰਨ ਉਸ ਦੇ ਦਿਨ ਗੁਜਰ ਰਹੇ ਸਨ।

ਕੱਲ੍ਹ ਫੱਤੂ ਨੇ ਹੀ ਸੁਖਦੇਵ ਦੇ ਘਰ ਨਸੀਬੋ ਦੀ ਮਾੜੀ ਹਾਲਤ ਬਾਰੇ ਦੱਸਿਆ ਸੀ। ਸੁਖਦੇਵ ਜਾਂ ਪਰਿਵਾਰ ਖੁਦ ਤਾਂ ਉਸ ਵੇਲੇ ਨਾ ਆਇਆ, ਪਰ ਸੀਤੋ ਨੂੰ ਸੱਦ ਲਿਆ ਸੀ। ਨਸੀਬੋ ਕਾਫੀ ਚਿਰ ਤੋਂ ਬਿਮਾਰ ਸੀ। ਉਸ ਨੂੰ ਅਧਰੰਗ ਦਾ ਦੌਰਾ



ਪੈ ਚੁਕਾ ਸੀ। ਦੋ-ਤਿੰਨ ਦਿਨ ਤੋਂ ਉਸ ਦੀ ਨਿਘਰਦੀ ਹਾਲਤ ਵੇਖ ਸੁਖਦੇਵ ਹੋਰਾਂ ਨੂੰ ਦੱਸਣਾ ਜਰੂਰੀ ਸਮਝਿਆ ਸੀ। ਸੀਤੋ ਨੇ ਨੱਕ-ਬੁੱਲ੍ਹ ਚੜ੍ਹਾਉਂਦਿਆਂ ਨਸੀਬੋ ਦਾ ਮੰਜਾ ਆਣ ਮੱਲਿਆ ਸੀ। ਨਸੀਬੋ ਬੇਸੁੱਧ ਸੀ, ਲਗਦਾ ਸੀ ਉਸ ਦਾ ਆਖਰੀ ਸਮਾਂ ਨੇੜੇ ਆ ਗਿਆ ਸੀ। ਨਸੀਬੋ ਵਾਰ ਵਾਰ ਡਾ...ਡਾ...ਡਾ ਬੁੜਬੜਾ ਰਹੀ ਸੀ। ਸੀਤੋ ਅਤੇ ਬੰਸੋ ਨੂੰ ਕੁੱਝ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਹਿ ਰਹੀ ਹੈ। ਉਨ੍ਹਾਂ ਡਾ...ਡਾ... ਤੋਂ ਡਾਲਰ ਸਮਝ ਘਰ ਦੀਆਂ ਪੇਟੀਆਂ ਅਲਮਾਰੀਆਂ ਫਰੋਲ ਸੁੱਟੀਆਂ, ਪਰ ਕਿਤੋਂ ਵੀ ਕੁੱਝ ਵੀ ਹੱਥ ਨਹੀਂ ਸੀ ਆਇਆ। 'ਰੰਡੀ ਨੇ ਪਤਾ ਨਹੀਂ ਕਿੱਥੇ ਲੁਕਾਇਆ' ਉਹ ਨਸੀਬੋ 'ਤੇ ਖਿਝੀਆਂ ਪਈਆਂ ਸਨ। ਦਿਨ ਚੜ੍ਹਾ ਨਾਲ ਨਸੀਬੋ ਨੇ ਆਖਰੀ ਸਾਹ ਲਿਆ। ਲੋਕ ਵਿਖਾਵਾ ਕਰਦਿਆਂ ਸੀਤੋ ਅਤੇ ਸੁਖਦੇਵ ਦਾ ਪਰਿਵਾਰ ਰੋਣਾ-ਧੋਣਾ ਕਰ ਰਿਹਾ ਸੀ। ਸਸਕਾਰ ਤਾਂ ਦੀਪੇ ਦੇ ਬਾਹਰੋਂ ਆਉਣ 'ਤੇ ਹੀ ਹੋਣਾ ਸੀ, ਸੋ ਲਾਸ਼ ਨੂੰ ਮੁਰਦਾ ਘਰ ਵਿਚ ਰਖਵਾ ਦਿੱਤਾ।

"ਚਾਚਾ ਪ੍ਰੀਤਮਾ ਤੂੰ ਤਾਂ ਸਿਆਣਾ ਬੰਦਾ, ਭਾਬੀ ਮਰਨ ਵਾਲੀ ਰਾਤ ਡਾ... ਡਾ... ਬੁੜਬੜਾਉਂਦੀ ਰਹੀ, ਇਸ ਦਾ ਕੀ ਮਤਲਬ ਹੋਊ?" ਸੀਤੋ ਸੱਥਰ 'ਤੇ ਬੈਠੇ ਸਿਆਣੇ ਬੰਦਿਆਂ ਕੋਲ ਬੈਠ ਗੁੱਝੇ ਭੇਦ ਨੂੰ ਜਾਣਨਾ ਚਾਹੁੰਦੀ ਸੀ। "ਡਾਕੀਏ ਵੱਲ ਧਿਆਨ ਜਾਂਦਾ ਹੋਣਾ, ਪੁੱਤ ਦੀ ਚਿੱਠੀ-ਚੀਰੀ ਵਾਸਤੇ।" ਪ੍ਰੀਤਮ ਸਿੰਘ ਨੇ ਐਨਕ ਸੂਤ ਕਰਦਿਆਂ ਅਨੁਮਾਨ ਲਾਇਆ।

"ਭਾਈ ਜਦੋਂ ਆਤਮਾ ਨੂੰ ਜਮ ਲੈ ਕੇ ਜਾਂਦੇ ਤਾਂ ਉਸ ਨੂੰ ਬਹੁਤ ਤਕਲੀਫ ਦਿੰਦੇ ਨੇ, ਧਰਮ ਰਾਜ ਦੇ ਹਿਸਾਬ-ਕਿਤਾਬ ਵੀ ਹੁੰਦੇ ਆ, ਕੀਤੇ ਦੀ ਸਜ਼ਾ ਬਾਰੇ ਆਤਮਾ ਡਰਦੀ ਹੋਣੀ ਆ।" ਦੇਸੇ ਪੰਡਿਤ ਨੇ ਆਪਣੀ ਪੰਡਤਾਈ ਘੋਟੀ। ਸੱਥਰ 'ਤੇ ਬੈਠਾ ਹਰ ਕੋਈ ਇਸ ਬਾਰੇ ਆਪਣੀ ਹਾਜ਼ਰੀ ਲਵਾ ਵੱਖ ਵੱਖ ਅੰਦਾਜ਼ੇ ਦੇ ਰਿਹਾ ਸੀ। ਸੀਤੋ ਨੂੰ ਇਨ੍ਹਾਂ ਸ਼ਬਦਾਂ ਨਾਲ ਸਬਰ ਨਾ ਆਇਆ। ਉਸ ਦੀ ਨਜ਼ਰ ਅਤੇ ਸੋਚ ਵਾਰ ਵਾਰ ਡਾਲਰ ਦੇਖਣ ਤੇ ਕਬਜੇ 'ਚ ਲੈਣ ਨੂੰ ਤਾਂਘ ਰਹੀ ਸੀ।

ਤੀਜੇ ਦਿਨ ਦੀਪਾ ਆ ਗਿਆ ਸੀ। ਸਸਕਾਰ ਦੀਆਂ ਤਿਆਰੀਆਂ ਹੋ ਰਹੀਆਂ ਸਨ। ਦੀਪਾ ਮਾਂ ਦੀ ਲਾਸ਼ ਨੂੰ ਚੁੰਬੜ ਧਾਹਾਂ ਮਾਰ ਰਿਹਾ ਸੀ। ਸਭ ਉਸ ਨੂੰ ਸਬਰ ਕਰਨ ਲਈ ਧਰਵਾਸ ਦੇ ਰਹੇ ਸਨ। ਭੂਆ ਅਤੇ ਤਾਇਆ ਬੁੱਕਲ 'ਚ ਲੈ ਚੁੱਪ ਕਰਾ ਰਹੇ ਸਨ। "ਭੂਆ, ਮੰਮੀ ਨੇ ਜਾਂਦਿਆਂ ਮੈਨੂੰ ਯਾਦ ਕੀਤਾ ਹੋਣਾ?" ਦੀਪੇ ਨੇ ਰੋਣ 'ਤੇ ਮਸਾਂ ਹੀ ਕਾਬੂ ਪਾਇਆ ਸੀ।

"ਪੁੱਤ ਸਾਨੂੰ ਖਾਸ ਤਾਂ ਕੁਝ ਸਮਝ ਨਹੀਂ ਆਈ, ਭਾਬੀ ਵਾਰ ਵਾਰ ਡਾ...ਡਾ...ਬੋਲਦੀ ਸੀ। ਰੱਬ ਜਾਣੇ ਕੀ ਕਹਿੰਦੀ ਸੀ।" ਜੀਤੋ ਦੀ ਨਿਗਾਹ ਦੀਪੇ ਦੇ ਚਿਹਰੇ 'ਤੇ ਸੀ। ਜਵਾਬ ਸੁਣ ਉਸ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ।

"ਮੰਮੀ, ਡਾਲੀ ਨੂੰ ਯਾਦ ਕਰਦੀ ਹੋਣੀ ਆ।" ਦੀਪਾ ਕਿਸੇ ਡੂੰਘੀ ਸੋਚ ਪਿਆ ਬੋਲਿਆ।

"ਡਾਲੀ! ਡਾਲੀ ਕੌਣ?" ਸੀਤੋ ਦੇ ਮੂੰਹੋਂ ਇਕਦਮ ਨਿਕਲਿਆ।

"ਆਪਣੇ ਪੁਰਾਣੇ ਸਾਂਝੀ ਫੱਤੂ ਦੀ ਕੁੜੀ। ਮਾਂ ਤਾਂ ਉਸ ਦੀ ਨਿੱਕੀ ਹੁੰਦੀ ਦੀ ਮਰ ਗਈ ਸੀ। ਉਸ ਦੀ ਸੰਭਾਲ ਮੰਮੀ ਨੇ ਹੀ ਕੀਤੀ ਸੀ। ਮੇਰੇ ਨਾਲ ਹੀ ਪੜ੍ਹਦੀ ਸੀ। ਬਾਰ੍ਹਾਂ ਕਰ ਨਰਸ ਲੱਗ ਗਈ ਸੀ। ਮਾਂ ਨੂੰ ਉਹ ਹੀ ਸੰਭਾਲਦੀ ਸੀ ਹੁਣ ਤੱਕ। ਡਿਊਟੀ ਕਾਰਨ ਉਸ ਨੂੰ ਬਾਹਰ ਜਾਣਾ ਪਿਆ ਤਾਂ ਹੀ ਭੂਆ ਤੈਨੂੰ ਬੁਲਾਉਣਾ ਪਿਆ, ਮਾਂ ਨੂੰ ਸੰਭਾਲਣ ਵਾਸਤੇ। ਉਹ ਤਾਂ ਮਾਵਾਂ-ਧੀਆਂ ਵਾਂਗੂ ਰਹਿੰਦੀਆਂ ਸਨ। ਜੇ ਮੰਮੀ ਨੇ ਉਸ ਨੂੰ ਨਿੱਕੀ ਹੁੰਦੀ ਨੂੰ ਪਾਲਿਆ ਤਾਂ ਉਸ ਨੇ ਵੀ ਧੀਆਂ ਨਾਲੋਂ ਵੱਧ ਮਾਂ ਨੂੰ ਰੱਖਿਆ। ਨਹਾਉਣਾ-ਧੁਹਾਉਣਾ ਸਭ ਉਹ ਹੀ ਕਰਦੀ ਸੀ। ਮੰਮੀ ਤਾਂ ਕਿੰਨੇ ਚਿਰ ਤੋਂ ਮੰਜੀ 'ਤੇ ਪਈ ਸੀ। ਇਹ ਤਾਂ ਉਸ ਦੀ ਸੰਭਾਲ ਹੀ ਸੀ...ਸ਼ਾਇਦ ਸਕੀ ਧੀ ਵੀ ਐਨਾ ਨਾ ਕਰਦੀ। ਉਹ ਨਿੱਕੀ ਹੁੰਦੀ ਕੋਈ ਕਵਿਤਾ ਬੋਲਦੀ ਹੁੰਦੀ ਸੀ 'ਡਾਲੀ ਡਾਲੀ, ਪਾਤ ਪਾਤ' ਉਥੋਂ ਹੀ ਮੰਮੀ ਨੇ ਉਸ ਦਾ ਨਾਮ ਡਾਲੀ ਰੱਖਿਆ ਸੀ। ਮੈਂ ਉਸ ਨੂੰ ਫੋਨ ਕਰ ਦਿੱਤਾ ਸੀ, ਆਉਂਦੀ ਹੋਣੀ ਵਿਚਾਰੀ।"

ਸੁਣ ਕੇ ਜੀਤੋ ਦਾ ਉਤਸ਼ਾਹ ਹੀ ਨਹੀਂ ਮੱਠਾ ਪਿਆ, ਸਗੋਂ ਨਸੀਬੋ ਪ੍ਰਤੀ ਘ੍ਰਿਣਾ ਵੀ ਜਾਗ ਪਈ ਸੀ। ਨਸੀਬੋ ਨੂੰ ਕਿਸੇ ਜਾਤ, ਮਜਹਬ ਨਾਲ ਕੋਈ ਮਤਲਬ ਨਹੀਂ ਸੀ। ਉਹ ਹਰੇਕ ਦੇ ਆਉਂਦੀ-ਜਾਂਦੀ ਸੀ। ਡਾਲੀ ਨਾਲ ਤਾਂ ਉਸ ਦਾ ਖਾਣ-ਪੀਣ ਹੀ ਸਾਂਝਾ ਸੀ। ਦੀਪ ਨਾਲੋਂ ਵੀ ਡਾਲੀ ਨੂੰ ਜ਼ਿਆਦਾ ਪਿਆਰ ਕਰਦੀ ਸੀ ਨਸੀਬੋ।

ਸੱਥਰ ਤੇ ਦੀਪੇ ਨੂੰ ਲੋਕਾਂ ਨੇ ਘੇਰਿਆ ਹੋਇਆ ਸੀ, ਹਰ ਕੋਈ ਉਸ ਦੇ ਦੁੱਖ ਵਿਚ ਨੇੜਤਾ ਵਿਖਾਉਣ ਲਈ ਤਤਪਰ ਸੀ। ਡਾਲੀ ਆ ਕੇ ਨਸੀਬੋ ਦੀ ਲਾਸ਼ ਨੂੰ ਲਿਪਟ ਕੇ ਜਾਰੋ-ਜਾਰ ਰੋ ਰਹੀ ਸੀ। ਉਸੇ ਸਮੇਂ ਬੰਸੋ ਨੇ ਬੁੱਲ੍ਹ ਕੱਢਦਿਆਂ ਕਿਹਾ ਸੀ, "ਨਾ ਜਾਤੋਂ, ਨਾ ਗੋਤੋਂ, ਕਿਵੇਂ ਖੇਖਣ ਕਰਦੀ ਆ।"

ਜੀਤੋ ਅਤੇ ਬੰਸੋ ਦੀਆਂ ਚੁਭਵੀਆਂ ਗੱਲਾਂ ਅਤੇ ਉਨ੍ਹਾਂ ਦੀ ਨਫਰਤ ਵੇਖ ਡਾਲੀ ਪਿੱਛੇ ਹੋ ਬੈਠ ਗਈ ਸੀ। ਉਸ ਦੀ ਮਾਂ ਨਸੀਬੋ ਤਾਂ ਅੱਜ ਹੈ ਨਹੀਂ ਸੀ, ਜੋ ਸਭ ਦਾ ਵਿਰੋਧ ਝੱਲ ਆਪਣੀ ਧੀ ਨੂੰ ਗਲ੍ਹ ਲਾ ਲੈਂਦੀ। ਅੱਜ ਤਾਂ ਉਸ ਦੀ ਲਾਸ਼ ਵੀ ਸ਼ਰੀਕਾਂ ਦੇ ਕਬਜੇ ਵਿਚ ਸੀ, ਜਿਨ੍ਹਾਂ ਨੂੰ ਜਿਉਂਦੇ ਜੀਅ ਨਸੀਬੋ ਨੇ ਨੇੜੇ ਨਹੀਂ ਸੀ ਆਉਣ ਦਿੱਤਾ।

ਸਸਕਾਰ ਤੋਂ ਬਾਅਦ ਡਾਲੀ ਚਲੀ ਗਈ ਸੀ। ਦੀਪ ਉਸ ਨੂੰ ਮਿਲ ਵੀ ਨਹੀਂ ਸੀ ਸਕਿਆ। ਸ਼ਰੀਕਾਂ ਨੇ ਘੇਰਾ ਹੀ ਅਜਿਹਾ ਪਾਇਆ ਸੀ ਕਿ ਦੀਪਾ ਵੀ ਮਾਂ ਵਾਂਗ ਭੈਣ-ਭਰਾ ਦੇ ਰਿਸ਼ਤੇ ਨਾ ਨਿਭਾਉਣ ਬਹਿ ਜਾਵੇ! ਨਾ ਮਿਲਣ ਕਾਰਨ ਮਨ ਦੀਪੇ ਦਾ ਵੀ ਖਰਾਬ ਸੀ, ਪਰ ਉਹ ਦੱਬ ਕੇ ਰਹਿ ਗਿਆ।

ਡਾਲੀ ਨਾਲ ਹੋਏ ਵਿਹਾਰ ਅਤੇ ਉਸ ਵੱਲੋਂ ਕੁਝ ਵੀ ਨਾ ਕਰ ਸਕਣ ਕਾਰਨ ਦੀਪੇ ਦੇ ਦਿਮਾਗ 'ਤੇ ਨਵਾਂ ਬੋਝ ਪੈ ਗਿਆ ਸੀ। 'ਬਹਾਦਰ ਮਾਂ ਦਾ ਕਾਇਰ ਪੁੱਤ' ਸੋਚ ਸੋਚ ਦੀਪੇ ਦਾ ਸਿਰ ਫਟਣ ਲੱਗਾ। ਮਾਂ ਦੇ ਮਰਨ ਨਾਲ ਰਿਸ਼ਤਾ ਵੀ ਮਰ ਗਿਆ, ਉਸ ਨੂੰ ਇਹ ਗੱਲ ਵਾਰ ਵਾਰ ਕੁਰੇਦ ਰਹੀ ਸੀ। ਅਜੇ ਸਾਰੇ ਚੰਗੀ ਤਰ੍ਹਾਂ ਸੁੱਤੇ ਵੀ ਨਹੀਂ ਸਨ, ਦੀਪਾ ਬੁੜਬੜਾਉਣ ਲੱਗਾ..ਡ... ਡ...। ਸਭ ਇਕਦਮ ਉਠ ਕੇ ਬੈਠ ਗਏ। ਸੀਤੋ ਨੇ ਪਾਣੀ ਫੜਾਉਂਦਿਆਂ ਪੁਛਿਆ, "ਕੀ ਹੋਇਆ ਪੁੱਤ, ਤੂੰ ਵੀ ਮਾਂ ਵਾਂਗੂ...ਉਹੋ ਜਿਹਾ ਕਹੀ ਜਾਨਾਂ।"

"ਡੈੱਡ...ਸਭ ਖਤਮ...ਡੈੱਡ...ਭੂਆ ਉਹ ਹੁਣ ਕਦੇ ਨਹੀਂ ਆਵੇਗੀ?" ਦੀਪਾ ਅਜੇ ਵੀ ਬੇਸੁਰਤ ਜਿਹਾ ਬੋਲੀ ਜਾਂਦਾ ਸੀ।

"ਹਾਂ ਪੁੱਤ, ਸਬਰ ਕਰ। ਜਾਣ ਵਾਲੇ ਕਦੇ ਨਹੀਂ ਮੁੜਦੇ। ਹੁਣ ਉਸ ਨੇ ਕਦੇ ਨਹੀਂ ਆਉਣਾ।" ਸੀਤੋ ਨਸੀਬੋ ਬਾਰੇ ਸੋਚ ਦੀਪੇ ਨੂੰ ਧਰਵਾਸ ਦੇ ਰਹੀ ਸੀ।

---

# ਚਾਚਾ ਤੇਜਾ ਸਿਹੁੰ

*(ਪਿਛਲੇ ਸਫੇ ਦੀ ਬਾਕੀ)*

ਵਧਦੀ ਗਈ ਅਤੇ ਹੌਲੀ-ਹੌਲੀ ਉਹ ਪਿੰਡ ਦਾ ਹਰਮਨ ਪਿਆਰਾ ਟੇਲਰ ਬਣ ਗਿਆ। ਉਹਦੀ ਦੁਕਾਨ ਵਿਚ ਹਰ ਸਮੇਂ ਰੌਣਕ ਰਹਿੰਦੀ। ਕੋਈ ਜਣਾ ਕੱਛ ਹੇਠ ਤਹਿ ਮਾਰਿਆ ਨਵਾਂ ਨਕੋਰ ਕਪੜਾ ਚੁੱਕੀਂ ਨਾਪ ਦੇਣ ਆਉਂਦਾ। ਕਿਸੇ ਨੂੰ ਸੀਤੇ-ਸਿਲਾਏ ਬਸਤਰ ਲਿਜਾਣ ਦੀ ਕਾਹਲੀ ਹੁੰਦੀ। ਆਪ ਸਿਲਾਈ ਕਢਾਈ ਸਿੱਖਦੀ ਕੋਈ ਲੜਕੀ ਕਦੇ ਹੱਥ 'ਚ ਰੰਗਦਾਰ ਕਾਤਰ ਫੜੀ ਰੀਲ ਲੈਣ ਆ ਖੜ੍ਹਦੀ; ਕੋਈ ਵਹੁਟੀ ਬੁਕਰਮ ਜਾਂ ਲੈਸ ਦੀ ਮੰਗ ਕਰਦੀ। ਇਕ ਨਾ ਇਕ ਨਵਾਂ ਚੇਲਾ ਬਾਲਕਾ ਸਿਲਾਈ ਕਢਾਈ ਦਾ ਹੁਨਰ ਸਿੱਖਣ ਲਈ ਦੂਰੋਂ ਨੇੜਿਓਂ ਆਇਆ, ਸਾਲ ਦੋ ਸਾਲ ਲਈ ਨਿੱਠ ਕੇ ਰਾਤ ਦਿਨ ਉਸ ਕੋਲ ਹਾਜ਼ਰੀ ਭਰਦਾ, ਪੂਰਾ ਮਾਹਿਰ ਦਰਜ਼ੀ ਬਣਿਆ ਉਸਤਾਦੀ-ਸ਼ਾਗਿਰਦੀ ਦੀ ਰਸਮ ਮਗਰੋਂ ਮਾਪਿਆਂ ਕੋਲ ਪਰਤਦਾ। ਕਈ ਲਾਣੇ ਮੁੰਡੇ ਕੁੜੀ ਦੇ ਵਿਆਹ ਮੌਕੇ ਉਸ ਨੂੰ ਆਪਣੇ ਘਰ ਬਿਠਾ ਕੇ ਵਰੀ ਜਾਂ ਦਾਜ ਦੇ ਸੂਟ ਸਿਲਾਉਣ ਨੂੰ ਸ਼ੁਭ ਸ਼ਗਨ ਸਮਝਦੇ।

ਹੁਣ ਪੁਰਾਣੀ ਯਾਦਗਾਰੀ ਮਸ਼ੀਨ ਦੇ ਨਾਲੋ-ਨਾਲ ਐਟੋਮੈਟਿਕ ਮਸ਼ੀਨ ਵੀ ਦੁਕਾਨ ਦੀ ਸੋਭਾ ਵਧਾਉਂਦੀ। ਬਟਨ ਮੜ੍ਹਨ, ਤਿਰਪਾਈ ਕਰਨ ਵਾਲਾ ਜੁਗਾੜ ਦੁਕਾਨ ਵਿਚ ਫਿੱਟ ਕਰਨ ਉਪਰੰਤ ਪੈਰਾਂ ਵਾਲੀ ਮਸ਼ੀਨ ਤਾਂ ਕਿਹੜੇ ਵੇਲਿਆਂ ਦੀ ਆ ਚੁੱਕੀ ਸੀ ਪਰ ਉਹ ਜ਼ਿਆਦਾ ਸਮਾਂ ਪੈਰਾਂ ਭਾਰ ਤੱਪੜੀ ਉੱਤੇ ਬੈਠਾ, ਦਹਾਕਿਆਂ ਪੁਰਾਣੇ ਫੱਟੇ ਉੱਪਰ ਆਪਣੀ ਮਸ਼ੀਨ ਟਿਕਾਈ ਕੰਮ ਕਰਦਾ। ਸਾਹਮਣੀ ਅਲਮਾਰੀ ਵਿਚ ਜਿੱਥੇ ਉਹ ਰੀਲਾਂ, ਬੁਕਰਮ, ਬਟਨ, ਬੱਧਰੀਆਂ, ਗੋਟਾ ਕਿਨਾਰੀ, ਲੈਸ, ਪਤਲੀ ਮੋਟੀ ਇਲਾਸਟਿਕ ਤੇ ਹੋਰ ਨਿੱਕ ਸੁੱਕ ਰੱਖਦਾ, ਉੱਥੇ ਸਾਲਾਂ ਤੋਂ ਪਈ ਪੁਰਾਣੀ ਜ਼ਰ ਖਾਧੀ ਡੱਬੀ ਨੁਮਾ ਟਰੰਕੀ ਵੱਲ ਦੇਖਦਾ। ਇਕ ਦਿਨ ਮੈਂ ਪੁੱਛ ਬੈਠਿਆ, "ਹੁਣ ਤੁਸੀਂ ਆਪਣੇ ਖਜ਼ਾਨੇ ਵਾਲਾ ਆਹ ਬਹੁਤ ਪੁਰਾਣਾ 'ਲੌਕਰ' ਵੀ ਕਿਉਂ ਨ੍ਹੀਂ ਬਦਲ ਦਿੰਦੇ ਚਾਚਾ ਸ਼੍ਰੀ?"

"ਕਿਹੜਾ ਲੌਕਰ!? ਅੱਛਾ ਅੱਛਾ, ਆਹ ਮੇਰੀ ਬਕਸੀ?" ਇਕ ਵਾਰੀ ਹੈਰਾਨ ਹੋਇਆ, ਉਹ ਅਗਲੇ ਪਲ ਹੱਸਿਆ। "ਨਾ ਬਈ। ਏਹ ਤਾਂ ਮੇਰੀ ਗੋਰਖ ਝੋਲੀ ਐ। ਏਸ ਨੇ ਸਾਡੀ ਸਾਰੀ ਕਬੀਲਦਾਰੀ ਕਿਓਂਟ ਤੀ। ਥੋਡੀ ਸੋਝੀ ਤੋਂ ਪਹਿਲਾਂ ਭੈਣਾਂ ਦੇ ਹੱਥ ਪੀਲੇ ਕੀਤੇ। ਥੋਡੇ ਦੇਖਦੇ-ਦੇਖਦੇ ਭਾਈ ਅਰ ਪੁੱਤ ਨੂੰ ਪਾਲਿਆ ਪੜ੍ਹਾਇਆ, ਕਿੱਤੇ ਲਾਇਆ; ਦੋਹਾਂ ਨੂੰ ਵਿਆਹਿਆ। ਥੋਡਾ ਰੱਬ ਭਲਾ ਕਰੇ, ਪੋਤੇ ਵੀ ਵਿਆਹ ਲਿਆਂਦੇ ਅਰ ਏਹ ਬਰਕਤਾਂ ਵਾਲੀ ਡੱਬੀ ਕਦੇ ਖਾਲੀ ਨ੍ਹੀਂ ਹੋਈ।" ਉਸ ਦਿਨ ਖੁੱਲ੍ਹੀ ਅਲਮਾਰੀ ਨੂੰ ਮੱਥਾ ਟੇਕਦੇ ਚਾਚੇ ਤੇਜੇ ਦੀਆਂ ਅੱਖਾਂ ਡੁਬਡੁਬਾ ਗਈਆਂ।

ਉਹਦੇ ਮਾਪੇ ਲੰਮੀ ਉਮਰ ਭੋਗ ਕੇ ਇਕ ਦੋ ਵਰ੍ਹਿਆਂ ਦੀ ਵਿੱਥ ਨਾਲ ਇਸ 'ਸਰਵਣ ਪੁੱਤਰ' ਦੇ ਹੱਥਾਂ ਵਿਚ ਸਵਾਸ ਤਿਆਗਦੇ, ਪਰਮ ਧਾਮ ਦੀ ਪੌੜੀ ਜਾ ਚੜ੍ਹੇ। ਹੁਣ ਬਦੇਸੋਂ ਆਏ ਆਪਣੇ ਨੰਨ੍ਹੇ ਮੁੰਨੇ ਪੋਤੇ ਪੋਤੀ ਨੂੰ ਨਾਲ ਲੈ ਕੇ ਮੈਂ ਦਰਜ਼ੀ ਨੂੰ ਪਹਿਲਾਂ ਵਾਂਗ ਹੀ ਮਿਲਣ ਜਾਂਦਾ ਤਾਂ ਸਾਡੇ ਬੱਚਿਆਂ ਨੂੰ ਵੀ ਉਸ ਦੀ ਸਿਲਾਈ ਮਸ਼ੀਨ ਦੀ 'ਟਿੱਕ-ਟਿੱਕ' ਨੇ ਮੋਹ ਲਿਆ। ਸੋ ਬਾਹਰੋਂ ਆਏ ਸਹਿਜ ਤੇ ਸਿਮਰ ਜਿੰਨੀ ਦੇਰ ਪਿੰਡ ਰਹੇ, 'ਚਾਚੇ' ਦੀ ਹੱਟੀ ਜਾਣ ਲਈ ਨਿੱਤ ਕਾਹਲੇ ਪੈਂਦੇ, ਰਿਹਾੜ ਕਰਦੇ; ਮੈਨੂੰ ਧੂਹ ਕੇ ਲੈ ਜਾਂਦੇ। ਫੇਰ ਪੌਣੇ ਕੁ ਦੋ ਵਰ੍ਹੇ ਮੈਨੂੰ ਵੀ ਲਗਾਤਾਰ ਬਦੇਸ ਵਿਚ ਲਾਉਣੇ ਪਏ। ਮੇਰੀ ਉਸ ਲੰਮੀ ਗੈਰਹਾਜ਼ਰੀ ਦੌਰਾਨ ਮੇਰਾ ਨਿੱਤ ਦਾ ਮਹਿਰਮ ਚਾਚਾ ਤੇਜਾ ਸਿਹੁੰ ਅਚਾਨਕ ਲੰਮੀਆਂ ਵਾਟਾਂ ਦਾ ਪਾਂਧੀ ਬਣ ਗਿਆ। ਸੰਤਾਲੀ ਦੇ ਹੱਲਿਆਂ ਵੇਲੇ ਫੱਕੀ ਧੂੜ ਨੇ ਆਪਣਾ ਅਸਲੀ ਰੰਗ ਹੁਣ ਦਿਖਾਇਆ ਸੀ।

ਪਰਦੇਸੋਂ ਪਿੰਡ ਪਰਤਿਆ ਮੈਂ ਉਸ ਦੇ ਪੁੱਤਰ ਨੂੰ ਮਿਲਦਾ, 'ਦੁਕਾਨ' ਤੋਂ 'ਬੈਠਕ' ਬਣੇ ਕਮਰੇ ਵਿਚ ਜਾ ਬਹਿੰਦਾ। ਇੰਨਾ ਅਰਸਾ ਮੇਰੇ ਦਿਲ ਦੇ ਐਨ ਕਰੀਬ ਰਹੇ ਪਿਆਰੇ ਮਿੱਤਰ ਦੀ ਕੰਸ ਉੱਤੇ ਸੁਸ਼ੋਭਤ ਅਖਬਾਰੀ ਫੋਟੋ ਨੂੰ ਨਿਹਾਰਦਾ, ਬਹੁਤ ਪਿੱਛੇ ਪਹੁੰਚ ਜਾਂਦਾ। ਰਿਟਾਇਰ ਹੋਇਆ ਉਸ ਦਾ ਪੁਲਸੀਆ ਪੁੱਤਰ ਹੁਣ ਨਿੱਤ ਨੇਮੀ ਖਾਲਸਾ ਸਜਿਆ ਸੁਬ੍ਹਾ ਸ਼ਾਮ ਮੇਰੀ ਸੈਰ ਦਾ ਸਾਥੀ ਹੁੰਦਾ। ਉਸ ਨੇ ਆਪਣੇ 'ਬਾਪੂ ਜੀ' ਦੀ ਅਖਬਾਰੀ ਯਾਦ ਦਾ ਵੱਡਾ ਪੋਸਟਰ ਬਣਵਾ ਕੇ ਬੈਠਕ ਵਿਚ ਸਜਾਇਆ। ਜਿਵੇਂ ਸਾਰੀ ਉਮਰ ਕੁਲ ਦੀ ਬਿਹਤਰੀ ਲਈ ਜਿਊਂਦੇ ਤੇ ਜੂਝਦੇ ਰਹੇ ਪਿਉ ਦਾ ਰਿਣ ਮੋੜਿਆ ਹੋਵੇ।

ਅਗਲੇ ਸਾਲ ਪਰਦੇਸ ਤੋਂ ਦੇਸ ਵਾਲੀ ਸਾਲਾਨਾ ਫੇਰੀ 'ਤੇ ਪਿੰਡ ਪਰਤਿਆ ਮੈਂ ਸਭ ਤੋਂ ਪਹਿਲਾਂ ਉਸ ਪੁਰਾਣੀ ਸਾਂਝ ਵਾਲੇ 'ਤੇਜੇ ਦੇ ਘਰ' ਮਿਲਣ ਗਿਆ ਤਾਂ ਕੰਸ ਉਪਰਲੀ ਉਹ ਫੋਟੋ ਤੇ ਕੰਧ ਵਾਲਾ ਵੱਡਾ ਪੋਸਟਰ ਦੋਵੇਂ ਗ਼ਾਇਬ ਸਨ।

"ਬਈ ਥਾਣੇਦਾਰਾ! ਉਹ ਛੋਟੀ ਜਿਹੀ ਅਖਬਾਰੀ ਫੋਟੋ ਕਿਧਰ ਗਈ?" ਮੈਂ ਬਰਾਬਰ ਬੈਠੇ ਉਸ ਦੇ 'ਬਾਬਾ' ਬਣੇ ਪੁੱਤਰ ਨੂੰ ਪੁੱਛਿਆ। ਮੈਂ ਸੋਚਿਆ, ਸ਼ਾਇਦ ਪਿੱਛੇ ਹਟਵੀਂ ਕੋਠੀ ਦੇ ਕਿਸੇ ਅਲਹਿਦਾ ਕਮਰੇ ਵਿਚ ਪੋਸਟਰ ਸਮੇਤ ਸਜਾ ਕੇ ਰੱਖੀ ਹੋਵੇ।

"ਕੀ ਕਰੀਏ, ਕੀ ਕਹੀਏ ਮਾਅਰਾਜ! ਵਖਤ-ਵਖਤ ਦੀਆਂ ਗੱਲਾਂ ਨੇ। ਬਾਪੂ ਜੀ ਦੀ ਉਸ ਫੋਟੋ ਤੋਂ ਹੁਣ ਹਨੇਰੇ ਸੁਨ੍ਹੇਰੇ ਉਹਦੇ ਘਰ ਦੇ ਜੀਆਂ ਨੂੰ ਵੀ ਭੈਅ ਆਉਣ ਲੱਗ ਪਿਐ ਜੀ ਸਾਹਿਬ!" ਸਾਧੂ ਸੁਭਾਅ ਥਾਣੇਦਾਰ ਪੁੱਤਰ ਦੀ ਬੇਪਰਵਾਹੀ ਜਿਵੇਂ ਅੱਜ ਬੇਵਸੀ ਵਿਚ ਬਦਲ ਗਈ। ਭਰੀਆਂ ਅੱਖਾਂ ਨਾਲ ਮੈਂ 'ਬੈਠਕ' ਤੋਂ ਬਾਹਰ ਆ ਗਿਆ ਪਰ ਵਿਹੜੇ ਦੇ ਗੇਟ ਉੱਤੇ ਗਲੀ ਵੱਲ ਘਿਸਰਦੇ ਮੇਰੇ ਪੈਰ ਇਕਦਮ ਰੁਕ ਗਏ। ਜਿਵੇਂ ਚਾਚਾ ਤੇਜਾ ਸਿਹੁੰ ਨੇ ਪਹਿਲਾਂ ਵਾਂਗ ਆਪਣੀ ਦੁਕਾਨ ਅੰਦਰੋਂ ਆਵਾਜ਼ ਮਾਰੀ ਹੋਵੇ। ਬੇਕਾਬੂ ਹੋਏ ਝੱਲੇ ਮਨ ਨੇ ਇਕ ਵਾਰੀ ਫੇਰ ਪਿੱਛੇ ਦੇਖਿਆ। ਚਾਚੇ ਦੀ ਰੀਝਾਂ ਨਾਲ ਉਸਾਰੀ ਉੱਚੀ ਆਲੀਸ਼ਾਨ ਕੋਠੀ ਅੱਜ ਸੁੰਨ ਮਸਾਣ ਖੜ੍ਹੀ ਸੀ।

# ਫੁੱਲ ਦਵਾਈ ਵਾਇਲਡ ਰੋਜ਼: ਸੰਤੋਖ

ਕੀ ਸੰਤੁਸ਼ਟ ਹੋਣਾ ਵੀ ਕੋਈ ਬਿਮਾਰੀ ਹੈ? ਕੀ ਇਹ ਵੀ ਮਨੁੱਖੀ ਸੁਭਾਅ ਦੀ ਕੋਈ ਨਖਿੱਧਤਾ (Negativity) ਹੈ? ਸੰਤੁਸ਼ਟੀ ਅਰਥਾਤ ਸੰਤੋਖ ਤਾਂ ਮਨੁੱਖੀ ਜੀਵਨ ਦੀਆਂ ਉੱਚ ਪ੍ਰਾਪਤੀਆਂ ਗਿਣੀਆਂ ਜਾਂਦੀਆਂ ਹਨ। ਫਿਰ ਵਾਇਲਡ ਰੋਜ਼ (Wild Rose) ਕਿਸ ਮਰਜ਼ ਦੀ ਦਵਾਈ ਹੋਈ? ਦਰਅਸਲ ਸੰਤੁਸ਼ਟੀ, ਸੰਤੋਖ ਤੇ ਵਿਰਾਗ ਜਿਹੇ ਵਿਸ਼ੇਸ਼ਣ ਵਾਈਲਡ ਰੋਜ਼ ਦੇ ਵਿਅਕਤੀਤਵ ਨੂੰ ਚੰਗੀ ਤਰ੍ਹਾਂ ਮੂਰਤੀਮਾਨ ਹੀ ਨਹੀਂ ਕਰਦੇ। ਸ਼ਾਇਦ ਜਿਹੜੇ ਸ਼ਬਦ ਇਸ ਦੇ ਵਰਣਨ ਲਈ ਅੰਗਰੇਜ਼ੀ ਭਾਸ਼ਾ ਵਿਚ ਵਰਤੇ ਜਾਂਦੇ ਹਨ, ਉਨ੍ਹਾਂ ਦੇ ਢੁਕਵੇਂ ਬਦਲ ਪੰਜਾਬੀ ਵਿਚ ਨਹੀਂ ਮਿਲਦੇ। ਜੋ ਮਿਲਦੇ ਹਨ, ਉਹ ਇੰਨੇ ਲੋਕਾਚਾਰੀ ਨਹੀਂ ਕਿ ਬਿਨਾ ਸਮਝਾਇਆਂ ਸਮਝ ਵਿਚ ਆ ਜਾਣ। ਕਈ ਵਾਰ ਤਾਂ ਵਿਆਖਿਆ ਰਾਹੀਂ ਉਨ੍ਹਾਂ ਸ਼ਬਦਾਂ ਦੇ ਭਾਵ-ਅਰਥ ਹੀ ਬਚਦੇ ਹਨ, ਜੋ ਅਸਲ ਸ਼ਬਦਾਂ ਦੇ ਮਾਅਨੇ ਹੀ ਵਿਗਾੜ ਦਿੰਦੇ ਹਨ। ਇਹ ਵੀ ਸੰਭਵ ਹੈ ਕਿ ਮੂਲ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਵਿਚ ਹੀ ਕੋਈ ਊਚ-ਨੀਚ ਰਹਿ ਗਈ ਹੋਵੇ, ਕਿਉਂਕਿ ਭਾਸ਼ਾ ਦੇ ਸ਼ਬਦ ਅੰਦਰੂਨੀ ਭਾਵਨਾਵਾਂ ਦੀ ਹੂਬਹੂ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਪ੍ਰਤੀਨਿਧਤਾ ਨਹੀਂ ਕਰ ਸਕਦੇ। ਇਹ ਤਾਂ ਮਹਿਜ਼ ਉਨ੍ਹਾਂ ਦੇ ਲੇਬਲ ਹੁੰਦੇ, ਜੋ ਬਿਨਾ ਬਹੁਤਾ ਸੋਚੇ-ਸਮਝੇ ਚਿਪਕਾ ਦਿੱਤੇ ਜਾਂਦੇ ਹਨ। ਫਿਰ ਵੀ ਸ਼ਬਦਾਂ ਤੇ ਭਾਸ਼ਾ ਤੋਂ ਉੱਤੇ ਹੋਰ ਕੋਈ ਚੀਜ਼ ਵੀ ਤਾਂ ਨਹੀਂ ਹੈ, ਜਿਸ ਰਾਹੀਂ ਭਾਵਨਾਵਾਂ ਨੂੰ ਵਿਅਕਤ ਕੀਤਾ ਜਾ ਸਕੇ। ਇਸ ਲਈ ਕਈ ਵਾਰ ਕਿਸੇ ਸ਼ਬਦ ਦੀ ਰੂਹ ਤੀਕ ਪਹੁੰਚਣ ਲਈ ਕਈ ਸਾਰੇ ਸਮਾਨ ਸ਼ਬਦਾਂ ਦੀ ਇਕੱਠੀ ਵਰਤੋਂ ਕਰਨੀ ਪੈਂਦੀ ਹੈ।

ਵਾਈਲਡ ਰੋਜ਼ (Wild Rose) ਦੀ ਰੂਹ ਤੀਕ ਪਹੁੰਚਣ ਲਈ ਕਈ ਸ਼ਬਦ ਵਰਤੇ ਜਾਂਦੇ ਹਨ। ਇਨ੍ਹਾਂ ਵਿਚੋਂ ਵਧੇਰੇ ਪ੍ਰਸਿੱਧ ਉਦਾਸੀਨਤਾ, ਉਤਸ਼ਾਹਹੀਣਤਾ, ਸ਼ਿਕਾਇਤਹੀਣਤਾ, ਸੰਤੋਖ, ਅਲਗਾਓਵਾਦ, ਰੁਚੀਹੀਣਤਾ, ਵਿਰਾਗ, ਈਨ ਮੰਨਣਾ, ਸਮਝੌਤਾ ਕਰਨਾ, ਸਹਿ ਜਾਣਾ, ਸਿਰ ਨਾ ਚੁੱਕਣਾ, ਘਾਸੇ ਪੈਣਾ ਆਦਿ ਹਨ। ਇਹ ਉਸ ਵਿਅਕਤੀ ਦੀਆਂ ਨਿਸ਼ਾਨੀਆਂ ਹਨ, ਜਿਸ ਨੂੰ ਕੋਈ ਤਕਲੀਫ ਤਾਂ ਹੁੰਦੀ ਹੈ, ਪਰ ਉਸ ਨੂੰ ਮਨ 'ਤੇ ਨਹੀਂ ਲਿਆਉਂਦਾ। ਉਸ ਨੇ ਉਸ ਨੂੰ ਸਵੀਕਾਰ ਕਰ ਲਿਆ ਹੁੰਦਾ ਹੈ। ਉਸ ਨੇ ਆਪਣੇ ਦੁਖ ਨਾਲ ਰਹਿਣਾ ਸਿੱਖ ਲਿਆ ਹੁੰਦਾ ਹੈ ਤੇ ਉਸ ਨੂੰ ਉਸ ਤੋਂ ਛੁਟਕਾਰੇ ਦਾ ਕੋਈ ਫਿਕਰ ਨਹੀਂ ਹੁੰਦਾ। ਅਜਿਹਾ ਵਿਅਕਤੀ ਆਪਣੀ ਤਕਲੀਫ ਪ੍ਰਤੀ ਉਦਾਸੀਨ ਹੋ ਜਾਂਦਾ ਹੈ, ਭਾਵ ਉਹ ਬਿਮਾਰੀ ਦੀ ਈਨ ਮੰਨ ਲੈਂਦਾ ਹੈ ਜਾਂ ਉਹ ਉਸ ਨੂੰ ਸਵੀਕਾਰ ਕਰ ਲੈਂਦਾ ਹੈ। ਉਸ ਨੂੰ ਬੀਮਾਰੀ ਤਾਂ ਹੁੰਦੀ ਹੈ, ਪਰ ਉਹ ਇਸ ਦੇ ਹੁੰਦਿਆਂ ਵੀ ਆਪਣਾ ਕੰਮ ਕਿਸੇ ਨਾ ਕਿਸੇ ਤਰ੍ਹਾਂ ਸਾਰਦਾ ਰਹਿੰਦਾ ਹੈ। ਇਸ ਲਿਹਾਜ਼ ਤਾਂ ਦੁਨੀਆਂ ਦਾ ਬੱਚਾ ਬੱਚਾ ਇਸ ਦਵਾਈ ਦਾ ਬੀਮਾਰ ਹੈ। ਸਭ ਨੂੰ ਕੋਈ ਨਾ ਕੋਈ ਤਕਲੀਫ ਹੁੰਦੀ ਹੈ ਤੇ ਸਾਰੇ ਹੀ ਬਿਨਾ ਇਲਾਜ ਕਰਵਾਏ ਉਸ ਨਾਲ ਨਿਭਦੇ ਰਹਿੰਦੇ ਹਨ। ਜੇ ਕਿਸੇ ਨੂੰ ਵਧੇਰੇ ਪਿਆਸ ਲਗਦੀ ਹੈ, ਉਹ ਘੜੀ ਮੁੜੀ ਪਾਣੀ ਪੀਂਦਾ ਰਹਿੰਦਾ ਹੈ। ਜੋ ਸਵੇਰੇ ਉੱਠਦਾ ਹੀ ਟਾਇਲਟ ਵਲ ਭੱਜਦਾ ਹੈ, ਉਹ ਬਿਨਾ ਇਲਾਜ ਕਰਵਾਏ ਹਮੇਸ਼ਾ ਇੱਦਾਂ ਕਰਦਾ ਰਹਿੰਦਾ ਹੈ। ਲੰਮੀਆਂ ਲਾ-ਇਲਾਜ ਬਿਮਾਰੀਆਂ ਵਾਲੇ ਲੋਕ ਇਨ੍ਹਾਂ ਨਾਲ ਸਮਝੌਤਾ ਕਰ ਕੇ ਇਵੇਂ ਹੀ ਰਹੀ ਜਾਂਦੇ ਹਨ। ਇਸ ਲਈ ਅੰਗਰੇਜ਼ੀ ਸ਼ਬਦ Reconciled (ਸਹਿਮਤੀ) ਇਸ ਦਵਾਈ ਦੇ ਸੁਭਾਅ ਲਈ ਸਭ ਤੋਂ ਢੁਕਵਾਂ ਮਾਲੂਮ ਹੁੰਦਾ ਹੈ।

ਤਾਂ ਵੀ ਇਸ ਫੁੱਲ ਦਵਾਈ ਦੀ ਅਸਲ ਪ੍ਰਕਿਰਤੀ ਦਾ ਪਤਾ ਡਾਕਟਰ ਬੈਚ ਦੀ ਆਪਣੀ ਲਿਖਤ ਤੋਂ ਲਾਉਣਾ ਜਰੂਰੀ ਹੈ। ਉਸ ਅਨੁਸਾਰ "ਇਹ ਫੁੱਲ ਦਵਾਈ ਉਨ੍ਹਾਂ ਲਈ ਹੈ, ਜੋ ਬਿਨਾ ਕਿਸੇ ਖਾਸ ਕਾਰਨ ਆਪਣੇ ਆਲੇ-ਦੁਆਲੇ ਹੋਣ ਵਾਲੀਆਂ ਘਟਨਾਵਾਂ ਤੋਂ ਅਣਭਿੱਜ ਰਹਿ ਕੇ, ਭਾਵ ਉਨ੍ਹਾਂ ਨੂੰ ਆਪਣੀ ਕਿਸਮਤ ਮੰਨ ਕੇ ਸਹਿਨ ਕਰੀ ਜਾਂਦੇ ਹਨ ਤੇ ਆਪਣੇ ਜੀਵਨ ਦੀ ਗੱਡੀ ਨੂੰ ਜਿਵੇਂ ਤਿਵੇਂ ਘਸੀਟੀ ਜਾਂਦੇ ਹਨ। ਉਹ ਚੀਜ਼ਾਂ ਨੂੰ ਸੁਧਾਰ ਕੇ ਜੀਵਨ ਦਾ ਹੁਲਾਰਾ ਲੈਣ ਦੀ ਥਾਂ ਹਾਲਾਤ ਨਾਲ ਸਹਿਯੋਗ ਕਰ ਕੇ ਚਲਦੇ ਹਨ। ਉਹ ਜੀਵਨ ਦੇ ਸੰਘਰਸ਼ ਵਿਚ ਦਬ ਕੇ ਚਲਣ ਵਾਲੇ ਹੁੰਦੇ ਹਨ ਤੇ ਹਾਲਾਤ ਪ੍ਰਤੀ ਕੋਈ ਗਿਲਾ ਸ਼ਿਕਵਾ ਨਹੀਂ ਕਰਦੇ।"

ਡਾ. ਬੈਚ ਦੇ ਇਸ ਵਰਣਨ ਵਿਚ ਪਹਿਲੀ ਮੁੱਖ ਗੱਲ ਇਹ ਹੈ ਕਿ ਵਾਈਲਡ ਰੋਜ਼ ਦੇ ਸੁਭਾਅ ਵਾਲੇ ਵਿਅਕਤੀ ਬਾਹਰਲੇ ਹਾਲਾਤ ਦਾ ਅਸਰ ਨਹੀਂ ਕਬੂਲਦੇ। ਉਨ੍ਹਾਂ ਦੇ ਜੀਵਨ ਵਿਚ ਜੋ ਵੀ ਵਾਪਰਦਾ ਰਹੇ, ਉਹ ਉਸ ਵੱਲ ਧਿਆਨ ਨਹੀਂ ਦਿੰਦੇ। ਜੇ ਕੁਝ ਚੰਗਾ ਵਾਪਰਦਾ ਹੈ ਤਾਂ ਉਨ੍ਹਾਂ ਨੂੰ ਕੋਈ ਚਾਅ ਨਹੀਂ ਚੜ੍ਹਦਾ ਤੇ ਜੇ ਕੁਝ ਮਾੜਾ ਵਾਪਰਦਾ ਹੈ ਤਾਂ ਉਹ ਭਾਣਾ ਮੰਨ ਕੇ ਬਰਦਾਸ਼ਤ ਕਰ ਲੈਂਦੇ ਹਨ। ਉਹ ਸਮਝਦੇ ਹਨ ਕਿ ਕੁਦਰਤ ਦੇ ਭਾਣੇ ਅੱਗੇ ਉਹ ਕੁਝ ਨਹੀਂ ਕਰ ਸਕਦੇ, ਇਸ ਲਈ ਉਸ ਨੂੰ ਤਾਂ ਸਵੀਕਾਰ ਹੀ ਕਰਨਾ ਪਵੇਗਾ। ਦੂਜੇ ਉਹ ਇਸ ਤਰ੍ਹਾਂ ਦਾ ਉਦਾਸੀਨਤਾ ਵਾਲਾ ਰੁਖ ਕਿਸੇ ਖਾਸ ਕਾਰਨ ਕਰ ਕੇ ਨਹੀਂ ਅਪਨਾਉਂਦੇ, ਸਗੋਂ ਆਪਣੀ ਸੁਭਾਵਿਕ ਪ੍ਰਕਿਰਤੀ ਕਰਕੇ ਅਪਨਾਉਂਦੇ ਹਨ। ਖਾਸ ਕਾਰਨ ਤੋਂ ਭਾਵ ਕਿਸੇ ਖਾਸ ਕਿਸਮ ਦੀ ਮਜ਼ਬੂਰੀ ਜਾਂ ਡਰ ਹੈ। ਚੰਗਾ ਪਹਿਰਾਵਾ, ਚੰਗਾ ਭੋਜਨ ਤੇ ਸਿਰ 'ਤੇ ਛੱਤ ਸਭ ਦੀ ਲੋੜ ਹੈ। ਜੇ ਕਿਸੇ ਨੂੰ ਸਾਧਨਾਂ ਦੀ ਕਮੀ ਕਰ ਕੇ ਮਾੜੇ ਕੱਪੜੇ ਪਹਿਨਣੇ ਪੈਂਦੇ ਹੋਣ ਜਾਂ ਬਾਸੀ ਭੋਜਨ ਖਾਣਾ ਪੈਂਦਾ ਹੋਵੇ ਤੇ ਜਾਂ ਚੋਂਦੀ ਛੱਤ ਵਾਲੇ ਘਰ ਵਿਚ ਰਹਿਣਾ ਪੈ ਰਿਹਾ ਹੋਵੇ ਤਾਂ ਇਹ ਖਾਸ ਕਾਰਨ ਹੈ। ਜੇ ਉਹ ਸਾਧਨ ਜੋੜ ਕੇ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਉਹ ਵਾਈਲਡ ਰੋਜ਼ ਦਾ ਮਰੀਜ਼ ਨਹੀਂ ਹੈ, ਪਰ ਜੇ ਉਹ ਹਾਲਾਤ ਨਾਲ ਸਮਝੌਤਾ ਕਰ ਗਿਆ ਹੈ ਤੇ ਸਮਝਣ ਲੱਗਿਆ ਹੈ ਕਿ ਜਿਸ ਹਾਲਤ ਵਿਚ ਉਹ ਰਹਿ ਰਿਹਾ ਹੈ, ਉਹ ਉਸ ਦੀ ਹੋਣੀ ਹੈ, ਭਾਵ ਉਸ ਦੇ ਮੁਕੱਦਰ ਵਿਚ ਲਿਖਿਆ ਹੀ ਇਵੇਂ ਹੈ, ਤੇ ਇਸ ਬਾਰੇ ਉਹ ਉੱਕਾ ਕੁਝ ਨਹੀਂ ਕਰ ਸਕਦਾ, ਤਾਂ ਉਸ ਨੂੰ ਇਹ ਫੁੱਲ ਦਵਾਈ ਦੇਣੀ ਹੀ ਚਾਹੀਦੀ ਹੈ। ਅਜਿਹੇ ਲੋਕ ਆਪਣੀ ਹਾਲਤ ਵਿਚ ਹੀ ਮਸਤ ਰਹਿੰਦੇ ਹਨ ਤੇ ਕੋਈ ਉੱਦਮ ਨਹੀਂ ਕਰਦੇ। ਪਰ ਜਿਸ ਕੋਲ ਸਾਧਨ ਹੋਣ ਤੇ ਉਹ ਉੱਦਮ ਵੀ ਨਾ ਕਰੇ, ਉਸ ਨੂੰ ਉੱਚਾ ਉਠਣ ਲਈ ਦੂਜਿਆਂ ਦੀ ਰੀਸ ਵੀ ਨਾ ਆਵੇ ਤੇ ਉਹ ਇੰਨਾ ਕਹਿ ਕੇ ਹੀ ਸਾਰ ਦੇਵੇ ਕਿ 'ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ' ਤਾਂ ਉਸ ਨੂੰ ਵਾਈਲਡ ਰੋਜ਼ ਦੀ ਥਾਂ ਲਾਰਚ ਨਾਂ ਦੀ ਫੁੱਲ ਦਵਾਈ ਦੇਣੀ ਬਣਦੀ ਹੈ।



ਤੀਜੇ, ਵਾਈਲਡ ਰੋਜ਼ ਦੀ ਖਾਸੀਅਤ ਵਾਲੇ ਲੋਕ ਆਪਣੇ ਆਪ ਨੂੰ ਇੰਨਾ ਸੰਤੁਸ਼ਟ ਤੇ ਆਤਮ-ਨਿਰਭਰ ਸਮਝਦੇ ਹਨ ਕਿ ਉਹ ਸੰਸਾਰ ਦੇ ਵਿਕਾਸ ਵਿਚ ਕੋਈ ਯੋਗਦਾਨ ਨਹੀਂ ਪਾਉਂਦੇ। ਉਹ ਇਸ ਨੂੰ ਜਿਵੇਂ ਪ੍ਰਾਪਤ ਕਰਦੇ ਹਨ, ਉਵੇਂ ਹੀ ਛੱਡ ਕੇ ਚਲੇ ਜਾਂਦੇ ਹਨ। ਉਹ ਇਸ ਦੀ ਸੰਭਾਲ ਕਰਨ ਵਾਲੇ ਭਾਵ ਟੁੱਟ-ਭੱਜ ਨੂੰ ਠੀਕ ਕਰਨ ਵਾਲੇ ਵੀ ਨਹੀਂ ਹੁੰਦੇ, ਸਗੋਂ ਇਸ ਨੂੰ ਆਪਣੀ ਹਾਲਤ 'ਤੇ ਛੱਡ ਕੇ ਚਲੇ ਜਾਣ ਵਾਲੇ ਹੁੰਦੇ ਹਨ। ਉਹ ਇਸ ਨੂੰ ਮਾਯਾ ਦਾ ਜੰਜਾਲ ਸਮਝਦੇ ਹਨ ਤੇ ਇਸ ਤੋਂ ਦੂਰ ਰਹਿਣਾ ਪਸੰਦ ਕਰਦੇ ਹਨ। ਆਮ ਤੌਰ 'ਤੇ ਇਹ ਪ੍ਰਵਿਰਤੀਆਂ ਵੱਡੇ ਪੂਜਾ ਪਾਠੀਆਂ ਤੇ ਸੰਨਿਆਸੀਆਂ ਦੀਆਂ ਹੁੰਦੀਆਂ ਹਨ, ਜੋ ਸੰਸਾਰ ਨਾਲੋਂ ਆਪਣੇ ਤਾਲੂਕਾਤ ਤੋੜ ਕੇ ਬ੍ਰਹਮ ਨਾਲ ਲੀਨ ਹੋ ਜਾਣਾ ਚਾਹੁੰਦੇ ਹਨ ਤੇ ਇਸੇ ਆਸ ਵਿਚ ਸਾਰਾ ਜੀਵਨ ਲਾ ਦਿੰਦੇ ਹਨ। ਇਨ੍ਹਾਂ ਨੂੰ ਦੁੱਖ-ਸੁੱਖ, ਮਾਣ ਇੱਜ਼ਤ ਤੇ ਜੀਵਨ-ਮਰਨ ਸਭ ਇਕ ਬਰਾਬਰ ਲਗਦਾ ਹੈ। ਦੁਨੀਆਂ ਇਨ੍ਹਾਂ ਨੂੰ ਉੱਚੀ ਬਿਰਤੀ ਵਾਲੇ ਜਾਂ ਚੰਗੀ ਕਰਨੀ ਵਾਲੇ ਜਾਂ ਅਤਿ ਪਹੁੰਚੇ ਹੋਏ ਮਹਾਂਪੁਰਸ਼ ਮੰਨਦੀ ਹੈ। ਇਨ੍ਹਾਂ ਵਿਚੋਂ ਬਹੁਤੇ ਤਾਂ ਪਾਖੰਡ ਕਰ ਕੇ ਮਾਇਆ ਦੇ ਸੁਖ ਬਟੋਰਨ ਵਾਲੇ ਹੁੰਦੇ ਹਨ, ਪਰ ਜੇ ਕੋਈ ਸੱਚੀ ਮੁੱਚੀ ਇਨ੍ਹਾਂ ਵਿਚਾਰਾਂ ਦਾ ਧਾਰਨੀ ਹੋਵੇ ਤਾਂ ਉਸ ਨੂੰ ਫੁੱਲ ਦਵਾਈ ਵਾਈਲਡ ਰੋਜ਼ ਦਾ ਮਰੀਜ਼ ਸਮਝਿਆ ਜਾਣਾ ਚਾਹੀਦਾ ਹੈ।

ਚੌਥੇ, ਵਾਈਲਡ ਰੋਜ਼ ਦੀਆਂ ਆਦਤਾਂ ਵਾਲੇ ਲੋਕ ਹਾਲਾਤ ਹੇਠ ਦਬ ਕੇ ਚਲਦੇ ਹਨ ਤੇ ਇਨ੍ਹਾਂ ਖਿਲਾਫ ਕਦੇ ਸ਼ਿਕਾਇਤ ਨਹੀਂ ਕਰਦੇ। ਉਹ ਭਾਵੇਂ ਭੁੱਖੇ ਹੋਣ ਤੇ ਭਾਵੇਂ ਅਤਿ ਦੇ ਬੀਮਾਰ ਹੋਣ, ਪਰ ਕਹਿਣਗੇ ਇਹੀ ਕਿ ਦਾਤੇ ਦਾ ਸ਼ੁਕਰ ਹੈ, ਉਹ ਠੀਕ ਠਾਕ ਹਨ। ਐਗਰੀਮਨੀ ਦੇ ਮਰੀਜ਼ ਵੀ ਅੰਦਰੋਂ ਦੁਖੀ ਤੇ ਬਾਹਰੋਂ ਖੁਸ਼ ਪ੍ਰਤੀਤ ਹੁੰਦੇ ਹਨ, ਪਰ ਉਹ ਅੰਦਰੋਂ ਸੱਚੀ ਮੁੱਚੀ ਦੁਖੀ ਹੁੰਦੇ ਹਨ ਤੇ ਬਾਹਰੋਂ ਖੁਸ਼ ਹੋਣ ਦਾ ਡਰਾਮਾ ਕਰਦੇ ਹਨ। ਵਾਈਲਡ ਰੋਜ਼ ਵਾਲਿਆਂ ਨੂੰ ਦੁਖ ਸੁਖ ਦੀ ਪਰਵਾਹ ਨਹੀਂ ਹੁੰਦੀ ਤੇ ਉਹ ਇਨ੍ਹਾਂ ਨੂੰ ਹਾਲਾਤ ਦਾ ਪ੍ਰਛਾਵਾਂ ਸਮਝਦੇ ਹਨ।

ਡਾ. ਦਰਸ਼ਨ ਸਿੰਘ ਵੋਹਰਾ ਨੇ ਇਸ ਫੁੱਲ ਦਵਾਈ ਦੇ ਮਰੀਜ਼ਾਂ ਦੀਆਂ ਮੁੱਖ ਵਿਸ਼ੇਸ਼ਤਾਈਆਂ ਨੂੰ ਇਸ ਤਰ੍ਹਾਂ ਕਲਮਬੱਧ ਕੀਤਾ ਹੈ:

1. ਉਹ ਆਪਣੀ ਨਾਕਾਮਯਾਬੀ, ਬਦਕਿਸਮਤੀ ਤੇ ਗਰੀਬੀ ਨਾਲ ਸਮਝੌਤਾ ਕਰ ਲੈਂਦੇ ਹਨ ਤੇ ਜ਼ਿੰਦਗੀ ਤੋਂ ਉਪਰਾਮ ਹੋ ਕੇ ਆਪਣੀ ਹਾਲਤ ਸੁਧਾਰਨ ਦਾ ਖਿਆਲ ਛੱਡ ਦਿੰਦੇ ਹਨ।

2. ਉਹ ਜੋ ਕੁਝ ਹੋਣਾ ਹੈ, ਉਸ ਨੂੰ ਕਿਸਮਤ 'ਤੇ ਛੱਡ ਦਿੰਦੇ ਹਨ, ਆਪਣੀ ਦੁਰਦਸ਼ਾ ਨੂੰ ਪੂਰਬਲੇ ਕਰਮਾਂ ਦਾ ਫਲ ਸਮਝ ਕੇ ਆਪਣੀ ਬੀਮਾਰੀ ਦਾ ਇਲਾਜ ਨਹੀਂ ਕਰਵਾਉਂਦੇ ਅਤੇ ਵਧਦੀ ਮਹਿੰਗਾਈ ਜਾਂ ਘਟਦੀ ਆਮਦਨ ਦੀ ਔਕੜ ਸਮੇਂ ਵੀ ਆਪਣੀ ਆਮਦਨ ਵਧਾਉਣ ਦਾ ਕੋਈ ਯਤਨ ਨਹੀਂ ਕਰਦੇ।

3. ਉਨ੍ਹਾਂ ਦੀ ਘਰੋਗੀ ਜ਼ਿੰਦਗੀ ਵਿਚ ਅਸ਼ਾਂਤੀ, ਪੁਰਾਣੀ ਬੀਮਾਰੀ, ਆਰਥਿਕ ਦੁਰਦਸ਼ਾ, ਸਮਾਜਿਕ ਬਦਨਾਮੀ, ਬੱਚਿਆਂ ਦਾ ਹਨੇਰਾ ਭਵਿੱਖ ਆਦਿ ਕੁਝ ਵੀ ਉਨ੍ਹਾਂ ਨੂੰ ਝੰਜੋੜ ਕੇ ਸੁਚੇਤ ਪੱਧਰ 'ਤੇ ਖੜ੍ਹਾ ਨਹੀਂ ਕਰ ਸਕਦਾ।

4. ਉਹ ਆਪਣੀ ਦੁਰਦਸ਼ਾ ਦੀ ਕਿਸੇ ਕੋਲ ਸ਼ਿਕਾਇਤ ਨਹੀਂ ਕਰਦੇ, ਕਿਉਂਕਿ ਇਹ ਦੁਰਦਸ਼ਾ ਉਨ੍ਹਾਂ ਨੂੰ ਸੁਭਾਵਿਕ ਲਗਦੀ ਹੈ।

5. ਉਹ ਆਪਣੇ ਆਪ ਨੂੰ ਹਮੇਸ਼ਾ ਥੱਕੇ ਹਾਰੇ ਤੇ ਬਲਹੀਣ ਮਹਿਸੂਸ ਕਰਦੇ ਹਨ।

6. ਉਨ੍ਹਾਂ ਦੇ ਜੀਵਨ ਵਿਚ ਮਨੁੱਖਾਂ ਵਾਲਾ ਕੋਈ ਉਤਸ਼ਾਹ ਤੇ ਹੁਲਾਸ ਨਹੀਂ ਹੁੰਦਾ, ਇਸ ਲਈ ਉਹ ਮਨੁੱਖੀ ਦੇਹੀ ਵਿਚ ਪਸ਼ੂ ਸਮਾਨ ਵਾਂਗ ਹੁੰਦੇ ਹਨ। ਉਨ੍ਹਾਂ ਨੇ ਭੁੱਖ ਲੱਗੀ 'ਤੇ ਜੋ ਮਿਲ ਗਿਆ, ਸੋ ਖਾ ਲੈਣਾ ਹੁੰਦਾ ਹੈ, ਥੋੜ੍ਹੇ ਵਿਚ ਹੀ ਗੁਜ਼ਾਰਾ ਕਰ ਲੈਣਾ ਹੁੰਦਾ ਹੈ ਅਤੇ ਥੁੜ੍ਹਨ 'ਤੇ ਹੋਰ ਦਾ ਇੰਤਜ਼ਾਮ ਨਹੀਂ ਕਰਨਾ ਹੁੰਦਾ।

7. ਫੁੱਲ ਦਵਾਈ ਵਾਈਲਡ ਰੋਜ਼ ਲੈਣ ਨਾਲ ਉਨ੍ਹਾਂ ਦੇ ਜੀਵਨ ਵਿਚ ਚਾਅ ਤੇ ਹੁਲਾਸ ਆ ਜਾਣਗੇ ਭਾਵ ਉਹ ਆਪਣੇ ਕੰਮ ਦਿਲਚਸਪੀ ਤੇ ਜ਼ਿੰਮੇਵਾਰੀ ਨਾਲ ਕਰਨਗੇ ਤੇ ਆਪਣੀ ਆਤਮਾ ਦੀ ਆਵਾਜ਼ ਸੁਣ ਕੇ ਹਰ ਔਕੜ ਦਾ ਟਾਕਰਾ ਕਰਨ ਲੱਗ ਪੈਣਗੇ।

ਉਂਜ ਦੁਖ ਸੁਖ ਇਕ ਸਮਾਨ ਜਾਣਨ ਵਾਲੇ ਇਨ੍ਹਾਂ ਵਿਅਕਤੀਆਂ ਨੂੰ ਬੀਮਾਰਾਂ ਦੀ ਸ਼੍ਰੇਣੀ ਵਿਚ ਨਹੀਂ ਰੱਖਿਆ ਜਾਣਾ ਚਾਹੀਦਾ, ਪਰ ਹੋਮਿਓਪੈਥੀ ਅਨੁਸਾਰ ਉਹ ਰੋਗੀ ਹੁੰਦੇ ਹਨ। ਇਸ ਵਿਚ ਅਜਿਹੇ ਕਈ ਵਿਅਕਤੀਆਂ ਨੂੰ ਬੀਮਾਰ ਸਮਝਿਆ ਜਾਂਦਾ ਹੈ, ਜਿਨ੍ਹਾਂ ਨੂੰ ਸਮਾਜ ਵਿਚ ਧਰਮੀ-ਕਰਮੀ ਸਮਝ ਕੇ ਸਨਮਾਨਿਆ ਜਾਂਦਾ ਹੈ। ਇਹ ਉਨ੍ਹਾਂ ਦੀ ਉੱਚ ਧਾਰਮਿਕ ਅਵਸਥਾ ਨੂੰ ਇਕ ਮੈਡੀਕਲ ਹਾਲਤ (Medical Condition) ਦੱਸਦੀ ਹੈ। ਕਾਰਨ ਇਹ ਕਿ ਇਸ ਰਾਹੀਂ ਪਰਖ ਕੀਤੀਆਂ ਕਈ ਦਵਾਈਆਂ ਮਨੁੱਖ ਵਿਚ ਧਾਰਮਿਕ ਰੁਚੀਆਂ ਵਾਲੇ ਚਿੰਨ ਉਤਪੰਨ ਕਰਦੀਆਂ ਹਨ। ਜੋ ਧਾਰਮਿਕ ਵਿਚਾਰਾਂ ਵਾਲੇ ਨਹੀਂ ਵੀ ਹੁੰਦੇ, ਹੋਮਿਓਪੈਥਿਕ ਦਵਾਈਆਂ ਦੀ ਪਰੂਵਿੰਗ (Proving) ਵੇਲੇ ਉਹ ਵੀ ਧਾਰਮਿਕ ਤੇ ਫਿਲਾਸਫਾਨਾ ਚਿੰਤਨ ਵਾਲੀਆਂ ਅਲਾਮਤਾਂ ਦਰਸਾਉਣ ਲੱਗ ਪੈਂਦੇ ਹਨ। ਮਿਸਾਲ ਵਜੋਂ ਸਟਰਾਮੋਨੀਅਮ (Stramonium) ਦਾ ਮਰੀਜ਼ ਬੇਹਦ ਧਰਮੀ ਹੁੰਦਾ ਹੈ ਤੇ ਹਰ ਵੇਲੇ ਪੂਜਾ ਪਾਠ ਵਿਚ ਲੱਗਿਆ ਰਹਿੰਦਾ ਹੈ। ਰੂੱਸ ਟਾਕਸ (Rhus Tox) ਦਾ ਰੋਗੀ ਹਰ ਵੇਲੇ ਪ੍ਰਭੂ ਚਰਨਾਂ ਨਾਲ ਜੁੜਿਆ ਅਰਦਾਸ ਕਰਦਾ ਰਹਿੰਦਾ ਹੈ। ਸਾਈਕਲਾਮਿਨ (Cyclamen) ਤੇ ਡਿਜੀਟਲਿਸ (Digitalis) ਵਾਲਿਆਂ ਨੂੰ ਆਪਣੀ ਜ਼ਮੀਰ ਦੀ ਚਿੰਤਾ ਰਹਿੰਦੀ ਹੈ। ਸਿਲੀਕਾ (Silica), ਸਟ੍ਰੌਂਸੀਅਮ (Strontium Carb) ਤੇ ਲੈਕੇਸਿਸ (Lachesis) ਦੇ ਮਰੀਜ਼ ਧਾਰਮਿਕ ਦੀਵਾਨਗੀ (Religious Insanity) ਦੇ ਸ਼ਿਕਾਰ ਹੋਏ ਹੁੰਦੇ ਹਨ। ਮੈਲੀਲੋਟਸ (Melilotus) ਤੇ ਨੈਟਰਮ ਕਾਰਬ (Natrum Carb) ਵਾਲਿਆਂ ਵਿਚ ਧਾਰਮਿਕ ਚਿੰਤਾ (Religious Melancholy) ਜਾਂ ਧਾਰਮਿਕ ਡਿਪ੍ਰੈਸ਼ਨ ਭਾਰੂ ਹੁੰਦਾ ਹੈ। ਇਸੇ ਤਰ੍ਹਾਂ ਵਿਰੈਟ੍ਰਮ ਐਲਬਮ (Veratrum Alb) ਤੇ ਕੈਂਫਰ (Camphora) ਧਾਰਮਿਕ ਜਾਨੂੰਨ (Religious Mania) ਪੈਦਾ ਕਰਦੇ ਹਨ ਅਤੇ ਥੂਜਾ (Thuja) ਦੇ ਮਰੀਜ਼ ਸਰੀਰ ਤੇ ਆਤਮਾ ਨੂੰ ਨਿਖੇੜ ਕੇ ਦੇਖਣ ਦੇ ਆਦੀ ਹੁੰਦੇ ਹਨ। ਪਰ ਫੁੱਲ ਦਵਾਈ ਵਾਈਲਡ ਰੋਜ਼ ਦੇ ਮਰੀਜ਼ਾਂ ਦੀ ਪ੍ਰਵਿਰਤੀ ਧਾਰਮਿਕ ਪੂਜਾ ਪਾਠ ਜਾਂ ਅਰਦਾਸ ਕਰਨ ਵਾਲੀ ਨਹੀਂ ਹੁੰਦੀ। ਉਨ੍ਹਾਂ ਦਾ ਤਾਂ ਆਪਣੀ ਆਤਮਾ ਦੀ ਮੁਕਤੀ ਨਾਲ ਵੀ ਕੋਈ ਸਰੋਕਾਰ ਨਹੀਂ ਹੁੰਦਾ। ਉਹ ਤਾਂ ਸਗੋਂ ਨਿਰਲੇਪ, ਸੰਤੁਸ਼ਟ ਤੇ ਫੱਕਰ ਕਿਸਮ ਦੇ ਬੇਪ੍ਰਵਾਹ ਹੁੰਦੇ ਹਨ।

ਇਸ ਤਰ੍ਹਾਂ ਫੁੱਲ ਦਵਾਈ ਵਾਈਲਡ ਰੋਜ਼ ਦੋ ਪੱਧਰਾਂ 'ਤੇ ਕੰਮ ਕਰਦੀ ਹੈ, ਪਹਿਲਾ ਸੰਸਾਰਕ ਤੇ ਦੂਜਾ ਸਰੀਰਕ। ਸੰਸਾਰਕ ਪੱਧਰ 'ਤੇ ਇਸ ਦਾ ਮਰੀਜ਼ ਲਾਪ੍ਰਵਾਹ ਤੇ ਉਤਸ਼ਾਹਹੀਣ ਹੁੰਦਾ ਹੈ। ਉਸ ਨੂੰ ਖਾਣ ਪਹਿਨਣ ਦਾ ਸ਼ੌਕ ਨਹੀਂ ਹੁੰਦਾ। ਉਸ ਕੋਲ ਜੋ ਹੁੰਦਾ ਹੈ, ਉਸੇ ਵਿਚ ਰੱਬ ਦਾ ਸ਼ੁਕਰ ਕਰ ਕੇ ਗੁਜ਼ਾਰਾ ਕਰਦਾ ਰਹਿੰਦਾ ਹੈ। ਉਸ ਦੇ ਨਾਲ ਵਾਲੇ ਕੰਮ ਮਿਹਨਤ ਕਰ ਕੇ ਅੱਗੇ ਨਿਕਲ ਜਾਂਦੇ ਹਨ, ਪਰ ਉਹ ਉੱਥੇ ਹੀ ਰੁਕਿਆ ਰਹਿੰਦਾ ਹੈ। ਉਸ ਨੂੰ ਦੂਜਿਆਂ ਦੀ ਤਰੱਕੀ ਦਾ ਕੋਈ ਸਾੜਾ ਨਹੀਂ ਹੁੰਦਾ ਤੇ ਨਾ ਹੀ ਉਹ ਦੂਜਿਆਂ ਦੀ ਰੀਸ ਕਰਦਾ ਹੈ। ਉਸ ਦੀ ਫਿਲਾਸਫੀ ਹੁੰਦੀ ਹੈ ਕਿ ਰੱਬ ਨੇ ਜੋ ਕਿਸਮਤ ਵਿਚ ਲਿਖਿਆ ਹੈ, ਉਹੀ ਮਿਲਣਾ ਹੈ, ਵਾਧੂ ਲਾਲਸਾ ਕਰਨ ਦਾ ਕੋਈ ਲਾਭ ਨਹੀਂ। ਸਾੜਾ ਤਾਂ ਕਿਸੇ ਨਾਲ ਵਾਟਰ ਵਾਇਓਲੈਟ ਦਾ ਮਰੀਜ਼ ਵੀ ਨਹੀਂ ਕਰਦਾ, ਸਗੋਂ ਉਹ ਸਰਬਤ ਦਾ ਭਲਾ ਚਾਹੁੰਦਾ ਹੈ, ਪਰ ਵਾਟਰ ਵਾਇਓਲੈਟ ਸੁਭਾਅ ਦਾ ਵਿਅਕਤੀ ਆਪ ਸੁਘੜ ਗਿਆਨੀ ਤੇ ਤਰੱਕੀਸ਼ੁਦਾ ਹੁੰਦਾ ਹੈ। ਇਸ ਦੇ ਉਲਟ ਵਾਈਲਡ ਰੋਜ਼ ਦੇ ਰੋਗੀ ਵਿਚ ਅੱਗੇ ਵਧਣ ਦਾ ਉਤਸ਼ਾਹ ਨਹੀਂ ਹੁੰਦਾ। ਜੇ ਉਸ ਦੀ ਹਾਲਤ ਜਰਾ ਹੋਰ ਡਿੱਗ ਜਾਵੇ ਤਾਂ ਉਹ ਆਪਣੀ ਮੁਫਲਿਸੀ ਦੀ ਹਾਲਤ ਨੂੰ ਵਡਿਆਉਣ ਵੀ ਲੱਗ ਪੈਂਦਾ ਹੈ। ਉਹ ਆਪਣੇ ਆਪ ਨੂੰ ਰਾਜਾ ਦੱਸੇਗਾ, ਆਪਣੇ ਬਾਂਕੇ ਜੀਵਨ ਬਾਰੇ ਜੁਮਲੇ ਗਾਵੇਗਾ ਤੇ ਫਿਲਾਸਫੀ ਘੋਟੇਗਾ। ਫਿਰ ਉਸ ਨੂੰ ਸਾਧਾਰਣ ਚੀਜ਼ਾਂ ਵੀ ਚੰਗੀਆਂ ਲੱਗਣ ਲੱਗ ਜਾਣਗੀਆਂ ਤੇ ਉਹ ਉਨ੍ਹਾਂ ਨੂੰ ਹੀ ਵਡਮੁੱਲੀਆਂ ਸਮਝ ਕੇ ਸਾਂਭ ਸਾਂਭ ਰੱਖਣਾ ਸ਼ੁਰੂ ਕਰ ਦੇਵੇਗਾ। ਉਸ ਨੂੰ ਲੀਰਾਂ ਵੀ ਦੁਸ਼ਾਲੇ ਲੱਗਣਗੀਆਂ। ਹੌਲੀ ਹੌਲੀ ਉਹ ਘੋਰੀ ਤੇ ਦਲਿੱਦਰੀ ਬਣ ਜਾਵੇਗਾ। ਹੋਮਿਓਪੈਥੀ ਵਿਚ ਅਜਿਹੇ ਵਿਅਕਤੀ ਨੂੰ ਸਲਫਰ (Sulphur) ਦਿੱਤੀ ਜਾਂਦੀ ਹੈ, ਪਰ ਬੈਚ ਪੱਧਤੀ ਵਿਚ ਵਾਇਲਡ ਰੋਜ਼ ਦੇ ਕੇ ਉਸ ਦੇ ਸੁਭਾਅ ਤੇ ਸੋਚ-ਦੋਹਾਂ ਨੂੰ ਦਰੁਸਤ ਕੀਤਾ ਜਾਂਦਾ ਹੈ। ਇਹ ਫੁੱਲ ਦਵਾਈ ਉਸ ਨੂੰ ਮਾਨਸਿਕ ਹੱਲਾਸ਼ੇਰੀ ਦੇ ਕੇ ਉਸ ਦੀਆਂ ਸੁੱਤੀਆਂ ਦੁਨੀਆਵੀ ਸੁਰਾਂ ਖੋਲ੍ਹ ਦੇਵੇਗੀ।




ਛੇ ਸਾਲ ਪਹਿਲਾਂ ਮੇਰੇ ਕੋਲ ਉਣਤਾਲੀ ਸਾਲਾਂ ਦੀ ਇਕ ਬੀਬੀ ਆਪਣੇ ਹੱਥਾਂ ਦੇ ਐਗਜ਼ੀਮੇ ਦੀ ਸਮੱਸਿਆ ਲੈ ਕੇ ਆਈ। ਇਸ ਦਾ ਕਾਰਨ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ ਇਕ ਰੈਸਟੋਰੈਂਟ ਵਿਚ ਸਬਜ਼ੀਆਂ ਕੱਟਣ ਦਾ ਕੰਮ ਕਰਦੀ ਹੈ, ਜਿੱਥੇ ਉਸ ਨੂੰ ਦਸਤਾਨੇ ਪਾਉਣੇ ਪੈਂਦੇ ਹਨ, ਜਿਸ ਕਾਰਨ ਹੱਥਾਂ ਨੂੰ ਹਵਾ ਨਹੀਂ ਲਗਦੀ। ਬੀਬੀ ਕਾਫੀ ਪੜ੍ਹੀ-ਲਿਖੀ ਲਗਦੀ ਸੀ, ਇਸ ਲਈ ਮੈਨੂੰ ਲੱਗਿਆ ਕਿ ਉਹ ਆਪਣੀ ਯੋਗਤਾ ਤੋਂ ਘੱਟ ਕੰਮ ਕਰ ਰਹੀ ਹੈ। ਮੈਂ ਉਸ ਨੂੰ ਉਸ ਦੀ ਪੜ੍ਹਾਈ ਲਿਖਾਈ ਬਾਰੇ ਪੁੱਛਿਆ। ਕਹਿਣ ਲੱਗੀ, "ਜੀ ਇੰਡੀਆ ਤੋਂ ਐਮ. ਏ., ਐਮ.ਫਿਲ ਹਾਂ, ਪਰ ਇੱਥੇ ਆ ਕੇ ਕੁਝ ਨਹੀਂ ਕੀਤਾ।" ਉਸ ਦੀਆਂ ਗੱਲਾਂ ਨੇ ਮੇਰੇ ਅੰਦਰ ਪਿਆ ਅਧਿਆਪਕ ਜਗਾ ਦਿੱਤਾ, ਜੋ ਕਦੇ ਐਮ. ਏ., ਐਮ.ਫਿਲ, ਪੀਐਚ.ਡੀ., ਆਈ. ਏ. ਐਸ. ਤੇ ਆਈ. ਪੀ. ਐਸ. ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਕਰਦਾ ਸੀ। ਮੈਂ ਉਸ ਨੂੰ ਪੁੱਛਿਆ, "ਅੱਗੇ ਕਿਉਂ ਨਹੀਂ ਪੜ੍ਹੀ?" ਉਹ ਕਹਿਣ ਲੱਗੀ, "ਜੀ ਘਰ ਦਿਆਂ ਨੇ ਪੜ੍ਹਾਈ ਦੌਰਾਨ ਹੀ ਵਿਆਹ ਕਰ ਦਿੱਤਾ, ਹਸਬੈਂਡ ਨਾਲ ਇੱਥੇ ਆ ਗਈ। ਇੱਥੇ ਆ ਕੇ ਜਿੱਥੇ ਬੈਠ ਗਏ, ਸੋ ਬੈਠ ਗਏ। ਵਾਹਿਗੁਰੂ ਦੀ ਕਿਰਪਾ ਨਾਲ ਸੋਹਣਾ ਰੋਟੀ ਪਾਣੀ ਮਿਲਦਾ ਸੀ, ਕੰਮ ਕਰਨ ਦੀ ਲੋੜ ਨਾ ਪਈ। ਆਹ ਹੁਣ ਜਦੋਂ ਜ਼ਿੰਮੇਵਾਰੀ ਪਈ ਹੈ ਤਾਂ ਇਕ ਸਹੇਲੀ ਦੇ ਨਾਲ ਜਾ ਕੇ ਥੋੜ੍ਹਾ ਪਾਰਟ ਟਾਈਮ ਕੰਮ ਕਰਨਾ ਸ਼ੁਰੂ ਕੀਤਾ ਹੈ। ਬਸ ਗੁਜ਼ਾਰਾ ਹੋਈ ਜਾਂਦਾ ਹੈ।"

ਜੀਵਨ ਪ੍ਰਤੀ ਉਸ ਦੇ ਰਵਈਏ ਦੀਆਂ ਸੁਸਤ ਤੇ ਸੰਤੁਸ਼ਟ ਰਮਜ਼ਾਂ ਨੂੰ ਪਛਾਣ ਕੇ ਮੈਨੂੰ ਲੱਗਿਆ ਕਿ ਜਿਸ ਤਰ੍ਹਾਂ ਦਾ ਐਕਜ਼ੀਮਾ ਉਸ ਦੇ ਹੱਥਾਂ ਨੂੰ ਹੋਇਆ ਹੈ, ਉਸੇ ਤਰ੍ਹਾਂ ਦਾ ਸੋਚ ਦੀ ਖੜੋਤ ਦਾ ਇਕ ਐਕਜ਼ੀਮਾ ਉਸ ਦੀ ਜ਼ਿੰਦਗੀ ਵਿਚ ਨੂੰ ਵੀ ਹੋ ਗਿਆ ਹੈ। ਦੋਹਾਂ ਦਾ ਮੁੱਢ ਇਕ ਸਮਝ ਕੇ ਮੈਂ ਉਸ ਨੂੰ ਫੁੱਲ ਦਵਾਈ ਵਾਈਲਡ ਰੋਜ਼ ਖਾਣ ਦਾ ਸੁਝਾਅ ਦਿੱਤਾ। ਮਹੀਨੇ ਬਾਅਦ ਫਿਰ ਆਈ ਤਾਂ ਉਸ ਦੇ ਹੱਥ ਸਾਫ ਹੋ ਗਏ ਸਨ। ਉਸ ਨੇ ਦੱਸਿਆ ਕਿ ਉਸ ਨੂੰ ਅਧਿਆਪਕ ਬਣਨ ਦੀ ਪੁਰਾਣੀ ਇੱਛਾ ਬੜਾ ਤੰਗ ਕਰ ਰਹੀ ਹੈ, ਇਸ ਲਈ ਉਹ ਇਸ ਸਬੰਧੀ ਸਲਾਹ ਮਸ਼ਵਰਾ ਕਰਨ ਲਈ ਯੂਨੀਵਰਸਿਟੀ ਗਈ ਸੀ। ਅਗਲੇ ਸਮੈਸਟਰ ਤੋਂ ਅਧਿਆਪਨ ਦਾ ਕੋਰਸ ਸ਼ੁਰੂ ਕਰੇਗੀ। ਉਸ ਦੀ ਵਾਈਲਡ ਰੋਜ਼ ਜਾਰੀ ਰੱਖੀ ਗਈ। ਅੱਜ ਉਹ ਔਰਤ ਉਸੇ ਕਾਊਂਟੀ ਦੇ ਇਕ ਸਕੂਲ ਵਿਚ ਪੱਕੀ ਐਲੀਮੈਂਟਰੀ ਟੀਚਰ ਹੈ।

ਜਿਵੇਂ ਇਹ ਫੁੱਲ ਦਵਾਈ ਵਿਅਕਤੀ ਨੂੰ ਸਮਾਜਿਕ ਪੱਧਰ 'ਤੇ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਕਰਦੀ ਹੈ, ਉਵੇਂ ਸਰੀਰਕ ਪੱਧਰ 'ਤੇ ਇਹ ਉਸ ਦੇ ਜਿਸਮਾਨੀ ਰੋਗਾਂ ਦਾ ਇਲਾਜ ਕਰਦੀ ਹੈ। ਅਜਿਹੇ ਰੋਗੀ ਆਮ ਹੀ ਦੇਖਣ ਨੂੰ ਮਿਲਦੇ ਹਨ, ਜਿਹੜੇ ਛੇਤੀ ਛੇਤੀ ਆਪਣੀ ਬਿਮਾਰੀ ਦਾ ਇਲਾਜ ਨਹੀਂ ਕਰਵਾਉਂਦੇ। ਉਹ ਸੋਚਦੇ ਹਨ ਕਿ ਉਨ੍ਹਾਂ ਦੀ ਬੀਮਾਰੀ ਦਾ ਉਨ੍ਹਾਂ ਨੂੰ ਕੋਈ ਦੁੱਖ ਨਹੀਂ ਹੈ, ਕਿਉਂਕਿ ਇਸ ਦੇ ਹੁੰਦਿਆਂ ਵੀ ਉਨ੍ਹਾਂ ਦਾ ਕੰਮ ਚਲੀ ਜਾਂਦਾ ਹੈ। ਜਿਨ੍ਹਾਂ ਨੂੰ ਖੁਰਕ ਹੁੰਦੀ ਹੈ, ਉਹ ਖੁਰਕ ਲੈਂਦੇ ਹਨ; ਜਿਨ੍ਹਾਂ ਦਾ ਪੇਟ ਖਰਾਬ ਹੁੰਦਾ ਹੈ, ਉਹ ਖਾਣਾ ਪੀਣਾ ਘੱਟ ਕਰ ਦਿੰਦੇ ਹਨ ਤੇ ਜਿਨ੍ਹਾਂ ਨੂੰ ਰਾਤੀਂ ਨੀਂਦ ਨਹੀਂ ਆਉਂਦੀ, ਉਹ ਦਿਨੇ ਸੌਂ ਲੈਂਦੇ ਹਨ। ਉਨ੍ਹਾਂ ਨੇ ਬਿਮਾਰੀ ਨਾਲ ਇਸ ਤਰ੍ਹਾਂ ਮਿਲੀਭੁਗਤ ਕੀਤੀ ਹੁੰਦੀ ਹੈ ਕਿ ਬਿਮਾਰੀ ਉਨ੍ਹਾਂ ਨੂੰ ਤੰਗ ਨਹੀਂ ਕਰਦੀ ਤੇ ਉਹ ਬੀਮਾਰੀ ਨੂੰ ਤੰਗ ਨਹੀਂ ਕਰਦੇ। ਮੇਰੇ ਕੋਲ ਇਕ ਸਕੂਲ ਅਧਿਆਪਕ ਅੱਖਾਂ ਦੀ ਦਵਾਈ ਲੈਣ ਆਇਆ। ਉਸ ਨੂੰ ਧੁੰਦਲਾ ਦਿਖਾਈ ਦਿੰਦਾ ਸੀ, ਜੋ ਐਨਕ ਨਾਲ ਵੀ ਠੀਕ ਨਹੀਂ ਸੀ ਹੁੰਦਾ। ਜਦੋਂ ਉਹ ਆਪਣੀ ਤਕਲੀਫ ਦੱਸਣ ਲੱਗਿਆ, ਉਸ ਨੂੰ ਵਾਰ ਵਾਰ ਖੰਘ ਆਈ ਜਾਵੇ, ਜਿਸ ਕਾਰਨ ਉਸ ਨੂੰ ਰੁਕਣਾ ਪਵੇ। ਮੈਂ ਉਸ ਨੂੰ ਕਿਹਾ, "ਮਾਸਟਰ ਜੀ, ਤੁਹਾਨੂੰ ਤਾਂ ਖੰਘ ਵੀ ਬਹੁਤ ਹੈ।" ਉਹ ਮੇਰੀ ਗੱਲ ਨੂੰ ਨਜ਼ਰਅੰਦਾਜ਼ ਕਰਦਾ ਬੋਲਿਆ, "ਇਹ ਤਾਂ ਬਹੁਤ ਦੇਰ ਤੋਂ ਇਵੇਂ ਹੈ, ਵੱਡੀ ਸਮੱਸਿਆ ਤਾਂ ਨਿਗਾਹ ਦੀ ਹੈ।"

ਮੈਂ ਉਸ ਨੂੰ ਫਿਰ ਪੁੱਛਿਆ, "ਇਹ ਤਾਂ ਤੁਹਾਨੂੰ ਪੜ੍ਹਾਉਣ ਵੀ ਨਹੀਂ ਦਿੰਦੀ ਹੋਵੇਗੀ?" ਉਹਨੇ ਕਿਹਾ, "ਸਵੇਰ ਵੇਲੇ ਨ੍ਹੀਂ ਇੰਨੀ ਉੱਠਦੀ। ਉਂਜ ਵੀ ਬਹੁਤਾ ਕੰਮ ਬੋਰਡ 'ਤੇ ਲਿਖਣ ਦਾ ਹੀ ਹੁੰਦਾ ਹੈ। ਕੋਈ ਪੁਸਤਕ ਪੜ੍ਹ ਕੇ ਸੁਣਾਉਣੀ ਹੋਵੇ ਤਾਂ ਬੱਚਿਆਂ ਦੀ ਵਾਰੀ ਬੰਨ ਦੇਈਦੀ ਐ।" ਮੈਂ ਸੋਚਿਆ ਕਿ ਇਹ ਅਧਿਆਪਕ ਕਿਸੇ ਚੀਜ਼ ਵਲ ਉਦੋਂ ਤੀਕ ਧਿਆਨ ਨਹੀਂ ਦਿੰਦਾ, ਜਦੋਂ ਤੀਕ ਨੱਕ ਦੀ ਚੋ ਕੇ ਮੂੰਹ ਵਿਚ ਨਾ ਪੈ ਜਾਵੇ। ਮੈਂ ਉਸ ਨੂੰ ਵਾਈਲਡ ਰੋਜ਼ ਦੀਆਂ ਦੋ ਖੁਰਾਕਾਂ ਹਰ ਰੋਜ਼ ਖਾਣ ਲਈ ਕਿਹਾ- ਇਕ ਸਵੇਰੇ, ਇਕ ਰਾਤ ਨੂੰ। ਤਿੰਨ ਹਫਤੇ ਬਾਅਦ ਜਦੋਂ ਦੁਬਾਰਾ ਆਇਆ ਤਾਂ ਉਸ ਦੀ ਖੰਘ ਗਾਇਬ ਸੀ ਤੇ ਨਿਗਾਹ ਕਾਫੀ ਹੱਦ ਤੀਕ ਸਾਫ ਹੋ ਗਈ ਸੀ।

ਕਈ ਵਾਰ ਮਰੀਜ਼ ਹੁੰਦਾ ਤਾਂ ਬਹੁਤ ਬੀਮਾਰ ਹੈ, ਪਰ ਜੇ ਉਸ ਨੂੰ ਉਸ ਦਾ ਹਾਲ ਪੁੱਛੋ ਤਾਂ ਕਹਿੰਦਾ ਹੈ ਕਿ ਉਹ ਠੀਕ ਠਾਕ ਹੈ। ਬੁਖਾਰ 102 ਡਿਗਰੀ ਹੁੰਦਾ ਹੈ ਤੇ ਉਹ ਕੰਬਲ ਨਾਲ ਮੂੰਹ ਢਕੀ ਪਿਆ ਹੁੰਦਾ ਹੈ, ਪਰ ਪੁੱਛਣ 'ਤੇ ਹਮੇਸ਼ਾ ਆਪਣੇ ਆਪ ਨੂੰ ਤੰਦਰੁਸਤ ਦੱਸਦਾ ਹੈ। ਜੇ ਉਹ ਇਸ

*(ਬਾਕੀ ਅਗਲੇ ਸਫੇ 'ਤੇ)*

# ਨੌਜਵਾਨ ਵਰਗ ਦੇ ਮੁਹੱਬਤੀ ਸੁਪਨਿਆਂ ਦਾ ਭਾਸ਼ਾਈ ਬਿਰਤਾਂਤ ਸਿਰਜਦਾ ਨਾਵਲ 'ਯੁਵਾ ਕਥਾ'

ਭਾਵੇਂ 'ਯੁਵਾ ਕਥਾ' ਨੌਜਵਾਨ ਨਾਵਲਕਾਰ ਹਰਵੀਰ ਸਿੰਘ ਹਰਵਾਰੇ ਦਾ ਪਹਿਲਾ ਨਾਵਲ ਹੈ, ਇਸ ਵਿਚੋਂ ਉਸਦੇ ਭਵਿੱਖ ਦੇ ਚਰਚਿਤ ਨਾਵਲਕਾਰ ਬਣਨ ਦੀਆਂ ਪ੍ਰਬਲ ਸੰਭਾਵਨਾਵਾਂ ਛੁਪੀਆਂ ਹਨ। ਇਹ ਨਾਵਲ ਸਕੂਲਾਂ/ਕਾਲਜਾਂ ਵਿਚ ਪੜ੍ਹਦੀ ਨੌਜਵਾਨ ਪੀੜ੍ਹੀ ਨਾਲ ਜੁੜੇ ਪਾਤਰਾਂ ਦੇ ਉਨ੍ਹਾਂ ਸੁਪਨਿਆਂ ਦਾ ਭਾਸ਼ਾਈ ਬਿਰਤਾਂਤ ਸਿਰਜਦਾ ਹੈ, ਜਿਹੜੇ ਉਨ੍ਹਾਂ ਨੂੰ ਆਪਣੀ ਸਮਾਜਿਕ ਹੋਂਦ ਦੀ ਪਛਾਣ ਵੀ ਕਰਾਉਂਦੇ ਹਨ ਤੇ ਇਸ ਪਛਾਣ ਦਾ ਵਿਸਥਾਰ ਕਰਨਾ ਵੀ ਲੋਚਦੇ ਹਨ। ਨਾਵਲ ਦੇ ਪਾਤਰ ਬਣੇ ਐਸ. ਡੀ. ਕਾਲਜ ਲੁਧਿਆਣਾ ਦੇ ਵਿਦਿਆਰਥੀ ਭਾਵੇਂ ਆਪਣੀ ਉਮਰ ਦੇ ਉਸ


## ਪੁਸਤਕ ਚਰਚਾ

**ਨਿਰੰਜਣ ਬੋਹਾ**
ਫੋਨ: 91-89682-82700

ਪੜਾਅ ਵਿਚੋਂ ਲੰਘ ਰਹੇ ਹਨ, ਜਿੱਥੇ ਪਿਆਰ-ਮੁਹੱਬਤ ਦੀਆਂ ਗੱਲਾਂ ਕਰਨਾ, ਸੁਣਨਾ ਤੇ ਆਪਣੇ ਮਹਿਬੂਬ ਦੀਆਂ ਨਜ਼ਰਾਂ ਵਿਚ ਬਣੇ ਰਹਿਣਾ ਵੀ ਜੀਵਨ ਦਾ ਇੱਕ ਟੀਚਾ ਸਮਝਿਆ ਜਾਂਦਾ ਹੈ, ਪਰ ਨਾਵਲ ਦੀ ਖੂਬਸੂਰਤੀ ਇਸ ਵਿਚ ਹੈ ਕਿ ਇਹ ਪਾਤਰ ਮੁਹੱਬਤ ਨੂੰ ਕੁਦਰਤੀ ਵਿਰੋਧੀ ਲਿੰਗਕ ਖਿੱਚ ਤੇ ਜੁਆਨ ਉਮਰ ਦੀ ਮਾਨਸਿਕ ਲੋੜ ਕਹਿ ਕੇ ਹੀ ਅੱਗੇ ਨਹੀਂ ਲੰਘ ਜਾਂਦੇ, ਸਗੋਂ ਪਿਆਰ ਸਬੰਧਾਂ ਦੇ ਤੋੜ ਤੱਕ ਨਿਭਣ ਵਾਲੀ ਵਚਨਬੱਧਤਾ ਨਾਲ ਵੀ ਜੁੜੇ ਹੋਏ ਹਨ।

ਕਾਲਜ ਵਿਚ ਇਕੱਠੇ ਪੜ੍ਹਦੇ ਮੁੰਡੇ-ਕੁੜੀਆਂ ਵਿਚਲੇ ਮੁਹੱਬਤੀ ਸਬੰਧ ਇਸ ਉਮਰ ਦੀਆਂ ਮਾਨਸਿਕ ਜ਼ਰੂਰਤਾਂ ਦੀ ਤਰਜਮਾਨੀ ਤਾਂ ਕਰਦੇ ਹਨ, ਪਰ ਇਹ ਸਬੰਧ ਨਾ ਤਾਂ ਭੋਗੀ ਬਿਰਤੀਆਂ ਵਾਲੇ ਹਨ ਤੇ ਨਾ ਹੀ ਸਮਾਜਿਕ ਮਰਿਆਦਾਵਾਂ ਤੋਂ ਬਾਗੀ ਹਨ। ਨਾਵਲ ਵਿਚਲੇ ਅਮਰਿੰਦਰ ਤੇ ਅਨੁਪ੍ਰੀਤ ਦੀ ਮੁਹੱਬਤ ਦਾ ਆਗਾਜ਼ ਮਾਨਵੀ ਧਰਾਤਲ 'ਤੇ ਹੁੰਦਾ ਹੈ ਤੇ ਮਾਨਵੀ ਵਿਚਾਰਾਂ ਦੀ ਸਾਂਝ ਅੰਤ ਦਿਲਾਂ ਦੀ ਸਾਂਝ ਬਣ ਜਾਂਦੀ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪਿਆਰ ਸਿਧਾਂਤ 'ਪਿਆਰ ਕਬਜ਼ਾ ਨਹੀਂ ਪਛਾਣ ਹੈ' ਦਾ ਅਨੁਸਰਨ ਕਰਦਿਆਂ ਉਹ ਇਕ ਦੂਜੇ ਦੀ ਖੁਸ਼ੀ ਲਈ ਆਪਣੀ ਖੁਸ਼ੀ ਕੁਰਬਾਨ ਦੀ ਤੀਬਰ ਭਾਵਨਾ ਰੱਖਦੇ ਹਨ। ਜਦੋਂ ਅਨੁਪ੍ਰੀਤ ਨੂੰ ਪਤਾ ਲੱਗਦਾ ਹੈ ਕਿ ਅਮਰਿੰਦਰ ਉਸ ਦੀ ਸਹੇਲੀ ਕੋਮਲ ਨਾਲ ਵੀ ਦੋਸਤਾਨਾ ਸਬੰਧ ਰੱਖਦਾ ਹੈ ਤਾਂ ਉਹ ਦੋਹਾਂ ਦੀ ਖੁਸ਼ੀ ਲਈ






ਉਨ੍ਹਾਂ ਦੇ ਰਸਤੇ ਵਿਚੋਂ ਹਟ ਜਾਂਦੀ ਹੈ। ਮੋੜਵੇਂ ਰੂਪ ਵਿਚ ਕੋਮਲ ਵੀ ਅਜਿਹੀ ਹੀ ਕੁਰਬਾਨੀ ਦੀ ਮਿਸਾਲ ਪੇਸ਼ ਕਰਦੀ ਹੈ। ਅਨੁਪ੍ਰੀਤ ਨੂੰ ਇਕ ਤਰਫਾ ਪਿਆਰ ਕਰਦੇ ਰਤਨ ਦੀ ਸੋਚ ਵੀ ਉਨ੍ਹਾਂ ਵਾਂਗ ਹੀ ਨਿਰਛੱਲ ਹੈ। ਇਸ ਤਰ੍ਹਾਂ ਦੋਹਾਂ ਨੂੰ ਇਕੱਠੇ ਕਰਨ 'ਚ ਕੋਮਲ ਤੇ ਰਤਨ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।

ਨਾਵਲ ਦੀ ਕਹਾਣੀ ਵਿਚ ਫੈਸਲਾਕੁਨ ਮੋੜ ਉਸ ਵੇਲੇ ਆਉਂਦਾ ਹੈ, ਜਦੋਂ ਜਾਤ-ਪਾਤ, ਖਾਨਦਾਨ ਤੇ ਅਮੀਰੀ-ਗਰੀਬੀ ਨਾਲ ਜੁੜੀ ਸੰਸਕਾਰਗਤ ਸੋਚ ਉਨ੍ਹਾਂ ਦੀ ਮੁਹੱਬਤ ਦਾ ਰਾਹ ਰੋਕ ਲੈਂਦੀ ਹੈ। ਅਨੁਪ੍ਰੀਤ ਦੇ ਮਨ ਵਿਚ ਇਹ ਧਾਰਨਾ ਪੱਕੇ ਤੌਰ 'ਤੇ ਆਪਣਾ ਸਥਾਨ ਬਣਾ ਲੈਂਦੀ ਹੈ ਕਿ ਉਸ ਦੇ ਮਾਪੇ ਕਿਸੇ ਵੀ ਕੀਮਤ 'ਤੇ ਉਸ ਨੂੰ ਅਮਰਿੰਦਰ ਨਾਲ ਵਿਆਹ ਕਰਾਉਣ ਦੀ ਇਜਾਜ਼ਤ ਨਹੀਂ ਦੇਣਗੇ। ਮਾਪਿਆਂ ਤੇ ਅਮਰਿੰਦਰ ਦੇ ਪਿਆਰ ਵਿਚੋਂ ਇੱਕ ਦੀ ਚੋਣ ਦੇ ਦਵੰਦ ਵਿਚੋਂ ਅੰਤਿਮ ਫੈਸਲਾ ਮਾਪਿਆਂ ਦੇ ਹੱਕ ਵਿਚ ਆਉਂਦਾ ਹੈ ਤਾਂ ਉਹ ਆਪਣੇ ਦਿਲ 'ਤੇ ਪੱਥਰ ਰੱਖ ਕੇ ਅਮਰਿੰਦਰ ਨਾਲੋਂ ਅਣਚਾਹੀ ਦੂਰੀ ਕਾਇਮ ਕਰ ਲੈਂਦੀ ਹੈ। ਉਹ ਅਮਰਿੰਦਰ ਨੂੰ ਵੀ ਇਸ ਗੱਲ ਲਈ ਮਜਬੂਰ ਕਰਦੀ ਹੈ ਕਿ ਉਹ ਉਸ ਦੀ ਜ਼ਿੰਦਗੀ ਵਿਚੋਂ ਦੂਰ ਚਲਿਆ ਜਾਵੇ। ਘਰ ਦੀ ਮਾੜੀ ਆਰਥਿਕਤਾ ਨੂੰ ਥਾਂ ਸਿਰ ਕਰਨ ਲਈ ਜੂਝ ਰਹੇ ਅਮਰਿੰਦਰ ਨੂੰ ਵੀ ਅੰਤ ਟੁੱਟੇ ਦਿਲ ਨਾਲ ਉਸ ਦਾ ਫੈਸਲਾ ਸਵੀਕਾਰਨਾ ਹੀ ਪੈਂਦਾ ਹੈ।

ਦੋਹਾਂ ਦੇ ਅਧੂਰੇ ਪਿਆਰ ਦੀ ਕਹਾਣੀ ਨੂੰ ਪੂਰਨਤਾ ਵੱਲ ਲਿਜਾਣ ਲਈ ਨਾਵਲਕਾਰ ਨੇ ਕੁਝ ਮੌਕਾ ਮੇਲ ਜੁਗਤਾਂ ਵੀ ਵਰਤੀਆਂ ਹਨ। ਅਨੁਪ੍ਰੀਤ ਦਾ ਵਿਆਹ ਕੈਨੇਡਾ ਰਹਿੰਦੇ ਮੁੰਡੇ ਨਾਲ ਹੋ ਜਾਣ 'ਤੇ ਅਮਰਿੰਦਰ ਵੀ ਬੇ-ਰੁਜ਼ਗਾਰੀ ਦਾ ਸਤਾਇਆ ਉੱਥੇ ਪਹੁੰਚ ਜਾਂਦਾ ਹੈ। ਅਨੁਪ੍ਰੀਤ ਦੇ ਪਤੀ ਦੀ ਇਕ ਸੜਕ ਹਾਦਸੇ ਵਿਚ ਮੌਤ ਹੋ ਜਾਣ 'ਤੇ ਮੌਕਾ ਮੇਲ ਦੀ ਘਾੜਤ ਰਾਹੀਂ ਦੋਹਾਂ ਦੇ ਇਕ ਵਾਰ ਫਿਰ ਇੱਕਠੇ ਹੋਣ ਦਾ ਮੌਕਾ ਬਣਦਾ ਹੈ ਤਾਂ ਪੇਟ ਵਿਚ ਪਲ ਰਹੇ ਬੱਚੇ ਤੇ ਆਪਣਾ ਸਰੀਰ ਸੁੱਚਾ ਨਾ ਹੋਣ ਦੀ ਪਿਛਾਕੜੀ ਸੋਚ ਉਸ ਨੂੰ ਹਾਂ ਨਹੀਂ ਭਰਨ ਦਿੰਦੀ। ਨਿਰਾਸ਼ ਹੋਇਆ ਅਮਰਿੰਦਰ ਆਪਣੇ ਆਪ ਨੂੰ ਕੈਂਸਰ ਖੋਜ ਲਈ ਹੋਣ ਵਾਲੇ ਇਕ ਜਾਨਲੇਵਾ ਟੈਸਟ ਦੇ ਹਵਾਲੇ ਕਰ ਦਿੰਦਾ ਹੈ। ਇਸ ਟੈਸਟ ਨੂੰ ਤਾਂ ਕਾਮਯਾਬੀ ਨਹੀਂ ਮਿਲਦੀ, ਪਰ ਉਨ੍ਹਾਂ ਦਾ ਪਿਆਰ ਅਨੇਕਾਂ ਔਖੇ ਪੜਾਅ ਪਾਰ ਕਰਦਿਆਂ ਕਾਮਯਾਬੀ ਦੀ ਮੰਜ਼ਲ ਤੱਕ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਇਹ ਨਾਵਲ ਸਮਾਜ ਦੀਆਂ ਮੁਹੱਬਤ ਵਿਰੋਧੀ ਕਦਰਾਂ-ਕੀਮਤਾਂ ਨੂੰ ਸਹਿਜ ਰੂਪ ਵਿਚ ਬਦਲਣ ਦਾ ਸੰਦੇਸ਼ ਦੇ ਕੇ ਸਮਾਪਤ ਹੋ ਜਾਂਦਾ ਹੈ।

ਨਾਵਲ ਵਿਚ ਵਾਪਰਦੀਆਂ ਘਟਨਾਵਾਂ ਆਪਣੀ ਸਹਿਜਤਾ ਤੇ ਸੁਭਾਵਿਕਤਾ ਨੂੰ ਬਰਕਰਾਰ ਰੱਖਣ ਦੀ ਯਥਾ ਸੰਭਵ ਕੋਸ਼ਿਸ਼ ਜ਼ਰੂਰ ਕਰਦੀਆਂ ਹਨ, ਪਰ ਪਹਿਲਾ ਨਾਵਲ ਹੋਣ ਕਾਰਨ ਇਨ੍ਹਾਂ ਘਟਨਾਵਾਂ ਦਾ ਸਰੂਪ ਯਥਾਰਥਕ ਨਾਲੋਂ ਆਦਰਸ਼ਕ ਵਧੇਰੇ ਵਿਖਾਈ ਦਿੰਦਾ ਹੈ। ਖਾਸ ਤੌਰ 'ਤੇ ਅਮਰਿੰਦਰ ਵੱਲੋਂ ਆਪਣੇ ਜੀਵਨ ਨੂੰ ਖਤਰੇ ਵਿਚ ਪਾ ਕੇ ਕਿਸੇ ਵਿਦੇਸ਼ੀ ਜਾਨਲੇਵਾ ਟੈਸਟ ਦਾ ਹਿੱਸਾ ਬਣਨ ਵਾਲੀ ਘਟਨਾ ਵਧੇਰੇ ਹੀ ਆਦਰਸ਼ਕ ਬਣ ਗਈ ਹੈ। ਭਾਵੇਂ ਤਕਰਾਰ ਤੋਂ ਬਾਅਦ ਪਿਆਰ ਪੈਦਾ ਹੋਣ ਦੀ ਜੁਗਤ ਵੀ ਕੁਝ ਪੁਰਾਣੀ ਹੈ, ਪਰ ਲੇਖਕ ਨੇ ਇਸ ਨੂੰ ਨਵੇਂ ਅਰਥ ਪ੍ਰਦਾਨ ਕਰਨ ਵਿਚ ਉਚੇਰੀ ਸਫਲਤਾ ਹਾਸਿਲ ਕੀਤੀ ਹੈ। ਬਹੁਤ ਸਾਰੇ ਸਮਾਜਿਕ, ਆਰਥਿਕ ਰਾਜਨੀਤਕ ਤੇ ਸਭਿਆਚਾਰਕ ਵਰਤਾਰਿਆਂ ਨੂੰ ਆਪਣੇ ਵਿਚ ਸਮੇਟਣ ਦੇ ਬਾਵਜੂਦ ਨਾਵਲ ਦੀ ਸੰਗਠਨਾਤਕ ਬੁਣਤ ਕਸਵੀਂ ਹੀ ਵਿਖਾਈ ਦਿੰਦੀ ਹੈ। ਨਾਵਲ ਦੇ ਤਿੰਨ ਭਾਗ ਇਸ ਦੇ ਪਾਤਰਾਂ ਦੇ ਜੀਵਨ ਸੰਘਰਸ਼ ਦੇ ਤਿੰਨ ਪੜਾਅ ਵੀ ਬਣਦੇ ਹਨ। ਨਾਵਲ ਦੇ ਪਾਤਰਾਂ ਦੇ ਵਾਰਤਲਾਪੀ ਭਾਸ਼ਾ ਉਨ੍ਹਾਂ ਦੇ ਮਨੋ ਦਸ਼ਾ ਤੇ ਦਿਸ਼ਾ ਨੂੰ ਸਜੀਵ ਰੂਪ ਵਿਚ ਚਿਤਰਣ ਵਿਚ ਸਫਲ ਰਹੀ ਹੈ।

ਹਰਵਾਰੇ ਦੇ ਇਸ ਨਾਵਲ ਦਾ ਹਾਰਦਿਕ ਸਵਾਗਤ ਹੈ ਤੇ ਇਸ ਕਲਮ ਤੋਂ ਵੱਡੀਆਂ ਉਮੀਦਾਂ ਹਨ। ਇਹ ਨਾਵਲ ਜੇ. ਪੀ. ਪਬਲੀਕੇਸਨਜ਼, ਪਟਿਆਲਾ ਨੇ ਪ੍ਰਕਾਸ਼ਿਤ ਕੀਤਾ ਹੈ ਅਤੇ ਇਸ ਪੰਨੇ-280 ਹਨ ਤੇ ਮੁੱਲ 250 ਰੁਪਏ ਹੈ।

# ਫੁੱਲ ਦਵਾਈ ਵਾਇਲਡ ਰੋਜ਼: ਸੰਤੋਖ

*(ਪਿਛਲੇ ਸਫੇ ਦੀ ਬਾਕੀ)*

ਤਰ੍ਹਾਂ ਪਿਆ ਪਿਆ ਸੌਂ ਵੀ ਜਾਵੇ ਜਾਂ ਬੇਹੋਸ਼ ਵੀ ਹੋ ਜਾਵੇ ਤਾਂ ਵੀ ਜਾਗਣ ਤੋਂ ਬਾਅਦ ਠੀਕ ਹੀ ਦੱਸੇਗਾ। ਮੇਰੇ ਕੋਲ ਇਕ ਬੀਬੀ ਆਪਣੇ ਪਤੀ ਨੂੰ ਲੈ ਕੇ ਆਈ। ਉਸ ਨੇ ਸ਼ਿਕਾਇਤ ਰੂਪ ਵਿਚ ਦੱਸਿਆ ਕਿ ਉਸ ਦਾ ਤਾਪਮਾਨ ਹਮੇਸ਼ਾ ਨਾਰਮਲ ਨਾਲੋਂ ਇਕ ਡਿਗਰੀ ਵੱਧ ਰਹਿੰਦਾ ਹੈ, ਪਰ ਉਹ ਆਪਣੇ ਆਪ ਨੂੰ ਸਵਾਸਥ ਦੱਸਦਾ ਹੈ। ਮੈਂ ਚੈਕ ਕੀਤਾ ਤਾਂ ਵੀ ਉਸ ਦਾ ਬੁਖਾਰ 99 ਡਿਗਰੀ ਤੋਂ ਉੱਤੇ ਸੀ। ਬੀਬੀ ਨੇ ਦੱਸਿਆ ਕਿ ਪਹਿਲਾਂ ਤਾਂ ਉਸ ਨੇ ਡਾਕਟਰੀ ਇਲਾਜ ਕਰਵਾਇਆ ਤੇ ਠੀਕ ਨਾ ਹੋਇਆ, ਪਰ ਹੁਣ ਉਸ ਨੇ ਇਲਾਜ ਕਰਵਾਉਣਾ ਹੀ ਬੰਦ ਕਰ ਦਿੱਤਾ ਹੈ ਤੇ ਉਹ ਬੁਖਾਰ ਦੀ ਹਾਲਤ ਵਿਚ ਹੀ ਤੁਰਦਾ ਫਿਰਦਾ ਹੈ। ਮੈਂ ਉਸ ਨੂੰ ਫੁੱਲ ਦਵਾਈ ਵਾਈਲਡ ਰੋਜ਼ ਦੀਆਂ ਕੁਝ ਖੁਰਾਕਾਂ ਦਿੱਤੀਆਂ ਤੇ ਉਸ ਦਾ ਤਾਪਮਾਨ ਸਹੀ 98.4 ਆ ਗਿਆ। ਇਸੇ ਦਵਾਈ ਨੂੰ ਮੈਂ ਉਨ੍ਹਾਂ ਲੋਕਾਂ ਲਈ ਵੀ ਸਫਲਤਾ ਪੂਰਵਕ ਵਰਤਿਆ ਹੈ, ਜਿਨ੍ਹਾਂ ਦਾ ਬੱਲਡ ਪ੍ਰੈਸ਼ਰ ਹਮੇਸ਼ਾ ਵਧਿਆ ਰਹਿੰਦਾ ਹੈ ਤੇ ਉਹ ਬਿਨਾ ਪ੍ਰਵਾਹ ਕੀਤੇ ਕੰਮ ਕਾਰ ਕਰਦੇ ਫਿਰਦੇ ਰਹਿੰਦੇ ਹਨ।

ਫੁੱਲ ਦਵਾਈ ਵਾਈਲਡ ਰੋਜ਼ ਦੇ ਇਸ ਪੱਖ ਨੂੰ ਸਮਝਾਉਣ ਲਈ 'ਕ੍ਰਾਂਤੀਕਾਰੀ ਹੋਮਿਓਪੈਥੀ' ਦੇ ਬਾਨੀ ਡਾ. ਐਮ. ਐਲ. ਸਹਿਗਲ ਦੇ ਦੱਸੇ ਇਕ ਕੇਸ ਨੂੰ ਭੁਲਾਇਆ ਨਹੀਂ ਜਾ ਸਕਦਾ। ਲੰਡਨ ਵਿਚ ਡਾ. ਸਹਿਗਲ ਦਾ ਭਰਾ ਜਿਸ ਮੰਦਰ ਵਿਚ ਪੂਜਾ ਭਗਤੀ ਕਰਨ ਜਾਂਦਾ ਸੀ, ਉੱਥੋਂ ਦਾ ਪੁਜਾਰੀ ਮੁੱਦਤ ਤੋਂ ਬੀਮਾਰ ਸੀ। ਪ੍ਰਵਚਨ ਕਰਦਾ ਹੋਇਆ ਜਦੋਂ ਉਹ ਭਗਤਾਂ ਨੂੰ ਸੰਬੋਧਨ ਕਰਦਾ ਸੀ ਤਾਂ ਉਸ ਨੂੰ ਦਮੇ ਵਾਲੀ ਖਿੱਚ ਛਿੜ ਜਾਂਦੀ ਸੀ। ਉਹ ਇਸ ਨੂੰ ਬੜਾ ਜੋਰ ਲਾ ਕੇ ਰੋਕਣ ਦੀ ਕੋਸ਼ਿਸ਼ ਕਰਦਾ, ਪਰ ਇਸ ਨਾਲ ਉਸ ਦੀ ਹਾਲਤ ਪਤਲੀ ਹੋ ਜਾਂਦੀ। ਡਾ. ਸਹਿਗਲ ਨੂੰ ਉਸ ਦੇ ਭਰਾ ਨੇ ਬੇਨਤੀ ਕੀਤੀ ਕਿ ਉਹ ਉਸ ਪੁਜਾਰੀ ਨੂੰ ਠੀਕ ਕਰੇ। ਡਾ. ਸਾਹਿਬ ਨੇ ਕਿਹਾ ਕਿ ਉਹ ਠੀਕ ਤਾਂ ਕਰ ਦੇਣਗੇ, ਪਰ ਇਸ ਕੰਮ ਲਈ ਪਹਿਲਾਂ ਪੁਜਾਰੀ ਆਪਣੀ ਹਾਲਤ ਦਾ ਸਿੱਧਾ ਸਾਦਾ ਬਿਆਨ ਆਪਣੇ ਹੱਥ ਨਾਲ ਲਿਖ ਕੇ ਚਿੱਠੀ ਰਾਹੀਂ ਉਨ੍ਹਾਂ ਨੂੰ ਭੇਜੇ। ਫਿਰ ਉਹ ਉਸ ਨੂੰ ਫੋਨ 'ਤੇ ਕੁਝ ਸਵਾਲ ਪੁੱਛਣਗੇ ਤੇ ਦਵਾਈ ਭੇਜਣਗੇ। ਪੁਜਾਰੀ ਨੇ ਚਿੱਠੀ ਭੇਜੀ, ਜਿਸ ਵਿਚ ਉਸ ਨੇ ਲਿਖਿਆ ਸੀ, "ਉਂਜ ਤਾਂ ਮੈਂ ਸੰਸਾਰ ਨੂੰ ਤਿਆਗਿਆ ਹੋਇਆ ਹੈ, ਇਸ ਲਈ ਮੈਂ ਮੋਹ ਤੇ ਘ੍ਰਿਣਾ ਦੀਆਂ ਭਾਵਨਾਵਾਂ ਤੋਂ ਉਪਰ ਉਠਿਆ ਹੋਇਆ ਹਾਂ, ਪਰ ਜਦੋਂ ਮੇਰੇ ਪੂਜਾ ਪਾਠ ਦੇ ਕੰਮ ਵਿਚ ਵਿਘਨ ਪੈਂਦਾ ਹੈ ਤਾਂ ਮੈਂ ਬੈਚੈਨ ਹੋ ਜਾਂਦਾ ਹਾਂ।" ਡਾ. ਸਹਿਗਲ ਨੇ ਇਹ ਪੜ੍ਹ ਕੇ ਉਸ ਨੂੰ ਫੋਨ 'ਤੇ ਪੁੱਛਿਆ, "ਕੀ ਉਹ ਵਿਘਨ, ਜੋ ਤੁਹਾਨੂੰ ਬੇਚੈਨ ਕਰ ਦਿੰਦਾ ਹੈ, ਕਦੇ ਤੁਹਾਡੇ ਮਨ ਨੂੰ ਪੂਜਾ ਪਾਠ ਦੇ ਕੰਮ ਤੋਂ ਇੰਨਾ ਉਚਾਟ ਵੀ ਕਰ ਦਿੰਦਾ ਹੈ ਕਿ ਤੁਸੀਂ ਇਸ ਪੇਸ਼ੇ ਨੂੰ ਛੱਡ ਦੇਣ ਦੀ ਗੱਲ ਸੋਚੋਂ?" ਪੁਜਾਰੀ ਨੇ ਉੱਤਰ ਦਿੱਤਾ, "ਨਹੀਂ, ਹੁਣ ਮੈਂ ਇਸ ਨੂੰ ਯਥਾਰਥ ਮੰਨਣ ਲੱਗ ਪਿਆ ਹਾਂ, ਜਿਸ ਨਾਲ ਮੈਨੂੰ ਹਮੇਸ਼ਾ ਰਹਿਣਾ ਪਵੇਗਾ। ਹੁਣ ਮੈਂ ਇਸ ਪ੍ਰਤੀ ਬੇਪ੍ਰਵਾਹ ਹੋ ਚੁਕਾ ਹਾਂ ਤੇ ਇਸ ਨੂੰ ਆਪਣੇ ਕੰਮ 'ਤੇ ਭਾਰੂ ਨਹੀਂ ਪੈਣ ਦਿੰਦਾ।"

ਉਸ ਦੇ ਸੁਭਾਅ ਦੀ ਹਾਲਾਤ ਨਾਲ ਸਮਝੌਤਾ ਕਰਨ ਦੀ ਇਸ ਅਲਾਮਤ ਦੇ ਆਧਾਰ 'ਤੇ ਡਾ. ਸਹਿਗਲ ਨੇ ਕੋਕੂਲਸ ਇੰਡੀਕਾ-30 (Cocculus Indica-30) ਦੀਆਂ ਤਿੰਨ ਖੁਰਾਕਾਂ ਅੱਧੇ ਅੱਧੇ ਘੰਟੇ ਬਾਅਦ ਲੈਣ ਲਈ ਭੇਜ ਕੇ ਪੁਜਾਰੀ ਦਾ ਪੁਰਾਣਾ ਦਮਾ ਹਮੇਸ਼ਾ ਲਈ ਖਤਮ ਕਰ ਦਿੱਤਾ। ਇਹ ਤਾਂ ਹੋਮਿਓਪੈਥਿਕ ਇਲਾਜ ਦੀ ਗੱਲ ਹੈ, ਪਰ ਜੇ ਉਸੇ ਪੁਜਾਰੀ ਦਾ ਇਲਾਜ ਬੈਚ ਫੁੱਲ ਦਵਾਈਆਂ ਨਾਲ ਕਰਨਾ ਪਵੇ ਤਾਂ ਉਸ ਨੂੰ ਫੁੱਲ ਦਵਾਈ ਵਾਈਲਡ ਰੋਜ਼ ਦੇਣੀ ਪਵੇਗੀ। ਕੋਈ ਪੁੱਛੇ ਕਿ ਕੀ ਕੋਕੂਲਸ ਇੰਡੀਕਾ ਤੇ ਵਾਈਲਡ ਰੋਜ਼ ਦਾ ਕੋਈ ਆਪਸੀ ਨਾਤਾ ਹੈ? ਜੀ ਨਹੀਂ, ਲਗਦਾ ਤਾਂ ਨਹੀਂ। ਕੋਕੂਲਸ ਇੰਡੀਕਾ ਭਾਰਤੀ ਕੋਕਰੋਚ ਹੈ ਤੇ ਵਾਈਲਡ ਰੋਜ਼ ਜੰਗਲੀ ਗੁਲਾਬ। ਉਂਜ ਜੇ ਇਹ ਕੋਕਰੋਚ ਰਾਤ ਵੇਲੇ ਨਿਕਲ ਕੇ ਜੰਗਲੀ ਗੁਲਾਬ ਦੇ ਬੂਟੇ 'ਤੇ ਚੜ੍ਹ ਆਉਂਦਾ ਹੋਵੇ ਤਾਂ ਹੋਰ ਗੱਲ ਹੈ!

# ਲੇਖਿਕਾ, ਮਾਡਲ ਤੇ ਅਦਾਕਾਰਾ-ਚੀਨਾਰ ਸ਼ਾਹ

ਮਨੁੱਖੀ ਰਿਸ਼ਤੇ ਕੁਝ ਪ੍ਰਵਾਨ ਚੜ੍ਹਦੇ ਹਨ ਤੇ ਕੁਝ ਵਕਤ ਤੋਂ ਪਹਿਲਾਂ ਹੀ ਮੁਰਝਾ ਜਾਂਦੇ ਹਨ, ਮਰ ਮੁੱਕ ਜਾਂਦੇ ਹਨ। ਪ੍ਰਵਾਨ ਚੜ੍ਹਨ ਵਾਲੇ ਰਿਸ਼ਤੇ ਨਦੀ ਦੇ ਪਾਣੀ ਵਾਂਗ ਵਹਿੰਦੇ ਰਹਿੰਦੇ ਹਨ; ਮਰਦੇ ਉਹ ਰਿਸ਼ਤੇ ਹਨ, ਜਿਨ੍ਹਾਂ ਵਿਚ ਖੜੋਤ ਆ ਜਾਏ। ਸਾਰੇ ਮਨੁੱਖੀ ਰਿਸ਼ਤੇ ਇਕੋ ਜਿਹੇ ਨਹੀਂ ਹੁੰਦੇ। ਉਨ੍ਹਾਂ ਨੂੰ ਕਿਸੇ ਪਰਿਭਾਸ਼ਾ ਵਿਚ ਬੰਦ ਨਹੀਂ ਕੀਤਾ ਜਾ ਸਕਦਾ। ਰਿਸ਼ਤਿਆਂ

**ਮੰਗਤ ਗਰਗ**

ਦਾ ਆਧਾਰ ਦੋ ਵਿਅਕਤੀਆਂ ਦੀ ਉਸ ਸਾਂਝ 'ਤੇ ਬਣਦਾ ਹੈ, ਜਿਸ ਵਿਚ ਸਵਾਰਥ ਨਹੀਂ ਹੁੰਦਾ, ਚਾਪਲੂਸੀ ਨਹੀਂ ਹੁੰਦੀ, ਕਿਸੇ ਦੀ ਨਿੰਦਾ ਤੇ ਚੁਗਲੀ ਨਹੀਂ ਹੁੰਦੀ। ਰਿਸ਼ਤੇ ਉਹ ਹੀ ਪ੍ਰਵਾਨ ਚੜ੍ਹਦੇ ਹਨ, ਜਿਨ੍ਹਾਂ ਵਿਚ ਗੁਣਾਂ ਦੀ ਸਾਂਝ ਹੁੰਦੀ ਹੈ। ਰਿਸ਼ਤੇ ਇਕ-ਦੂਜੇ ਦਾ ਭਲਾ ਲੋਚਦੇ ਹਨ। ਮਨੁੱਖੀ ਰਿਸ਼ਤਿਆਂ 'ਚ ਰੱਬ ਆਪ ਵੱਸਦਾ ਹੈ ਤੇ ਗੁਰੂ ਅਰਜਨ ਦੇਵ ਜੀ ਇਸ ਵਿਚਾਰ ਦੀ ਪੁਸ਼ਟੀ ਕਰਦਿਆਂ ਫਰਮਾਉਂਦੇ ਹਨ,

ਸਾਜਨ ਮੀਤ ਹਮਾਰਾ ਸੋਈ॥
ਏਕੁ ਦ੍ਰਿੜਾਏ ਦੁਰਮਤਿ ਖੋਈ॥

ਮਨੁੱਖੀ ਰਿਸ਼ਤਿਆਂ ਦੀ ਵਿਆਖਿਆ ਨੂੰ ਕਿਸੇ ਵੀ ਅਜੋਕੇ ਸਾਇੰਟਿਫਿਕ ਯੁਗ ਵਿਚ ਕਿਸੇ ਵੀ ਚੌਖਟੇ 'ਚ ਫਿੱਟ ਨਹੀਂ ਕੀਤਾ ਜਾ ਸਕਦਾ। ਜ਼ਿੰਦਗੀ ਇਨ੍ਹਾਂ ਰੰਗਾਂ 'ਚ ਸਿਮਟ ਕੇ ਹੋਰ ਵੀ ਕਈ ਰੰਗਾਂ 'ਚ ਸਾਡੇ ਸਾਹਮਣੇ ਦਰਪੇਸ਼ ਹੁੰਦੀ ਹੈ। ਜਿਵੇਂ ਪ੍ਰਯਾਗ ਦੇ ਸੰਗਮ 'ਚ ਗੰਗਾ ਜਮਨਾ ਤੋਂ ਇਲਾਵਾ ਸਰਸਵਤੀ ਨਦੀ ਅਜਿਹੇ ਰਿਸ਼ਤਿਆਂ ਦੀ ਮਹਿਕ ਹੁੰਦੀ ਹੈ; ਤੇ ਉਨ੍ਹਾਂ 'ਚ ਇੱਕ ਅਨਹਦ ਨਾਦ ਵੀ ਵੱਜਦਾ ਹੈ, ਜੋ ਸਾਡੇ ਕੰਨਾਂ 'ਚ ਹੀ ਨਹੀਂ ਗੂੰਜਦਾ, ਸਾਡੀ ਰੂਹ ਤੇ ਅੰਤਰ ਆਤਮਾ 'ਚ ਵੱਜਦਾ ਰਹਿੰਦਾ ਹੈ। ਕੁਝ ਅਜਿਹਾ ਰਿਸ਼ਤਾ ਸੀ ਮੇਰਾ ਚੀਨਾਰ ਸ਼ਾਹ ਨਾਲ। ਚੀਨਾਰ ਸ਼ਾਹ ਇਕ ਸਾਹਿਤਕ ਨਾਮ ਹੀ ਨਹੀਂ, ਸਮਾਂ ਪਾ ਕੇ ਇਹ ਰਿਸ਼ਤਾ ਆਪਣੀ ਹੁਨਾਰ 'ਤੇ ਪੁੱਜ ਗਿਆ। ਇਸ ਰਿਸ਼ਤੇ ਨੂੰ ਪਾਲੀ ਰੱਖਣਾ ਹੀ ਮੇਰੀ ਇਬਾਦਤ ਸੀ। ਅਜਿਹੇ ਰਿਸ਼ਤਿਆਂ ਵਿਚ ਰਿਵਰਸ ਗੇਅਰ ਦੀ ਵਰਤੋਂ ਕਦੀ ਨਹੀਂ ਕਰਨੀ ਪੈਂਦੀ, ਭਾਵੇਂ ਮੈਂ ਵਰਤਮਾਨ 'ਚ ਜੀਅ ਰਿਹਾ ਹਾਂ, ਪਰ ਕਦੇ-ਕਦੇ ਮੇਰੀਆਂ ਅੱਖਾਂ ਸਾਹਮਣੇ ਪੂਰੀ ਜ਼ਿੰਦਗੀ ਇੱਕ ਇਕਾਈ ਵਾਂਗ, ਇੱਕ ਪ੍ਰਸ਼ਨ ਚਿੰਨ੍ਹ ਬਣ ਕੇ ਖੜ੍ਹੀ ਹੋ ਜਾਂਦੀ ਹੈ।

ਚੀਨਾਰ ਸ਼ਾਹ ਦੀ ਹਿੰਦੀ, ਅੰਗਰੇਜ਼ੀ ਵਿਚ ਲਿਖੀ ਬਾਕਮਾਲ ਸ਼ਾਇਰੀ ਕਰਕੇ ਉਸ ਨੂੰ ਅਕਸਰ ਪ੍ਰਵੀਨ ਸ਼ਾਕਿਰ ਕਹਿ ਕੇ ਸੰਬੋਧਨ ਕਰਦਾ ਹਾਂ। ਚੀਨਾਰ ਸ਼ਾਹ ਦਾ ਇਕ ਖੂਬਸੂਰਤ ਸ਼ੇਅਰ ਹੈ,

ਮਰਨੇ ਵਾਲੇ ਸੇ ਨਹੀਂ ਪੂਛਤੇ ਖਵਾਹਿਸ਼ ਚੀਨਾਰ,
ਜ਼ਿੰਦਗੀ ਮਾਂਗ ਲੀ ਉਸ ਨੇ ਤੋ ਕਹਾਂ ਜਾਓਗੇ।

ਚੀਨਾਰ ਸ਼ਾਹ ਕਈ ਕਿਤਾਬਾਂ ਵੀ ਸੰਪਾਦਨ ਕਰ ਚੁਕੀ ਹੈ। ਦੇਸ਼ ਤੇ ਵਿਦੇਸ਼ ਦੇ ਅਣ-ਗਿਣਤ ਅਖਬਾਰਾਂ ਤੇ ਰਸਾਲਿਆਂ ਵਿਚ ਹਿੰਦੀ ਤੇ ਅੰਗਰੇਜ਼ੀ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਲੇਖ ਛਪ ਚੁਕੇ



ਹਨ। ਇਨ੍ਹਾਂ ਨੂੰ ਬਹੁਤ ਸਾਰੀਆਂ ਸਾਹਿਤਕ ਸੰਸਥਾਵਾਂ ਸਨਮਾਨਿਤ ਕਰ ਚੁਕੀਆਂ ਹਨ।

ਬਹੁਤ ਹੀ ਸੂਖਮ ਹਿਰਦੇ ਦੀ ਮਲਿਕਾ ਚੀਨਾਰ ਸ਼ਾਹ ਦਾ ਜਨਮ ਗੁਜਰਾਤ ਦੇ ਅਹਿਮਦਾਬਾਦ ਸ਼ਹਿਰ 'ਚ ਪਿਤਾ ਸਵਰਗੀ ਸ੍ਰੀ ਭਾਰਤ ਭਾਈ ਸ਼ਾਹ ਤੇ ਮਾਤਾ ਨੈਣਾ ਬੇਨ ਦੇ ਘਰ 10 ਅਗਸਤ 1982 ਨੂੰ ਹੋਇਆ। ਆਪਣੇ ਵਕਤ ਦੇ ਨਾਮੀ ਲੇਖਕ ਰਹੇ ਆਪਣੇ ਮਾਤਾ-ਪਿਤਾ ਨੂੰ ਉਹ ਆਪਣਾ ਆਦਰਸ਼ ਮੰਨਦੀ ਹੈ। ਲਿਖਣ ਦੀ ਪ੍ਰੇਰਨਾ ਦੋਹਾਂ ਤੋਂ ਮਿਲੀ। ਚੀਨਾਰ ਸ਼ਾਹ ਦੇ ਦਾਦਾ ਸ੍ਰੀ ਨਿਹਾਲ ਚੰਦ 1947 ਤੋਂ ਪਹਿਲਾਂ ਗੁਜਰਾਤ ਕਾਂਗਰਸ ਦੇ ਪ੍ਰਧਾਨ ਸਨ ਤੇ ਇਕ ਇਮਾਨਦਾਰ ਆਜ਼ਾਦੀ ਘੁਲਾਟੀਏ ਸਨ। ਜਵਾਹਰ ਲਾਲ ਨਹਿਰੂ ਤੇ ਮਹਾਤਮਾ ਗਾਂਧੀ ਨਾਲ ਪਰਿਵਾਰਕ ਸਬੰਧ ਸਨ। ਚੀਨਾਰ ਦੇ ਦਾਦਾ ਜੀ ਨੇ ਪੰਡਤ ਜਵਾਹਰ ਲਾਲ ਨਹਿਰੂ ਦੇ ਨਾਂ 'ਤੇ ਆਪਣੀ ਦਾਲ ਮਿੱਲ ਦਾ ਨਾਮ ਰੱਖਿਆ ਅਤੇ ਆਪਣੇ ਕਸਬੇ ਸੁਰਿੰਦਰ ਨਗਰ, ਜੋ ਅਹਿਮਦਾਬਾਦ ਤੋਂ ਦੋ ਘੰਟੇ ਦੀ ਦੂਰੀ 'ਤੇ ਹੈ, ਉਥੇ ਨਿਹਾਲ ਚੰਦ ਦੇ ਨਾਮ 'ਤੇ ਇਕ ਵੱਡੀ ਲਾਇਬ੍ਰੇਰੀ ਦੀ ਸਥਾਪਨਾ ਕਰਵਾਈ। ਬਹੁਤ ਸਾਰੇ ਗਰੀਬ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਏ।

ਚੀਨਾਰ ਸ਼ਾਹ ਦੇ ਪਿਤਾ ਵੀ ਇੱਕ ਵੱਡੇ ਬਿਜਨਸਮੈਨ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਲੋਕਾਂ ਦੀ ਭਲਾਈ ਲਈ ਸਮਾਜ ਸੇਵੀ ਵਜੋਂ ਕੰਮ ਕੀਤਾ। ਮਾਤਾ ਕਈ ਸਾਲ ਲਾਇਨ ਕਲੱਬ ਅਹਿਮਦਾਬਾਦ ਦੀ ਸੈਕਟਰੀ ਵੀ ਰਹੀ ਤੇ ਕੁਝ ਹੋਰ ਸਮਾਜਿਕ ਸੰਸਥਾਵਾਂ ਨਾਲ ਜੁੜੀ ਰਹੀ, ਜੋ ਗਰੀਬ ਪਰਿਵਾਰ ਦੀਆਂ ਕੁੜੀਆਂ ਦੇ ਵਿਆਹ ਤੇ ਬੇਸਹਾਰਾ ਬੱਚਿਆਂ ਦੀ ਮਦਦ ਕਰਦੀ ਹੈ।

ਫਿਲਮੀ ਲੁਕ ਹੋਣ ਕਰਕੇ ਚੀਨਾਰ ਵੱਖ-ਵੱਖ ਕੰਪਨੀਆਂ ਦੇ ਬ੍ਰਾਂਡਾਂ ਲਈ ਮਾਡਲਿੰਗ ਵੀ ਕਰ ਚੁਕੀ ਹੈ ਤੇ ਆਉਣ ਵਾਲੇ ਸਮੇਂ ਵਿਚ ਬਾਲੀਵੁੱਡ ਦੇ ਕੁਝ ਪ੍ਰਜੈਕਟਾਂ ਵਿਚ ਵੀ ਨਜ਼ਰ ਆਵੇਗੀ। ਕੋਮਲ ਹਿਰਦੇ ਦੀ ਮਲਿਕਾ ਹੋਣ ਕਰਕੇ ਹਮੇਸ਼ਾ ਗਰੀਬ ਤੇ ਲਾਚਾਰ ਲੋਕਾਂ ਦੀ ਮਦਦ ਕਰਨਾ ਆਪਣਾ ਫਰਜ਼ ਸਮਝਦੀ ਹੈ। ਉਹ ਸਕੂਲ ਵੇਲੇ ਤੋਂ ਹੀ ਲਿਖ ਰਹੀ ਹੈ। ਹਿੰਦੀ ਸੰਪੂਰਨ ਕਾਵਿ-ਸੰਗ੍ਰਹਿ ਛਪ ਕੇ ਜਲਦੀ ਹੀ ਪਾਠਕਾਂ ਦੇ ਸਨਮੁੱਖ ਹੋਵੇਗਾ। ਉਸ ਦੀ ਖੂਬਸੂਰਤ ਸ਼ਾਇਰੀ ਸੁਣਨ ਦਾ ਮੈਨੂੰ ਵੀ ਮੌਕਾ ਮਿਲਿਆ ਹੈ,

ਮਛਲੀਆਂ ਵੀ ਖੁਸ਼ ਹੋ ਗਈ,
ਯੇਹ ਜਾਨ ਕਰ
ਆਦਮੀ ਭੀ ਆਦਮੀ ਕੋ
ਜਾਲ ਮੇਂ ਫਸਾਨੇ ਲਗਾ ਹੈ।

ਚੀਨਾਰ ਸ਼ਾਹ ਪਾਣੀ 'ਚ ਉਪਜ ਰਹੀਆਂ ਲਹਿਰਾਂ ਵਾਂਗ ਅਡੋਲ ਕਿਸੇ ਗਹਿਰਾਈ 'ਚ ਉਤਰਨ ਦੀ ਜਾਂਚ ਜਾਣਦੀ ਹੈ। ਮੇਰੀ ਦੁਆ ਹੈ ਕਿ ਉਸ ਦੀ ਉਰਦੂ, ਹਿੰਦੀ ਦੀ ਸ਼ਾਇਰੀ ਹੋਰ ਵੀ ਬੁਲੰਦੀਆਂ ਛੂਹੇ।

# ਚਿੱਟੀਆਂ ਕਪਾਹ ਦੀਆਂ ਫੁੱਟੀਆਂ...



ਕਪਾਹ ਭਾਵੇਂ ਚੀਨ ਅਤੇ ਅਮਰੀਕਾ ਵਿਚ ਵੀ ਚੋਖੀ ਮਾਤਰਾ ਵਿਚ ਹੁੰਦੀ ਹੈ ਪਰ ਮੂਲ ਰੂਪ ਵਿਚ ਇਹ ਭਾਰਤ ਦੀ ਫਸਲ ਹੈ। ਇਸ ਫਸਲ ਦੀ ਪੈਦਾਵਾਰ ਕਾਲੀ ਮਿੱਟੀ ਵਾਲੇ ਖੁਸ਼ਕ ਇਲਾਕਿਆਂ ਵਿਚ ਹੁੰਦੀ ਹੈ। ਗੁਜਰਾਤ, ਮਹਾਰਾਸ਼ਟਰ, ਪੰਜਾਬ, ਆਂਧਰਾ ਪ੍ਰਦੇਸ਼ ਅਤੇ ਹਰਿਆਣਾ ਕਪਾਹ ਦੇ ਪ੍ਰਮੁੱਖ ਉਤਪਾਦਕ ਰਾਜ ਹਨ। ਉਂਜ ਕਪਾਹ ਰਾਜਸਥਾਨ, ਕਰਨਾਟਕ, ਮੱਧ ਪ੍ਰਦੇਸ਼ ਅਤੇ ਤਾਮਿਲਨਾਡੂ ਵਿਚ ਵੀ ਚੋਖੀ ਮਾਤਰਾ ਵਿਚ ਉਗਾਈ ਜਾਂਦੀ ਹੈ। ਬਨਸਪਤੀ ਵਿਗਿਆਨ ਦੀ ਭਾਸ਼ਾ ਵਿਚ ਕਪਾਹ 'ਮਾਲਵੇਸੀ' ਪਰਿਵਾਰ ਨਾਲ ਸਬੰਧ ਰੱਖਦੀ ਹੈ। ਕਪਾਹ ਦੀਆਂ ਦੋ ਕਿਸਮਾਂ ਹਨ, ਇੱਕ ਉਹ ਜੋ ਸਾਡੇ ਭਾਰਤ ਵਿਚ ਪੁਰਾਤਨ ਸਮੇਂ ਤੋਂ ਉਗਾਈ ਜਾਂਦੀ ਹੈ ਜਿਸ ਨੂੰ ਦੇਸੀ ਕਪਾਹ ਕਹਿੰਦੇ ਹਨ, ਦੂਸਰੀ ਅਮਰੀਕਨ ਕਪਾਹ ਜਿਸ ਨੂੰ ਅਸੀਂ ਅੱਜ ਕੱਲ੍ਹ 'ਨਰਮਾ' ਕਹਿੰਦੇ ਹਾਂ। ਜਿਹੜੀ ਦੇਸੀ ਕਪਾਹ ਅਸੀਂ ਪੁਰਾਤਨ ਸਮਿਆਂ ਤੋਂ ਬੀਜ ਰਹੇ ਹਾਂ, ਬਨਸਪਤੀ ਵਿਗਿਆਨ ਦੀ ਭਾਸ਼ਾ ਵਿਚ ਇਸ ਦਾ ਨਾਂ 'ਗੋਸੀਪੀਅਮ ਆਰਬੋਰੀਅਮ' ਹੈ ਅਤੇ ਜਿਹੜਾ

**ਡਾ. ਲਖਵੀਰ ਸਿੰਘ ਨਾਮਧਾਰੀ**
ਫੋਨ: +91-98768-50680

ਨਰਮਾ ਅਸੀਂ ਭਾਰਤ ਵਿਚ ਬੀਜਦੇ ਹਾਂ, ਇਸ ਨੂੰ 'ਗੋਸੀਪੀਅਮ ਹਿਰਸੂਟਮ' ਕਹਿੰਦੇ ਹਨ।

ਕਪਾਹ ਦੀ ਪੁਰਾਤਨਤਾ ਵੱਲ ਨਜ਼ਰ ਮਾਰੀਏ ਤਾਂ 200 ਪੂਰਵ ਈਸਾ ਵਿਚ ਮਨੂੰ ਸਿਮ੍ਰਤੀ ਵਿਚ ਕਪਾਹ ਦੀ ਮਹੱਤਤਾ ਅਤੇ ਪਵਿੱਤਰਤਾ ਦਾ ਜ਼ਿਕਰ ਮਿਲਦਾ ਹੈ। ਸਿੰਧੂ ਘਾਟੀ ਦੀ ਸੱਭਿਅਤਾ ਦੇ ਸਮੇਂ ਦੇ ਬੇਬੀ-ਲੋਨ ਲੋਕ ਉਸ ਸਮੇਂ ਕਪਾਹ ਨੂੰ 'ਸਿੰਧੂ' ਅਤੇ ਯੂਨਾਨੀ ਲੋਕ 'ਸਿੰਦ' ਆਖਦੇ ਸਨ। ਪੁਰਾਤਨ ਸਮੇਂ ਵਿਚ ਅਰਬੀ ਅਤੇ ਯੂਨਾਨੀ ਲੋਕ ਕਪਾਹ ਤੋਂ ਬਣੀਆਂ ਬਹੁਤ ਮਹੀਨ, ਖੂਬਸੂਰਤ ਚੀਜ਼ਾਂ ਖਰੀਦਣ ਪਟਿਆਲਾ, ਗੁਜਰਾਤ ਅਤੇ ਆਂਧਰਾ ਪ੍ਰਦੇਸ਼ ਆਉਂਦੇ ਸਨ। ਅਕਬਰ ਦੇ ਰਾਜ ਸਮੇਂ ਵੀ ਕਪਾਹ ਦੇ ਉਦਯੋਗਾਂ ਨੇ ਖੂਬ ਤਰੱਕੀ ਕੀਤੀ ਅਤੇ ਵਿਦੇਸ਼ਾਂ ਨਾਲ ਵਪਾਰ ਸਥਾਪਿਤ ਹੋਇਆ। ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਜਨੇਊ ਬਾਰੇ ਫਰਮਾਉਂਦੇ ਹੋਏ ਕਪਾਹ ਦੀ ਗੱਲ ਕਰਦੇ ਹਨ:

ਤਗੁ ਕਪਾਹਹੁ ਕਤੀਐ ਬਾਮਣੁ ਵਟੇ ਆਇ॥

18ਵੀਂ ਸਦੀ ਵਿਚ ਇੰਗਲੈਂਡ ਵਿਚ ਉਦਯੋਗਿਕ ਕ੍ਰਾਂਤੀ ਆਈ। ਉਨ੍ਹਾਂ ਸਮਿਆਂ ਵਿਚ ਹੀ ਈਸਟ ਇੰਡੀਆ ਕੰਪਨੀ ਨੇ ਭਾਰਤ ਵਿਚ ਪ੍ਰਵੇਸ਼ ਕੀਤਾ। ਉਸ ਸਮੇਂ ਤੱਕ ਭਾਰਤ ਵਿਚ ਦੇਸੀ ਕਪਾਹ ਹੀ ਉਗਾਈ ਜਾਂਦੀ ਸੀ ਪਰ ਉਸ ਤੋਂ ਬਾਅਦ ਖੇਤਾਂ ਵਿਚ ਨਰਮਾ ਕਾਬਜ਼ ਹੁੰਦਾ ਗਿਆ ਅਤੇ ਦੇਸੀ ਕਪਾਹ ਦੇ ਕਾਰੋਬਾਰ ਤੇ ਉਦਯੋਗਾਂ ਦਾ ਪਤਨ ਹੋਣ ਲੱਗਿਆ। 1857 ਵਿਚ ਕੂਕਾ ਅੰਦੋਲਨ ਦੇ ਮੋਢੀ ਸਤਿਗੁਰੂ ਰਾਮ ਸਿੰਘ ਨੇ ਅੰਗਰੇਜ਼ਾਂ ਖਿਲਾਫ ਨਾ-ਮਿਲਵਰਤਨ ਦਾ ਬਿਗਲ ਵਜਾਇਆ ਜਿਸ ਵਿਚ ਅੰਗਰੇਜ਼ਾਂ ਦੀ ਹਰ ਚੀਜ਼ ਦੇ ਬਾਈਕਾਟ ਦੇ ਨਾਲ-ਨਾਲ ਅੰਗਰੇਜ਼ਾਂ ਦੀਆਂ ਬਣੀਆਂ ਮਿੱਲਾਂ ਦੇ ਕੱਪੜੇ ਦਾ ਬਾਈਕਾਟ ਕਰਕੇ ਘਰ ਦੀ ਹੱਥੀ ਕੱਤੀ ਕਪਾਹ ਦਾ ਖੱਦਰ ਪਹਿਨਣ ਦਾ ਪ੍ਰਚਾਰ ਕੀਤਾ। ਪ੍ਰਚਾਰ ਨਾਲ ਲੋਕਾਂ ਨੇ ਵਿਦੇਸ਼ੀ ਕੱਪੜੇ ਦਾ ਬਾਈਕਾਟ ਕਰਕੇ ਖੱਦਰ ਪਹਿਨਣਾ ਸ਼ੁਰੂ ਕੀਤਾ ਅਤੇ ਇਸ ਲੋਕ ਬੋਲੀ ਨੇ ਜਨਮ ਲਿਆ:

ਅਤਲਸਾਂ ਪਾੜ ਸੁੱਟੀਆਂ
ਨਹੀਂ ਖੱਦਰ ਬਿਨਾਂ ਹੱਥ ਲਾਉਣਾ

ਕੂਕਾ ਅੰਦੋਲਨ ਤੋਂ 50 ਸਾਲ ਬਾਅਦ ਮਹਾਤਮਾ ਗਾਂਧੀ ਨੇ ਵੀ ਅੰਗਰੇਜ਼ਾਂ ਖਿਲਾਫ ਦੇਸ਼ ਦੀ ਆਜ਼ਾਦੀ ਲਈ ਨਾ-ਮਿਲਵਰਤਨ ਲਹਿਰ ਚਲਾਈ ਜਿਸ ਵਿਚ ਉਨ੍ਹਾਂ ਨੇ ਕਪਾਹ ਦਾ ਘਰ ਬੁਣਿਆ ਖੱਦਰ ਪਹਿਨਣ ਦਾ ਪ੍ਰਚਾਰ ਕੀਤਾ। ਲੋਕ ਬੋਲੀ ਨੇ ਉਸ ਸਮੇਂ ਦੇ ਹਾਲਾਤ ਨੂੰ ਇੰਜ ਸਪਸ਼ਟ ਕੀਤਾ ਹੈ:

ਸਾਨੂੰ ਖੱਦਰ ਪਿਆਰਾ ਲੱਗਦਾ
ਬਾਪੂ ਤੇਰੇ ਚਰਖੇ ਦਾ

ਕਪਾਹ ਆਦਿ ਕਾਲ ਤੋਂ ਫਸਲ ਅਤੇ ਵਪਾਰ ਦੇ ਰੂਪ ਵਿਚ ਅਤੇ ਮਨੁੱਖਤਾ ਦੇ ਸਰਬਪੱਖੀ ਵਿਕਾਸ ਲਈ ਕੁੱਲੀ-ਗੁੱਲੀ-ਜੁੱਲੀ ਦੇ ਰੂਪ ਵਿਚ ਸਮੇਂ ਦੇ ਵਹਾਅ ਨਾਲ ਸੰਗ ਸਾਥ ਚਲਦੀ ਰਹੀ। ਉਮਰਾਂ ਅਤੇ ਪੀੜ੍ਹੀਆਂ ਦੇ ਵਹਿਣ ਨਾਲ ਪੰਜਾਬੀਆਂ ਨੇ ਸਹਿਜ ਜੀਵਨ ਰਾਹੀਂ ਕਪਾਹ ਬੀਜਣ, ਉਗਾਉਣ, ਚੁਗਣ, ਸੰਭਾਲਣ, ਵੇਚਣ, ਕੱਤਣ, ਬੁਣਨ ਨੂੰ ਮੁਹਾਵਰਿਆਂ, ਬੁਝਾਰਤਾਂ, ਲੋਕਗੀਤਾਂ, ਬੋਲੀਆਂ ਅਤੇ ਟੱਪਿਆਂ ਵਿਚ ਪਰੋ ਦਿੱਤਾ ਹੈ। ਲੰਮੇ ਅਰਸੇ ਤੋਂ ਵਹਿੰਦੀ ਇਹ ਪੰਜਾਬੀ ਲੋਕਧਾਰਾ ਸਾਡੇ ਅਮੀਰ ਸਭਿਆਚਾਰ ਦਾ ਅਮੁੱਲ ਖਜ਼ਾਨਾ ਹੈ। ਜਦੋਂ 18ਵੀਂ ਸਦੀ ਵਿਚ ਨਰਮੇ ਨੇ ਭਾਰਤ ਦੀ ਭੂਮੀ 'ਤੇ ਅੰਗੜਾਈ ਲਈ ਤਾਂ ਲੋਕ ਜੀਵਨ 'ਚੋਂ ਆਪ ਮੁਹਾਰੇ ਅਜਿਹੀਆਂ ਵੰਨਗੀਆਂ ਨੇ ਜਨਮ ਲਿਆ:

ਛੋਲੇ ਵੱਢ ਕੇ ਬੀਜ ਦੇ ਨਰਮਾ
ਚੁਗਣੇ ਨੂੰ ਮੈਂ ਤਕੜੀ

ਜਿਹੜਾ ਨਰਮਾ ਅੱਜ ਕੱਲ੍ਹ ਇੰਗਲੈਂਡ ਵਿਚ ਉਗਾਇਆ ਜਾਂਦਾ ਹੈ, ਉਸ ਦੀ ਉਚਾਈ 2 ਫੁੱਟ ਦੇ ਕਰੀਬ ਹੁੰਦੀ ਹੈ। ਜਿੱਥੇ ਭਾਰਤੀ ਕਪਾਹ/ਨਰਮਾ ਹੱਥਾਂ ਨਾਲ ਚੁਗਿਆ ਜਾਂਦਾ ਹੈ, ਉਥੇ ਇੰਗਲੈਂਡ ਵਿਚ ਨਰਮਾ ਚੁਗਣ ਲਈ ਮਸ਼ੀਨਾਂ ਵਰਤੀਆਂ ਜਾਂਦੀਆਂ ਹਨ। ਭਾਰਤ ਵਿਚ ਉਗਾਏ ਜਾ ਰਹੇ ਨਰਮਾ/ਕਪਾਹ ਦੀ ਉਚਾਈ 3 ਤੋਂ 5 ਫੁੱਟ ਦਰਮਿਆਨ ਹੁੰਦੀ ਹੈ। ਪਿਛਲੇ ਸਮਿਆਂ ਵਿਚ ਕਪਾਹ ਦੇ ਪੌਦੇ ਹੋਰ ਵੀ ਜ਼ਿਆਦਾ ਉਚੇ ਹੁੰਦੇ ਸਨ ਅਤੇ ਉਚੀ ਬਾਂਹ ਕਰਕੇ ਚੁਗਣੇ ਪੈਂਦੇ ਸਨ, ਜਿਸ ਨੂੰ ਪੁਰਾਤਨ ਲੋਕ ਬੋਲੀ ਇੰਜ ਸਪਸ਼ਟ ਕਰਦੀ ਹੈ:

ਝੁਕ ਜਾ ਕਪਾਹ ਦੀਏ ਛਟੀਏ
ਪਤਲੋ ਦੀ ਬਾਂਹ ਥੱਕ ਗਈ


ਕਪਾਹ ਚੁਗ ਕੇ ਫੁੱਟੀਆਂ ਦੀ ਢੇਰੀ ਲਾਉਂਦੇ ਕਾਮੇ।

ਮਸ਼ੀਨੀਕਰਨ ਦੀ ਆਮਦ ਤੋਂ ਪਹਿਲਾਂ ਕਪਾਹ ਨੂੰ ਬਲਦ ਜੋੜ ਕੇ ਪੋਰ ਨਾਲ ਬੀਜਿਆ ਜਾਂਦਾ ਰਿਹਾ ਹੈ ਪਰ ਹੁਣ ਨਵੀਂ ਤਕਨਾਲੋਜੀ ਨੇ ਕਿਸਾਨ ਨੂੰ ਸੌਖਾ ਕਰ ਦਿੱਤਾ ਹੈ। ਬੀਜਣ ਤੋਂ 6-7 ਦਿਨਾਂ ਵਿਚ ਕਪਾਹ ਦੀ ਫੁਟਾਂਦ ਸ਼ੁਰੂ ਹੋ ਜਾਂਦੀ ਹੈ। 3-4 ਫੁੱਟ ਦੇ ਹੋ ਕੇ ਬੂਟਿਆਂ ਨੂੰ ਫੁੱਲ ਲੱਗਦੇ ਹਨ। ਫਿਰ ਨਿੰਬੂਆਂ ਜਿੰਨੇ ਵੱਡੇ ਹਰੇ ਰੰਗ ਦੇ ਟੀਂਡੇ ਲੱਗਦੇ ਹਨ। ਟੀਂਡਿਆਂ ਵਿਚ ਚਿੱਟੀ ਚਾਂਦੀ ਰੰਗੀ ਕਪਾਹ/ਨਰਮੇ ਦਾ ਫੁੱਟ ਖਿੜ ਜਾਂਦਾ ਹੈ। ਕਪਾਹ ਦੀ ਇਸ ਸਮੁੱਚੀ ਪ੍ਰਕਿਰਿਆ ਨੂੰ ਪੰਜਾਬ ਦੀਆਂ ਬੁਝਾਰਤਾਂ ਵਿਚ ਇੰਜ ਪਰੋਇਆ ਹੋਇਆ ਹੈ:

ਬੀਜੇ ਰੋੜ, ਉਗੇ ਝਾੜ
ਲੱਗੇ ਨਿੰਬੂ, ਖਿੜੇ ਅਨਾਰ

ਜੇਠ ਵਿਚ ਕਪਾਹ ਬੀਜੀ ਜਾਂਦੀ ਹੈ। ਅੱਸੂ ਦੇ ਆਰੰਭ ਵਿਚ ਜਦੋਂ ਕਪਾਹ ਫੁਲਾਕੇ 'ਤੇ ਹੁੰਦੀ ਹੈ ਤੇ ਕੋਈ ਟਾਵਾਂ-ਵਿਰਲਾ ਟੀਂਡਾ ਦਿਸਣ ਲੱਗਦਾ ਹੈ ਤਾਂ ਪੁਰਾਤਨ ਵਿਸ਼ਵਾਸ ਮੁਤਾਬਕ ਸੁਆਣੀਆਂ ਚਿੱਟੇ ਚੌਲਾਂ ਦੇ ਫੁਲਾਕੇ ਮਾਰਦੀਆਂ ਹਨ ਅਤੇ ਚਿੱਟੇ ਚੌਲਾਂ ਵਾਂਗ ਟੀਂਡੇ ਖਿੜਨ ਦੀ ਆਸ ਕਰਦੀਆਂ ਹਨ, ਜਿਸ ਨੂੰ ਵੇਖ ਕੇ ਰਾਹੇ ਜਾਂਦਾ ਕੋਈ ਪਾਂਧੀ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ:

ਤੇਰੀ ਲੱਗਣ ਕਪਾਹ ਨੂੰ ਟੀਂਡੇ
ਤਾਰਾ...ਰਾ...ਰਾ ਬੋਲ ਜੱਟੀਏ

ਪੁਰਾਤਨ ਸਮੇਂ ਵਿਚ ਜਦੋਂ ਬੁਝਾਰਤਾਂ ਪਾਈਆਂ ਜਾਂਦੀਆਂ ਤਾਂ ਨਰਮੇ ਦੇ ਚਿੱਟੇ ਖਿੜੇ ਖੇਤ ਦੀ ਤੁਲਨਾ ਆਕਾਸ਼ ਵਿਚ ਚਮਕਦੇ ਤਾਰਿਆਂ ਨਾਲ ਕੀਤੀ ਜਾਂਦੀ। ਕਪਾਹ ਦੀਆਂ ਸਿੱਕਰੀਆਂ ਵਿਚ ਖਿੜੇ ਕਪਾਹ ਦੇ ਫੁੱਟਾਂ ਦੀ ਤੁਲਨਾ ਸਾਡੇ ਸਭਿਆਚਾਰ ਨੇ ਮੁਟਿਆਰ ਦੀ ਖੂਬਸੂਰਤੀ ਨਾਲ ਇੰਜ ਕੀਤੀ ਹੈ:

ਭਾਬੀ ਵੇਖ ਕੇ ਕਪਾਹ ਦੇ ਫੁੱਟ ਵਰਗੀ
ਗੱਭਰੂ ਅਲੱਥ ਹੋ ਗਿਆ

ਕਪਾਹ/ਨਰਮੇ ਨੂੰ ਟੀਂਡਿਆਂ ਦਾ ਫਲ ਵੇਖ ਕੇ ਕਿਸਾਨ ਖੁਸ਼ੀ ਮਹਿਸੂਸ ਕਰਦਾ ਹੈ। ਉਸ ਨੂੰ ਕਾਹਲ ਹੁੰਦੀ ਹੈ ਕਿ ਉਸ ਦੀ ਕਪਾਹ ਜਲਦੀ ਖਿੜੇ ਅਤੇ ਜਲਦੀ ਚੁਗ ਕੇ ਘਰ ਆਉਣੀ ਸ਼ੁਰੂ ਹੋਵੇ। ਮੌਸਮ ਕਾਰਨ ਜਾਂ ਵੱਖ-ਵੱਖ ਬੀਜਾਂ ਮੁਤਾਬਕ ਕਿਸੇ ਖੇਤ ਵਿਚ ਕਪਾਹ ਅਗੇਤੀ ਖਿੜ ਜਾਂਦੀ ਹੈ ਅਤੇ ਕਿਸੇ ਦੀ ਕਪਾਹ ਪਛੇਤੀ ਵੀ ਹੋ ਜਾਂਦੀ ਹੈ। ਖੇਤ ਹਲ ਵਾਹੁੰਦੇ ਜ਼ਿਮੀਂਦਾਰ ਦੀ ਤ੍ਰੀਮਤ ਜਦੋਂ ਭੱਤਾ ਲੈ ਕੇ ਆਉਂਦੀ ਅਤੇ ਖੇਤਾਂ ਵਿਚ ਅੱਧ ਖਿੜੀ ਕਪਾਹ ਵੇਖਦੀ ਹੈ ਤਾਂ ਅਜਿਹੇ ਹਾਲਾਤ ਨੂੰ ਸਾਡੇ ਸਭਿਆਚਾਰ ਨੇ ਇੰਜ ਪੇਸ਼ ਕੀਤਾ ਹੈ:

ਤਾਰੋ ਹੱਸ ਕੇ ਖੇਤ 'ਚੋਂ ਲੰਘਗੀ
ਜੱਟ ਦੀ ਕਪਾਹ ਖਿੜ ਗਈ

ਕੱਤੇ ਵਿਚ ਕਪਾਹ ਖਿੜਨ ਦਾ ਜ਼ੋਰ ਪੈ ਜਾਂਦਾ ਹੈ। ਖੇਤਾਂ ਵਿਚ ਖੜ੍ਹੀਆਂ ਫਸਲਾਂ ਕਪਾਹ ਦੇ ਚਿੱਟੇ-ਚਿੱਟੇ ਫੁੱਟਾਂ ਨਾਲ ਭਰ ਜਾਂਦੀਆਂ ਹਨ। ਪਿੰਡਾਂ ਵਿਚ ਘਰਾਂ ਦਾ ਕੰਮ ਨਿਬੇੜ ਕੇ ਚੋਣੀਆਂ ਨੂੰ ਨਾਲ ਲੈ ਕੇ ਸੁਆਣੀਆਂ ਕਪਾਹ ਚੁਗਣ ਜਾਂਦੀਆਂ ਹਨ। ਖੇਤਾਂ ਵਿਚ ਝੋਲੀਆਂ ਬੰਨ੍ਹ ਕੇ ਕਪਾਹ ਚੁਗਦੀਆਂ ਤ੍ਰੀਮਤਾਂ ਹਾਸਾ-ਠੱਠਾ ਕਰਦੀਆਂ ਹਨ। ਖੇਤਾਂ ਵਿਚ ਮੇਲੇ ਵਰਗਾ ਮਾਹੌਲ ਹੁੰਦਾ ਹੈ ਜਿੱਥੋਂ ਸਭਿਆਚਾਰ ਅੰਗੜਾਈਆਂ ਲੈਂਦਾ ਹੈ ਅਤੇ ਪਤਲੀ ਮੁਟਿਆਰ ਨੂੰ ਕਪਾਹ ਚੁਗਦੀ ਨੂੰ ਦੇਖ ਕੇ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ:

ਪਰ੍ਹੇ ਹੋ ਜਾ ਕਪਾਹ ਦੀਏ ਛਟੀਏ
ਪਤਲੋ ਨੂੰ ਲੰਘ ਜਾਣ ਦੇ

ਪੰਜਾਬ ਵਿਚ ਬਿਜਾਂਦ ਪੱਖੋਂ ਕਪਾਹ/ਨਰਮੇ ਦੀ ਫਸਲ ਨੂੰ ਭਾਵੇਂ ਝੋਨੇ ਦੀ ਫਸਲ ਨੇ ਵੱਡੀ ਪੱਧਰ 'ਤੇ ਨਿਗਲ ਲਿਆ ਹੈ ਪਰ ਪੂਰੇ ਭਾਰਤ ਦੀ ਗੱਲ ਕਰੀਏ ਤਾਂ ਕਪਾਹ/ਨਰਮੇ ਦੀ ਬਿਜਾਂਦ ਵਿਚ ਕਮੀ ਨਹੀਂ ਆਈ। ਕਪਾਹ/ਨਰਮੇ ਦੀ ਚੰਗੀ ਪੈਦਾਵਾਰ ਨਾਲ ਕਿਸਾਨ ਹੀ ਨਹੀਂ ਸਗੋਂ ਸਮੁੱਚਾ ਦੇਸ਼ ਆਰਥਿਕ ਤੌਰ 'ਤੇ ਖੁਸ਼ਹਾਲ ਹੁੰਦਾ ਹੈ। ਚੰਗੀ ਪੈਦਾਵਾਰ ਨਾਲ ਕਿਸਾਨ ਆਪਣੀ ਅਰਧਾਂਗਣੀ ਦੇ ਸ਼ੌਕ ਪੂਰੇ ਕਰਨ ਦੇ ਵਾਅਦੇ ਦੀ ਇਨ੍ਹਾਂ ਸ਼ਬਦਾਂ ਰਾਹੀਂ ਕਰਦਾ ਹੈ:

ਤੇਰੇ ਹੱਥਾਂ ਨੂੰ ਕਰਾਦੂੰ ਛਾਪਾਂ-ਛੱਲੇ
ਨੀ ਨਰਮੇ ਨੂੰ ਵਿਕ ਲੈਣ ਦੇ

ਕਪਾਹ ਦੇ ਉਤਪਾਦਨ ਵਿਚ ਉਤਰਾਅ-ਚੜ੍ਹਾਅ ਹੁੰਦਾ ਰਹਿੰਦਾ ਹੈ ਜਿਸ ਦਾ ਮੁੱਖ ਕਾਰਨ ਫਸਲਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਅਤੇ ਕਪਾਹ ਦੇ ਮੁੱਲ ਵਿਚ ਗਿਰਾਵਟ ਹਨ। ਮੰਡੀਕਰਨ ਦੇ ਦੌਰ ਵਿਚ ਵਪਾਰੀ ਕਿਸਾਨ ਕੋਲੋਂ ਕਪਾਹ ਘੱਟ ਮੁੱਲ 'ਤੇ ਪ੍ਰਾਪਤ ਕਰ ਲੈਂਦਾ ਹੈ ਅਤੇ ਜਦੋਂ ਕਿਸਾਨ ਸਭ ਕੁਝ ਵੇਚ ਦਿੰਦਾ ਹੈ ਤਾਂ ਭਾਅ ਉਤਾਂਹ ਚੜ੍ਹ ਜਾਂਦੇ ਹਨ। ਇਸ ਵਾਰ ਪੰਜਾਬ ਦੇ ਦੱਖਣ-ਪੱਛਮੀ ਇਲਾਕੇ ਵਿਚ ਗੁਲਾਬੀ ਸੁੰਡੀ ਨੇ ਫਸਲ 'ਤੇ ਮਾਰੂ ਹਮਲਾ ਕਰ ਦਿੱਤਾ ਹੈ ਜਿਸ ਨਾਲ ਨਰਮੇ ਅਤੇ ਕਪਾਹ ਦੀ 75 ਫੀਸਦੀ ਫਸਲ ਤਬਾਹ ਹੋ ਗਈ ਹੈ। ਸਰਕਾਰ ਦੀਆਂ ਸਹੀ ਨੀਤੀਆਂ ਨਾ ਹੋਣ ਕਾਰਨ ਕਈ ਵਾਰ ਦਿਨ-ਰਾਤ ਮਿਹਨਤ ਕਰਕੇ ਵੀ ਕਿਸਾਨ ਨੂੰ ਆਮਦਨ ਤਾਂ ਦੂਰ ਦੀ ਗੱਲ ਸਗੋਂ ਉਸ ਦੇ ਖਰਚੇ ਵੀ ਪੂਰੇ ਨਹੀਂ ਹੁੰਦੇ। ਇਹ ਪੁਰਾਤਨ ਲੋਕ ਬੋਲੀ ਅਜਿਹੇ ਅਰਥਾਂ ਨੂੰ ਸਪਸ਼ਟ ਕਰਦੀ ਹੈ:

ਮੇਰਾ ਮਾਮਲਾ ਨਾ ਹੋਇਆ ਪੂਰਾ
ਕੱਤੇ ਦੀ ਕਪਾਹ ਵੇਚ ਕੇ

ਕੱਤਕ ਮਹੀਨੇ ਦੇ ਮੌਸਮ ਵਿਚ ਮੰਡੀਆਂ ਕਪਾਹਾਂ ਦੇ ਢੇਰਾਂ ਨਾਲ ਭਰ ਜਾਂਦੀਆਂ ਹਨ। ਅੱਜ ਧਰਤੀ ਹੇਠਲੇ ਪਾਣੀ ਅਤੇ ਵਾਤਾਵਰਨ ਦੀ ਰਾਖੀ ਲਈ ਜੇਕਰ ਸਹੀ ਭਾਅ ਮਿਲਣ ਤਾਂ ਕਪਾਹ ਦੀ ਫਸਲ ਚੰਗੇਰੇ ਭਵਿੱਖ ਲਈ ਲਾਹੇਵੰਦ ਸਾਬਤ ਹੋ ਸਕਦੀ ਹੈ।

# 'ਇੱਕ ਮਹੀਨਾ ਜੇਠ ਦਾ' ਨਾਲ ਮੁੜ ਚਰਚਾ 'ਚ ਗੁਰਚੇਤ ਚਿੱਤਰਕਾਰ

ਚਿੱਤਰਕਾਰੀ ਤੋਂ ਫਿਲਮਕਾਰੀ ਵੱਲ ਆਇਆ 'ਗੁਰਚੇਤ ਚਿੱਤਰਕਾਰ' ਫੈਮਿਲੀ ਫਿਲਮਾਂ ਦੇ ਕਲਾਕਾਰ ਵਜੋਂ ਵੱਖਰੀ ਪਛਾਣ ਰੱਖਦਾ ਹੈ। 1995-96 ਦੇ ਸਮਿਆਂ ਦੇ ਸੀ. ਡੀ. ਕਲਚਰ ਦੌਰ 'ਚ ਆਈਆਂ ਟੈਲੀਫਿਲਮਾਂ 'ਸੰਦੂਕ 'ਚ ਬੰਦੂਕ', 'ਫੌਜੀ ਦੀ ਫੈਮਿਲੀ', 'ਫੈਮਿਲੀ 420', 'ਕੇਹਰ ਸਿੰਘ ਦੀ ਮੌਤ', 'ਕਰਜਾ', 'ਨਵਾਂ ਸਮਾਜ', 'ਇੱਜਤ', 'ਨਾਨਕ ਨਾਮ ਚੜ੍ਹਦੀ ਕਲਾ' ਆਦਿ ਨਾਲ ਛੋਟੀਆਂ ਫਿਲਮਾਂ ਦੇ ਪਿਤਾਮਾ ਬਣੇ ਗੁਰਚੇਤ ਚਿੱਤਰਕਾਰ ਨੇ ਸਮਾਜ ਦੇ ਅਣਛੋਹੇ ਮੁੱਦਿਆਂ ਨੂੰ ਆਪਣੀ ਮਨੋਰੰਜਨ ਸ਼ੈਲੀ ਨਾਲ ਪਰਦੇ 'ਤੇ ਲਿਆਂਦਾ। ਸਮੇਂ ਦੇ ਨਾਲ ਚਲਦਿਆਂ ਉਸ ਨੇ ਸਮਾਜ ਦੀ ਹਰੇਕ ਕੁਰੀਤੀ ਨੂੰ ਵਿਅੰਗਮਈ ਤਰੀਕੇ ਨਾਲ ਭੰਡਿਆ। ਗੁਰਚੇਤ ਜਿੱਥੇ ਵਧੀਆ ਕਲਾਕਾਰ, ਡਾਇਰੈਕਟਰ, ਡਾਂਸ ਮਾਸਟਰ ਹੈ, ਉਥੇ ਸੁਲਝਿਆ ਹੋਇਆ ਲੇਖਕ ਵੀ ਹੈ। ਉਹ ਫਿਲਮ ਦੀ ਕਹਾਣੀ, ਸਕਰੀਨ ਪਲੇਅ ਤੇ ਡਾਇਲਾਗ ਖੁਦ ਲਿਖਦਾ ਹੈ।

ਸੰਗਰੂਰ ਨੇੜਲੇ ਪਿੰਡ ਈਲਵਾਲ ਦੇ ਜੰਮਪਲ ਗੁਰਚੇਤ ਨੇ ਲਘੂ ਫਿਲਮਾਂ ਤੋਂ ਉਪਰ ਉਠ ਕੇ ਵੱਡੇ ਪਰਦੇ ਦੀਆਂ ਫਿਲਮਾਂ ਲਈ ਵੀ ਕੰਮ ਕੀਤਾ ਹੈ। ਯੂ-ਟਿਊਬ ਦੇ ਅਜੋਕੇ ਦੌਰ ਵਿਚ




ਅੱਜ ਲੱਖਾਂ ਹੀ ਦਰਸ਼ਕ ਉਸ ਨਾਲ ਜੁੜੇ ਹੋਏ ਹਨ। ਜਿੱਥੇ ਉਹ ਆਪਣੇ ਦਰਸ਼ਕਾਂ ਦਾ ਹਰ ਤਰ੍ਹਾਂ ਦੀਆਂ ਫਿਲਮਾਂ ਨਾਲ ਮਨੋਰੰਜਨ ਕਰ ਰਿਹਾ ਹੈ। ਇਨ੍ਹੀਂ ਦਿਨੀਂ ਗੁਰਚੇਤ ਚਿੱਤਰਕਾਰ ਆਪਣੀ ਨਵੀਂ ਫਿਲਮ 'ਇੱਕ ਮਹੀਨਾ ਜੇਠ ਦਾ' ਨਾਲ ਖੂਬ ਚਰਚਾ ਵਿਚ ਹੈ। ਪੰਜਾਬ ਦੇ ਕਲਚਰ ਦੀ ਵਿਲੱਖਣ ਪੇਸ਼ਕਾਰੀ ਕਰਦੀ ਇਹ ਫਿਲਮ ਸਾਂਝੀਆਂ ਜ਼ਮੀਨਾਂ ਵਾਲੇ ਪਰਿਵਾਰਾਂ ਦੀ ਕਹਾਣੀ ਦਾ ਸੱਚ ਬਿਆਨਦੀ ਹੈ। ਇਹ ਫਿਲਮ ਪੰਜਾਬ ਦੇ ਪੁਰਾਤਨ ਕਲਚਰ ਤੇ ਠੇਠ ਬੋਲੀ ਨਾਲ ਵੀ ਜੋੜਦੀ ਹੈ।

ਗੁਰਚੇਤ ਨੇ ਦੱਸਿਆ ਕਿ ਇਹ ਫਿਲਮ ਉਸ ਦੌਰ ਦੀ ਸੱਚੀ ਕਹਾਣੀ ਹੈ, ਜਦੋਂ ਘਰ ਕੱਚੇ ਸੀ ਤੇ ਦਿਲ ਸੱਚੇ ਸੀ। ਜ਼ਮੀਨਾਂ ਲਈ ਔਰਤ ਕੀ-ਕੀ ਕੁਰਬਾਨ ਕਰਦੀ ਸੀ, ਇਹ ਗੱਲ ਕੌੜੀ ਜਰੂਰ ਹੈ, ਪਰ ਹੈ ਸੋਲਾਂ ਆਨੇ ਸੱਚੀ। ਅਜਿਹੀਆਂ ਫਿਲਮਾਂ ਬਣਾਉਣਾ ਹੀ ਅਸਲ ਫਿਲਮਕਾਰੀ ਹੈ।

ਇਸ ਫਿਲਮ 'ਚ ਗੁਰਚੇਤ ਚਿੱਤਰਕਾਰ, ਗੁਰਵਿੰਦਰ ਧਾਲੀਵਾਲ, ਖੁਸ਼ੀ ਸਰਾਂ, ਕੁਲਦੀਪ ਨਿਆਮੀ, ਸੁੱਖੀ ਖਿਆਲਾ, ਸੰਜੂ ਮਾਹਲ, ਪ੍ਰੇਮ ਲਤਾ ਨੇ ਮੁੱਖ ਕਿਰਦਾਰ ਨਿਭਾਏ ਹਨ। ਫਿਲਮ ਦਾ ਨਿਰਦੇਸ਼ਨ ਦਿਲਾਵਰ ਸਿੱਧੂ ਨੇ ਕੀਤਾ ਹੈ।

ਕਹਾਣੀ, ਡਾਇਲਾਗ ਤੇ ਸਕਰੀਨ ਪਲੇਅ ਗੁਰਚੇਤ ਨੇ ਲਿਖਿਆ ਹੈ।

**-ਸੁਰਜੀਤ ਜੱਸਲ**
ਫੋਨ: 91-98146-07737

## ਕਿਸਾਨ ਦੀ ਕਹੀ

ਅੰਨ ਉਗਾਉਣ ਵਾਲੇ
ਅਤਿਵਾਦੀ ਨਹੀਂ ਹੋ ਸਕਦੇ।
ਹੱਕ ਮੰਗਣ ਵਾਲੇ ਵੱਖਵਾਦੀ ਨਹੀਂ ਹੋ ਸਕਦੇ।
ਸੱਚ ਅੱਗੇ ਝੂਠ ਹਿੱਕ ਤਣੇਗਾ ਕਿੰਦਾਂ,
ਤੁਹਾਡੇ ਮਹਿਲਾਂ ਵਿਚ ਭੋਜਨ ਬਣੇਗਾ ਕਿੰਦਾਂ।
ਜੇ ਉਨ੍ਹਾਂ ਬੀਜੀ ਨਾ ਫਸਲ
ਰੋਵੋਗੇ ਭੁੱਖਮਰੀ ਪਈ ਨੂੰ,
ਦਿਲ ਕਰਦਾ ਸੋਨੇ 'ਚ ਮੜ੍ਹਾ ਦਿਆਂ
ਮੈਂ ਕਿਸਾਨ ਦੀ ਕਹੀ ਨੂੰ।
ਕੁਰਸੀਆਂ 'ਤੇ ਬਹਿ ਹੁਕਮ ਚਲਾਉਣੇ ਸੌਖੇ ਨੇ
ਪੋਹ ਤੇ ਹਾੜ ਵਿਚ ਪਾਣੀ ਲਾਹੁਣੇ ਔਖੇ ਨੇ
ਰੇਹਾਂ ਸਪਰੇਆਂ ਜਾਨ ਕੱਢਦੀਆਂ ਨੇ
ਘਰ ਦੇ ਖਰਚੇ ਚਲਾਉਣੇ ਔਖੇ ਨੇ
ਪੱਕੀ ਫਸਲ 'ਤੇ ਜਦੋਂ ਬੱਦਲ ਗੱਜਦਾ ਏ
ਮੂੰਹ ਨੂੰ ਪਾਣੀ ਦੇ ਘੁੱਟ ਵੀ ਲਾਉਣੇ ਔਖੇ ਨੇ
ਕੋਈ ਸ਼ੌਕ ਨਹੀਂ ਸੜਕਾਂ 'ਤੇ ਧਰਨੇ ਲਾਵਣ ਦਾ
ਘਰੋਂ ਨਿਕਲੇ ਹਾਂ ਸਿਰ 'ਤੇ ਆਣ ਪਈ ਨੂੰ
ਦਿਲ ਕਰਦਾ ਸੋਨੇ 'ਚ ਮੜ੍ਹਾ ਦਿਆਂ
ਮੈਂ ਕਿਸਾਨ ਦੀ ਕਹੀ ਨੂੰ

**-ਮਨਦੀਪ ਖਾਨਪੁਰੀ**
ਖਾਨਪੁਰ ਸਹੋਤਾ, ਹੁਸ਼ਿਆਰਪੁਰ
ਫੋਨ: 91-97791-79060

# ਟ੍ਰੈਜਿਡੀ ਕਿੰਗ ਦਿਲੀਪ ਕੁਮਾਰ ਦੇ ਅੰਗ-ਸੰਗ


ਵਿਨੋਦ ਕਪੂਰ
ਅਨੁਵਾਦ: ਪਰਮਜੀਤ ਢੀਂਗਰਾ

ਇਹ ਗੱਲ 1968 ਦੀ ਹੈ। ਦਿੱਲੀਓਂ ਆਪਣੇ ਇਕ ਗੂੜ੍ਹੇ ਦੋਸਤ ਜੱਜ ਦੀ ਕਾਰ ਵਿਚ ਅਸੀਂ ਸਾਰੇ ਬੰਬਈ ਗਏ। ਉੱਥੇ ਪਹੁੰਚ ਕੇ ਅਸੀਂ ਸਿੱਧੇ ਪ੍ਰਸਿੱਧ ਮਹਾਂ ਲੱਛਮੀ ਸਟੂਡੀਓ ਜਾ ਪਹੁੰਚੇ। ਉੱਥੇ ਜਿਸ ਨੇ ਸਾਡਾ ਨਿੱਘਾ ਸਵਾਗਤ ਕੀਤਾ, ਉਹ ਸੀ ਹਾਸ ਕਲਾਕਾਰ ਤੇ ਫਿਲਮ ਨਿਰਦੇਸ਼ਕ ਓਮ ਪ੍ਰਕਾਸ਼ ਦਾ ਭਰਾ ਪੱਛੀ। ਉਹ ਫਿਲਮ ਫੈਡਰੇਸ਼ਨ ਨਾਲ ਜੁੜਿਆ ਹੋਇਆ ਸੀ। ਇਸ ਲਈ ਹਿੰਦੀ ਸਿਨੇ ਜਗਤ ਦੇ ਸਾਰੇ ਲੋਕਾਂ ਨਾਲ ਉਹਦਾ ਵਾਹ ਵਾਸਤਾ ਸੀ। ਸਾਨੂੰ ਉਹਦਾ ਨਿੱਘਾ ਸੁਭਾਅ ਬੜਾ ਚੰਗਾ ਲੱਗਿਆ।

ਸ਼ੀਸ਼ੇ ਦੀ ਬਣੀ ਸੁਆਗਤੀ ਖਿੜਕੀ ਤੋਂ ਥੋੜ੍ਹੀ ਦੂਰੀ 'ਤੇ ਦਿਲੀਪ ਕੁਮਾਰ ਬੈਠੇ ਸਨ। ਉਨ੍ਹਾਂ ਨੇ ਸਾਨੂੰ ਦੇਖਿਆ ਤਾਂ ਉਨ੍ਹਾਂ ਦੇ ਚਿਹਰੇ 'ਤੇ ਖਾਸ ਕਿਸਮ ਦੀ ਮੁਸਕਰਾਹਟ ਫੈਲ ਗਈ। ਪੱਛੀ ਨੇ ਬੜੀ ਅਪਣੱਤ ਨਾਲ ਸਾਡੀ ਜਾਣ ਪਛਾਣ ਕਰਾਈ। ਜਾਣ ਪਛਾਣ ਤੋਂ ਬਾਅਦ ਦਿਲੀਪ ਸਾਹਿਬ ਖੜ੍ਹੇ ਹੋ ਗਏ ਤੇ ਸਾਡੇ ਨਾਲ ਪੰਜਾਬੀ ਵਿਚ ਇੰਜ ਗੱਲਾਂ ਕਰਨ ਲੱਗੇ ਜਿਵੇਂ ਅਸੀਂ ਚਿਰਾਂ ਤੋਂ ਇਕ ਦੂਜੇ ਦੇ ਜਾਣੂ ਹੋਈਏ। ਉਨ੍ਹਾਂ ਨਾਲ ਲਾਊਂਜ ਵਿਚ ਬਹਿ ਕੇ ਚਾਹ ਪੀਣੀ ਇੰਜ ਸੀ ਜਿਵੇਂ ਚੜ੍ਹਦੀ ਉਮਰੇ ਫਿਲਮ ਸਿਤਾਰਿਆਂ ਨਾਲ ਬਹਿਣ ਦੇ ਸੁਪਨੇ ਪੂਰੇ ਹੋ ਗਏ ਹੋਣ। ਦਿਲੀਪ ਸਾਹਿਬ ਨੇ ਪੰਜਾਬੀ ਵਿਚ ਹੀ ਪੁੱਛਿਆ- 'ਤੁਹਾਡੇ ਕੋਲ ਸਮਾਂ ਹੈ?' ਜੁਆਬ ਵਿਚ ਹਾਂ ਸੁਣ ਕੇ ਕਹਿਣ ਲੱਗੇ, 'ਮੇਰੀ ਆਉਣ ਵਾਲੀ ਫਿਲਮ 'ਸੰਘਰਸ਼' ਦੀਆਂ ਚਾਰ ਰੀਲ੍ਹਾਂ ਪ੍ਰੀਵਿਊ ਵਿਚ ਹਨ, ਤੁਸੀਂ ਵੀ ਨਾਲ ਚੱਲੋ ਇਕੱਠੇ ਬਹਿ ਕੇ ਦੇਖਾਂਗੇ।'

ਉੱਪਰ ਹੀ ਥੀਏਟਰ ਸੀ। ਜਦੋਂ ਅਸੀਂ ਥੀਏਟਰ ਵਿਚ ਬੈਠੇ ਸਾਂ ਤਾਂ ਮੈਂ ਦਿਲੀਪ ਸਾਹਿਬ ਨੂੰ ਉਨ੍ਹਾਂ ਦੇ ਆਪਣੇ ਦ੍ਰਿਸ਼ਾਂ 'ਤੇ ਪ੍ਰਤੀਕਿਰਿਆ ਕਰਦਿਆਂ ਦੇਖਦਾ ਰਿਹਾ। ਉਨ੍ਹਾਂ ਨੂੰ ਸਿਨਮਾ ਵਿਚ ਦੇਖਣ ਨਾਲੋਂ ਏਥੇ ਦੇਖਣਾ ਮੈਨੂੰ ਚੰਗਾ ਲੱਗ ਰਿਹਾ ਸੀ। ਜਦੋਂ ਉਹ ਸੰਜੀਵ ਕੁਮਾਰ ਦੇ ਦ੍ਰਿਸ਼ ਦੇਖਦੇ ਤਾਂ ਬੜੇ ਧਿਆਨ ਨਾਲ ਅਭਿਨੈ ਕਲਾ ਨੂੰ ਪਰਖਦੇ। ਸੰਜੀਵ ਕੁਮਾਰ ਉਸ ਸਮੇਂ ਅਜੇ ਨਵਾਂ ਨਵਾਂ ਫਿਲਮ ਜਗਤ ਵਿਚ ਆਇਆ ਸੀ। ਸਕਰੀਨਿੰਗ ਖਤਮ ਹੁੰਦਿਆਂ ਲਾਈਟਾਂ ਜਗ ਪਈਆਂ। ਦਿਲੀਪ ਸਾਹਿਬ ਨੇ ਬੜੇ ਸਹਿਜਮਈ ਤਰੀਕੇ ਨਾਲ ਪੁੱਛਿਆ- 'ਕਿਵੇਂ ਲੱਗਿਆ ਕੁਮਾਰ ਸਾਹਿਬ?'

ਮੇਰੇ ਦੋਸਤ ਨੇ ਫਿਲਮ ਵਿਚ ਉਨ੍ਹਾਂ ਦੇ ਕਿਰਦਾਰ ਦੀ ਸ਼ਲਾਘਾ ਕੀਤੀ ਜਿਸ ਨਾਲ ਉਨ੍ਹਾਂ ਦੇ ਚਿਹਰੇ 'ਤੇ ਰੌਣਕ ਆ ਗਈ। ਦੋਸਤ ਨੇ ਪੁੱਛਿਆ-'ਫਿਲਮ 'ਚ ਦੂਸਰਾ ਲੜਕਾ ਕੌਣ ਹੈ?' ਉਨ੍ਹਾਂ ਸਾਧਾਰਨ ਜਿਹੇ ਤਰੀਕੇ ਨਾਲ ਦੱਸਿਆ ਤੇ ਜਾਣਬੁਝ ਕੇ ਅਦਾਕਾਰ ਦਾ ਨਾਂ ਦੱਸਣ ਤੋਂ ਟਾਲਾ ਵੱਟ ਗਏ। ਉਸ ਸਮੇਂ ਤਕ ਸੰਜੀਵ ਕੁਮਾਰ ਨੂੰ ਬਹੁਤੀ ਪਛਾਣ ਅਜੇ ਨਹੀਂ ਸੀ ਮਿਲੀ ਪਰ ਇਹ ਵੀ ਸੱਚ ਹੈ ਕਿ ਅੱਗੇ ਜਾ ਕੇ ਸੰਜੀਵ ਕੁਮਾਰ ਦਾ ਕੱਦ ਅਭਿਨੈ ਕਲਾ ਵਿਚ ਦਿਲੀਪ ਸਾਹਿਬ ਵਰਗਾ ਹੋ ਗਿਆ ਸੀ। ਬਾਅਦ ਵਿਚ 'ਸੰਘਰਸ਼' ਉਹਦੀ ਵਧੀਆ ਫਿਲਮ ਵਜੋਂ ਹਿੱਟ ਹੋਈ।


ਉਮਦਾ ਅਦਾਕਾਰ ਦਿਲੀਪ ਕੁਮਾਰ (ਐਨ ਖੱਬੇ) ਅਤੇ ਉਸ ਦੀ ਬੇਗਮ ਸਾਇਰਾ ਬਾਨੋ ਨਾਲ ਦੋ ਤਸਵੀਰਾਂ।

ਦਿਲੀਪ ਸਾਹਿਬ ਉਸ ਮਹਾਨ ਤਿੱਕੜੀ ਦਾ ਹਿੱਸਾ ਸਨ, ਜਿਸ ਨੇ ਫਿਲਮ ਜਗਤ ਵਿਚ ਆਪਣੇ ਪ੍ਰਤੀਮਾਨ ਸਥਾਪਤ ਕੀਤੇ। ਇਹ ਉਹ ਪ੍ਰਤੀਮਾਨ ਸਨ, ਜਿਨ੍ਹਾਂ ਨੇ ਕਲਾਕਾਰੀ ਦੇ ਰੂਪ ਵਿਚ ਆਪਣੀ ਅਦਭੁੱਤ ਸ਼ੈਲੀ, ਗੰਭੀਰਤਾ ਤੇ ਪੇਸ਼ਕਾਰੀ ਰਾਹੀਂ ਉਨ੍ਹਾਂ ਨੂੰ 'ਟ੍ਰੈਜਿਡੀ ਕਿੰਗ' ਦਾ ਖਿਤਾਬ ਦਵਾਇਆ। ਜਲਦੀ ਹੀ ਉਨ੍ਹਾਂ ਦੇ ਨਿਰਦੇਸ਼ਕਾਂ ਤੇ ਕੈਮਰਾਮੈਨਾਂ ਨੇ ਉਨ੍ਹਾਂ ਲਈ ਟ੍ਰੈਜਿਡੀ ਦਾ ਪ੍ਰਭਾਵ ਸਿਰਜਣ ਲਈ ਮੱਧਮ ਰੌਸ਼ਨੀਆਂ ਤੇ ਖ਼ਲਾਸ ਕੋਣ ਤੋਂ ਕੈਮਰੇ ਦੀ ਵਰਤੋਂ ਕਰਨੀ ਸਿੱਖ ਲਈ। ਗੀਤਕਾਰਾਂ ਤੇ ਸੰਗੀਤਕਾਰਾਂ ਨੇ ਉਨ੍ਹਾਂ ਅਨੁਸਾਰ ਆਪਣੀਆਂ ਸੁਰਾਂ ਨੂੰ ਸੁਰ ਕੀਤਾ। ਫਿਰ ਦਿਲੀਪ ਸਾਹਿਬ ਨੇ ਫਿਲਮਾਂ ਦੇ ਸ਼ੌਕੀਨਾਂ ਨੂੰ ਚਿਤ ਕਰਕੇ ਆਪਣੇ ਤਰੀਕੇ ਨਾਲ ਬਦਲ ਦਿੱਤਾ ਤੇ ਮੁਟਿਆਰਾਂ ਉਨ੍ਹਾਂ ਅੰਦਰਲੇ ਦੇਵਦਾਸ ਦੀਆਂ ਦੀਵਾਨੀਆਂ ਹੋ ਗਈਆਂ। ਮੇਰੇ ਸਕੂਲ ਦੇ ਦਿਨਾਂ ਦੇ ਦੋਸਤ ਅਕਾਸ਼ਦੀਪ ਨੂੰ 'ਗੰਗਾ ਜਮੁਨਾ' ਫਿਲਮ ਲਈ ਦਿਲੀਪ ਸਾਹਿਬ ਨੇ ਹੀ ਚੁਣਿਆ ਸੀ। ਬਾਅਦ ਵਿਚ ਉਹਨੇ ਹੋਰ ਵੀ ਕਈ ਫਿਲਮਾਂ ਵਿਚ ਕੰਮ ਕੀਤਾ। ਅਕਾਸ਼ਦੀਪ ਦੇਰ ਤਕ ਮੇਰੇ ਨਾਲ ਗੱਲਾਂ ਕਰਦਾ ਦੱਸਦਾ ਰਿਹਾ ਕਿ ਕਿਵੇਂ ਉਹਨੂੰ ਜਮੁਨਾ ਬਣਨ ਦੀ ਭੂਮਿਕਾ ਦਿੱਤੀ ਗਈ।

ਦਿਲੀਪ ਸਾਹਿਬ ਦੀ ਸ਼ਖਸੀਅਤ ਵਿਚਲੀਆਂ ਅਨੇਕਾਂ ਚੰਗਿਆਈਆਂ ਤੋਂ ਇਲਾਵਾ ਇਕ ਖੂਬੀ ਇਹ ਵੀ ਸੀ ਕਿ ਉਹ ਕਈ ਭਾਸ਼ਾਵਾਂ ਵਿਚ ਗੱਲਬਾਤ ਕਰਨ ਦੇ ਮਾਹਰ ਸਨ। ਏਸੇ ਕਰਕੇ ਉਨ੍ਹਾਂ ਦੀਆਂ ਬਹੁਰੰਗੀ ਭੂਮਿਕਾਵਾਂ ਦਾ ਪ੍ਰਭਾਵ ਹੋਰ ਵੀ ਵਧ ਜਾਂਦਾ। ਇਹ ਉਨ੍ਹਾਂ ਦੇ ਅਧਿਐਨ ਤੇ ਆਲੇ ਦੁਆਲੇ ਦੀ ਜ਼ਿੰਦਗੀ ਨੂੰ ਨੀਝ ਨਾਲ ਦੇਖਣ ਕਰਕੇ ਸੰਭਵ ਹੋਇਆ ਹੋਵੇਗਾ। ਏਸੇ ਅਨੁਭਵ ਦ੍ਰਿਸ਼ਟੀ ਕਰਕੇ ਅਭਿਨੇਤਾ ਅੰਦਰਲਾ ਇਨਸਾਨ ਪ੍ਰਭਾਵਤ ਹੁੰਦਾ ਨਜ਼ਰ ਆਉਂਦਾ ਹੈ।

ਅੱਸੀਵਿਆਂ ਦੇ ਅੰਤ ਵਿਚ ਮੈਂ ਦੂਰਦਰਸ਼ਨ ਨਾਲ ਜੁੜ ਗਿਆ। ਸਾਡੇ ਐਡੀਟਰ ਬੀ. ਐਨ. ਸ਼ੈਲੀ ਨੇ ਮੈਨੂੰ ਮੌਰੀਆ ਹੋਟਲ ਵਿਚ ਦਿਲੀਪ ਸਾਹਿਬ ਦੀ ਠਾਹਰ ਦੀ ਸੂਚਨਾ ਦਿੱਤੀ। ਮੈਂ ਇਕ ਹਫਤਾਵਾਰੀ ਬੜੇ ਮਕਬੂਲ ਪ੍ਰੋਗਰਾਮ 'ਪੰਜਾਬੀ ਦਰਪਣ' ਲਈ ਉਨ੍ਹਾਂ ਦੀ ਇੰਟਰਵਿਊ ਰਿਕਾਰਡ ਕਰਨੀ ਚਾਹੁੰਦਾ ਸੀ। ਉਹ ਪਸ਼ੌਰੀ ਅੰਦਾਜ਼ ਵਿਚ ਬੜੀ ਵਧੀਆ ਪੰਜਾਬੀ ਬੋਲਦੇ ਸਨ। ਸ਼ੈਲੀ ਨੇ ਮੈਨੂੰ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਹੋਟਲ ਬੁਲਾਇਆ। ਜਦੋਂ ਉਹ ਕਿਸੇ ਪੰਜਾਬੀ ਚੀਜ਼ ਬਾਰੇ ਦੱਸਦੇ ਤਾਂ ਨਾਲੋਂ ਨਾਲ ਉਹਦਾ ਬੜੀ ਔਖੀ ਉਰਦੂ ਵਿਚ ਤਰਜਮਾ ਕਰਦੇ ਜਾਂਦੇ। ਉਹ ਵੱਡੇ ਲੇਖਕਾਂ ਵਾਂਗ ਉਰਦੂ ਬੋਲਦੇ ਸਨ। ਜਿਸ ਤਰ੍ਹਾਂ ਦੇ ਭਾਰੇ-ਭਾਰੇ ਉਰਦੂ ਦੇ ਸ਼ਬਦ ਉਹ ਮੇਰੇ ਸਾਹਮਣੇ ਬੋਲ ਰਹੇ ਸਨ, ਮੈਂ ਆਪਣੇ ਆਪ ਨੂੰ ਅਨਪੜ੍ਹ ਮਹਿਸੂਸ ਕਰ ਰਿਹਾ ਸਾਂ। ਇੰਟਰਵਿਊ ਦੌਰਾਨ ਨਾ ਤਾਂ ਮੈਂ ਉਨ੍ਹਾਂ ਨੂੰ ਵਿਚੋਂ ਰੋਕ ਸਕਿਆ ਤੇ ਨਾ ਹੀ ਉਨ੍ਹਾਂ ਨੂੰ ਮੇਰੀ ਪ੍ਰਤੀਕਿਰਿਆ ਪਤਾ ਲੱਗੀ। ਉਹ ਲਗਾਤਾਰ ਆਪਣੀ ਗੱਲ ਕਰਦੇ ਰਹੇ। ਮੈਨੂੰ ਪਤਾ ਨਹੀਂ ਕੀ ਹੋਇਆ। ਮੇਰਾ ਧਿਆਨ ਪਤਾ ਨਹੀਂ ਕਿੱਧਰ ਚਲਾ ਗਿਆ। ਉਨ੍ਹਾਂ ਨੇ ਅਚਾਨਕ ਮੈਨੂੰ ਪੁੱਛਿਆ- 'ਤੂੰ ਇੱਥੇ ਹੀ ਹੈ ਨਾ?'

ਉਨ੍ਹਾਂ ਦਾ ਮੈਨੂੰ ਇਸ ਤਰ੍ਹਾਂ ਪੁੱਛਣਾ ਬੜਾ ਬੇਤੁਕਾ ਲੱਗਿਆ। ਕੀ ਉਹ ਚਾਹੁੰਦੇ ਸਨ ਕਿ ਮੈਂ ਉੱਥੋਂ ਚਲਾ ਜਾਵਾਂ? ਖੁਦ ਨੂੰ ਸ਼ਾਂਤ ਕਰਦਿਆਂ ਮੈਂ ਉਨ੍ਹਾਂ ਦੀਆਂ ਗੱਲਾਂ ਦੀ ਤਾਰੀਫ ਕੀਤੀ ਤੇ ਕਿਹਾ ਕਿ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੈਂ ਹੈਰਾਨ ਹਾਂ। ਅਜਿਹਾ ਸੁਣ ਕੇ ਵੀ ਉਨ੍ਹਾਂ ਦੇ ਚਿਹਰੇ ਦੇ ਹਾਵਭਾਵ ਨਹੀਂ ਬਦਲੇ। ਉਨ੍ਹਾਂ ਨੇ ਧੀਮੀ ਆਵਾਜ਼ ਵਿਚ ਉਰਦੂ ਵਿਚ ਦੁਬਾਰਾ ਗੱਲਬਾਤ ਸ਼ੁਰੂ ਕਰ ਦਿੱਤੀ।

ਇਸ ਦੌਰਾਨ ਬੰਬਈ ਦੀ ਇਕ ਫੇਰੀ ਸਮੇਂ ਮੇਰਾ ਇਕ ਗੂੜ੍ਹਾ ਦੋਸਤ ਅਤੇ ਅੰਗਰੇਜ਼ੀ ਦਾ ਸਾਬਕਾ ਪ੍ਰੋਫੈਸਰ ਮੈਨੂੰ ਦਿਲੀਪ ਸਾਹਿਬ ਕੋਲ ਲੈ ਗਿਆ। ਉਹਦੇ ਪਰਿਵਾਰ ਦੀ ਜੋਧਪੁਰ ਵਿਚ ਚੰਗੀ ਪੈਂਠ ਸੀ। ਮੇਰੇ ਦੋਸਤ ਦੇ ਪਿਤਾ ਸ਼ਿਵ ਰਾਮ ਪੁਰੋਹਿਤ ਦਿਲੀਪ ਸਾਹਿਬ ਦੀਆਂ ਜ਼ਿਆਦਾਤਰ ਫਿਲਮਾਂ ਦੇ ਪ੍ਰਮੁੱਖ ਫਾਈਨੈਂਸਰ ਸਨ। ਏਸੇ ਕਰਕੇ ਦੋਹਾਂ ਪਰਿਵਾਰਾਂ ਵਿਚ ਕਾਫੀ ਨੇੜਤਾ ਸੀ। ਦਿਲੀਪ ਸਾਹਿਬ ਦੀ ਜ਼ਿਦ ਕਰਕੇ ਉਨ੍ਹਾਂ ਨੂੰ ਏ.ਆਰ. ਕਾਰਦਾਰ ਦੀ ਫਿਲਮ 'ਦਿਲ ਦੀਆ ਦਰਦ ਲੀਆ' ਨੂੰ ਵੀ ਫਾਈਨਾਂਸ ਕਰਨਾ ਪਿਆ। ਇਹਦੇ ਕਰਕੇ ਬਾਅਦ ਵਿਚ ਉਹ ਇਨਕਮ ਟੈਕਸ ਦੇ ਝਮੇਲੇ ਵਿਚ ਫਸ ਗਏ। ਤਦ ਐੱਸ.ਆਰ. ਪੁਰੋਹਿਤ ਨੇ ਹੀ ਉਨ੍ਹਾਂ ਨੂੰ ਇਸ ਝਮੇਲੇ ਵਿਚੋਂ ਕੱਢਿਆ। ਇਕ ਵਾਰ ਇਕ ਪਾਕਿਸਤਾਨੀ ਪੱਤਰਕਾਰ ਨੇ ਉਨ੍ਹਾਂ ਦੀ ਇੰਟਰਵਿਊ ਲੈਂਦਿਆਂ ਸੰਪਰਦਾਇਕਤਾ ਦੀ ਗੱਲ ਛੋਹ ਲਈ। ਇਸ 'ਤੇ ਦਿਲੀਪ ਸਾਹਿਬ ਕਹਿਣ ਲੱਗੇ-'ਇਕ ਮੁਸਲਿਮ ਦੋਸਤ ਨੇ ਉਨ੍ਹਾਂ ਨੂੰ ਇਨਕਮ ਟੈਕਸ ਦੇ ਝਮੇਲੇ ਵਿਚ ਫਸਾ ਦਿੱਤਾ ਤੇ ਇਕ ਹਿੰਦੂ ਦੋਸਤ ਨੇ ਇਸ ਵਿਚੋਂ ਬਾਹਰ ਕੱਢਿਆ। ਇਹ ਹੈ ਇੱਥੋਂ ਦੀ ਧਰਮ ਨਿਰਪੱਖਤਾ ਦਾ ਸਬੂਤ।'

ਕਾਫੀ ਦਿਨਾਂ ਬਾਅਦ 1983 ਵਿਚ ਜਦੋਂ ਵੱਡੇ ਪੁਰੋਹਿਤ ਬੰਬਈ ਦੇ ਹਸਪਤਾਲ ਵਿਚ ਦਾਖਲ ਹੋਏ ਤਾਂ ਦਿਲੀਪ ਸਾਹਿਬ ਤੇ ਸਾਇਰਾ ਬਾਨੋ ਲਗਾਤਾਰ ਉਨ੍ਹਾਂ ਨੂੰ ਮਿਲਣ ਜਾਂਦੇ ਰਹੇ। ਡਾਕਟਰ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲੇ ਦੇਖ ਕੇ ਹੈਰਾਨ ਰਹਿ ਜਾਂਦੇ ਕਿ ਇਹ ਮਰੀਜ਼ ਇਨ੍ਹਾਂ ਦਾ ਕੀ ਲੱਗਦਾ ਹੈ, ਜਿਸ ਦੇ ਪੈਰ ਦਿਲੀਪ ਸਾਹਿਬ ਘੁੱਟਦੇ, ਕਦੇ ਕਦੇ ਸਾਰਿਆਂ ਸਾਹਮਣੇ ਉਨ੍ਹਾਂ ਦੇ ਪੈਰਾਂ 'ਤੇ ਹੱਥ ਫੇਰਦੇ। ਦਿਲੀਪ ਸਾਹਿਬ ਉਨ੍ਹਾਂ ਨੂੰ ਆਪਣੇ ਪਿਤਾ ਸਮਾਨ ਮੰਨਦੇ ਸਨ, ਉਹ ਵੀ ਉਨ੍ਹਾਂ ਨੂੰ ਆਪਣੇ ਇਕ ਹੋਰ ਬੇਟੇ ਵਾਂਗ ਪਿਆਰ ਕਰਦੇ ਸਨ।

ਪਿਛਲੇ ਦਿਨੀਂ ਜਦੋਂ ਬੰਬਈ ਜਾਣ ਦਾ ਸਬੱਬ ਬਣਿਆ ਤਾਂ ਮੇਰਾ ਦੋਸਤ ਕਮਲੇਸ਼ ਕਹਿਣ ਲੱਗਾ- ਚੱਲ ਯੂਸਫ ਸਾਹਿਬ ਨੂੰ ਮਿਲ ਕੇ ਆਉਂਦੇ ਹਾਂ। ਹੁਣੇ ਹੁਣੇ ਉਨ੍ਹਾਂ ਦੀ ਹਾਰਟ ਸਰਜਰੀ ਹੋਈ ਹੈ। ਅਸੀਂ ਉਨ੍ਹਾਂ ਦੇ ਪਾਲੀ ਹਿੱਲ ਵਾਲੇ ਬੰਗਲੇ ਜਾ ਪਹੁੰਚੇ। ਉੱਥੇ ਜਾ ਕੇ ਅਜਿਹਾ ਲੱਗਿਆ ਕਿ ਸਾਰੇ ਲੋਕ ਕਮਲੇਸ਼ ਨੂੰ ਜਾਣਦੇ ਨੇ ਤੇ ਅਹਿਸਾਸ ਖਾਨ (ਦਿਲੀਪ ਸਾਹਿਬ ਦਾ ਭਰਾ) ਉਹਨੂੰ ਦੇਖ ਕੇ ਪੰਜਾਬੀ ਬੋਲਦਾ ਉਹਦੇ ਵੱਲ ਆਇਆ। ਆਵਾਜ਼ ਸੁਣ ਕੇ ਸਾਇਰਾ ਵੀ ਬਾਹਰ ਆ ਗਈ। ਉਹਨੇ ਸਾਨੂੰ ਲਾਅਨ ਵਿਚ ਬੈਠਣ ਲਈ ਕਿਹਾ। ਜਲਦੀ ਹੀ ਦਿਲੀਪ ਸਾਹਿਬ ਨੂੰ ਸਹਾਰਾ ਦੇ ਕੇ ਦੋ ਜਣੇ ਬਾਹਰ ਲੈ ਆਏ। ਸੰਖੇਪ ਵਿਚ ਉਨ੍ਹਾਂ ਦੀ ਬਾਈਪਾਸ ਸਰਜਰੀ ਦਾ ਹਾਲ ਚਾਲ ਪੁੱਛਿਆ। ਸਰਜਰੀ ਹੋਇਆਂ ਅਜੇ ਨੌਂ ਦਿਨ ਹੀ ਹੋਏ ਸਨ। ਉਹ ਕਾਫੀ ਪੀੜ ਪਰੁਚੇ ਲਹਿਜੇ ਵਿਚ ਸਰਜਰੀ ਦੀ ਸਾਰੀ ਪ੍ਰਕਿਰਿਆ ਬਾਰੇ ਦੱਸ ਰਹੇ ਸਨ। ਉਹ ਬੜੀ ਬਾਰੀਕੀ ਨਾਲ ਨਸਾਂ ਅਤੇ ਮੈਡੀਕਲ ਸ਼ਬਦਾਵਲੀ ਵਰਤ ਕੇ ਆਪਣੀ ਗੱਲਬਾਤ ਕਰ ਰਹੇ ਸਨ, ਜਿਸ ਨੂੰ ਸੁਣ ਕੇ ਕੋਈ ਵੀ ਆਪਣੇ ਗਿਆਨ ਅਤੇ ਸਮਝ ਨੂੰ ਕੋਸਣ ਲੱਗ ਪਵੇ। ਉਹ ਦਰਦ ਪਰੁੰਨੀ ਆਵਾਜ਼ ਵਿਚ ਵੀਹ ਮਿੰਟਾਂ ਤਕ ਇਹ ਸਾਰਾ ਕੁਝ ਦੱਸਦੇ ਰਹੇ। ਇਹੀ ਉਹ ਜਾਦੂਮਈ ਆਵਾਜ਼ ਸੀ ਜਿਸ ਨੇ ਉਨ੍ਹਾਂ ਨੂੰ ਟ੍ਰੈਜਿਡੀ ਕਿੰਗ ਬਣਾਇਆ ਸੀ।

ਦਿਲੀਪ ਸਾਹਿਬ ਨੇ ਆਪਣੀਆਂ ਯਾਦਗਾਰੀ ਫਿਲਮਾਂ ਵਿਚ ਕੀਤੇ ਅਭਿਨੈ ਨਾਲ ਲੱਖਾਂ ਦਰਸ਼ਕਾਂ ਨੂੰ ਜੋ ਖੁਸ਼ੀ ਦਿੱਤੀ ਉਹਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਨੇ ਜੋ ਮੀਲ ਪੱਥਰ ਸਥਾਪਤ ਕੀਤੇ, ਉਹ ਉਨ੍ਹਾਂ ਦੇ ਚਲੇ ਜਾਣ ਬਾਅਦ ਵੀ ਸਥਾਪਤ ਰਹਿਣਗੇ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਚਿਹਰੇ ਦੀ ਮੁਸਕਰਾਹਟ ਪਿੱਛੇ ਤ੍ਰਾਸਦੀਆਂ ਅਤੇ ਦੁੱਖ ਸਨ, ਜਿਨ੍ਹਾਂ ਦੀ ਪੇਸ਼ਕਾਰੀ ਉਨ੍ਹਾਂ ਨੇ ਇਕ ਖਾਸ ਅੰਦਾਜ਼ ਵਿਚ ਕੀਤੀ ਜਿਸ ਨੇ ਉਨ੍ਹਾਂ ਨੂੰ ਟ੍ਰੈਜਿਡੀ ਕਿੰਗ ਦਾ ਖਿਤਾਬ ਦਿਵਾਇਆ।


## ਨੋਰਾ ਫਤੇਹੀ ਦੀ ਪੇਸ਼ੀ



ਹਾਲ ਹੀ ਵਿਚ ਅਦਾਕਾਰਾ ਨੂਰਾ ਫਤੇਹੀ ਦੀ ਫਿਲਮ 'ਭੁਜ' ਰਿਲੀਜ਼ ਹੋਈ ਹੈ। ਇਸ ਫਿਲਮ ਵਿਚ ਉਸ ਦੀ ਅਦਾਕਾਰੀ ਦੀ ਖੂਬ ਤਾਰੀਫ ਹੋਈ ਹੈ ਪਰ ਅੱਜ ਕੱਲ੍ਹ ਉਹ ਭ੍ਰਿਸ਼ਟਾਚਾਰ ਨਾਲ ਸਬੰਧਤ ਇਕ ਕੇਸ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ ਨਾਲ ਉਲਝੀ ਹੋਈ ਹੈ। ਉਸ ਨੇ ਕਥਿਤ ਜਾਅਲਸਾਜ਼ ਸੁਕੇਸ਼ ਚੰਦਰਸ਼ੇਖਰ ਅਤੇ ਉਸ ਦੀ ਅਦਾਕਾਰ ਪਤਨੀ ਲੀਨਾ ਮਾਰੀਆ ਪੌਲ ਖਿਲਾਫ ਦਰਜ ਕਾਲੇ ਧਨ ਨੂੰ ਸਫੇਦ ਬਣਾਉਣ ਦੇ ਕੇਸ ਵਿਚ ਆਪਣੇ ਬਿਆਨ ਦਰਜ ਕਰਵਾਏ ਹਨ। ਸੂਤਰਾਂ ਨੇ ਕਿਹਾ ਕਿ ਫਤੇਹੀ ਨੇ ਏਜੰਸੀ ਦਫਤਰ ਵਿਚ ਪੇਸ਼ ਹੋ ਕੇ ਕਾਲੇ ਧਨ ਨੂੰ ਸਫੇਦ ਬਣਾਉਣ ਤੋ ਰੋਕਦੇ ਐਕਟ ਦੀਆਂ ਵਿਵਸਥਾਵਾਂ ਤਹਿਤ ਆਪਣੇ ਬਿਆਨ ਕਲਮਬੰਦ ਕਰਵਾਏ ਹਨ। ਏਜੰਸੀ ਇਸ ਤੋਂ ਪਹਿਲਾਂ ਅਦਾਕਾਰਾ ਜੈਕੁਲਿਨ ਫਰਨਾਂਡੇਜ਼ ਤੋਂ ਪੁੱਛ-ਪੜਤਾਲ ਕਰ ਚੁੱਕੀ ਹੈ।

## ਅਪਰਨਾ ਸੇਨ ਦੀ ਫਿਲਮ ਨੂੰ ਪੁਰਸਕਾਰ

ਫਿਲਮਸਾਜ਼ ਅਪਰਨਾ ਸੇਨ ਦੇ ਸੋਸ਼ਲ ਡਰਾਮੇ 'ਦਿ ਰੇਪਿਸਟ' ਨੇ 26ਵੇਂ ਬੂਸਾਨ ਕੌਮਾਂਤਰੀ ਫਿਲਮ ਫੈਸਟੀਵਲ ਵਿਚ 'ਕਿਮ ਜਿਸੋਕ ਐਵਾਰਡ' ਹਾਸਲ ਕੀਤਾ ਹੈ। ਇਹ ਪੁਰਸਕਾਰ ਇਕ ਹੋਰ ਫਿਲਮ ਨਾਲ ਸਾਂਝੇ ਤੌਰ 'ਤੇ ਦਿੱਤਾ ਗਿਆ ਹੈ। ਇਸ ਫਿਲਮ ਵਿਚ ਮੁੱਖ ਭੂਮਿਕਾ ਕੋਂਕਨਾ ਸੇਨ ਸ਼ਰਮਾ ਨੇ ਨਿਭਾਈ ਹੈ ਤੇ ਫੈਸਟੀਵਲ ਦੌਰਾਨ ਇਹ ਫਿਲਮ 'ਏ ਵਿੰਡੋ ਆਨ ਏਸ਼ੀਅਨ ਸਿਨੇਮਾ' ਸ਼੍ਰੇਣੀ ਤਹਿਤ 7 ਅਕਤੂਬਰ ਨੂੰ ਦਿਖਾਈ ਗਈ ਸੀ। ਇਸ ਫਿਲਮ ਦੀ ਕਹਾਣੀ ਮੱਧਵਰਗੀ ਮਹਿਲਾ ਪ੍ਰੋਫੈਸਰ 'ਤੇ ਕੇਂਦਰਿਤ ਹੈ ਜੋ ਆਪਣੇ ਬਲਾਤਕਾਰੀ ਜਿਸ ਨੂੰ ਹੁਣ ਮੌਤ ਦੀ ਸਜ਼ਾ ਮਿਲ ਚੁੱਕੀ ਹੈ ਅਤੇ ਜਿਸ ਦੇ ਬੱਚੇ ਦੀ ਉਹ ਮਾਂ ਬਣਨ ਵਾਲੀ ਹੈ, ਨੂੰ ਸਵਾਲ ਕਰਨਾ ਚਾਹੁੰਦੀ ਹੈ ਕਿ ਉਸ ਨੇ ਆਖਰ ਇਹ ਅਪਰਾਧ ਕਿਉਂ ਕੀਤਾ? ਇਸ ਡਰਾਮੇ ਵਿਚ ਕੋਂਕਨਾ ਸੇਨ ਨੇ ਬਾਕਮਾਲ ਅਦਾਕਾਰੀ ਕੀਤੀ ਹੈ।


ਫਿਲਮਸਾਜ਼ ਅਪਰਨਾ ਸੇਨ ਅਤੇ (ਸੱਜੇ) ਫਿਲਮ 'ਦਿ ਰੇਪਿਸਟ' ਦਾ ਪੋਸਟਰ।

'ਦਿ ਰੇਪਸਿਟ' ਵਿਚ ਜਿਸਮਾਨੀ ਸ਼ੋਸ਼ਣ ਦਾ ਸ਼ਿਕਾਰ ਔਰਤ ਦੀ ਮਾਨਸਿਕ ਪੀੜਾ ਨੂੰ ਦਿਖਾਇਆ ਗਿਆ ਹੈ ਅਤੇ ਨਾਲ ਹੀ ਭਾਰਤ ਵਿਚ ਜਿਨਸੀ ਸ਼ੋਸ਼ਣ ਦੇ ਪ੍ਰਚਲਣ ਨੂੰ ਹੱਲਾਸ਼ੇਰੀ ਦੇਣ ਵਾਲੇ ਸਮਾਜਕ ਤੇ ਸਭਿਆਚਾਰਕ ਕਾਰਨਾਂ ਦੀ ਬੌਧਿਕ ਪੜਚੋਲ ਕੀਤੀ ਗਈ ਹੈ। ਇਸ ਫਿਲਮ ਵਿਚ 'ਬਲਾਤਕਾਰੀ' ਦੀ ਭੂਮਿਕਾ ਤਨਮੈ ਧਨਾਨੀਆ ਨੇ ਨਿਭਾਈ ਹੈ।

# XPressCargo

**Tel.: 317-426-5410**
Ext. 2001 & 2403

100% ਓਨਰ ਆਪਰੇਟਰ ਕੰਪਨੀ

**Pay Every Week**

Pay Single 48 Cent + Team 58 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ



ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com